ਕੌਮਾਂਤਰੀ ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES
West/East Coast Edition | Volume 20 | Issue 117| 3 to 9 April, 2024 | Ph.: (510) 240-5949 | Email: asrtimes@gmail.com

# ਲੋਕ ਸਭਾ ਚੋਣਾਂ ਦੇ ਟੇਢੇ ਮੇਢੇ ਸਮੀਕਰਨ ਆਮ ਜਨਤਾ ਦੀ ਸਮਝ ਤੋਂ ਬਾਹਰ

ਬਲਰਾਜ ਪੰਨੂੰ

## ਕਾਂਗਰਸ ਅਤੇ ਅਕਾਲੀ ਦਲ ਵੱਲੋਂ ਆਪਣੀ ਸਿਆਸੀ ਜ਼ਮੀਨ ਨੂੰ ਮਜ਼ਬੂਤ ਕਰਨ ਦੀ ਕਵਾਇਦ








ਲੋਕ ਸਭਾ ਦੀਆਂ ਚੋਣਾਂ ਨੇੜੇ ਨੇ, ਤੇ ਸਿਆਸਤ ਦਾ ਮਾਹੌਲ ਵੀ ਗਰਮਾਇਆ ਹੋਇਆ ਹੈ, ਬੜਾ ਕੁਝ ਦੇਖਣ ਨੂੰ ਮਿਲ ਰਿਹਾ ਹੈ, ਝੰਡੇ ਵੀ ਨਵੇਂ ਨੇ ਤੇ ਡੰਡੇ ਵੀ ਨਵੇਂ ਨੇ। ਪਾਰਟੀਆਂ ਵੀ ਨਵੀਆਂ ਤੇ ਸੱਜੇ ਖੱਬੇ ਬੈਠਣ ਵਾਲੇ ਵੀ ਨਵੇਂ ਨੇ। ਬੁਖਲਾਹਟ ਦੇ ਵਿੱਚ ਨੇ ਅੱਜ ਕੱਲ੍ਹ ਬਹੁਤੇ ਨੇਤਾ। ਹੋਣ ਵੀ ਕਿਉਂ ਨਾ, ਹਕੂਮਤੀ ਇਸ਼ਾਰੇ ’ਤੇ ਛਾਪੇ ਮਾਰੇ ਜਾਂਦੇ ਨੇ। ਮਾਹੌਲ ਏਵੇਂ ਦਾ ਬਣ ਗਿਆ ਕਿ ਨੇਤਾਵਾਂ ਨੂੰ ਦਿਨੇ ਹੀ ਸੁਪਨੇ ਆਈ ਜਾਂਦੇ ਨੇ ਕਿ ਭਾਜਪਾ ਪਾਰਟੀ ਹੀ ਸਭ ਤੋਂ ਇਮਾਨਦਾਰ ਪਾਰਟੀ ਹੈ ਤੇ ਅਸੀਂ ਹੁਣ ਤੱਕ ਗਲਤ ਪਾਰਟੀ ਵਿੱਚ ਹੀ ਰਹੇ ਹਾਂ। ਅੱਜ ਕੱਲ੍ਹ ਈ.ਡੀ. ਨੂੰ ਹਰ ਪਾਸੇ ਭ੍ਰਿਸ਼ਟਾਚਾਰ ਦੀ ਬਹੁਤ ਚਿੰਤਾ ਹੈ। ਖੈਰ , ਜਦੋਂ ਸਾਡਾ ਭਾਰਤ ਮਹਾਨ ਬਣ ਜਾਵੇਗਾ ਤਾਂ ਮੇਰਾ ਖਿਆਲ ਹੈ ਕਿ ਇਹ ਛਾਪੇ ਮਾਰਨ ਵਾਲੇ, ਇਨਕਮ ਟੈਕਸ ਵਾਲੇ, ਵਿਜੀਲੈਂਸ ਵਾਲਿਆਂ ਦਾ ਬੜੇ ਸਤਿਕਾਰ ਦੇ ਨਾਲ ਨਾਮ ਸੁਨਿਹਿਰੀ ਅੱਖਰਾਂ ਵਿੱਚ ਦਰਜ ਕੀਤਾ ਜਾਵੇਗਾ। ਛਾਪਿਆਂ ਤੋਂ ਇਲਾਵਾ ਸੱਤਾ ਦੇ ਲਾਡਲੇ ਬਾਬਾ ਰਾਮਦੇਵ ਦੇ ਸੁਪ੍ਰੀਮ ਕੋਰਟ ਨੇ ਕੱਲ੍ਹ ਯੋਗਾ ਵਾਲੇ ਸਾਰੇ ਵਲ ਕੱਢ ਦਿੱਤੇ। ਉਸ ਦੀ ਮਾਫ਼ੀ ਵੀ ਸਵੀਕਾਰ ਨਹੀਂ ਕੀਤੀ ਗਈ। ਇਹ ਉਹ ਆਦਮੀ ਹੈ, ਜਿਸ ਨੇ ਕੋਰੋਨਾ ਸਮੇਂ ਮੌਤ ਦੇ ਮੰਜ਼ਰ ’ਤੇ ਵੀ ਗਿਰਝਾਂ ਵਾਂਗੂ ਆਪਣੇ ਧੰਦੇ ਨੂੰ ਚਮਕਾਇਆ ਸੀ। ਓਧਰ ਚਰਨਜੀਤ ਸਿੰਘ ਚੰਨੀ ਦਾ ਬਰਥ ਡੇਅ ਕੇਕ ਕਾਫ਼ੀ ਸੁਰਖੀਆਂ ਦੇ ਵਿੱਚ ਹੈ, ਜਿਸ ’ਤੇ ਲਿਖਿਆ ਸੀ ਕਿ ‘ਸਾਡਾ ਚੰਨੀ ਜਲੰਧਰ।’ ਵਿਚੋਂ ਗੱਲ ਕੀ ਹੈ, ਰੱਬ ਦੀਆਂ ਰੱਬ ਜਾਣੇ। ਡਾ. ਗਾਂਧੀ ਕਾਂਗਰਸ ਦੇ ਵਿੱਚ ਸ਼ਾਮਲ ਹੋ ਜਾਂਦੇ ਨੇ, ਆਉਣ ਵਾਲੇ ਦਿਨਾਂ ਵਿੱਚ ਲੰਬੀਆਂ ਲੰਬੀਆਂ ਤਕਰੀਰਾਂ ਤੁਹਾਨੂੰ ਸੁਣਨ ਲਈ ਮਿਲਣਗੀਆਂ, 2019 ਦੀਆਂ ਚੋਣਾਂ ਦੇ ਵਿੱਚ ਆਜ਼ਾਦ ਉਮੀਦਵਾਰ ਖੜੇ ਸਨ ਤੇ ਲੋਕਾਂ ਨੇ ਵੋਟਾਂ ਪਾ ਕੇ ਉਹਨਾਂ ਦਾ ਕੱਦ ਬੁੱਤ ਵੱਡਾ ਕਰ ਦਿੱਤਾ ਸੀ। ਸਰਕਾਰਾਂ ਲੀਡਰਾਂ ਦੀ ਅਦਲਾ ਬਦਲੀ ਵਿੱਚ ਲੱਗੀਆਂ ਹੋਈਆਂ ਨੇ, ਪਰ ਸ਼ੰਭੂ ਬਾਰਡਰ ਤੇ ਖਨੌਰੀ ਬਾਰਡਰ ’ਤੇ ਪੱਕੇ ਮੋਰਚੇ ਲਾਏ ਕਿਸਾਨਾਂ ਦੇ ਪੰਜਾਹ ਦਿਨ ਪੂਰੇ ਹੋ ਗਏ ਨੇ, ਕਿਸਾਨੀ ਦੁਆਲੇ ਘੁੰਮਣ ਵਾਲੀ ਸਿਆਸਤ ਏਡੇ ਵੱਡੇ ਮਸਲੇ ਨੂੰ ਚੋਣਾਂ ਦਾ ਹਿੱਸਾ ਵੀ ਨਹੀਂ ਬਣਾ ਰਹੀ।

ਚੋਣਾਂ ਦਾ ਮਤਲਬ ਹੁੰਦਾ ਹੈ ਲੋਕਾਂ ਕੋਲ ਜਾਣਾ, ਆਪਣੇ ਬਾਰੇ ਦਸਣਾ, ਦੂਸਰਿਆਂ ਦੀਆਂ ਕਮੀਆਂ ਗਿਣਾਉਣਾ ਤੇ ਜਨਤਾ ਨੂੰ ਕਹਿਣਾ ਕਿ ਅਸੀਂ ਤੁਹਾਡਾ ਚੰਗੇਰਾ ਭਵਿੱਖ ਕਿਵੇਂ ਬਣਾ ਸਕਦੇ ਹਾਂ, ਸਾਡੇ ਕੋਲ ਹੈ ਰੋਡ ਮੈਪ, ਪਰ ਅੱਜ ਦੇ ਸਮੇਂ ਦੇ ਵਿੱਚ ਜਨਤਾ ਦੇ ਮਨੋਂ ਨੇਤਾ ਉਤਰ ਰਹੇ ਨੇ। ਪੰਜਾਬ ਦੀ ਹੀ ਉਦਾਹਰਣ ਦੇਈਏ ਤਾਂ ਪਿੰਡ ਰਾਮਗੜ੍ਹ ਭੂੰਦੜ, ਜਿਹੜਾ ਕਿ ਹਲਕਾ ਮੌੜ ਮੰਡੀ ਵਿੱਚ ਪੈਂਦਾ ਹੈ। ਉਸ ਨੇ ਆਪਣੇ ਪਿੰਡ ਦੇ ਅੱਗੇ ਪਹਿਰਾ ਲਗਾ ਦਿੱਤਾ ਹੈ ਕਿ ਸਾਡੇ ਪਿੰਡ ਵਿੱਚ ਕੋਈ ਲੀਡਰ ਨਾ ਵੜੇ। ਪਰ ਹਾਕਮ ਤਾਂ ਹਾਕਮ ਹੀ ਹੈ, ਉਸ ਨੇ ਵਿਰੋਧੀ ਪਾਰਟੀਆਂ ਨੂੰ ਹਰ ਤਰੀਕੇ ਨਾਲ ਦਬਾਉਣ ਤੇ ਕੁਚਲਨ ਦੀ ਨੀਤੀ ਅਪਨਾਈ ਹੋਈ ਹੈ। ਤੁਸੀਂ ਸੋਚੋ ਕਿ ਜੇ ਇੱਕ ਪਾਰਟੀ ਦੇ ਕੋਲ ਹਜ਼ਾਰਾਂ ਕਰੋੜ ਰੁਪਏ ਇਲੈਕ੍ਰਟਿਕਲ ਬਾਂਡ ਰਾਹੀਂ ਮਿਲੇ ਹੋਣ, ਇਲੈਕਸ਼ਨ ਕਮਿਸ਼ਨ ’ਤੇ ਹਾਕਮ ਦਾ ਕਬਜਾ ਹੋਵੇ, ਵਿਰੋਧੀਆਂ ਨੂੰ ਦਬਾਉਣ ਦੇ ਲਈ ਈ ਡੀ ਦੇ ਛਾਪੇ ਮਰਵਾਏ ਜਾਣ, ਮੀਡੀਆ ਹੱਥ ਵਿੱਚ ਹੋਵੇ, ਤੇ ਫਿਰ ਲੈਵਲ ਦੀ ਬਰਾਬਰੀ ਕਿਥੇ ਰਹਿ ਜਾਂਦੀ ਹੈ। ਬੀਜੇਪੀ ਅੱਜ ਦੇ ਸਮੇਂ ਦੇ ਵਿੱਚ ਜਿਥੇ ਤਾਕਤਵਰ ਪਾਰਟੀ ਬਣ ਚੁਕੀ ਹੈ, ਉਥੇ ਹੀ ਬੀਜੇਪੀ ਲੋਕਾਂ ਦੇ ਗੁਨਾਹਾਂ, ਘਪਲਿਆਂ ਤੇ ਕੇਸਾਂ ਨੂੰ ਸਾਫ ਕਰਨ ਵਾਲੀ ਪਾਰਟੀ ਵੀ ਬਣ ਗਈ ਹੈ। ਹਰ ਇੱਕ ਬੰਦਾ ਬੀਜੇਪੀ ਦੀ ਛਤਰ ਛਾਇਆ ਹੇਠ ਡਰਦਾ ਚਲਿਆ ਜਾਂਦਾ ਹੈ ਤੇ ਉਹ ਦੁੱਧ ਧੋਤਾ ਹੋ ਜਾਂਦਾ ਹੈ। ਤੁਸੀਂ ਮਹਾਰਾਣੀ ਪ੍ਰਨੀਤ ਕੌਰ ਦੀ ਗੱਲ ਜਾਂ ਰਣਇੰਦਰ ਸਿੰਘ ਦੇ ਕੇਸਾਂ ਬਾਰੇ ਕਦੇ ਸੁਣਿਆ ਹੈ, ਸਭ ਗਾਇਬ ਨੇ। ਰਵਨੀਤ ਬਿੱਟੂ ਨੂੰ ਆਪਣੀ ਗਲਤੀ ਦਾ ਅਹਿਸਾਸ ਹੁਣੇ ਹੁਣੇ ਹੋਇਆ ਕਿ ਉਹ ਏਨੇ ਸਾਲਾਂ ਤੋਂ ਗਲਤ ਪਾਰਟੀ ਵਿੱਚ ਸੀ, ਸਹੀ ਪਾਰਟੀ ਉਸ ਦੇ ਲਈ ਭਾਜਪਾ ਹੀ ਸੀ। ਸ਼ੁਸ਼ੀਲ ਰਿੰਕੂ ਦਾ ਮਨ ਤਾਂ ਘੜੀ ਦੀਆਂ ਸੂਈਆਂ ਦੇ ਨਾਲ-ਨਾਲ ਹੀ ਬਦਲਦਾ ਹੈ। ਉਸ ਨੇ ਵੀ ਆਪਣੀ ਸੂਈ ਭਾਜਪਾ ’ਤੇ ਆ ਕੇ ਅਟਕਾ ਲਈ। ਪਿਛਲੇ ਦੋ ਮਹੀਨਿਆਂ ਵੱਲ ਨਜ਼ਰ ਮਾਰੀਏ ਤਾਂ ਇਹ ਜੋੜਨ ਤੋੜਨ ਵਾਲਾ ਮਸਲਾ ਅਸੀਂ ਪਾਕਿਸਤਾਨ ਵਿੱਚ ਸੁਣਿਆ ਸੀ ਕਿਉਂਕਿ ਸਾਡਾ ਮੀਡੀਆ ਪੱਬਾਂ ਭਾਰ ਹੋ ਹੋ ਕੇ ਇਹ ਗੱਲਾਂ ਕਰਦਾ ਸੀ ਪਰ ਹੁਣ ਆਲੇ ਦੁਆਲੇ ਸਾਨੂੰ ਹਰ ਪੱਧਰ ’ਤੇ ਹੇਰਾਫੇਰੀ ਵਾਲਾ ਮਾਹੌਲ ਸਿਰਜਿਆ ਜਾ ਰਿਹਾ ਹੈ। ਨਾਮ ਨੂੰ ਤਾਂ ਭਾਰਤ ਵਿੱਚ ਡੈਮੋਕਰੇਸੀ ਹੈ, ਪਰ ਚਮਤਕਾਰ ਹੋਣਗੇ ਤੇ ਮੀਡੀਆ ਕਹੇਗਾ ਕਿ ਆਜ਼ਾਦ ਇਲੈਕਸ਼ਨ ਹੋਇਆ ਹੈ। 19ਵੀਂ ਸਦੀ ਦੇ ਵਿੱਚ ਜਦੋਂ ਇਹ ਡੈਮੋਕਰੇਸੀ ਵਾਲਾ ਤਰੀਕਾ ਹੋਂਦ ਵਿੱਚ ਆਇਆ ਤਾਂ ਇੰਡੀਆ ਪਹਿਲਾ ਦੇਸ਼ ਸੀ ਜਿਸ ਨੇ ਕਿਹਾ ਸੀ ਕਿ ਸਭ ਨੂੰ ਵੋਟ ਦਾ ਅਧਿਕਾਰ ਹੈ। 1925 ਦੇ ਵਿੱਚ ਜਦੋਂ ਐਕਟ ਬਣਨਾ ਸੀ ਤਾਂ ਸ਼੍ਰੋਮਣੀ ਕਮੇਟੀ ਨੇ ਕਿਹਾ ਸੀ ਕਿ ਔਰਤਾਂ ਦਾ ਹੱਕ ਵਿੱਚ ਰੱਖਿਆ ਜਾਵੇ। ਲੋਕਤੰਤਰ ਨੂੰ ਲਾਂਭੇ ਰੱਖਕੇ ਭਾਜਪਾ ਨੇ ਆਪਣੇ ਲਈ ਮੈਦਾਨ ਮੋਕਲਾ ਬਣਾ ਲਿਆ ਹੈ ਪਰ ਵਿਰੋਧੀ ਪਾਰਟੀ ਨੂੰ ਕਿੰਨਾ ਕੁ ਮੈਦਾਨ ਦੇਣਾ ਹੈ, ਉਹ ਵੀ ਭਾਜਪਾ ਹੀ ਨਿਸ਼ਚਿਤ ਕਰਦੀ ਨਜ਼ਰ ਆ ਰਹੀ ਹੈ। ਵਿਰਧੀ ਧਿਰ ਦੇ ਕੋਲ ਹੈ ਹੀ ਕੀ ? ਲੀਡਰ ਹੀ ਤਾਂ ਹਨ ਤੇ ਉਹ ਵੀ ਪੈਸੇ ਨਾਲ ਜਾਂ ਛਾਪਿਆਂ ਦੇ ਡਰਾਵੇ ਦੇ ਨਾਲ ਆਪਣੇ ਪਾਲੇ ਦੇ ਵਿੱਚ ਬੀਜੇਪੀ ਕਰ ਰਹੀ ਹੈ। ਸਮਝ ਨਹੀਂ ਆਉਂਦੀ ਕਿ ਇੱਕ ਦੂਜੇ ਨੂੰ ਭ੍ਰਿਸ਼ਟਾਚਾਰੀ ਕਹਿਣ ਵਾਲੇ



ਹੁਣ ਇੱਕ ਦੂਸਰੀ ਪਾਰਟੀ ਦੇ ਬੰਦੇ ਆਪਣੇ ਨਾਲ ਕਿਉਂ ਰਲਾ ਰਹੇ ਹਨ। ਕਾਂਗਰਸ ਦੀ ਸਥਿਤੀ ਬਹੁਤੀ ਸੰਭਲਦੀ ਨਜ਼ਰ ਨਹੀਂ ਆਉਂਦੀ ਪਰ ਪਿਛਾਂਹ ਨੂੰ ਝਾਤੀ ਮਾਰੀਏ ਤਾਂ ਇਹ ਕੰਡੇ ਕਾਂਗਰਸ ਵੱਲੋਂ ਹੀ ਬੀਜੇ ਹੋਏ ਨੇ। ਐਮਰਜੈਂਸੀ ਵਰਗੇ ਸੂਈ ਦੇ ਨੱਕੇ ਵਿਚੋਂ ਕਾਂਗਰਸ ਨੇ ਹੀ ਦੇਸ਼ ਨੂੰ ਲੰਘਾ ਦਿੱਤਾ ਸੀ। ਉਸ ਸਮੇਂ ਨਿੰਦਾ ਵੀ ਹੋਈ ਸੀ ਪਰ ਇੰਦਰਾ ਗਾਂਧੀ ਦੀ ਸੋਚ ਬੀਜੇਪੀ ਦੇ ਲੈਵਲ ਤੱਕ ਦੀ ਨਹੀਂ ਕਹਿ ਸਕਦੇ, ਕਿਉਂਕਿ ਉਸ ਤੋਂ ਬਾਅਦ ਉਸ ਨੇ ਆਜ਼ਾਦ ਤਰੀਕੇ ਦੇ ਨਾਲ ਲੋਕਾਂ ਨੂੰ ਵੋਟ ਕਰਨ ਦਾ ਹੱਕ ਦਿੱਤਾ ਸੀ, ਕਿਸੇ ’ਤੇ ਦਬਾਅ ਨਹੀਂ ਸੀ ਬਣਾਇਆ। ਦੋ ਪਾਰਟੀਆਂ ਦਾ ਇਤਿਹਾਸ ਬੜਾ ਪੁਰਾਣਾ ਹੈ। ਇੱਕ ਕਾਂਗਰਸ ਤੇ ਇੱਕ ਅਕਾਲੀ ਦਲ ਦਾ। ਦੋਨਾਂ ਨੇ ਹੀ ਆਜ਼ਾਦੀ ਦੀਆਂ ਲੜਾਈਆਂ ਲੜੀਆਂ, ਖਿੱਤਿਆਂ ਦੀਆਂ ਲੜਾਈਆਂ ਲੜੀਆਂ। ਸ੍ਰੋਮਣੀ ਅਕਾਲੀ ਦਲ ਦੀ ਗੱਲ ਕਰੀਏ ਤਾਂ ਪਾਣੀਆਂ ਦੀ ਵੰਡ , ਪੰਜਾਬੀ ਦੇ ਆਧਾਰ ’ਤੇ ਸੂਬਿਆਂ ਦੀ ਵੰਡ ਆਦਿ ਵਰਗੀਆਂ ਵੱਡੀਆਂ ਲੜਾਈਆਂ ਉਹਨਾਂ ਲੜੀਆਂ। ਇਸ ਵੇਲੇ ਦੋਵੇਂ ਪਾਰਟੀਆਂ ਆਪਣੀ ਹੋਂਦ ਦੀ ਜ਼ਮੀਨ ਨੂੰ ਬਚਾਉਣ ਦੇ ਵਿੱਚ ਆਪਣੇ ਆਪ ਨੂੰ ਉਚਾ ਚੁੱਕਣ ਦੀ ਕੋਸ਼ਿਸ਼ ਦੇ ਵਿੱਚ ਲੱਗੀਆਂ ਹੋਈਆਂ ਨੇ। ਉਸ ਦਾ ਸਬੂਤ ਇਹ ਹੈ ਕਿ ਜਦੋਂ ਰਾਹੁਲ ਗਾਂਧੀ ਕਹਿੰਦਾ ਹੈ ਕਿ ਮੁਲਕ ਦਿੱਲੀ ਤੋਂ ਨਹੀਂ ਚਲਾਇਆ ਜਾ ਸਕਦਾ, ਦੇਸ਼ ਨੌਜਵਾਨ ਚਲਾਉਣਗੇ। ਘੱਟ ਗਿਣਤੀਆਂ ਤੇ ਦਬੇ ਕੁਚਲੇ ਲੋਕਾਂ ਦੇ ਹੱਕ ਵਿੱਚ ਅਸੀਂ ਭੁਗਤਾਂਗੇ। ਓਧਰ ਅਕਾਲੀਆਂ ਨੇ ਕਿਹਾ ਕਿ ਅਸੀਂ ਪੰਜਾਬ ਦੇ ਹਿੱਤਾਂ ਦੇ ਲਈ ਕੋਈ ਸਮਝੌਤਾ ਨਹੀਂ ਕਰਨਾ। ਬੇਸ਼ੱਕ ਕੋਈ ਸੀਟ ਨਾ ਮਿਲੇ। ਦੁੱਧ ਧੋਤੇ ਤਾਂ ਅਸੀਂ ਕਿਸੇ ਵੀ ਪਾਰਟੀ ਨੂੰ ਨਹੀਂ ਕਹਿ ਸਕਦੇ ਪਰ ਢਾਰਸ ਜ਼ਰੂਰ ਹੈ ਕਿ ਉਹਨਾਂ ਨੇ ਸਹੀ ਰਾਹ ਚੁਣਿਆ। ਸੁਖਬੀਰ ਬਾਦਲ ਨੇ ਕਹਿ ਦਿੱਤਾ ਕਿ ਮੈਂ ਆਪ ਇਸ ਵਾਰ ਚੋਣ ਨਹੀਂ ਲੜਾਂਗਾ, ਖੈਰ ਸਿਆਣਪ ਵਰਤੀ ਹੈ । ਪਿਛਲੇ ਕੁਝ ਸਮੇਂ ਤੋਂ ਸੁਖਬੀਰ ਬਾਦਲ ਬੜੀ ਸਿਆਣੀਆਂ ਸਿਆਣੀਆਂ ਗੱਲਾਂ ਕਰ ਰਹੇ ਨੇ, ਸਹੀ ਫੈਸਲਾ ਹੈ ਨਹੀਂ ’ਤੇ ਹਾਰ ਬੰਦੇ ਨੂੰ ਉਠਣ ਨਹੀਂ ਦਿੰਦੀ। ਤੁਹਾਨੂੰ ਯਾਦ ਹੋਣਾ ਜਗਮੀਤ ਬਰਾੜ ਦੇ ਕੋਲੋਂ ਤਕਰੀਬਨ ਸਾਢੇ ਕੁ ਪੰਜ ਹਜ਼ਾਰ ਵੋਟਾਂ ਨਾਲ ਸੁਖਬੀਰ ਬਾਦਲ ਹਾਰੇ ਸਨ। ਹਾਲਾਂਕਿ ਅਕਾਲੀ ਦਲ ਦਾ ਸਮੇਤ ਸਰਕਾਰੀ ਮਸ਼ੀਨਰੀ ਪੱਬਾਂ ਭਾਰ ਜੋਰ ਲੱਗਣ ਦੇ ਬਾਵਜੂਦ। ਤੇ ਫਿਰ ਲੰਬੀ ਵਾਲੀ ਹਾਰ ਬਾਦਲ ਸਾਹਿਬ ਨੂੰ ਬੁਢਾਪੇ ਦੇ ਵਿੱਚ ਡੂੰਘੀ ਸੱਟ ਲਗਾ ਗਈ ਸੀ। ਜਲਾਲਾਬਾਦ ਦੀ ਹਾਰ ਨੇ ਵੀ ਝੋਨੇ ਵਾਂਗ ਝਾੜ ਕੇ ਰੱਖ ਦਿੱਤਾ ਸੀ ਅਕਾਲੀਆਂ ਨੂੰ । ਖ਼ਬਰਾਂ ਤਾਂ ਇਹ ਵੀ ਆ ਰਹੀਆਂ ਨੇ ਕਿ ਅਕਾਲੀਆਂ ਦੇ ਵਿਚੋਂ ਵੀ ਕਈ ਵੱਡੇ ਚਿਹਰੇ ਬੀਜੇਪੀ ਦੇ ਵਿੱਚ ਜਾ ਸਕਦੇ ਹਨ। ਸੁਰਜੀਤ ਸਿੰਘ ਰੱਖੜਾ, ਸਿਕੰਦਰ ਸਿੰਘ ਮਲੂਕਾ, ਪ੍ਰੋ. ਪ੍ਰੇਮ ਸਿੰਘ ਚੰਦੂਮਾਜਰਾ ’ਤੇ ਲੋਕਾਂ ਨੂੰ ਸ਼ੱਕ ਪਿਆ। ਸੁਰਜੀਤ ਰੱਖੜਾ ਨੇ ਬੜੇ ਦਾਅਵੇ ਨਾਲ ਇਹ ਕਿਹਾ ਕਿ “ਅਸੀਂ ਹੀ ਚੋਣਾਂ ਲੜੀ ਜਾਣੀਆਂ ਨੇ ਦੂਜਿਆਂ ਨੂੰ ਵੀ ਮੌਕਾ ਮਿਲਣਾ ਚਾਹੀਦਾ ਹੈ।” ਪਰ ਇਹ ਗੱਲਾਂ ਉਹ ਬੰਦਾ ਕਹਿੰਦਾ ਚੰਗਾ ਲੱਗਦਾ ਹੈ ਜੋ ਦੋ ਚਾਰ ਵਾਰ ਜਿੱਤਿਆ ਹੋਵੇ ਪਰ ਉਹ ਤਾਂ ਅੱਜ ਤੱਕ ਹਾਰੇ ਹੀ ਨੇ । ਕੀ ਹਾਰ -ਹਾਰ ਦੀ ਖੇਡ ਖੇਡਦੇ ਹੀ ਮੈਦਾਨ ਛੱਡ ਦੇਣਗੇ ? ਰੱਖੜੇ ਦੀ ਦਲੀਲ ਲੋਕਾਂ ਨੂੰ ਜਚੀ ਨਹੀਂ। ਖੈਰ ਜਿਸ ਤਰੀਕੇ ਦੇ ਨਾਲ ਅਕਾਲੀ ਪਾਰਟੀ ਵਿਚਰ ਰਹੀ ਹੈ, 2024 ਦੇ ਵਿੱਚ ਉਹ ਆਪਣੀ ਸਿਆਸੀ ਜ਼ਮੀਨ ਸੰਵਾਰਨਗੇ, ਜਿੰਨੀ ਕੁ ਬੱਚਦੀ ਹੈ ਤੇ ਜੇ ਇਹੀ ਸਿਆਣਪੀ ਚਾਲ ਚੱਲਦੇ ਰਹੇ ਤਾਂ 2027 ਤੱਕ ਇਹ ਜ਼ਮੀਨ ਉਪਜਾਊ ਹੋਣ ਦੀਆਂ ਸੰਭਾਵਨਾਵਾਂ ਵਧਣਗੀਆਂ। ਆਮ ਆਦਮੀ ਪਾਰਟੀ ਦੀ ਜਾਨ ਵੀ ਕੁੜਿੱਕੀ ਵਿੱਚ ਫ਼ਸੀ ਹੋਈ ਹੈ। ਪੰਜਾਬ ਦੇ ਸਿਰੋਂ ਕਰਜ਼ੇ ਦੀ ਪੰਡ ਪਹਿਲੇ ਛੇ ਮਹੀਨਿਆਂ ਵਿੱਚ ਹੀ ਲਾਹ ਦੇਣ ਦਾ ਦਾਅਵਾ ਕਰਨ ਵਾਲਿਆਂ ਨੇ 1 ਅਪ੍ਰੈਲ ਤੋਂ 25 ਜੂਨ ਤੱਕ 12 ਹਜ਼ਾਰ ਕਰੋੜ ਦਾ ਹੋਰ ਕਰਜ਼ਾ ਲੈਣ ਦੀਆਂ ਖ਼ਬਰਾਂ ਆ ਰਹੀਆਂ ਹਨ। ਪੰਜਾਬ ਸਰਕਾਰ ਨੇ ਲੋਕਾਂ ਦੇ ਹੋਰ ਮਨੋ ਉਤਰ ਗਏ ਜਦੋਂ ਇੱਕ ਨੋਟਿਸ ਜਾਰੀ ਹੋਇਆ ਕਿ 9 ਜ਼ਿਲ੍ਹਿਆਂ ਵਿੱਚ 11 ਕਾਰਪੋਰੇਟ ਸਾਈਲੋਜ਼ ਕਣਕ ਦੀ ਖ਼ਰੀਦ ਕਰਨਗੇ। ਕਿਰਕਰੀ ਤੋਂ ਬਾਅਦ ਵਿੱਚ ਫ਼ੈਸਲਾ ਸਰਕਾਰ ਨੇ ਵਾਪਸ ਲੈ ਲਿਆ ਪਰ ਕਾਰਪੋਰੇਟ ਦਾ ਦਬਾਓ ਕਿੰਨੀ ਕੁ ਦੇਰ ਪੰਜਾਬ ਸਰਕਾਰ ਸਹਿ ਸਕੇਗੀ ? ਇਹ ਭਵਿੱਖ ਦੀਆਂ ਗੱਲਾਂ ਨੇ। ਕੇਜਰੀਵਾਲ ਦੀ ਗ੍ਰਿਫ਼ਤਾਰੀ ’ਤੇ ‘ਆਪ’ ਪਾਰਟੀ ਦੀ ਚਾਲ ਮੱਠੀ ਤਾਂ ਪਈ ਸੀ ਪਰ ਲੰਘੇ ਦਿਨੀਂ ਸੰਜੈ ਸਿੰਘ ਦੀ ਜ਼ਮਾਨਤ ਨੇ ਪਾਰਟੀ ਵਿੱਚ ਜਾਨ ਪਾਈ ਹੈ। ਸਵਾਲ ਇਹ ਵੀ ਹੈ ਕਿ ਈ.ਡੀ. ਨੇ ਰੱਸੀ ਢਿੱਲੀ ਕਿਵੇਂ ਛੱਡ ਦਿੱਤੀ। ਸੰਜੈ ਸਿੰਘ ਤੋਂ ਕੁਝ ਨਹੀਂ ਮਿਲਿਆ ਤੇ ਪਾਰਟੀ ਨੂੰ ਉਮੀਦ ਇਹ ਵੀ ਹੈ ਕਿ ਦੂਜਿਆਂ ਨੂੰ ਵੀ ਰਾਹਤ ਮਿਲ ਜਾਵੇਗੀ ਪਰ ਸੰਜੈ ਸਿੰਘ ਦੀ ਜ਼ਮਾਨਤ ਦੇ ਨਾਲ ਈ.ਡੀ. ਕੱਖੋਂ ਹੋਲਾ ਜਾਪਦਾ ਹੈ। ਰਾਮ ਮੰਦਰ, ਕਮਲ ਦਾ ਫੁੱਲ, 82 ਕਰੋੜ ਨੂੰ ਫਰੀ ਅਨਾਜ ਵਰਗੀਆਂ ਗੱਲਾਂ ਦਾ ਪ੍ਰਚਾਰ ਕਰਕੇ ਕੇਂਦਰ ਸਰਕਾਰ ਇਸ ਗੱਲ ’ਤੇ ਪਰਦਾ ਪਾਉਣ ਦੇ ਵਿੱਚ ਨਾਕਾਮਯਾਬ ਹੈ ਕਿ ਉਸ ਨੇ ਦੋ ਕਰੋੜ ਨੌਜਵਾਨਾਂ ਨੂੰ ਰੁਜ਼ਗਾਰ ਦੇਣ ਦਾ ਵਾਅਦਾ ਕੀਤਾ ਸੀ, ਇਹ ਵਾਅਦਾ ਸਰਕਾਰ ਦੇ ਅੱਗੇ ਮੂੰਹ ਅੱਡ ਕੇ ਖੜਾ ਰਹੇਗਾ ਤੇ ਸਵਾਲ ਕਰਦਾ ਰਹੇਗਾ। ਇੱਕ ਨਾਮੀ ਅਖ਼ਬਾਰ ਨੇ ਦਾਅਵਾ ਕੀਤਾ ਕਿ 2014 ਤੋਂ ਹੁਣ ਤੱਕ ਕੇਂਦਰੀ ਏਜੰਸੀਆਂ ਦੀ ਕਾਰਵਾਈ ਦਾ ਸਾਹਮਣਾ ਕਰਦਿਆਂ 25 ਦੇ ਕਰੀਬ ਪ੍ਰਮੁੱਖ ਸਿਆਸਤਦਾਨ ਭਾਜਪਾ ਵਿੱਚ ਸ਼ਾਮਲ ਹੋਏ ਨੇ। ਇਹਨਾਂ ਵਿੱਚ 10 ਕਾਂਗਰਸ ਦੇ, ਐਨ.ਸੀ.ਪੀ. ਤੇ ਸ਼ਿਵ ਸੈਨਾ ਤੋਂ 4-4 , ਟੀ.ਐਮ.ਸੀ. ਤੋਂ 3, ਟੀ.ਡੀ.ਪੀ. ਤੋਂ 2, ਤੇ ਐਸ.ਪੀ. ਤੇ ਵਾਈ.ਐਸ. ਆਰ.ਸੀ.ਪੀ. ਤੋਂ 1-1 ਹਨ। ਜਾਂਚ ਵਿੱਚ ਪਾਇਆ ਗਿਆ ਕਿ 25 ਦੇ ਵਿਚੋਂ 23 ਮਾਮਲਿਆਂ ਦੇ ਵਿੱਚ ਉਹਨਾਂ ਨੂੰ ਰਾਹਤ ਮਿਲ ਗਈ ਹੈ, ਕਿਉਂਕਿ ਉਹ ਬੀਜੇਪੀ ਦੇ ਵਿੱਚ ਆ ਕੇ ਉਹ ਦੁੱਧ ਧੋਤੇ ਬਣ ਗਏ ਹਨ। ਲੱਖਾਂ ਦਿਮਾਗਾਂ ’ਤੇ ਕਬਜ਼ਾ ਕਰ ਲੈਣਾ ਵੀ ਇੱਕ ਕਾਬਲੀਅਤ ਹੈ। ਦੁੱਖ ਉਦੋਂ ਹੁੰਦਾ ਹੈ ਜਿਹੜੀਆਂ ਸੰਸਥਾਵਾਂ ਸਮਾਜ ਦੇ ਵਿੱਚਲੀ ਗੰਦਗੀ ਨੂੰ ਸਾਫ਼ ਕਰਨ ਦੇ ਲਈ ਬਣਾਈਆਂ ਗਈਆਂ ਸੀ, ਉਹ ਹਾਕਮਾਂ ਨੇ ਵਿਰੋਧੀ ਪਾਰਟੀਆਂ ਦੇ ਪਿੱਛੇ ਲਗਾ ਦਿੱਤੀਆਂ ਨੇ। ਅੱਜ ਦੇ ਸਮੇਂ ਦੀ ਸਿਆਸਤ ਵਿੱਚ ਹਰ ਕੋਈ ਇੱਕ ਦੂਜੇ ਨੂੰ ਸ਼ਰੀਕ ਸਮਝ ਰਿਹਾ ਤੇ ਹਰ ਇੱਕ ਨੂੰ ਡਰ ਹੈ ਕਿ ਸ਼ਰੀਕ ਮੇਰੀ ਕੁਰਸੀ ਨਾ ਖਾ ਜਾਵੇ। ਡਰ ਤਾਂ ਸਾਨੂੰ ਵੀ ਹੈ ਇਸ ਲਈ ਵੋਟਰਾਂ ਨੂੰ ਅਸੀਂ ਸੁਚੇਤ ਕਰਾਂਗੇ ਕਿ ਭਲਿਓ ਮਾਨਸੋ, ਜਿਸ ਦਿਨ ਤੁਸੀਂ ਵੋਟ ਪਾਉਣ ਜਾਣਾ ਹੈ ਧਿਆਨ ਰੱਖਿਓ ਕਿ ਤੁਹਾਡੇ ਉਮੀਦਵਾਰ ਨੇ ਕਿਧਰੇ ਪਾਰਟੀ ਤਾਂ ਨਹੀਂ ਬਦਲੀ.......।

# ਕੈਨੇਡਾ 'ਚ ਟਰੂਡੋ ਸਰਕਾਰ ਵੱਲੋਂ ਇਮੀਗ੍ਰੇਸ਼ਨ ਫ਼ੀਸ 'ਚ ਭਾਰੀ ਵਾਧਾ

## ਕੈਨੇਡਾ ਜਾਣ ਵਾਲੇ ਪੰਜਾਬੀ ਵਿਦਿਆਰਥੀਆਂ 'ਤੇ ਵੀ ਪਵੇਗਾ ਵਧੇਰੇ ਵਿੱਤੀ ਬੋਝ

### ਵਧੇ ਹੋਏ ਚਾਰਜ 30 ਅਪ੍ਰੈਲ 2024 ਤੋਂ ਹੋਣਗੇ ਲਾਗੂ









ਟੋਰਾਂਟੋ/ਏ.ਟੀ.ਨਿਊਜ਼ : ਕੈਨੇਡਾ ਵਿੱਚ ਭਾਰਤ ਅਤੇ ਹੋਰਨਾਂ ਦੇਸ਼ਾਂ ਤੋਂ ਗਏ ਅੰਤਰਰਾਸ਼ਟਰੀ ਵਿਦਿਆਰਥੀ ਵੱਡੀ ਗਿਣਤੀ ਵਿੱਚ ਰਹਿੰਦੇ ਹਨ। ਕੈਨੇਡਾ ਸਰਕਾਰ ਵੱਲੋਂ ਅੰਤਰਰਾਸ਼ਟਰੀ ਨਿਯਮਾਂ ਸਬੰਧੀ ਸਮੇਂ ਸਮੇਂ 'ਤੇ ਬਦਲਾਓ ਵੀ ਲਿਆਂਦੇ ਜਾਂਦੇ ਹਨ। ਇਸ ਤੋਂ ਇਲਾਵਾ ਕੈਨੇਡਾ ਸਰਕਾਰ ਵੱਲੋਂ ਅੰਤਰਰਾਸ਼ਟਰੀ ਵਿਦਿਆਰਥੀਆਂ ਦੀ ਵਧ ਰਹੀ ਗਿਣਤੀ ਦੇ ਮੱਦੇਨਜ਼ਰ ਇਹ ਗਿਣਤੀ ਨਿਸ਼ਚਿਤ ਕਰਨ ਲਈ ਵੀ ਉਪਰਾਲੇ ਕੀਤੇ ਜਾ ਰਹੇ ਹਨ। ਕੈਨੇਡਾ ਸਰਕਾਰ ਦੇ ਇਹਨਾਂ ਉਪਰਾਲਿਆਂ ਅਤੇ ਫੈਸਲਿਆਂ ਦਾ ਕੈਨੇਡਾ ਜਾਣ ਵਾਲੇ ਵਿਦਿਆਰਥੀਆਂ ਉੱਪਰ ਡੂੰਘਾ ਅਸਰ ਪਵੇਗਾ। ਇਸ ਤੋਂ ਇਲਾਵਾ ਹੁਣ ਕੈਨੇਡਾ ਜਾਣ ਵਾਲੇ ਪੰਜਾਬੀ ਵਿਦਿਆਰਥੀਆਂ 'ਤੇ ਵੀ ਵਧੇਰੇ ਵਿੱਤੀ ਬੋਝ ਪਵੇਗਾ।

ਪ੍ਰਾਪਤ ਜਾਣਕਾਰੀ ਅਨੁਸਾਰ ਕੈਨੇਡਾ ਜਾਣ ਵਾਲੇ ਵਿਦਿਆਰਥੀਆਂ ਨੂੰ ਕੈਨੇਡਾ ਸਰਕਾਰ ਨੇ ਇੱਕ ਵਾਰ ਫਿਰ ਵੱਡਾ ਝਟਕਾ ਦਿੱਤਾ ਹੈ। ਦਰਅਸਲ, ਇਮੀਗ੍ਰੇਸ਼ਨ, ਰਿਫਿਊਜ ਐਂਡ ਸਿਟੀਜ਼ਨਸ਼ਿਪ ਕੈਨੇਡਾ (ਆਈ.ਆਰ.ਸੀ.ਸੀ.) ਨੇ ਸਾਰੀਆਂ ਸਥਾਈ ਨਿਵਾਸ ਅਰਜ਼ੀਆਂ ਲਈ ਦੇਸ਼ ਦੀ ਇਮੀਗ੍ਰੇਸ਼ਨ ਫੀਸ ਵਿੱਚ ਔਸਤਨ 12 ਪ੍ਰਤੀਸ਼ਤ ਵਾਧੇ ਦਾ ਐਲਾਨ ਕੀਤਾ ਹੈ। ਦੱਸਿਆ ਜਾ ਰਿਹਾ ਹੈ ਕਿ ਵਧੇ ਹੋਏ ਚਾਰਜ 30 ਅਪ੍ਰੈਲ 2024 ਤੋਂ ਲਾਗੂ ਹੋਣਗੇ। ਆਈ.ਆਰ.ਸੀ.ਸੀ. ਹਰ ਦੋ ਸਾਲਾਂ ਬਾਅਦ ਦਰਾਂ ਨੂੰ ਸੋਧਦਾ ਹੈ। ਆਖਰੀ ਵਾਧਾ ਅਪ੍ਰੈਲ 2022 ਵਿੱਚ ਕੀਤਾ ਗਿਆ ਸੀ, ਹਾਲਾਂਕਿ ਇਹ ਮਾਮੂਲੀ 3 ਫੀਸਦੀ ਵਾਧਾ ਸੀ।

ਅਧਿਕਾਰੀਆਂ ਮੁਤਾਬਕ ਨਵੀਆਂ ਦਰਾਂ ਸਟੈਟਿਸਟਿਕਸ ਕੈਨੇਡਾ ਵੱਲੋਂ ਪਿਛਲੇ 2 ਸਾਲਾਂ (2022 ਅਤੇ 2023) ਵਿੱਚ ਜਾਰੀ ਕੀਤੇ ਗਏ ਖਪਤਕਾਰ ਮੁੱਲ ਸੂਚਕਾਂਕ ਵਿੱਚ ਸੰਚਤ ਪ੍ਰਤੀਸ਼ਤ ਵਾਧੇ 'ਤੇ ਅਧਾਰਤ ਹਨ, ਜੋ ਨਜ਼ਦੀਕੀ 5 ਡਾਲਰ ਦੇ ਬਰਾਬਰ ਹਨ। ਨਵੀਆਂ ਦਰਾਂ ਮੁਤਾਬਕ ਦੇਸ਼ ਵਿੱਚ ਐਕਸਪ੍ਰੈਸ ਐਂਟਰੀ ਦੀ ਮੰਗ ਕਰਨ ਵਾਲੇ ਕਿਸੇ ਵੀ ਵਿਅਕਤੀ ਨੂੰ 950 ਡਾਲਰ ਪ੍ਰੋਸੈਸਿੰਗ ਫੀਸ ਅਤੇ 575 ਡਾਲਰ ਸਥਾਈ ਨਿਵਾਸ ਫੀਸ ਅਦਾ ਕਰਨੀ ਪਵੇਗੀ। ਤਾਜ਼ਾ ਹੁਕਮਾਂ ਮੁਤਾਬਕ ਆਸ਼ਰਿਤ ਬੱਚਿਆਂ ਅਤੇ ਸੁਰੱਖਿਅਤ ਵਿਅਕਤੀਆਂ ਨੂੰ ਛੱਡ ਕੇ ਸਾਰੇ ਸਥਾਈ ਨਿਵਾਸ ਬਿਨੈਕਾਰਾਂ ਨੂੰ ਸਥਾਈ ਨਿਵਾਸ ਫੀਸ ਦਾ ਭੁਗਤਾਨ ਕਰਨ ਤੋਂ ਛੋਟ ਦਿੱਤੀ ਗਈ ਹੈ।

ਇਸੇ ਤਰ੍ਹਾਂ ਮਾਨਵਤਾਵਾਦੀ ਅਤੇ ਹਮਦਰਦ ਅਤੇ ਜਨਤਕ ਨੀਤੀ ਸ਼੍ਰੇਣੀਆਂ ਵਿੱਚ ਮੁੱਖ ਬਿਨੈਕਾਰਾਂ ਨੂੰ ਕੁਝ ਸ਼ਰਤਾਂ ਅਧੀਨ ਸਥਾਈ ਨਿਵਾਸ ਫੀਸਾਂ ਦਾ ਭੁਗਤਾਨ ਕਰਨ ਤੋਂ ਛੋਟ ਦਿੱਤੀ ਜਾਂਦੀ ਹੈ। ਇਹ ਕਿਹਾ ਜਾ ਰਿਹਾ ਹੈ, ਪਰਮਿਟ ਹੋਲਡਰ ਸ਼੍ਰੇਣੀ ਪਰਿਵਾਰਕ ਮੈਂਬਰਾਂ ਨੂੰ ਆਪਣੀ ਸਥਾਈ ਨਿਵਾਸ ਅਰਜ਼ੀ ਵਿੱਚ ਸ਼ਾਮਲ ਨਹੀਂ ਕਰ ਸਕਦੀ। ਇਹਨਾਂ ਵਿਅਕਤੀਆਂ ਨੂੰ ਮੁੱਖ ਬਿਨੈਕਾਰਾਂ ਵਜੋਂ ਆਪਣੀਆਂ ਅਰਜ਼ੀਆਂ ਜਮ੍ਹਾਂ ਕਰਾਉਣੀਆਂ ਚਾਹੀਦੀਆਂ ਹਨ। ਨਵੀਂ ਕੈਨੇਡਾ ਇਮੀਗ੍ਰੇਸ਼ਨ ਫੀਸ 30 ਅਪ੍ਰੈਲ, 2024 ਤੋਂ ਲਾਗੂ ਹੋਵੇਗੀ।

ਜ਼ਿਕਰਯੋਗ ਹੈ ਕਿ ਕੈਨੇਡਾ ਵਿੱਚ ਪੰਜਾਬ ਤੋਂ ਗਏ ਵਿਦਿਆਰਥੀ ਵੀ ਵੱਡੀ ਗਿਣਤੀ ਵਿੱਚ ਰਹਿੰਦੇ ਹਨ। ਇਸ ਤੋਂ ਇਲਾਵਾ ਪੂਰੇ ਪੰਜਾਬ ਵਿਚੋਂ ਹੀ ਵੱਡੀ ਗਿਣਤੀ ਵਿਦਿਆਰਥੀ ਕਿਸੇ ਨਾ ਕਿਸੇ ਤਰੀਕੇ ਨਾਲ ਕੈਨੇਡਾ ਜਾ ਕੇ ਪੜ੍ਹਾਈ ਕਰਨ ਲਈ ਤਿਆਰ ਰਹਿੰਦੇ ਹਨ। ਕੈਨੇਡਾ ਜਾਣ ਲਈ ਵੱਡੀ ਗਿਣਤੀ ਪੰਜਾਬੀ ਵਿਦਿਆਰਥੀਆਂ ਵੱਲੋਂ ਜਾਂ ਉਹਨਾਂ ਦੇ ਮਾਪਿਆਂ ਵੱਲੋਂ 'ਸਟੱਡੀ ਲੋਨ' ਵੀ ਲਿਆ ਜਾਂਦਾ ਹੈ। ਹੁਣ ਇਮੀਗ੍ਰੇਸ਼ਨ, ਰਿਫਿਊਜ ਐਂਡ ਸਿਟੀਜ਼ਨਸ਼ਿਪ ਕੈਨੇਡਾ (ਆਈ.ਆਰ.ਸੀ.ਸੀ.) ਨੇ ਸਾਰੀਆਂ ਸਥਾਈ ਨਿਵਾਸ ਅਰਜ਼ੀਆਂ ਲਈ ਕੈਨੇਡਾ ਦੀ ਇਮੀਗ੍ਰੇਸ਼ਨ ਫੀਸ ਵਿੱਚ ਔਸਤਨ 12 ਪ੍ਰਤੀਸ਼ਤ ਵਾਧੇ ਦਾ ਐਲਾਨ ਕੀਤਾ ਹੈ। ਇਸ ਨਾਲ ਕੈਨੇਡਾ ਜਾ ਕੇ ਸਟੱਡੀ ਕਰਨ ਵਾਲੇ ਪੰਜਾਬੀ ਵਿਦਿਆਰਥੀਆਂ 'ਤੇ ਵੀ ਹੋਰ ਵਿੱਤੀ ਬੋਝ ਪਵੇਗਾ, ਜਿਸ ਨਾਲ ਕੈਨੇਡਾ ਜਾ ਕੇ ਸਟੱਡੀ ਕਰਨਾ ਹੋਰ ਵੀ ਮਹਿੰਗਾ ਹੋ ਜਾਵੇਗਾ।

# ਅਮਰੀਕਾ ਵਿੱਚ ਵਧ ਰਹੀ ਹਿੰਦੂਤਵੀ ਵਿਚਾਰਧਾਰਾ ਬਾਰੇ ਸੌ ਤੋਂ ਵੱਧ ਸਿਵਲ ਸੁਸਾਇਟੀ ਸਮੂਹਾਂ ਵੱਲੋਂ ਚਿੰਤਾ ਜ਼ਾਹਿਰ

## ਲੋਕਤੰਤਰ, ਬਹੁਲਵਾਦ ਅਤੇ ਨਿਆਂ ਦੀਆਂ ਸਾਡੀਆਂ ਮੂਲ ਕਦਰਾਂ-ਕੀਮਤਾਂ ਲਈ ਖ਼ਤਰਾ ਵਧਿਆ

### ਹਿੰਦੂਜ਼ ਫ਼ਾਰ ਹਿਊਮਨ ਰਾਈਟਸ, ਅਮਰੀਕਨ ਸਿੱਖ ਕੌਂਸਲ ਸਮੇਤ 109 ਸੰਸਥਾਵਾਂ ਨੇ ਦਸਤਖ਼ਤ ਕੀਤੇ

ਅਮਰੀਕਾ ਵਿੱਚ ਵਧ ਰਹੀ ਫ਼ਾਸ਼ੀਵਾਦੀ ਹਿੰਦੂਤਵ ਵਿਚਾਰਧਾਰਾ ਬਾਰੇ ਚਿੰਤਾ ਜ਼ਾਹਰ ਕਰਦੇ ਹੋਏ ਸੌ ਤੋਂ ਵੱਧ ਸਿਵਲ ਸੁਸਾਇਟੀ ਸਮੂਹਾਂ ਨੇ ਇੱਕ ਸਾਂਝੇ ਐਲਾਨਨਾਮੇ ਉੱਤੇ ਦਸਤਖਤ ਕੀਤੇ ਹਨ। ਪੱਤਰ ਵਿੱਚ ਕਿਹਾ ਗਿਆ ਹੈ ਕਿ ਹਿੰਦੂ ਸਰਵਉੱਚਤਾਵਾਦੀ ਅੰਦੋਲਨ ਨਾ ਸਿਰਫ਼ ਭਾਰਤੀ, ਦੱਖਣੀ ਏਸ਼ੀਆਈ ਅਤੇ ਮੁਸਲਿਮ ਅਮਰੀਕੀਆਂ ਲਈ ਨੁਕਸਾਨਦੇਹ ਹੈ, ਬਲਕਿ ਸਮੂਹਿਕ ਮੁਕਤੀ ਦੀਆਂ ਸਾਡੀਆਂ ਕਦਰਾਂ-ਕੀਮਤਾਂ ਦੇ ਵਿਰੁੱਧ ਵੀ ਹੈ।

ਇਸ ਐਲਾਨਨਾਮੇ ਵਿੱਚ, ਸੰਯੁਕਤ ਰਾਜ ਅਮਰੀਕਾ ਵਿਖੇ ਹਿੰਦੂ ਸਰਵਉੱਚਤਾ, ਜੋ ਹਿੰਦੂਤਵ ਜਾਂ ਹਿੰਦੂ ਰਾਸ਼ਟਰਵਾਦ ਵਜੋਂ ਜਾਣੇ ਜਾਂਦੇ ਖ਼ਤਰਨਾਕ ਉਭਾਰ ਬਾਰੇ ਸਖ਼ਤ ਚਿੰਤਾਵਾਂ ਪ੍ਰਗਟ ਕੀਤੀਆਂ ਗਈਆਂ ਹਨ। 25 ਮਾਰਚ ਨੂੰ, ਭਾਰਤੀ ਅਮਰੀਕੀ ਅਤੇ ਸਾਥੀ ਨਾਗਰਿਕ ਅਧਿਕਾਰ ਸਮੂਹਾਂ ਦੇ ਇੱਕ ਅੰਤਰ-ਧਰਮ, ਬਹੁ-ਜਾਤੀ, ਨਸਲਵਾਦ ਵਿਰੋਧੀ ਗੱਠਜੋੜ 'ਸਵੇਰਾ' ਨੇ ਇਸ ਖਤਰੇ ਦਾ ਸਾਹਮਣਾ ਕਰਨ ਦਾ ਵਾਅਦਾ ਕੀਤਾ। ਉਸਨੇ ਚਿਤਾਵਨੀ ਦਿੱਤੀ ਕਿ ਹਿੰਦੂ ਫ਼ਾਸ਼ੀਵਾਦੀ ਲਹਿਰ ਦੇ ਹੁਣ ਸੰਯੁਕਤ ਰਾਜ ਅਮਰੀਕਾ ਵਿੱਚ ਵੱਖ-ਵੱਖ ਸੱਜੇ-ਪੱਖੀ ਸਮੂਹਾਂ ਨਾਲ ਡੂੰਘੇ ਸਬੰਧ ਹਨ।




ਇਸ ਐਲਾਨਾਮੇ ਉੱਪਰ ਹਸਤਾਖਰ ਕਰਨ ਵਾਲੇ ਅਮਰੀਕੀ ਸਿਵਲ ਸੁਸਾਇਟੀ ਦੀ ਪ੍ਰਤੀਨਿਧਤਾ ਕਰਦੇ ਹਨ, ਜਿਸ ਵਿੱਚ ਮੂਵਮੈਂਟ ਫ਼ਾਰ ਬਲੈਕ ਲਾਈਵਜ਼, ਯਹੂਦੀ ਵਾਇਸ ਫ਼ਾਰ ਪੀਸ, ਮੁਸਲਿਮ ਪਬਲਿਕ ਅਫ਼ੇਅਰਜ਼ ਕੌਂਸਲ ਅਤੇ ਨੈਸ਼ਨਲ ਲਾਇਰਜ਼ ਗਿਲਡ ਵਰਗੀਆਂ ਸੰਸਥਾਵਾਂ ਸ਼ਾਮਲ ਹਨ। ਇਹ ਬਿਆਨ 'ਸਵੇਰਾ' ਦੀ ਹਾਲੀਆ ਰਿਪੋਰਟ ਤੋਂ ਬਾਅਦ ਆਇਆ ਹੈ, ਜਿਸ ਦਾ ਸਿਰਲੇਖ ' ਦ ਗਲੋਬਲ ਵੀਐਚਪੀ ਟ੍ਰੇਲ ਆਫ਼ ਵਾਇਲੈਂਸ' ਹੈ, ਜਿਸ ਵਿੱਚ ਜਿਥੇ ਅਮਰੀਕਾ ਸਥਿਤ ਕੱਟੜਪੰਥੀ ਹਿੰਦੂਤਵੀ ਸੰਗਠਨਾਂ ਦੇ ਖਤਰਨਾਕ ਪ੍ਰਭਾਵ ਦਰਸਾਇਆ ਗਿਆ, ਉਥੇ ਅਮਰੀਕਾ-ਅਧਾਰਿਤ ਫ਼ਾਸ਼ੀਵਾਦੀ ਹਿੰਦੂ ਸੰਗਠਨਾਂ ਦਾ ਭਾਰਤ ਵਿੱਚ ਹਿੰਸਾ ਫ਼ੈਲਾਉਣ ਵਾਲੇ ਭਾਰਤੀ ਕੱਟੜਵਾਦੀ ਹਿੰਦੂ ਸੰਗਠਨਾਂ ਦੇ ਨਾਲ ਸੰਬੰਧਾਂ ਦਾ ਪਰਦਾਫ਼ਾਸ਼ ਕੀਤਾ।

ਇੰਡੀਆ ਸਿਵਲ ਵਾਚ ਇੰਟਰਨੈਸ਼ਨਲ ਦੀ ਪ੍ਰਾਚੀ ਪਾਟਣਕਰ ਨੇ ਕਿਹਾ ਕਿ ਹਿੰਦੂ ਫ਼ਾਸ਼ੀਵਾਦ ਹੁਣ ਅਮਰੀਕੀ ਸੱਜੇ ਪੱਖੀ ਦਾ ਮੁੱਖ ਧੁਰਾ ਬਣ ਗਈ ਹੈ ਅਤੇ ਅਮਰੀਕੀ ਲੋਕਤੰਤਰ ਲਈ ਖ਼ਤਰਾ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਹਿੰਦੂ ਫ਼ਾਸ਼ੀਵਾਦ ਸਾਡੇ ਭਾਈਚਾਰਿਆਂ 'ਤੇ ਸਿੱਧੇ ਤੌਰ 'ਤੇ ਪ੍ਰਭਾਵ ਪਾਉਂਦਾ ਹੈ, ਜੋ ਕਿ ਬਹੁ-ਨਸਲੀ ਖ਼ਤਰੇ ਨੂੰ ਦਰਸਾਉਂਦਾ ਹੈ। ਉਨ੍ਹਾਂ ਕਿਹਾ ਕਿ ਸਾਡੀ ਏਕਤਾ ਦਾ ਇਹ ਜ਼ਬਰਦਸਤ ਪ੍ਰਦਰਸ਼ਨ ਇਸ ਗੱਲ ਵੱਲ ਇਸ਼ਾਰਾ ਕਰਦਾ ਹੈ ਕਿ ਸਾਨੂੰ ਇਨ੍ਹਾਂ ਸਰਵ ਵਿਆਪਕ ਤਾਨਾਸ਼ਾਹੀ ਖਤਰਿਆਂ ਦਾ ਸਾਹਮਣਾ ਕਰਨ ਲਈ ਮਿਲ ਕੇ ਕਿਵੇਂ ਕੰਮ ਕਰਨਾ ਚਾਹੀਦਾ ਹੈ।

ਜਸਟਿਸ ਫ਼ਾਰ ਰੇਸੀਅਲ ਐਂਡ ਇਕਨਾਮਿਕ ਜਸਟਿਸ ਦੀ ਸੋਫ਼ੀ ਏਲਮਨ-ਗੋਲਨ ਨੇ ਕਿਹਾ ਕਿ ਆਰਥਿਕ ਪਤਨ, ਜਲਵਾਯੂ ਸੰਕਟ ਅਤੇ ਯੁੱਧ ਦੇ ਕਾਰਨ ਦੁਨੀਆਂ ਭਰ ਵਿੱਚ ਨਸਲੀ ਰਾਸ਼ਟਰਵਾਦ ਵਧ ਰਿਹਾ ਹੈ, ਜਿਸ ਨਾਲ ਭਾਈਚਾਰਿਆਂ ਵਿੱਚ ਫ਼ੁਟ ਪੈ ਰਹੀ ਹੈ ਅਤੇ ਲੱਖਾਂ ਲੋਕ ਬੇਘਰ ਹੋ ਰਹੇ ਹਨ।

ਉਨ੍ਹਾਂ ਕਿਹਾ ਕਿ ਅਸੀਂ ਸਾਰੇ ਭਾਰਤ ਅਤੇ ਇਜ਼ਰਾਈਲ ਤੋਂ ਲੈ ਕੇ ਰੂਸ, ਹੰਗਰੀ, ਸੰਯੁਕਤ ਰਾਜ ਅਤੇ ਇਸ ਤੋਂ ਬਾਹਰ ਤੱਕ, ਸਰਵਉੱਚਤਾਵਾਦੀ, ਤਾਨਾਸ਼ਾਹੀ ਰਾਜਨੀਤਿਕ ਅੰਦੋਲਨਾਂ ਅਤੇ ਨੇਤਾਵਾਂ ਦੇ ਗਲੋਬਲ ਗੱਠਜੋੜ ਦੇ ਵਿਰੁੱਧ ਹਾਂ। ਇਸ ਫ਼ਾਸ਼ੀਵਾਦ ਦਾ ਮੁਕਾਬਲਾ ਕਰਨ ਲਈ ਪਹਿਲਾਂ ਨਾਲੋਂ ਕਿਤੇ ਵੱਧ, ਸਾਨੂੰ ਸ਼ਕਤੀਸ਼ਾਲੀ ਬਹੁ-ਜਾਤੀ, ਅੰਤਰ-ਧਾਰਮਿਕ ਏਕਤਾ ਬਣਾਉਣ ਦੀ ਲੋੜ ਹੈ। ਸੰਯੁਕਤ ਰਾਜ ਅਮਰੀਕਾ ਵਿੱਚ ਦਲਿਤ ਸਾਲਿਡੇਰਿਟੀ ਫ਼ੋਰਮ ਦੀ ਪ੍ਰਧਾਨ ਰੋਜ਼ਾ ਸਿੰਘ ਨੇ ਕਿਹਾ ਕਿ 'ਸਵੇਰਾ' ਭਾਰਤੀ ਪ੍ਰਵਾਸੀਆਂ ਦੀ ਬਹੁਗਿਣਤੀ ਆਬਾਦੀ ਦੀ ਬੁਲਾਰਾ ਬਣ ਰਹੀ ਹੈ ਜੋ ਹਿੰਦੂ ਫ਼ਾਸ਼ੀਵਾਦ ਦਾ ਵਿਰੋਧ ਕਰਦੇ ਹਨ। ਹਾਲਾਂਕਿ, ਸਾਡੇ ਲੋਕਤੰਤਰ ਨੂੰ ਸੱਜੇ-ਪੱਖੀ ਹਮਲਿਆਂ ਤੋਂ ਬਚਾਉਣਾ ਬਹੁਤ ਵੱਡੀ ਲੜਾਈ ਹੈ, ਅਤੇ ਇਹ ਵੀ ਬਰਾਬਰ ਮਹੱਤਵਪੂਰਨ ਹੈ ਕਿ ਹੋਰ ਭਾਈਚਾਰੇ ਵੀ ਹਿੰਦੂ ਸਰਵਉੱਚਤਾ ਦੇ ਵਿਰੁੱਧ ਖੜ੍ਹੇ ਹੋਣ ਐਲਾਨਨਾਮੇ ਦਾ ਪਾਠ: ਅਸੀਂ, ਸਾਰੇ ਸੰਗਠਨ ਅਤੇ ਵਿਅਕਤੀ ਸੰਯੁਕਤ ਰਾਜ ਅਮਰੀਕਾ ਵਿੱਚ ਹਿੰਦੂ ਫ਼ਾਸ਼ੀਵਾਦ, ਜਿਸਨੂੰ ਹਿੰਦੂਤਵ ਜਾਂ ਹਿੰਦੂ ਰਾਸ਼ਟਰਵਾਦ ਵੀ ਕਿਹਾ ਜਾਂਦਾ ਹੈ, ਦੇ ਪਰੇਸ਼ਾਨ ਕਰਨ ਵਾਲੇ ਉਭਾਰ ਬਾਰੇ ਆਪਣੀ ਡੂੰਘੀ ਚਿੰਤਾ ਪ੍ਰਗਟ ਕਰਦੇ ਹਾਂ। ਇਹ ਰਾਜਨੀਤਿਕ ਵਿਚਾਰਧਾਰਾ, ਪਹਿਲੀ ਵਾਰ 20ਵੀਂ ਸਦੀ ਦੇ ਅਰੰਭ ਵਿੱਚ ਨਾਜ਼ੀਵਾਦ, ਫ਼ਾਸ਼ੀਵਾਦ ਅਤੇ ਨਸਲਵਾਦ ਦੇ ਪ੍ਰਭਾਵ ਅਧੀਨ ਸਿੱਧੀ ਪ੍ਰੇਰਨਾ ਲੈ ਕੇ ਪ੍ਰਗਟ ਕੀਤੀ ਗਈ ਸੀ, ਹੁਣ ਇਹ ਅਮਰੀਕੀ ਸੱਜੇ ਪੱਖੀਆਂ ਨਾਲ ਗੱਠਜੋੜ ਵਿੱਚ ਆਪਣੀ ਹੋਂਦ ਸਥਾਪਤ ਕਰ ਰਹੀ ਹੈ। ਹਿੰਦੂ ਸਰਵਉੱਚਤਾ ਭਾਰਤ ਅਤੇ ਇੱਥੇ ਸੰਯੁਕਤ ਰਾਜ ਅਮਰੀਕਾ ਵਿੱਚ ਲੋਕਤੰਤਰ, ਬਹੁਲਵਾਦ ਅਤੇ ਨਿਆਂ ਦੀਆਂ ਸਾਡੀਆਂ ਮੂਲ ਕਦਰਾਂ-ਕੀਮਤਾਂ ਲਈ ਇੱਕ ਵਧਦਾ ਖ਼ਤਰਾ ਹੈ।

(ਬਾਕੀ ਸਫ਼ਾ 31 'ਤੇ)

# ਲੋਕ ਸਭਾ ਚੋਣਾਂ : ਪੰਜਾਬ 'ਚ ਵੋਟਰਾਂ ਨੇ ਧਾਰੀ ਭੇਦਭਰੀ ਚੁੱਪ

## ਅਜੇ ਤੱਕ ਕਿਸੇ ਵੀ ਸਿਆਸੀ ਪਾਰਟੀ ਦੇ ਹੱਕ ਵਿੱਚ ਨਹੀਂ ਚੱਲੀ ਕੋਈ ਲਹਿਰ

### ਸਿਆਸਤਦਾਨਾਂ ਦੀ ਵਿਚਾਰਧਾਰਾ, ਸਿਧਾਂਤ, ਏਜੰਡੇ, ਨੈਤਿਕਤਾ, ਵਫ਼ਾਦਾਰੀ ਨੂੰ ਤਿਲਾਂਜਲੀ ਦੇਣ ਦੀਆਂ ਨੀਤੀਆਂ ਤੋਂ ਵੋਟਰ ਨਰਾਜ਼

ਚੰਡੀਗੜ੍ਹ/ਏ.ਟੀ.ਨਿਊਜ਼ : ਪੰਜਾਬ ਸਮੇਤ ਪੂਰੇ ਭਾਰਤ ਵਿੱਚ ਚੋਣਾਂ ਦਾ ਮੌਸਮ ਸ਼ੁਰੂ ਹੋ ਚੁੱਕਿਆ ਹੈ। ਲੋਕ ਸਭਾ ਚੋਣਾਂ ਲਈ ਜਿਥੇ ਵੱਖ- ਵੱਖ ਸਿਆਸੀ ਪਾਰਟੀਆਂ ਆਪਣੀਆਂ ਸਰਗਰਮੀਆਂ ਤੇਜ਼ ਕਰ ਰਹੀਆਂ ਹਨ, ਉਥੇ ਪੰਜਾਬ ਦੇ ਵੋਟਰਾਂ ਨੇ ਤਾਂ ਇਸ ਸਮੇਂ ਭੇਦਭਰੀ ਚੁੱਪ ਧਾਰੀ ਹੋਈ ਹੈ, ਜਿਸ ਕਾਰਨ ਚੋਣ ਲੜ ਰਹੇ ਉਮੀਦਵਾਰਾਂ ਅਤੇ ਸਿਆਸੀ ਆਗੂਆਂ ਨੂੰ ਤਰੇਲੀਆਂ ਆ ਰਹੀਆਂ ਹਨ।ਪੰਜਾਬ ਵਿੱਚ ਇਹਨਾਂ ਚੋਣਾਂ ਦੌਰਾਨ ਭਾਵੇਂ ਕਿਸੇ ਵੀ ਸਿਆਸੀ ਪਾਰਟੀ ਦਾ ਵਿਰੋਧ ਸ਼ੁਰੂ ਨਹੀਂ ਹੋਇਆ ਅਤੇ ਨਾ ਹੀ ਕਿਸੇ ਵੀ ਸਿਆਸੀ ਪਾਰਟੀ ਦੇ ਹੱਕ ਵਿੱਚ ਕੋਈ ਲਹਿਰ ਸ਼ੁਰੂ ਹੋਈ ਹੈ। ਜਿਸ ਕਰਕੇ ਲੋਕ ਸਭਾ ਚੋਣਾਂ ਦੇ ਨਤੀਜਿਆਂ ਬਾਰੇ ਕੁਝ ਵੀ ਕਹਿਣਾ ਬਹੁਤ ਮੁਸ਼ਕਿਲ ਹੈ।

ਪੰਜਾਬ ਵਿੱਚ ਹਾਲਾਤ ਤਾਂ ਇਹ ਬਣ ਗਏ ਹਨ ਕਿ ਆਮ ਲੋਕ ਇਸ ਸਮੇਂ ਸਿਆਸੀ ਸਰਗਰਮੀਆਂ ਵਿੱਚ ਹਿੱਸਾ ਲੈਣ ਤੋਂ ਕਤਰਾਅ ਰਹੇ ਹਨ। ਪੰਜਾਬ ਦੇ ਵੱਡੀ ਗਿਣਤੀ ਲੋਕ ਕਿਸਾਨੀ ਕਿੱਤੇ ਨਾਲ ਸਬੰਧਿਤ ਹਨ।ਇਸ ਸਮੇਂ ਵੱਡੀ ਗਿਣਤੀ ਕਿਸਾਨ ਆਪਣੀ ਕਣਕ ਦੀ ਫਸਲ ਪੱਕਣ ਦਾ ਇੰਤਜਾਰ ਕਰ ਰਹੇ ਹਨ, ਕਿਉਂਕਿ ਕਣਕ ਦੀ ਫਸਲ ਇਸ ਸਮੇਂ ਪੂਰੇ ਜੋਬਨ 'ਤੇ ਹੈ।ਪੰਜਾਬ ਵਿੱਚ ਕਣਕ ਦੀ ਖਰੀਦ ਪਹਿਲੀ ਅਪਰੈਲ ਤੋਂ ਸ਼ੁਰੂ ਹੋ ਚੁੱਕੀ ਹੈ ਪਰ ਪਹਿਲੀ ਅਪਰੈਲ ਨੂੰ ਪੰਜਾਬ ਦੀ ਕਿਸੇ ਵੀ ਮੰਡੀ ਵਿੱਚ ਕਣਕ ਦੀ ਫਸਲ ਵਿਕਣ ਲਈ ਨਹੀਂ ਆਈ। ਆਉਣ ਵਾਲੇ ਦਿਨਾਂ ਵਿੱਚ ਪੰਜਾਬ ਦੇ ਕਿਸਾਨ ਤੇ ਮਜਦੂਰ ਅਤੇ ਖੇਤੀਬਾੜੀ ਕਿੱਤੇ ਨਾਲ ਸਬੰਧਿਤ ਹੋਰ ਲੋਕ ਕਣਕ ਦੀ ਫਸਲ ਦੇ ਸੀਜਣ ਵਿੱਚ ਰੁਝ ਜਾਣਗੇ, ਜਿਸ ਕਰਕੇ ਪੰਜਾਬ ਦੇ ਵੱਡੀ ਗਿਣਤੀ ਲੋਕ ਸਿਆਸੀ ਸਰਗਰਮੀਆਂ ਵਿੱਚ ਹਿੱਸਾ ਲੈਣ ਦੀ ਥਾਂ ਆਪਣੇ ਕੰਮ ਧੰਦਿਆਂ ਵਿੱਚ ਲੱਗੇ ਹੋਏ ਹਨ।






ਚੋਣ ਜ਼ਾਬਤਾ ਲੱਗਣ ਅਰਥਾਤ ਚੋਣ ਕਮਿਸ਼ਨਰ ਵੱਲੋਂ ਦੇਸ਼ ਦੀਆਂ ਪਾਰਟੀਮੈਂਟ ਚੋਣਾਂ ਦਾ ਨੋਟੀਫ਼ੀਕੇਸ਼ਨ ਜਾਰੀ ਕਰਨ ਤੋਂ ਬਾਅਦ ਪੰਜਾਬ ਦੀਆਂ 13 ਲੋਕ ਸਭਾ ਸੀਟਾਂ ਲਈ ਵੱਖ ਵੱਖ ਸਿਆਸੀ ਪਾਰਟੀਆਂ ਵੱਲੋਂ ਆਪੋ ਆਪਣੇ ਉਮੀਦਵਾਰਾਂ ਦਾ ਐਲਾਨ ਕਰ ਦੇਣ ਦੇ ਬਾਵਜੂਦ ਪੰਜਾਬ ਵਿੱਚ ਚੋਣ ਸਰਗਰਮੀ ਵਾਲਾ ਕੋਈ ਮਾਹੌਲ ਦੇਖਣ ਨੂੰ ਨਹੀਂ ਮਿਲ ਰਿਹਾ। ਸਾਲ 2024 ਦੀਆਂ ਪੰਜਾਬ ਵਿੱਚ 1 ਜੂਨ ਨੂੰ ਹੋਣ ਵਾਲੀਆਂ ਲੋਕ ਸਭਾ ਚੋਣਾਂ, ਪਿੱਛੇ ਹੋ ਕੇ ਹਟੀਆਂ ਚੋਣਾਂ ਨਾਲੋਂ ਵਖਰੀਆਂ, ਨਿਵੇਕਲੀਆਂ ਅਤੇ ਅਜੀਬ ਦਿਖਾਈ ਦੇ ਰਹੀਆਂ ਹਨ ਕਿਉਂਕਿ ਇਸ ਵਾਰ ਨਾ ਤਾਂ ਕਿਸੇ ਪਾਰਟੀ ਦਾ ਠੋਕਵਾਂ ਵਿਰੋਧ ਹੈ ਅਤੇ ਨਾ ਹੀ ਕਿਸੇ ਪਾਰਟੀ ਦੇ ਹੱਕ ਵਿੱਚ ਲਹਿਰ ਚਲ ਰਹੀ ਹੈ।ਅੱਗੇ ਚੋਣਾਂ ਦੇ ਮੌਸਮ ਦੌਰਾਨ ਆਪੋ ਅਪਣੀ ਪਾਰਟੀ ਜਾਂ ਉਮੀਦਵਾਰ ਨੂੰ ਪਸੰਦ ਕਰਨ ਵਾਲੇ ਲੋਕ ਖ਼ੁਦ ਹੀ ਮੂਹਰੇ ਹੋ ਕੇ ਪੋਸਟਰ/ਬੈਨਰ ਜਾਂ ਝੰਡੀਆਂ ਲਾਉਣ ਨੂੰ ਅਪਣਾ ਫ਼ਰਜ਼ ਸਮਝਦੇ ਸਨ ਅਤੇ ਉਮੀਦਵਾਰ ਦੀ ਚੋਣ ਖ਼ੁਦ ਲਈ ਵੱਕਾਰ ਦਾ ਸਵਾਲ ਬਣਾ ਕੇ ਲੜਦੇ ਸਨ ਪਰ ਇਸ ਵਾਰ ਅਜਿਹਾ ਕੁੱਝ ਦੇਖਣ ਨੂੰ ਨਹੀਂ ਮਿਲ ਰਿਹਾ।ਕੀ ਵੋਟਰਾਂ ਦੀ ਚੋਣਾਂ ਵਿੱਚ ਕੋਈ ਦਿਲਚਸਪੀ ਨਹੀਂ ਰਹੀ ? ਕੀ ਵੱਧ ਰਹੀਆਂ ਦਲ ਬਦਲੀਆਂ ਨੇ ਵੋਟਰਾਂ ਨੂੰ ਨਿਰਾਸ਼ ਕਰ ਦਿਤਾ ਹੈ ? ਕੀ ਸਿਆਸਤਦਾਨਾਂ ਦੀ ਵਿਚਾਰਧਾਰਾ, ਸਿਧਾਂਤ, ਦੀਨ ਈਮਾਨ, ਏਜੰਡੇ, ਨੈਤਿਕਤਾ, ਵਫ਼ਾਦਾਰੀ ਆਦਿ ਨੂੰ ਤਿਲਾਂਜਲੀ ਦੇਣ ਦੀਆਂ ਨੀਤੀਆਂ ਤੋਂ ਵੋਟਰ ਨਰਾਜ਼ ਹੈ ?



ਲੋਕ ਸਭਾ ਚੋਣਾਂ ਦੀ ਸਰਗਰਮੀ ਦੇ ਦੂਜੇ ਪੱਖ ਦੀ ਗੱਲ ਕੀਤੀ ਜਾਵੇ ਤਾਂ ਇਸ ਵਾਰ ਦੂਜੀਆਂ ਪਾਰਟੀਆਂ ਤੋਂ ਕਿਸੇ ਆਗੂ ਨੂੰ ਪੱਟ ਕੇ ਲਿਆਉਣ, ਆਪਣੀ ਪਾਰਟੀ ਦੇ ਆਗੂ ਨੂੰ ਬਚਾਅ ਕੇ ਰੱਖਣ, ਦੂਜੀ ਪਾਰਟੀ ਵਿਚੋਂ ਆ ਰਹੇ ਆਗੂ ਪ੍ਰਤੀ ਸਿਫ਼ਤਾਂ ਦੇ ਪੁਲ ਬੰਨ੍ਹਣ ਅਤੇ ਅਪਣੀ ਪਾਰਟੀ 'ਚੋਂ ਜਾ ਰਹੇ ਆਗੂ ਸਬੰਧੀ ਬਦਖੋਹੀਆਂ ਕਰਨ ਦੀ ਸਰਗਰਮੀ ਲਗਾਤਾਰ ਜਾਰੀ ਹੈ।ਅਜੇ ਸਾਰੇ ਪਾਰਟੀਆਂ ਦੇ ਮੂਹਰਲੀ ਕਤਾਰ ਦੇ ਆਗੂਆਂ ਦੀਆਂ ਉਕਤ ਚੋਣ ਸਰਗਰਮੀਆਂ ਆਪੋ-ਅਪਣੇ ਤਕ ਸੀਮਿਤ ਹਨ ਕਿਉਂਕਿ ਲੋਕ ਆਪੋ-ਅਪਣੇ ਕੰਮਾਂ-ਕਾਰਾਂ 'ਚ ਮਸਤ ਹਨ, ਆਮ ਲੋਕ ਸਿਆਸੀ ਸਰਗਰਮੀਆਂ 'ਤੇ ਨਜ਼ਰ ਤਾਂ ਰੱਖ ਰਹੇ ਹਨ ਪਰ ਐਲਾਨੇ ਜਾ ਚੁੱਕੇ ਉਮੀਦਵਾਰਾਂ ਜਾਂ ਸੰਭਾਵੀ ਉਮੀਦਵਾਰਾਂ ਨੂੰ ਅਜੇ ਪੱਲਾ ਨਹੀਂ ਫੜਾ ਰਹੇ।

ਪੰਜਾਬ ਦੇ 13 ਲੋਕ ਸਭਾ ਹਲਕਿਆਂ ਦਾ ਜੇਕਰ ਵਿਸ਼ਲੇਸ਼ਣ ਕਰਨਾ ਹੋਵੇ ਤਾਂ 16 ਤੋਂ 18 ਲੱਖ ਤੱਕ ਇੱਕ ਹਲਕੇ ਵਿੱਚ ਵੋਟਰ ਹੋਣ ਦੇ ਬਾਵਜੂਦ ਵੀ ਕੋਈ ਬਹੁਤੀ ਸਰਗਰਮੀ ਦੇਖਣ ਨੂੰ ਨਹੀਂ ਮਿਲ ਰਹੀ, ਵੋਟਰ ਚੁੱਪ ਹੈ ਅਤੇ ਵੋਟਰ ਦੀ ਹੈਰਾਨੀਜਨਕ ਚੁੱਪੀ ਸਿਆਸੀ ਆਗੂਆਂ ਨੂੰ ਪਸੀਨੋ-ਪਸੀਨੇ ਕਰ ਰਹੀ ਹੈ। ਪਿਛਲੀਆਂ ਚੋਣਾਂ ਦੌਰਾਨ ਹੋਣ ਵਾਲੀਆਂ ਰੈਲੀਆਂ ਜਾਂ ਰੋਡ ਸ਼ੋਅ ਮੌਕੇ ਲੋਕ ਆਪ-ਮੁਹਾਰੇ ਹੀ ਆਪੋ-ਅਪਣੇ ਵਾਹਨ ਲੈ ਕੇ ਤੁਰ ਪੈਂਦੇ ਸਨ। ਸਿਆਸਤਦਾਨਾਂ ਦੀਆਂ ਬਸਾਂ ਅਤੇ ਹੋਰ ਵਾਹਨ ਮਿੰਟੋ ਮਿੰਟੀ ਭਰ ਜਾਂਦੇ ਸਨ ਪਰ ਇਸ ਵਾਰ ਲਗਭਗ ਸਾਰੀਆਂ ਹੀ ਸਿਆਸੀ ਪਾਰਟੀਆਂ ਨੂੰ ਆਪੋ-ਅਪਣੀ ਰੈਲੀ ਜਾਂ ਰੋਡ ਸ਼ੋਅ ਨੂੰ ਕਾਮਯਾਬ ਕਰਨ ਲਈ ਵੋਟਰ ਬਾਦਸ਼ਾਹ ਦੇ ਮਿੰਨਤਾਂ ਤਰਲੇ ਕਰਨੇ ਪੈ ਰਹੇ ਹਨ।

ਦੇਸ਼ ਦੀ ਆਜ਼ਾਦੀ ਦੇ 75 ਸਾਲਾਂ ਬਾਅਦ ਪਿਛਲੀਆਂ ਚੋਣਾਂ ਦੇ ਮੁਕਾਬਲੇ ਇਸ ਵਾਰ ਥੋਕ ਵਿੱਚ ਦਲ ਬਦਲੀ ਦੀਆਂ ਖ਼ਬਰਾਂ ਜਦੋਂ ਮੀਡੀਏ ਦੀਆਂ ਸੁਰਖੀਆਂ ਬਣਨੀਆਂ ਸ਼ੁਰੂ ਹੋਈਆਂ ਤਾਂ ਵੋਟਰ ਦਾ ਨਿਰਾਸ਼ ਹੋਣਾ ਸੁਭਾਵਕ ਸੀ ਕਿਉਂਕਿ ਜਲੰਧਰ ਲੋਕ ਸਭਾ ਹਲਕੇ ਤੋਂ ਸੁਸ਼ੀਲ ਰਿੰਕੂ ਨੇ ਕਾਂਗਰਸ ਛੱਡ ਕੇ ਆਮ ਆਦਮੀ ਪਾਰਟੀ ਦੀ ਟਿਕਟ 'ਤੇ ਚੋਣ ਲੜੀ, ਹੁਣ ਮੌਜੂਦਾ ਐਮ.ਪੀ. ਅਤੇ ਆਮ ਆਦਮੀ ਪਾਰਟੀ ਵੱਲੋਂ ਟਿਕਟ ਮਿਲਣ ਦੇ ਬਾਵਜੂਦ ਭਾਜਪਾ ਵਿੱਚ ਸ਼ਾਮਲ ਹੋਣ ਸਮੇਤ ਮਹਾਰਾਣੀ ਪ੍ਰਨੀਤ ਕੌਰ, ਰਵਨੀਤ ਸਿੰਘ ਬਿੱਟੂ, ਰਾਜ ਕੁਮਾਰ ਚੱਬੇਵਾਲ, ਸ਼ੀਤਲ ਅੰਗੂਰਾਲ, ਜੀ.ਪੀ. ਸਿੰਘ ਆਦਿ ਦੀਆਂ ਜੇਕਰ ਉਦਾਹਰਣਾਂ ਦੇਣੀਆਂ ਹੋਣ ਤਾਂ ਕਿਸੇ ਵੀ ਆਗੂ ਨੇ ਇਕੱਠ ਕਰ ਕੇ ਆਪੋ-ਅਪਣੇ ਸਮਰਥਕ ਦੀ ਰਾਇ ਲੈਣ ਦੀ ਜ਼ਰੂਰਤ ਹੀ ਨਹੀਂ ਸਮਝੀ। ਕਿਸੇ ਆਗੂ ਨੇ ਅਪਣੇ ਸਮਰਥਕ ਨੂੰ ਪਾਰਟੀ ਬਦਲਣ ਬਾਰੇ ਨਾ ਤਾਂ ਵਿਸ਼ਵਾਸ ਵਿੱਚ ਲਿਆ ਅਤੇ ਨਾ ਹੀ ਪਾਰਟੀ ਬਦਲਣ ਦਾ ਕੋਈ ਠੋਸ ਕਾਰਨ ਦਸਿਆ। ਕਿਸੇ ਵੀ ਉਮੀਦਵਾਰ ਦਾ ਅੱਖਾਂ ਬੰਦ ਕਰ ਕੇ ਸਮਰਥਨ ਕਰਨ ਵਾਲਾ ਸਮਾਂ ਹੁਣ ਤਬਦੀਲ ਹੋ ਚੁੱਕਾ ਹੈ ਕਿਉਂਕਿ ਵੋਟਰ ਨੂੰ ਐਨੀ ਕੁ ਸਮਝ ਆ ਚੁੱਕੀ ਹੈ ਕਿ ਦਲ ਬਦਲੀ ਕਰਨ ਵਾਲੇ ਸਿਆਸਤਦਾਨਾਂ ਦੀ ਨਾ ਕੋਈ ਵਿਚਾਰਧਾਰਾ, ਨਾ ਕੋਈ ਸਿਧਾਂਤ, ਨਾ ਦੀਨ ਈਮਾਨ, ਨਾ ਕੋਈ ਏਜੰਡਾ ਅਤੇ ਨਾ ਹੀ ਕੋਈ ਵਫ਼ਾਦਾਰੀ ਹੁੰਦੀ ਹੈ। ਸਿਆਸਤਦਾਨਾਂ ਲਈ ਸਿਰਫ਼ ਕੁਰਸੀ ਹਥਿਆਉਣੀ ਹੀ ਮੁੱਖ ਮੁੱਦਾ ਹੁੰਦਾ ਹੈ। ਪੰਜਾਬ ਨੂੰ ਬਚਾਉਣ, ਨੌਜਵਾਨਾਂ ਲਈ ਰੁਜ਼ਗਾਰ, ਪਿੰਡਾਂ-ਸ਼ਹਿਰਾਂ ਅਤੇ ਕਸਬਿਆਂ ਦੇ ਵਿਕਾਸ, ਲੋਕਾਂ ਨੂੰ ਮਿਲਣ ਵਾਲੀਆਂ ਸਹੂਲਤਾਂ ਜਾਂ ਮਹਿੰਗਾਈ 'ਤੇ ਕਾਬੂ ਪਾਉਣ ਬਾਰੇ ਕੋਈ ਸਿਆਸਤਦਾਨ ਨਹੀਂ ਬੋਲਦਾ ਜਿਸ ਕਰ ਕੇ ਵੋਟਰ ਨੇ ਇਸ ਵਾਰ ਖ਼ੁਦ ਨੂੰ ਚੁੱਪ ਰਹਿ ਕੇ ਅਪਣੇ ਕੰਮ ਵਿੱਚ ਮਸਤ ਰਹਿਣ ਨੂੰ ਤਰਜੀਹ ਦਿਤੀ ਹੈ। ਚੋਣਾਂ ਮੌਕੇ ਵੋਟਰ ਹੀ ਬਾਦਸ਼ਾਹ ਹੁੰਦੇ ਹਨ ਅਤੇ ਸਾਰੀਆਂ ਸਿਆਸੀ ਪਾਰਟੀਆਂ ਅਤੇ ਉਮੀਦਵਾਰ ਵੋਟਰਾਂ ਦੀਆਂ ਵੋਟਾਂ ਲੈਣ ਲਈ ਤਰਲੇ ਲੈਂਦੇ ਹਨ। ਭਾਵੇਂ ਕਿ ਚੋਣਾਂ ਤੋਂ ਬਾਅਦ ਇਹ ਸਿਆਸੀ ਆਗੂ ਅਤੇ ਉਮੀਦਵਾਰ ਇੱਕ ਤਰ੍ਹਾਂ ਗਾਇਬ ਹੀ ਹੋ ਜਾਂਦੇ ਹਨ।

# ਅਮਰੀਕਾ 'ਚ ਹੁਣ ਸ੍ਰੀ ਸਾਹਿਬ ਧਾਰਨ ਕਰ ਕੇ ਸਕੂਲ ਜਾ ਸਕਣਗੇ ਸਿੱਖ ਬੱਚੇ

## ਹੌਪਕਿੰਟਨ ਸਕੂਲ ਡਿਸਟ੍ਰਿਕਟ ਵੱਲੋਂ ਸਿੱਖ ਵਿਦਿਆਰਥੀਆਂ ਦੇ ਮਾਪਿਆਂ ਨਾਲ ਸਮਝੌਤਾ

- ਤਿੰਨ ਇੰਚ ਤੋਂ ਵੱਧ ਨਹੀਂ ਹੋਵੇਗੀ ਸ੍ਰੀ ਸਾਹਿਬ ਦੀ ਲੰਬਾਈ
- ਵਿਦਿਆਰਥੀ ਸਾਰੇ ਨਿਯਮ ਮੰਨਣ ਲਈ ਹੋਣਗੇ ਪਾਬੰਦ

ਹੌਪਕਿੰਟਨ/ਏ.ਟੀ.ਨਿਊਜ਼: ਸਿੱਖ ਦੁਨੀਆਂ ਦੇ ਜਿਸ ਮੁਲਕ ਵਿੱਚ ਜਾਂਦੇ ਹਨ, ਉਥੇ ਆਪਣੇ ਧਰਮ ਅਤੇ ਧਾਰਮਿਕ ਚਿੰਨ੍ਹਾਂ ਤੇ ਕਕਾਰਾਂ ਪ੍ਰਤੀ ਪੂਰੀ ਤਰਾਂ ਸੁਚੇਤ ਰਹਿੰਦੇ ਹਨ। ਇਸ ਤੋਂ ਇਲਾਵਾ ਵਿਦੇਸ਼ਾਂ ਵਿੱਚ ਰਹਿੰਦੇ ਸਿੱਖ ਆਪਣੇ ਬੱਚਿਆਂ ਨੂੰ ਵੀ ਸਿੱਖ ਕਕਾਰਾਂ ਦੇ ਧਾਰਨੀ ਬਣਾਉਂਦੇ ਹਨ। ਜਿਹੜੇ ਮੁਲਕਾਂ ਵਿੱਚ ਸਕੂਲ ਪੜਦੇ ਸਿੱਖ ਬੱਚਿਆਂ ਨੂੰ ਧਾਰਮਿਕ ਕਕਾਰ ਪਾਉਣ ਦੀ ਆਗਿਆ ਨਹੀਂ ਹੈ, ਉਥੇ ਸਿੱਖ ਉਪਰਾਲੇ ਕਰਕੇ ਸਕੂਲਾਂ ਵਿੱਚ ਸਿੱਖ ਵਿਦਿਆਰਥੀਆਂ ਦੇ ਕਕਾਰ ਪਾਉਣ ਲਈ ਆਗਿਆ ਲੈ ਲੈਂਦੇ ਹਨ। ਹੁਣ ਅਮਰੀਕਾ ਦੇ ਮੈਸਾਚਿਊਸੈਟਸ ਸੂਬੇ ਵਿੱਚ ਸਿੱਖ ਬੱਚਿਆਂ ਨੂੰ ਸ੍ਰੀ ਸਾਹਿਬ ਧਾਰਨ ਕਰ ਕੇ ਸਕੂਲ ਜਾਣ ਦੀ ਇਜਾਜ਼ਤ ਮਿਲ ਗਈ ਹੈ। ਹੌਪਕਿੰਟਨ ਸਕੂਲ ਡਿਸਟ੍ਰਿਕਟ ਵੱਲੋਂ ਸਿੱਖ ਵਿਦਿਆਰਥੀਆਂ ਦੇ ਮਾਪਿਆਂ ਨਾਲ ਸਮਝੌਤਾ ਕੀਤਾ ਗਿਆ ਹੈ, ਜਿਸ ਮੁਤਾਬਕ ਸ੍ਰੀ ਸਾਹਿਬ ਦੀ ਲੰਬਾਈ ਤਿੰਨ ਇੰਚ ਤੋਂ ਵੱਧ ਨਹੀਂ ਹੋਵੇਗੀ ਅਤੇ ਵਿਦਿਆਰਥੀ ਸਾਰੇ ਨਿਯਮ ਮੰਨਣ ਲਈ ਪਾਬੰਦ ਹੋਣਗੇ। ਅੰਮ੍ਰਿਤਧਾਰੀ ਸਿੱਖ ਬੱਚਿਆਂ ਲਈ ਸ੍ਰੀ ਸਾਹਿਬ ਤੋਂ ਬਗੈਰ ਸਕੂਲ ਜਾਣਾ ਸੰਭਵ ਨਹੀਂ ਸੀ, ਜਿਸ ਨੂੰ ਵੇਖਦਿਆਂ ਭਾਈਚਾਰੇ ਦੀ ਅਪੀਲ 'ਤੇ ਨੀਤੀ ਵਿੱਚ ਤਬਦੀਲੀ ਕੀਤੀ ਗਈ। ਸ੍ਰੀ ਸਾਹਿਬ ਨੂੰ ਸਕੂਲੀ ਵਰਦੀ



ਤੋਂ ਬਾਹਰ ਕੱਢਣ 'ਤੇ ਰੋਕ ਲਾਈ ਗਈ ਹੈ ਅਤੇ ਸਕੂਲ ਬੱਸ ਵਿੱਚ ਵੀ ਇਸ ਨੂੰ ਬਾਹਰ ਕੱਢਣ ਦੀ ਮਨਾਹੀ ਹੋਵੇਗੀ।

**ਹੌਪਕਿੰਟਨ ਸਕੂਲ ਬੋਰਡ ਵੱਲੋਂ ਨਵੀਂ ਨੀਤੀ ਲਾਗੂ**

ਹਰ ਸਾਲ ਸਿੱਖ ਵਿਦਿਆਰਥੀਆਂ ਦੀ ਗਿਣਤੀ ਨੂੰ ਵੇਖਦਿਆਂ ਇਸ ਨੀਤੀ ਦੀ ਸਮੀਖਿਆ ਕਰਨ ਦਾ ਫ਼ੈਸਲਾ ਵੀ ਕੀਤਾ ਗਿਆ ਹੈ। ਹੌਪਕਿੰਟਨ ਸਕੂਲ ਡਿਸਟ੍ਰਿਕਟ ਦੇ ਇੱਕ ਸਕੂਲ ਵਿੱਚ ਪੜ੍ਹਦੇ ਇੱਕ ਬੱਚੇ ਦੇ ਪਿਤਾ ਹਰਪ੍ਰੀਤ ਸਿੰਘ ਨੇ ਦੱਸਿਆ ਕਿ ਪੰਜ ਕਕਾਰ ਧਾਰਨ ਕਰਨੇ ਹਰ ਸਿੱਖ ਲਈ ਲਾਜ਼ਮੀ ਹਨ। ਸ੍ਰੀ ਸਾਹਿਬ ਦੇ ਰੂਪ ਵਿੱਚ ਧਾਰਨ ਕੀਤਾ ਜਾਣ ਵਾਲਾ ਕਕਾਰ ਕੋਈ ਹਥਿਆਰ ਨਾਲ ਸਗੋਂ ਸਿੱਖੀ ਪ੍ਰਤੀ ਸ਼ਰਧਾ ਦਾ ਪ੍ਰਤੀਕ ਹੈ। ਕਿਸੇ ਵੀ ਸਕੂਲ ਦੀ ਕਲਾਸ ਵਿੱਚ ਸ੍ਰੀ ਸਾਹਿਬ ਤੋਂ ਕਿਤੇ ਜ਼ਿਆਦਾ ਖ਼ਤਰਨਾਕ ਚੀਜ਼ਾਂ ਮਿਲ ਜਾਂਦੀਆਂ ਹਨ, ਜਿਨ੍ਹਾਂ ਵਿੱਚ ਕੈਂਚੀ, ਬੌਕਸ ਕਟਰ ਅਤੇ ਡਿਵਾਈਡਰ ਆਦਿ ਗਿਣੇ ਜਾ ਸਕਦੇ ਹਨ। ਸਕੂਲਾਂ ਨਾਲ ਹੋਏ ਸਮਝੌਤੇ ਤਹਿਤ ਸ੍ਰੀ ਸਾਹਿਬ ਦੀ ਧਾਰ ਨਹੀਂ ਹੋਵੇਗੀ ਅਤੇ ਸਿਰਫ ਸਿੱਖ ਧਰਮ ਨਾਲ ਸਬੰਧਿਤ ਬੱਚੇ ਹੀ ਸ੍ਰੀ ਸਾਹਿਬ ਧਾਰਨ ਕਰ ਸਕਣਗੇ। ਦੂਜੇ ਪਾਸੇ ਕੁਝ ਬੱਚਿਆਂ ਦੇ ਮਾਪਿਆਂ ਨੇ ਨਵੀਂ ਨੀਤੀ ਦਾ ਵਿਰੋਧ ਵੀ ਕੀਤਾ। ਉਨ੍ਹਾਂ ਦਾ ਕਹਿਣਾ ਸੀ ਕਿ ਸਕੂਲਾਂ ਵਿੱਚ ਅਕਸਰ ਬੱਚਿਆਂ ਦਰਮਿਆਲ ਝਗੜਾ ਹੋ ਜਾਂਦਾ ਹੈ ਅਤੇ ਅਜਿਹੇ ਵਿੱਚ ਸ੍ਰੀ ਸਾਹਿਬ ਨਾਲ ਨੁਕਸਾਨ ਹੋ ਸਕਦਾ ਹੈ। ਦੂਜ ਪਾਸੇ ਸਿੱਖ ਮਾਪਿਆਂ ਵਿੱਚ ਹੌਪਕਿੰਟਨ ਸਕੂਲ ਡਿਸਟ੍ਰਿਕਟ ਦੇ ਇਸ ਫੈਸਲੇ ਨਾਲ ਖੁਸ਼ੀ ਪਾਈ ਜਾ ਰਹੀ ਹੈ।

## ਅਮਰੀਕਾ 'ਚ ਮਨੁੱਖੀ ਤਸਕਰੀ ਦੇ ਦੋਸ਼ੀ ਨੇ ਆਪਣੇ ਆਪ ਨੂੰ ਦੱਸਿਆ ਬੇਗੁਨਾਹ



ਸੈਕਰਾਮੈਂਟੋ,ਕੈਲੀਫੋਰਨੀਆ/ ਹੁਸਨ ਲੜੋਆ ਬੰਗਾ : ਹਰਸ਼ ਕੁਮਾਰ ਰਮਨ ਲਾਲ ਪਟੇਲ (28) ਜਿਸ ਉੱਪਰ ਇੱਕ ਗੁਜਰਾਤੀ ਪਰਿਵਾਰ ਦੇ 4 ਜੀਆਂ ਸਮੇਤ ਹੋਰ ਲੋਕਾਂ ਨੂੰ ਕੈਨੇਡਾ ਤੋਂ ਮਿਨੀਸੋਟਾ (ਅਮਰੀਕਾ) ਵਿੱਚ ਗੈਰ ਕਾਨੂੰਨੀ ਢੰਗ ਨਾਲ ਦਾਖਲ ਕਰਵਾਉਣ ਦੇ ਦੋਸ਼ਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ, ਨੇ ਦਾਇਰ ਕੀਤੀ ਅਪੀਲ ਵਿੱਚ ਆਪਣੇ ਆਪ ਨੂੰ ਨਿਰਦੋਸ਼ ਦੱਸਿਆ ਹੈ।ਗੁਜਰਾਤੀ ਪਰਿਵਾਰ, ਜਿਸ ਵਿੱਚ 2 ਬੱਚੇ ਸ਼ਾਮਿਲ ਸਨ, 2022 ਵਿੱਚ ਕੈਨੇਡਾ-ਅਮਰੀਕਾ ਬਾਰਡਰ ਪਾਰ ਕਰਨ ਦੀ ਕੋਸ਼ਿਸ਼ ਦੌਰਾਨ ਉਜਾੜ ਸੇਮ ਵਾਲੇ ਖੇਤਰ ਵਿੱਚ ਠੰਡ ਕਾਰਨ ਮਾਰਿਆ ਗਿਆ ਸੀ। ਪਟੇਲ ਨੇ ਟੈਲੀਕਾਨਫਰੰਸ ਰਾਹੀਂ ਯੂ ਐਸ ਮਜਿਸਟ੍ਰੇਟ ਲੀਓ ਬ੍ਰਿਸ਼ਬੋਇਸ ਡੁਲੂਥ, ਮਿਨੀਸੋਟਾ ਦੀ ਅਦਾਲਤ ਵਿੱਚ ਅਪੀਲ ਦਾਇਰ ਕੀਤੀ ਹੈ। ਪਟੇਲ ਵੱਲੋਂ ਕੀਤਾ ਡਰਾਈਵਰ ਸਟੀਵਨ ਸ਼ੈਂਡ ਵੀ ਦਾਇਰ ਅਪੀਲ ਵਿੱਚ ਆਪਣੇ ਆਪ ਨੂੰ ਨਿਰਦੋਸ਼ ਕਹਿ ਚੁੱਕਾ ਹੈ। ਇਕ ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਯੂ ਐਸ ਡਿਪਾਰਟਮੈਂਟ ਆਫ ਹੋਮਲੈਂਡ ਸਕਿਉਰਿਟੀ ਦੇ ਇੱਕ ਏਜੰਟ ਅਨੁਸਾਰ ਪਟੇਲ ਨੂੰ ਭਾਰਤ ਵਿਚਲੇ ਅਮਰੀਕੀ ਕੌਂਸਲਖਾਨੇ ਵੱਲੋਂ 4 ਵਾਰ 'ਤੇ ਓਟਾਵਾ, ਕੈਨੇਡਾ ਵਿਚਲੇ ਅਮਰੀਕੀ ਕੌਂਸਲਖਾਨੇ ਵੱਲੋਂ ਇੱਕ ਵਾਰ ਅਮਰੀਕਾ ਦਾ ਵੀਜਾ ਦੇਣ ਤੋਂ ਇਨਕਾਰ ਕੀਤਾ ਜਾ ਚੁੱਕਾ ਹੈ। ਉਹ ਅਮਰੀਕਾ ਵਿੱਚ ਗੈਰ ਕਾਨੂੰਨੀ ਢੰਗ ਨਾਲ ਰਹਿ ਰਿਹਾ ਹੈ। ਅਦਾਲਤੀ ਦਸਤਾਵੇਜ਼ਾਂ ਅਨੁਸਾਰ ਪਟੇਲ ਦਾ ਭਾਰਤੀ ਰਾਜ ਗੁਜਰਾਤ ਦੇ ਇੱਕ ਮਨੁੱਖੀ ਤਸਕਰੀ ਗਰੁੱਪ ਨਾਲ ਸਬੰਧ ਹੈ। ਇਹ ਗਰੁੱਪ ਕਥਿੱਤ ਤੌਰ 'ਤੇ ਭਾਰਤੀਆਂ ਨੂੰ ਵਿਦਿਆਰਥੀ ਵੀਜੇ ਉੱਪਰ ਕੈਨੇਡਾ ਦਾਖਲ ਕਰਵਾਉਂਦਾ ਹੈ ਤੇ ਬਾਅਦ ਵਿੱਚ ਅਮਰੀਕਾ ਵਿੱਚ ਦਾਖਲ ਕਰਵਾਉਣ ਦੀ ਕੋਸ਼ਿਸ਼ ਕਰਦਾ ਹੈ। ਇਸ ਕੰਮ ਬਦਲੇ ਉਹ ਮੋਟੀ ਰਕਮ ਵਸੂਲਦੇ ਹਨ।

# ਅਮਰੀਕਾ ਨੇ ਕੇਜਰੀਵਾਲ ਦੇ ਮਾਮਲੇ ਵਿੱਚ ਨਿਆਂਪੂਰਨ, ਪਾਰਦਰਸ਼ੀ ਤੇ ਸਮਾਂਬੱਧ ਕਾਨੂੰਨੀ ਪ੍ਰਕ੍ਰਿਆ ਦੀ ਗੱਲ ਦੁਹਰਾਈ

### ਕਾਂਗਰਸ ਦੇ ਖਾਤੇ ਜਾਮ ਕਰਨ ਦਾ ਮੁੱਦਾ ਵੀ ਉਠਾਇਆ




ਸੈਕਰਾਮੈਂਟੋ,ਕੈਲੀਫ਼ੋਰਨੀਆ/ ਹੁਸਨ ਲੜੋਆ ਬੰਗਾ : ਅਮਰੀਕੀ ਵਿਦੇਸ਼ ਵਿਭਾਗ ਨੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਦੇ ਮੁੱਦੇ 'ਤੇ ਨਵੀਂ ਦਿੱਲੀ ਵਿਚਲੇ ਆਪਣੇ ਕਾਰਜਕਾਰੀ ਡਿਪਟੀ ਚੀਫ਼ ਆਫ਼ ਮਿਸ਼ਨ ਗਲੋਰੀਆ ਬਰਬੇਨਾ ਨੂੰ ਭਾਰਤ ਸਰਕਾਰ ਵੱਲੋਂ ਤਲਬ ਕਰਨ ਦੇ ਇੱਕ ਦਿਨ ਬਾਅਦ ਆਪਣਾ ਪੱਖ ਮੁੜ ਦੁਹਰਾਇਆ ਹੈ। ਵਿਦੇਸ਼ ਵਿਭਾਗ ਨੇ ਕਿਹਾ ਹੈ ਕਿ ਉਹ ਅਰਵਿੰਦ ਕੇਜਰੀਵਾਲ ਦੇ ਮਾਮਲੇ ਵਿੱਚ ਨਿਆਂਪੂਰਨ, ਪਾਰਦਰਸ਼ੀ ਤੇ ਸਮੇਂ ਸਿਰ ਕਾਨੂੰਨੀ ਪ੍ਰਕ੍ਰਿਆ ਉਪਰ ਜੋਰ ਦਿੰਦੇ ਰਹਿਣਗੇ। ਵਿਦੇਸ਼ ਵਿਭਾਗ ਦੇ ਬੁਲਾਰੇ ਮੈਥੀਊ ਮਿਲਰ ਨੂੰ ਜਦੋਂ ਮੁੱਖ ਮੰਤਰੀ ਕੇਜਰੀਵਾਲ ਦੀ ਗ੍ਰਿਫ਼ਤਾਰੀ 'ਤੇ ਇੱਕ ਅਮਰੀਕੀ ਅਧਿਕਾਰੀ ਦੁਆਰਾ ਟਿੱਪਣੀ ਕਰਨ ਸਬੰਧੀ ਭਾਰਤ ਵੱਲੋਂ ਅਮਰੀਕੀ ਡਿਪਲੋਮੈਟ ਬਰਬੇਨਾ ਨੂੰ ਤਲਬ ਕਰਨ ਤੇ ਕਾਂਗਰਸ ਪਾਰਟੀ ਦੇ ਬੈਂਕ ਖਾਤੇ ਸੀਲ ਕਰਨ ਬਾਰੇ ਪੁੱਛਿਆ ਗਿਆ ਤਾਂ ਉਨ੍ਹਾਂ ਕਿਹਾ ਕਿ ਅਸੀਂ ਦਿੱਲੀ ਦੇ ਮੁੱਖ ਮੰਤਰੀ ਕੇਜਰੀਵਾਲ ਦੀ ਗ੍ਰਿਫ਼ਤਾਰੀ ਸਮੇਤ ਇਨ੍ਹਾਂ ਮੁੱਦਿਆਂ 'ਤੇ ਕੰਮ ਕਰਦੇ ਰਹਾਂਗੇ। ਅਸੀਂ ਕਾਂਗਰਸ ਪਾਰਟੀ ਵੱਲੋਂ ਲਾਏ ਗਏ ਦੋਸ਼ ਕਿ ਉਸ ਦੇ ਟੈਕਸ ਅਧਿਕਾਰੀਆਂ ਦੁਆਰਾ ਕੁਝ ਬੈਂਕ ਖਾਤੇ ਜਾਮ ਕਰ ਦਿੱਤੇ ਗਏ ਹਨ ਜਿਸ ਕਾਰਨ ਚੋਣ ਪ੍ਰਚਾਰ ਕਰਨਾ ਇਕ ਚੁਣੌਤੀ ਹੋਵੇਗੀ, ਬਾਰੇ ਵੀ ਜਾਣਦੇ ਹਾਂ। ਮਿਲਰ ਨੇ ਜੋਰ ਦੇ ਕੇ ਕਿਹਾ ਕਿ ਅਸੀਂ ਇਨ੍ਹਾਂ ਵਿਚੋਂ ਹਰੇਕ ਮਾਮਲੇ ਵਿੱਚ ਨਿਆਂਪੂਰਨ, ਪਾਰਦਰਸ਼ੀ ਤੇ ਸਮੇਂ ਸਿਰ ਕਾਨੂੰਨੀ ਪ੍ਰਕ੍ਰਿਆ ਉਪਰ ਜੋਰ ਦਿੰਦੇ ਹਾਂ ਤੇ ਅਸੀਂ ਨਹੀਂ ਸੋਚਦੇ ਕਿ ਇਸ ਉੱਪਰ ਕਿਸੇ ਨੂੰ ਇਤਰਾਜ਼ ਹੋਵੇਗਾ।

## ਆਲਮੀ ਆਗੂ ਟਰੰਪ ਨੂੰ ਜਿੱਤਦਾ ਨਹੀਂ ਦੇਖਣਾ ਚਾਹੁੰਦੇ: ਬਾਇਡਨ



ਨਿਊਯਾਰਕ/ਏ.ਟੀ.ਨਿਊਜ਼ :ਆਪਣੀ ਮੁੜ ਚੋਣ ਲਈ ਜ਼ੋਰ ਦਿੰਦਿਆਂ ਅਮਰੀਕੀ ਰਾਸ਼ਟਰਪਤੀ ਜੋਅ ਬਾਇਡਨ ਨੇ ਦਾਅਵਾ ਕੀਤਾ ਹੈ ਕਿ ਭਾਰਤ 'ਚ ਜੀ-20 ਸਿਖਰ ਸੰਮੇਲਨ ਵਿੱਚ ਆਲਮੀ ਨੇਤਾਵਾਂ ਨਾਲ ਉਨ੍ਹਾਂ ਦੀਆਂ ਮੀਟਿੰਗਾਂ ਦੌਰਾਨ ਤਕਰਬੀਨ ਹਰ ਆਗੂ ਨੇ ਕਿਹਾ ਸੀ ਕਿ ਉਹ ਸਾਬਕਾ ਰਾਸ਼ਟਰਪਤੀ ਡੋਨਲਡ ਟਰੰਪ ਨੂੰ 2024 ਵਿੱਚ ਜਿੱਤਣ ਨਾ ਦੇਣ। ਉਨ੍ਹਾਂ ਨੂੰ ਲਗਦਾ ਹੈ ਕਿ ਇਸ ਨਾਲ ਲੋਕੰਤਤਰ ਖਤਰੇ 'ਚ ਪੈ ਜਾਵੇਗਾ।

ਸਾਬਕਾ ਰਾਸ਼ਟਰਪਤੀ ਬਰਾਕ ਓਬਾਮਾ ਅਤੇ ਬਿੱਲ ਕਲਿੰਟਨ ਵੀ 2024 ਦੀ ਸਭ ਤੋਂ ਅਹਿਮ ਫੰਡ ਜੁਟਾਉਣ ਵਾਲੀ ਮੁਹਿੰਮ 'ਚ ਬਾਇਡਨ ਨਾਲ ਸ਼ਾਮਲ ਹੋਏ। ਉਨ੍ਹਾਂ ਸਾਥੀ ਡੈਮੋਕਰੈਟਸ ਨੂੰ ਚਿਤਾਵਨੀ ਦਿੱਤੀ ਕਿ ਟਰੰਪ ਨੂੰ ਹਰਾਉਣਾ ਪਵੇਗਾ। ਬਾਇਡਨ ਨੇ ਕਿਹਾ, 'ਟਰੰਪ ਨੇ ਕਿਹਾ ਹੈ ਕਿ ਜੇਕਰ ਉਹ ਦੁਬਾਰਾ ਹਾਰ ਗਏ ਤਾਂ ਇੱਥੇ ਖ਼ੂਨ-ਖਰਾਬਾ ਹੋ ਜਾਵੇਗਾ। ਇਹ ਵਿਅਕਤੀ ਕੀ ਕਹਿ ਰਿਹਾ ਹੈ? ਮੈਨੂੰ ਸਚਮੁੱਚ ਇਸ ਦੀ ਚਿੰਤਾ ਹੈ।' ਉਨ੍ਹਾਂ ਕਿਹਾ ਕਿ ਭਾਰਤ ਵਿੱਚ ਜੀ-20 ਮੀਟਿੰਗਾਂ ਦੌਰਾਨ ਬਹੁਤ ਸਾਰੇ ਆਲਮੀ ਆਗੂਆਂ ਨੇ ਉਨ੍ਹਾਂ ਨਾਲ ਇਕੱਲਿਆਂ ਗੱਲਬਾਤ ਕੀਤੀ ਤੇ ਕਿਹਾ ਕਿ ਉਹ ਟਰੰਪ ਨੂੰ ਜਿੱਤਣ ਨਹੀਂ ਦੇ ਸਕਦੇ। ਉਨ੍ਹਾਂ ਕਿਹਾ, 'ਮੇਰਾ ਲੋਕਤੰਤਰ ਦਾਅ 'ਤੇ ਲੱਗਿਆ ਹੋਇਆ ਹੈ।' ਬਾਇਡਨ ਨੇ ਨਾਟੋ 'ਚੋਂ ਬਾਹਰ ਨਿਕਲਣ ਲਈ ਵੀ ਟਰੰਪ ਦੀ ਆਲੋਚਨਾ ਕੀਤੀ। ਜ਼ਿਕਰਯੋਗ ਹੈ ਕਿ ਭਾਰਤ ਨੇ ਪਹਿਲੀ ਵਾਰ 9-10 ਸਤੰਬਰ ਤੱਕ ਨਵੀਂ ਦਿੱਲੀ 'ਚ ਜੀ-20 ਸਿਖਰ ਸੰਮੇਲਨ ਦੀ ਮੇਜ਼ਬਾਨੀ ਕੀਤੀ ਸੀ। ਬਾਇਡਨ ਨੂੰ ਡੈਮੋਕਰੈਟਿਕ ਨਾਜ਼ਮਦਗੀ ਲਈ ਕਿਸੇ ਮੁਕਾਬਲੇ ਦਾ ਸਾਹਮਣਾ ਨਹੀਂ ਕਰਨਾ ਪਿਆ।

## ਤਾਇਵਾਨ ਵਿੱਚ 25 ਸਾਲਾਂ ਦਾ ਸਭ ਤੋਂ ਖ਼ਤਰਨਾਕ ਭੂਚਾਲ ਆਇਆ

### ਗੁਆਂਢੀ ਦੇਸ਼ਾਂ 'ਚ ਵੀ ਸੁਨਾਮੀ ਦੀਆਂ ਚਿਤਾਵਨੀਆਂ



ਤਾਇਵਾਨ/ਏ.ਟੀ.ਨਿਊਜ਼ : ਬੁੱਧਵਾਰ ਨੂੰ ਤਾਇਵਾਨ ਦੇ ਪੂਰਬੀ ਕੰਢੇ ਉੱਤੇ ਪਿਛਲੇ 25 ਸਾਲਾਂ ਦਾ ਸਭ ਤੋਂ ਖ਼ਤਰਨਾਕ ਭੂਚਾਲ ਆਇਆ ਹੈ। ਭੂਚਾਲ ਦੀ ਤੀਬਰਤਾ 7.4 ਦੱਸੀ ਗਈ ਹੈ। ਭੂਚਾਲ ਦੇ ਕੇਂਦਰ ਹਾਉਲਿਨ ਸ਼ਹਿਰ ਬਚਾਅ ਕਾਰਜ ਜਾਰੀ ਹਨ ਪਰ ਕਈ ਇਮਾਰਤਾਂ ਮਲਬੇ ਵਿੱਚ ਬਦਲ ਗਈਆਂ ਹਨ।

ਭੂਚਾਲ ਇੰਨਾ ਤੇਜ਼ ਸੀ ਕਿ ਇਸ ਦੀ ਕੰਪਨ ਤਾਇਵਾਨ ਦੀਆਂ ਪਹਾੜੀ ਘਾਟੀਆਂ ਵਿੱਚ ਵੀ ਮਹਿਸੂਸ ਕੀਤੀ ਗਈ ਅਤੇ ਵੱਡੇ ਪੱਧਰ ਉੱਤੇ ਢਿੱਗਾਂ ਖਿਸਕਣ ਦੀ ਖ਼ਬਰ ਹੈ।

ਸੋਸ਼ਲ ਮੀਡੀਆ ਉੱਤੇ ਰਾਜਧਾਨੀ ਤੇਪਈ ਤੋਂ ਆਈਆਂ ਵੀਡੀਓਜ਼ ਵਿੱਚ ਇਮਾਰਤਾਂ ਨੂੰ ਝੂਲਦੇ ਦੇਖਿਆ ਜਾ ਸਕਦਾ ਹੈ। ਤੇਪਈ ਦੇ ਸਿਸਮੋਲੋਜੀ ਸੈਂਟਰ ਦੇ ਨਿਰਦੇਸ਼ਕ ਵੂ ਸ਼ਿਨ ਫੂ ਨੇ ਕਿਹਾ, ' ਭੂਚਾਲ ਧਰਤੀ ਦੇ ਨਜ਼ਦੀਕ ਹੈ। ਇਸ ਨੂੰ ਪੂਰੇ ਤਾਇਵਾਨ ਵਿੱਚ ਮਹਿਸੂਸ ਕੀਤਾ ਗਿਆ ਹੈ। ਇਹ ਪਿਛਲੇ 25 ਸਾਲਾਂ ਦੌਰਾਨ ਸਭ ਤੋਂ ਤੇਜ਼ ਭੂਚਾਲ ਹੈ।'

ਭੂਚਾਲ ਕਾਰਨ ਤਾਇਵਾਨ ਅਤੇ ਗੁਆਂਢੀ ਦੇਸਾਂ ਵਿੱਚ ਵੀ ਸੁਨਾਮੀ ਦੀਆਂ ਚਿਤਾਵਨੀਆਂ ਵੀ ਜਾਰੀ ਕੀਤੀਆਂ ਗਈਆਂ ਹਨ।

ਰਾਜਧਾਨੀ ਤੇਪਈ ਦੀਆਂ ਸਥਾਨਕ ਮੀਡੀਆ ਦੀ ਫੁਟੇਜ ਵਿੱਚ ਬਹੁਤ ਸਾਰੀਆਂ ਰਿਹਾਇਸ਼ੀ ਇਮਾਰਤਾਂ ਦੇ ਡਿੱਗਣ ਅਤੇ ਲੋਕਾਂ ਨੂੰ ਘਰਾਂ ਅਤੇ ਸਕੂਲਾਂ ਤੋਂ ਕੱਢੇ ਜਾਂਦੇ ਦੇਖਿਆ ਜਾ ਰਿਹਾ ਹੈ। ਪ੍ਰਸਾਰਕ ਟੀਵੀਬੀਐੱਸ ਦੀ ਫੁਟੇਜ ਮੁਤਾਬਕ ਭੂਚਾਲ ਦਾ ਅਸਰ ਇੰਨਾ ਜ਼ਿਆਦਾ ਸੀ ਕਿ ਇਸ ਨੇ ਗੱਡੀਆਂ ਟਕਰਾ ਦਿੱਤੀਆਂ ਅਤੇ ਦੁਕਾਨਾਂ ਦਾ ਸਮਾਨ ਖਿਲਾਰ ਦਿੱਤਾ। ਪੂਰੇ ਦੇਸ ਵਿੱਚ ਹੀ ਬਿਜਲੀ ਗੁੱਲ ਹੋਣ ਅਤੇ ਇੰਟਰਨੈੱਟ ਪ੍ਰਭਾਵਿਤ ਹੋਣ ਦੀਆਂ ਖ਼ਬਰਾਂ ਹਨ।

## ਅਮਰੀਕਾ 'ਚ ਸਕੂਲ ਦੀ ਬੱਸ ਨੂੰ ਟੱਕਰ ਮਾਰਨ ਵਾਲਾ ਟਰੱਕ ਡਰਾਈਵਰ ਗ੍ਰਿਫ਼ਤਾਰ

ਸੈਕਰਾਮੈਂਟੋ, ਕੈਲੀਫੋਰਨੀਆ/ ਹੁਸਨ ਲੜੋਆ ਬੰਗਾ : ਪਿਛਲੇ ਹਫ਼ਤੇ ਟੈਕਸਾਸ ਵਿੱਚ ਪ੍ਰੀ ਕੇ ਵਿਦਿਆਰਥੀਆਂ ਨੂੰ ਲੈ ਕੇ ਜਾ ਰਹੀ ਬੱਸ ਨਾਲ ਟੱਕਰ ਮਾਰਨ ਵਾਲੇ ਇੱਕ ਕੰਕਰੀਟ ਟਰੱਕ ਦੇ ਡਰਾਈਵਰ ਨੂੰ ਗ੍ਰਿਫ਼ਤਾਰ ਕਰ ਲੈਣ ਤੇ ਉਸ ਵੱਲੋਂ ਹਾਦਸੇ ਤੋਂ ਪਹਿਲਾਂ ਸ਼ੌਕੀਆ ਡਰੱਗ ਲੈਣ ਦੀ ਗੱਲ ਮੰਨ ਲੈਣ ਦੀ ਖ਼ਬਰ ਹੈ। ਇਸ ਹਾਦਸੇ ਵਿੱਚ ਇੱਕ ਵਿਦਿਆਰਥੀ ਸਮੇਤ 2 ਵਿਅਕਤੀ ਮਾਰੇ ਗਏ ਸਨ। ਇਹ ਹਾਦਸਾ ਉਸ ਸਮੇ ਹੋਇਆ ਸੀ ਜਦੋਂ ਟਾਮ ਗਰੀਨ ਐਲੀਮੈਂਟਰੀ ਸਕੂਲ ਦੇ ਪ੍ਰੀ-ਕੇ ਸ਼੍ਰੇਣੀ ਦੇ 40 ਵਿਦਿਆਰਥੀਆਂ ਤੇ ਸਟਾਫ ਮੈਂਬਰਾਂ ਸਮੇਤ 51 ਵਿਅਕਤੀਆਂ ਨੂੰ ਲੈ ਕੇ ਬੱਸ ਬਸਟਰਾਪ ਕਾਊਂਟੀ ਦੇ ਇੱਕ ਚਿੜਿਆ ਘਰ ਤੋਂ ਵਾਪਿਸ ਪਰਤ ਰਹੀ ਸੀ। ਹਾਦਸੇ ਉਪਰੰਤ ਜਖਮੀ ਹੋਏ 32 ਵਿਦਿਆਰਥੀਆਂ ਤੇ ਅਧਿਆਪਕਾਂ ਨੂੰ ਹਸਪਤਾਲ ਦਾਖਲ ਕਰਵਾਇਆ ਗਿਆ ਸੀ। ਇਸ ਹਾਦਸੇ ਵਿੱਚ ਵਿਦਿਆਰਥੀ ਉਲੀਸਸ ਰੌਡਰਿਗਜ਼ ਮੋਨਟੋਇਆ ਤੇ 33 ਸਾਲਾ ਵਿਅਕਤੀ ਰਿਆਨ ਵਾਲੇਸ ਦੀ ਮੌਤ ਹੋ ਗਈ ਸੀ। ਗ੍ਰਿਫਤਾਰ ਕੀਤੇ ਡਰਾਈਵਰ 42 ਸਾਲਾ ਜੈਰੀ ਹਰਨਾਂਡੇਜ਼ ਵਿਰੁੱਧ ਅਪਰਾਧਕ ਲਾਪਰਵਾਹੀ ਵਰਤਣ ਦੇ ਦੋਸ਼ ਲਾਏ ਗਏ ਹਨ।

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES

Editor: Malkeet Singh Manager: Pardeep Singh Sub: Editor: Balwinderpal Singh, Dr. Sarbjeet Kaur Jang Online Interview Host: Balraj Pannu

Designer: A.K.V. Content Composer: S. Jagmohan Singh US Distributor: Amritsar Times Inc. Owner: Amritsar Times Pvt Ltd.

Quomantry Amritsar Times is owned by Amritsar Times Pvt Ltd, a company based in India. It owns the content of the Newspaper and hereby does not authorize anyone to redistribute without prior consent. The opinions expressed in this publication are those of the authors unless written by AT Bureau. They do not purport to reflect the opinions or views of the Owner or its members.

All legal disputes must be handled in the courts of State of Punjab in India.

ਲੇਖਾਂ ਤੇ ਰਚਨਾਵਾਂ ਵਿੱਚ ਲੇਖਕਾਂ ਵੱਲੋਂ ਪ੍ਰਗਟਾਏ ਵਿਚਾਰ ਉਹਨਾਂ ਦੇ ਨਿੱਜੀ ਹਨ। ਲੇਖਕਾਂ ਦੇ ਵਿਚਾਰਾਂ ਨਾਲ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

# ਭਾਰਤੀ ਬਾਜ਼ਾਰ 'ਚ ਵਿਕ ਰਿਹੈ ਚੀਨ ਦਾ ਨਕਲੀ ਲਸਣ

ਨਵੀਂ ਦਿੱਲੀ/ਏ.ਟੀ.ਨਿਊਜ਼ : ਸਮੱਗਲਿੰਗ ਸ਼ਬਦ ਦਾ ਜਦੋਂ ਵੀ ਜ਼ਿਕਰ ਹੁੰਦਾ ਹੈ, ਲੋਕਾਂ ਨੂੰ ਦੇ ਮਨ 'ਚ ਚਰਸ-ਅਫੀਮ ਜਾਂ ਫਿਰ ਕੋਈ ਦੂਜੇ ਨਸ਼ੀਲੇ ਪਦਾਰਥਾਂ ਦਾ ਖ਼ਿਆਲ ਆਉਂਦਾ ਹੈ। ਕੀ ਕਦੇ ਤੁਸੀਂ ਸੋਚਿਆ ਹੈ ਕਿ ਲਸਣ ਦੀ ਵੀ ਸਮੱਗਲਿੰਗ ਹੁੰਦੀ ਹੋਵੇਗੀ। ਤੁਹਾਨੂੰ ਜਾਣ ਕੇ ਹੈਰਾਨੀ ਹੋਵੇਗੀ ਕਿ ਹੁਣ ਅਜਿਹਾ ਹਕੀਕਤ 'ਚ ਹੋ ਰਿਹਾ ਹੈ। ਚੀਨ ਤੋਂ ਆਇਆ ਨਕਲੀ ਲਸਣ ਭਾਰਤੀ ਬਾਜ਼ਾਰ 'ਚ ਵੇਚਿਆ ਜਾ ਰਿਹਾ ਹੈ, ਇਸ ਦੀ ਪਛਾਣ ਕਰਨ ਅਤੇ ਉਸ 'ਤੇ ਲਗਾਮ ਲਾਉਣ ਲਈ ਪ੍ਰਸ਼ਾਸਨ ਪੂਰੀ ਤਰ੍ਹਾਂ ਚੌਕਸ ਹੋ ਚੁੱਕਾ ਹੈ।

ਹਾਲ ਹੀ 'ਚ ਭਾਰਤ 'ਚ ਸਮੱਗਲ ਕੀਤੇ ਗਏ ਚੀਨੀ ਲਸਣ ਦੀ ਇੱਕ ਵੱਡੀ ਖੇਪ ਨੇ ਅਧਿਕਾਰੀਆਂ ਨੂੰ ਲੈਂਡ ਕਸਟਮ ਪੋਸਟ 'ਤੇ ਨਿਗਰਾਨੀ ਵਧਾਉਣ ਲਈ ਪ੍ਰੇਰਿਤ ਕੀਤਾ ਹੈ। ਮਾਮਲੇ ਤੋਂ ਜਾਣਕਾਰ ਲੋਕਾਂ ਨੇ ਦੱਸਿਆ ਕਿ ਕਸਟਮ ਅਧਿਕਾਰੀਆਂ ਨੇ ਸਰਹੱਦੀ ਨੇਪਾਲ ਅਤੇ ਬੰਗਲਾਦੇਸ਼ ਦੇ ਰਸਤੇ ਸਮੱਗਲਿੰਗ ਨੂੰ ਰੋਕਣ ਲਈ ਖੋਜੀ ਕੁੱਤਿਆਂ ਨੂੰ ਤਾਇਨਾਤ ਕੀਤਾ ਹੈ ਅਤੇ ਥੋਕ ਵਿਕਰੇਤਾਵਾਂ ਅਤੇ ਗੋਦਾਮਾਂ 'ਤੇ ਆਪਣੀ ਸਥਾਨਕ ਖੁਫੀਆ ਜਾਣਕਾਰੀ ਨੂੰ ਚੌਕਸ ਕਰ ਦਿੱਤਾ ਹੈ।



ਇੱਕ ਕਸਟਮ ਅਧਿਕਾਰੀ ਨੇ ਦੱਸਿਆ ਕਿ ਅਜਿਹੇ ਮਾਮਲਿਆਂ 'ਚ ਵਾਧਾ ਹੋਇਆ ਹੈ। ਖ਼ਾਸ ਕਰ ਕੇ ਬਿਹਾਰ, ਉੱਤਰ ਪ੍ਰਦੇਸ਼ ਅਤੇ ਪੂਰਬ-ਉੱਤਰ 'ਚ, ਜਿੱਥੋਂ ਨੇਪਾਲ ਦੇ ਰਸਤੇ ਲਸਣ ਦੀ ਸਮੱਗਲਿੰਗ ਕੀਤੀ ਜਾਂਦੀ ਹੈ। ਭਾਰਤ ਨੇ 2014 'ਚ ਦੇਸ਼ 'ਚ ਫੰਗਸ ਨਾਲ ਇਨਫੈਕਟਿਡ ਲਸਣ ਆਉਣ ਦੀ ਰਿਪੋਰਟ ਤੋਂ ਬਾਅਦ ਚੀਨੀ ਲਸਣ ਦੇ ਦਰਾਮਦ 'ਤੇ ਪਾਬੰਦੀ ਲਾ ਦਿੱਤੀ ਸੀ। ਪਿਛਲੇ ਮਹੀਨੇ ਕਸਟਮ ਡਿਊਟੀ ਅਧਿਕਾਰੀਆਂ ਨੇ ਸਿਕਟਾ ਭੂਮੀ ਕਸਟਮ ਡਿਊਟੀ ਚੌਕੀ 'ਤੇ 1.35 ਕਰੋੜ ਰੁਪਏ ਕੀਮਤ ਦੀ 64,000 ਕਿਲੋਗ੍ਰਾਮ ਚੀਨੀ ਲਸਣ ਦੀ ਖੇਪ ਫੜੀ ਸੀ ਜਾਣਕਾਰ ਲੋਕਾਂ ਅਨੁਸਾਰ ਘਰੇਲੂ ਬਾਜ਼ਾਰ 'ਚ ਕੀਮਤਾਂ 'ਚ ਵਾਧਾ ਅਤੇ ਬਰਾਮਦ 'ਚ ਤੇਜ਼ ਵਾਧੇ ਕਾਰਨ ਸਮੱਗਲਿੰਗ 'ਚ ਵਾਧਾ ਹੋਇਆ ਹੈ। ਉਦਯੋਗ ਦੇ ਅੰਦਰੂਨੀ ਸੂਤਰਾਂ ਦਾ ਅੰਦਾਜ਼ਾ ਹੈ ਕਿ ਦੇਸ਼ 'ਚ ਚੀਨੀ ਕਿਸਮ ਦਾ ਸਟਾਕ 1,000-1,200 ਟਨ ਹੈ। ਪਿਛਲੇ ਸਾਲ ਨਵੰਬਰ ਤੋਂ ਕੀਮਤਾਂ ਲੱਗਭਗ ਦੁੱਗਣੀਆਂ ਹੋ ਕੇ 450-500 ਰੁਪਏ ਪ੍ਰਤੀ ਕਿਲੋਗ੍ਰਾਮ ਹੋ ਗਈਆਂ ਹਨ। ਪਿਛਲੇ ਕੁਝ ਮਹੀਨਿਆਂ 'ਚ ਕੀਮਤਾਂ 'ਚ ਉਛਾਲ ਦੇ ਪਿੱਛੇ ਫ਼ਸਲ ਦੇ ਨੁਕਸਾਨ ਅਤੇ ਬੀਜਾਈ 'ਚ ਦੇਰੀ ਨੂੰ ਮੁੱਢਲੇ ਕਾਰਨ ਦੇ ਰੂਪ 'ਚ ਦੇਖਿਆ ਜਾ ਰਿਹਾ ਹੈ।

ਬਾਜ਼ਾਰ 'ਚ ਚੀਨੀ ਕਿਸਮ ਦੀ ਵਿਕਰੀ ਸ਼ੁਰੂ ਹੁੰਦੇ ਹੀ ਸਥਾਨਕ ਵਪਾਰੀਆਂ ਨੇ ਇਸ ਮੁੱਦੇ ਨੂੰ ਸਰਕਾਰ ਦੇ ਸਾਹਮਣੇ ਉਠਾਇਆ। ਚੀਨ ਅਤੇ ਭਾਰਤ ਸਭ ਤੋਂ ਵੱਡੇ ਗਲੋਬਲ ਲਸਣ ਉਤਪਾਦਕਾਂ 'ਚੋਂ ਹਨ ਪਰ ਭਾਰਤੀ ਲਸਣ ਦੀ ਮੰਗ ਵਿਸ਼ੇਸ਼ ਰੂਪ ਨਾਲ ਅਮਰੀਕਾ, ਪੱਛਮ ਏਸ਼ੀਆ, ਬ੍ਰਾਜ਼ੀਲ ਅਤੇ ਏਸ਼ੀਆਈ ਦੇਸ਼ਾਂ 'ਚ ਕੋਵਿਡ-19 ਤੋਂ ਬਾਅਦ ਵਧੀ ਹੈ। 2022-23 'ਚ ਭਾਰਤ ਦੀ ਲਸਣ ਬਰਾਮਦ 57,346 ਟਨ ਰਹੀ, ਜਿਸ ਦੀ ਕੀਮਤ 246 ਕਰੋੜ ਰੁਪਏ ਸੀ। ਮਸਾਲਾ ਬੋਰਡ ਅਨੁਸਾਰ ਭਾਰਤ ਨੇ ਇਸ ਵਿੱਤੀ ਸਾਲ 'ਚ ਅਪ੍ਰੈਲ-ਸਤੰਬਰ ਦੀ ਮਿਆਦ 'ਚ 277 ਕਰੋੜ ਰੁਪਏ ਦੇ 56,823 ਟਨ ਲਸਣ ਦੀ ਬਰਾਮਦ ਕੀਤੀ।

## ਚੋਣ ਸਰਵੇਖਣ ਅਨੁਸਾਰ ਰਿਸ਼ੀ ਸੁਨਕ ਦੀ ਕੰਜ਼ਰਵੇਟਿਵ ਪਾਰਟੀ ਨੂੰ ਮਿਲ ਸਕਦੀ ਹੈ ਵੱਡੀ ਹਾਰ



ਲੰਡਨ/ਏ.ਟੀ.ਨਿਊਜ਼ : ਸਿਵਲ ਸੁਸਾਇਟੀ ਕੈਂਪੇਨ ਆਰਗੇਨਾਈਜੇਸ਼ਨ ਵੱਲੋਂ ਜਾਰੀ ਕੀਤੇ ਗਏ ਸਰਵੇ ਤੋਂ ਸੰਕੇਤ ਮਿਲਿਆ ਹੈ ਕਿ ਇਸ ਸਾਲ ਦੇ ਅੰਤ 'ਚ ਹੋਣ ਵਾਲੀਆਂ ਆਮ ਚੋਣਾਂ 'ਚ ਸੱਤਾਧਾਰੀ ਕੰਜ਼ਰਵੇਟਿਵ ਪਾਰਟੀ ਨੂੰ ਵੱਡੀ ਹਾਰ ਦਾ ਸਾਹਮਣਾ ਕਰਨਾ ਪਵੇਗਾ। ਇੱਥੋਂ ਤੱਕ ਕਿ ਪ੍ਰਧਾਨ ਮੰਤਰੀ ਰਿਸ਼ੀ ਸੁਨਕ ਨੂੰ ਉੱਤਰੀ ਯਾਰਕਸ਼ਾਇਰ 'ਚੋਂ ਆਪਣੀ ਸੀਟ ਬਚਾਉਣੀ ਮੁਸ਼ਕਿਲ ਹੋ ਜਾਵੇਗੀ। ਇਹ ਸਰਵੇਖਣ ਬੈਸਟ ਫਾਰ ਬ੍ਰਿਟੇਨ ਵੱਲੋਂ 15029 ਵਿਅਕਤੀਆਂ 'ਤੇ ਕੀਤਾ ਗਿਆ, ਜਿਸ ਵਿੱਚ ਵਿਰੋਧੀ ਧਿਰ ਲੇਬਰ ਪਾਰਟੀ ਨੂੰ 45 ਫੀਸਦੀ ਵੋਟ ਸ਼ੇਅਰ ਨਾਲ ਕੰਜ਼ਰਵੇਟਰਾਂ 'ਤੇ 19 ਅੰਕਾਂ ਨਾਲ ਲੀਡ ਲੈਂਦੇ ਹੋਏ ਦਿਖਾਇਆ ਗਿਆ ਹੈ। ਇਸ ਸਰਵੇਖਣ ਵਿੱਚ ਹਾਕਮ ਧਿਰ ਨੂੰ 100 ਤੋਂ ਵੱਧ ਸੀਟਾਂ ਹਾਸਲ ਹੋ ਸਕਦੀਆਂ ਹਨ ਜਦਕਿ ਵਿਰੋਧੀ ਲੇਬਰ ਪਾਰਟੀ 468 ਸੀਟਾਂ ਜਿੱਤ ਸਕਦੀ ਹੈ। ਇਨ੍ਹਾਂ ਆਮ ਚੋਣਾਂ ਵਿੱਚ ਕੰਜ਼ਰਵੇਟਿਵਾਂ ਲਈ ਹੁਣ ਤੱਕ ਦਾ ਸਭ ਤੋਂ ਮਾੜਾ ਨਤੀਜਾ ਸਾਬਤ ਹੋਵੇਗਾ।

## ਭਾਰਤ ਤੇ ਅਮਰੀਕਾ ਦੀਆਂ ਤਿੰਨੇ ਸੈਨਾਵਾਂ ਵਿਚਾਲੇ ਮਸ਼ਕਾਂ ਸਮਾਪਤ

ਨਵੀਂ ਦਿੱਲੀ/ਏ.ਟੀ.ਨਿਊਜ਼ : ਭਾਰਤ ਤੇ ਅਮਰੀਕਾ ਦੀਆਂ ਤਿੰਨੇ ਸੈਨਾਵਾਂ ਵਿਚਾਲੇ 14 ਰੋਜ਼ਾ ਦੁਵੱਲਾ ਫੌਜੀ ਅਭਿਆਸ 'ਟਾਈਗਰ ਟ੍ਰਾਇੰਫ-24' ਸਮਾਪਤ ਹੋ ਗਿਆ ਹੈ। 18 ਮਾਰਚ ਨੂੰ ਸ਼ੁਰੂ ਹੋਏ ਇਸ ਅਭਿਆਸ ਦਾ ਮਕਸਦ ਮਨੁੱਖੀ ਸਹਾਇਤਾ ਤੇ ਆਫਤ ਰਾਹਤ ਸੰਚਾਲਨ ਲਈ ਆਪਸੀ ਸਹਿਯੋਗ ਵਿਕਸਿਤ ਕਰਨਾ ਅਤੇ ਦੋਵਾਂ ਦੇਸ਼ਾਂ ਦੀਆਂ ਸੈਨਾਵਾਂ ਵਿਚਾਲੇ ਤੇਜ਼ੀ ਨਾਲ ਆਪਸੀ ਤਾਲਮੇਲ ਨੂੰ ਸਮਰੱਥ ਬਣਾਉਣਾ ਹੈ। ਭਾਰਤੀ ਸੈਨਾ ਦੀ ਇੱਕ ਬਟਾਲੀਆ ਸਮੂਹ ਵਾਲੀ ਟੁੱਕੜੀ ਨੇ ਭਾਰਤੀ ਜਲ ਸੈਨਾ ਅਤੇ ਭਾਰਤੀ ਹਵਾਈ ਸੈਨਾ ਨਾਲ ਆਂਧਰਾ ਪ੍ਰਦੇਸ਼ ਦੇ ਵਿਸ਼ਾਖਾਪਟਨਮ ਅਤੇ ਕਾਕੀਨਾਡਾ 'ਚ ਇਨ੍ਹਾਂ ਮਸ਼ਕਾਂ ਵਿੱਚ ਹਿੱਸਾ ਲਿਆ। ਅਧਿਕਾਰੀਆਂ ਨੇ ਦੱਸਿਆ ਕਿ ਇਨ੍ਹਾਂ ਮਸ਼ਕਾਂ ਦਾ ਸਮਾਪਤੀ ਸਮਾਗਮ 30 ਮਾਰਚ ਨੂੰ ਯੂਐੱਸਐੱਸ ਸਮਰਸੈੱਟ 'ਤੇ ਕਰਵਾਇਆ ਗਿਆ ਸੀ। ਅਧਿਕਾਰੀਆਂ ਨੇ ਦੱਸਿਆ ਕਿ ਬੰਦਰਗਾਹ ਗੇੜ 18-25 ਮਾਰਚ ਤੱਕ ਵਿਸ਼ਾਖਾਪਟਨਮ 'ਚ ਕਰਵਾਇਆ ਗਿਆ ਸੀ ਅਤੇ ਇਸ ਵਿੱਚ ਵੱਖ ਵੱਖ ਮੁੱਦਿਆਂ ਬਾਰੇ ਚਰਚਾ ਤੋਂ ਇਲਾਵਾ ਵਿਸ਼ਾ ਮਾਹਿਰਾਂ ਦੇ ਭਾਸ਼ਣ ਤੇ ਖੇਡ ਪ੍ਰੋਗਰਾਮ ਸ਼ਾਮਲ ਸਨ। ਉਨ੍ਹਾਂ ਦੱਸਿਆ ਕਿ ਦੋਵਾਂ ਸੈਨਾਵਾਂ ਦੇ ਜਵਾਨਾਂ ਨੇ 25 ਮਾਰਚ ਨੂੰ ਹੋਲੀ ਦਾ ਤਿਉਹਾਰ ਵੀ ਮਨਾਇਆ। ਇਨ੍ਹਾਂ ਮਸ਼ਕਾਂ ਦਾ ਸਮੁੰਦਰੀ ਗੇੜ 26 ਤੋਂ 30 ਮਾਰਚ ਤੱਕ ਹੋਇਆ ਜਿਸ ਦੌਰਾਨ ਦੋਵਾਂ ਦੇਸ਼ਾਂ ਦੀਆਂ ਸੈਨਾਵਾਂ ਨੇ ਸਮੁੰਦਰੀ ਫੌਜੀ ਗਤੀਵਿਧੀਆਂ 'ਚ ਹਿੱਸਾ ਲਿਆ। ਬਿਆਨ ਵਿੱਚ ਕਿਹਾ ਗਿਆ ਕਿ ਭਾਰਤੀ ਸੈਨਾ ਦੀ ਨੁਮਾਇੰਦਗੀ ਹਥਿਆਰਬੰਦ ਬਲਾਂ ਸਮੇਤ ਇੱਕ ਇਨਫੈਂਟਰੀ ਬਟਾਲੀਅਨ ਸਮੂਹ ਵੱਲੋਂ ਕੀਤੀ ਗਈ ਅਤੇ ਭਾਰਤੀ ਹਵਾਈ ਸੈਨਾ ਨੇ ਇੱਕ ਦਰਮਿਆਨਾ ਲਿਫਟ-ਜਹਾਜ਼, ਆਵਾਜਾਈ ਹੈਲੀਕਾਪਟਰ ਅਤੇ ਰੈਪਿਡ ਐਕਸ਼ਨ ਮੈਡੀਕਲ ਟੀਮ ਤਾਇਨਾਤ ਕੀਤੀ ਸੀ।

# ਆਪਣੀਆਂ ਸਮੁੰਦਰੀ, ਜ਼ਮੀਨੀ ਅਤੇ ਹਵਾਈ ਫ਼ੌਜਾਂ ਨੂੰ ਮਜ਼ਬੂਤ ਕਰ ਰਿਹੈ ਚੀਨ

ਨਿਊਯਾਰਕ/ਏ.ਟੀ.ਨਿਊਜ਼ : ਚੀਨ ਦੀ ਫ਼ੌਜੀ ਤਾਕਤ ਦੁਨੀਆਂ ਦੇ ਮੁਕਾਬਲੇ ਤੇਜ਼ੀ ਨਾਲ ਵੱਧ ਰਹੀ ਹੈ, ਹੁਣ ਅਜਿਹੀਆਂ ਕਿਆਸਅਰਾਈਆਂ ਲਗਾਈਆਂ ਜਾ ਰਹੀਆਂ ਹਨ ਕਿ ਅਮਰੀਕਾ ਨੂੰ ਪਿੱਛੇ ਛੱਡ ਦੇ ਹੋਏ ਚੀਨ ਦੀ ਹਵਾਈ ਫੌਜ ਦੁਨੀਆਂ ਵਿੱਚ ਪਹਿਲੇ ਸਥਾਨ 'ਤੇ ਪਹੁੰਚ ਜਾਵੇਗੀ। ਯੂ. ਐੱਸ-ਇੰਡੋ ਪੈਸੀਫਿਕ ਕਮਾਂਡ ਦੇ ਮੁਖੀ ਨੇਵੀ ਐਡਮਿਰਲ ਜਾਨ ਸੀ. ਐਕਿਲਿਨੋ ਨੇ ਹਾਲ ਹੀ ਵਿੱਚ ਇਸ ਗੱਲ ਦਾ ਖੁਲਾਸਾ ਕੀਤਾ ਹੈ। ਉਨ੍ਹਾਂ ਕਿਹਾ ਕਿ ਚੀਨ ਆਪਣੀ ਫੌਜ ਨੂੰ ਆਧੁਨਿਕ ਕਰਨ 'ਤੇ ਵੀ ਤੇਜ਼ੀ ਨਾਲ ਕੰਮ ਕਰ ਰਿਹਾ ਹੈ। ਯੂਰੇਸ਼ੀਅਨ ਟਾਈਮਜ਼ ਦੀ ਰਿਪੋਰਟ ਮੁਤਾਬਕ 21 ਮਾਰਚ ਨੂੰ ਐਕਿਲਿਨੋ ਨੇ ਅਮਰੀਕੀ ਸੰਸਦ 'ਚ ਦਾਅਵਾ ਕੀਤਾ ਸੀ ਕਿ ਪੀਪਲਜ਼ ਲਿਬਰੇਸ਼ਨ ਆਰਮੀ ਦੁਨੀਆਂ ਦੀ ਸਭ ਤੋਂ ਵੱਡੀ ਸਮੁੰਦਰੀ ਫੌਜ ਬਣ ਚੁੱਕੀ ਹੈ ਅਤੇ ਹੁਣ ਜਲਦੀ ਹੀ ਦੁਨੀਆਂ ਦੀ ਸਭ ਤੋਂ ਵੱਡੀ ਹਵਾਈ ਫ਼ੌਜ ਵੀ ਹੋਵੇਗੀ। ਐਕਿਲਿਨੋ ਨੇ ਕਿਹਾ ਕਿ ਚੀਨ ਹੁਣ ਅਮਰੀਕਾ ਨੂੰ ਅਸਮਾਨ ਵਿੱਚ ਪਿੱਛੇ ਛੱਡ ਸਕਦਾ ਹੈ। ਉਸਨੇ ਨੇ ਕਿਹਾ ਕਿ ਚੀਨ ਵੱਲੋਂ ਖੜ੍ਹੀ ਹੋ ਰਹੀ ਸੁਰੱਖਿਆ



ਚੁਣੌਤੀ ਨੂੰ ਘੱਟ ਨਹੀਂ ਸਮਝਿਆ ਜਾ ਸਕਦਾ। ਇਸ ਦੌਰਾਨ ਐਕਿਲਿਨੋ ਨੇ ਖਾਸ ਤੌਰ 'ਤੇ ਚੀਨੀ ਫੌਜ ਦੇ ਕੋਲ ਮੌਜੂਦ ਲੜਾਕੂ ਜਹਾਜ਼ਾਂ ਵੱਲ ਇਸ਼ਾਰਾ ਕੀਤਾ। ਪੈਂਟਾਗਨ ਦੀ 2023 ਦੀ ਰਿਪੋਰਟ 'ਚ ਕਿਹਾ ਗਿਆ ਹੈ ਕਿ ਪੀ.ਐੱਲ.ਏ. ਹਵਾਈ ਫੌਜ ਅਤੇ ਸਮੁੰਦਰੀ ਫੌਜ ਕੋਲ ਕੁੱਲ ਮਿਲਾ ਕੇ 3,150 ਤੋਂ ਵੱਧ ਜਹਾਜ਼ ਹਨ। ਦੂਜੇ ਪਾਸੇ ਅਮਰੀਕਾ 4,000 ਜਹਾਜ਼ਾਂ ਦਾ ਦਾਅਵਾ ਕਰਦਾ ਹੈ। ਇਸ ਦੇ ਇਲਾਵਾ ਅਮਰੀਕਾ ਆਪਣੀ ਨੇਵੀ, ਮਰੀਨ ਕੋਰ ਅਤੇ ਫੌਜੀ ਸ਼ਾਖਾਵਾਂ 'ਚ ਹਜ਼ਾਰਾਂ ਜਹਾਜ਼ਾਂ ਦਾ ਰੱਖਦਾ ਹੈ। ਅਮਰੀਕੀ ਏਅਰ ਫੋਰਸ ਨੇ ਪੂਰੀ ਦੁਨੀਆ 'ਚ ਆਪਣਾ ਘੇਰਾ ਪਹੁੰਚ ਫੈਲਾਇਆ ਹੋਇਆ ਹੈ, ਅਜਿਹੇ ਵਿੱਚ ਅਮਰੀਕਾ ਦੇ ਸਾਹਮਣੇ ਸਮੱਸਿਆ ਆ ਗਈ ਹੈ। ਸਭ ਤੋਂ ਵੱਧ ਰੱਖਿਆ ਬਜਟ ਦੇ ਬਾਵਜੂਦ, ਅਮਰੀਕਾ ਦੀ ਫੌਜ ਨੂੰ ਲੜਾਕੂ ਜਹਾਜ਼ਾਂ ਦੀ ਘਾਟ ਦਾ ਸਾਹਮਣਾ ਕਰਨਾ ਪੈ ਰਿਹਾ ਹੈ ਕਿਉਂਕਿ ਅਮਰੀਕਾ ਹੁਣ ਹਵਾਈ ਜਹਾਜ਼ਾਂ ਦੀ ਬਜਾਏ ਮਿਜ਼ਾਈਲਾਂ ਤਾਇਨਾਤ ਕਰ ਰਿਹਾ ਹੈ। ਦੂਜੇ ਪਾਸੇ ਅਮਰੀਕੀ ਮਾਹਿਰਾਂ ਦਾ ਕਹਿਣਾ ਹੈ ਕਿ ਘੱਟ ਜਹਾਜ਼ ਹੋਣ ਨਾਲ ਸੁਰੱਖਿਆ ਨੂੰ ਖਤਰਾ ਪੈਦਾ ਹੋ ਸਕਦਾ ਹੈ। ਅਮਰੀਕੀ ਮਾਹਿਰਾਂ ਨੇ ਕਿਹਾ ਕਿ ਚੀਨ ਆਪਣੀ ਫ਼ੌਜੀ ਤਾਕਤ ਵਧਾਉਣ ਦੇ ਨਾਲ-ਨਾਲ ਅਮਰੀਕਾ ਦੇ ਹਮਲਿਆਂ ਤੋਂ ਖੁਦ ਨੂੰ ਬਚਾਉਣ ਲਈ ਮਿਜ਼ਾਈਲਾਂ ਵੀ ਵਧਾ ਰਿਹਾ ਹੈ। ਚੀਨ ਦਾ ਮਕਸਦ ਅਮਰੀਕਾ ਦੇ ਜਹਾਜ਼ਾਂ ਨੂੰ ਰਸਤੇ ਵਿੱਚ ਹੀ ਰੋਕਣ ਦਾ ਹੈ। ਆਉਣ ਵਾਲੇ ਟਕਰਾਅ ਦੀਆਂ ਸੰਭਾਵਨਾਵਾਂ ਨੂੰ ਦੇਖਦੇ ਹੋਏ ਚੀਨ ਲਗਾਤਾਰ ਆਪਣੀਆਂ ਸਮੁੰਦਰੀ, ਜ਼ਮੀਨੀ ਅਤੇ ਹਵਾਈ ਫ਼ੌਜਾਂ ਨੂੰ ਮਜ਼ਬੂਤ ਕਰ ਰਿਹਾ ਹੈ।

# ਬਾਲਟੀਮੋਰ ਪੁਲ ਹਾਦਸਾ: ਜਾਂਚ ਪੂਰੀ ਹੋਣ ਤੱਕ ਜਹਾਜ਼ 'ਤੇ ਹੀ ਰਹੇਗਾ ਚਾਲਕ ਦਲ

ਨਿਊਯਾਰਕ/ਏ.ਟੀ.ਨਿਊਜ਼: ਅਮਰੀਕਾ ਦੇ ਬਾਲਟੀਮੋਰ ਵਿੱਚ ਪਿਛਲੇ ਹਫਤੇ ਪੁਲ ਨਾਲ ਟਕਰਾਉਣ ਵਾਲੇ ਜਹਾਜ਼ ਦੇ 20 ਭਾਰਤੀ ਅਤੇ ਸ਼੍ਰੀਲੰਕਾਈ ਚਾਲਕ ਦਲ ਦੇ ਮੈਂਬਰ ਜਹਾਜ਼ ਵਿੱਚ ਆਮ ਡਿਊਟੀ ਨਿਭਾਉਣ ਵਿੱਚ ਰੁੱਝੇ ਹੋਏ ਹਨ ਅਤੇ ਹਾਦਸੇ ਸਬੰਧੀ ਜਾਂਚ ਮੁਕੰਮਲ ਹੋਣ ਤੱਕ ਜਹਾਜ਼ ਵਿੱਚ ਹੀ ਰਹਿਣਗੇ। ਗ੍ਰੇਸ ਓਸ਼ੀਅਨ ਪੀਟੀਈ ਅਤੇ ਸਿਨਰਜੀ ਮਰੀਨ ਦੇ ਬੁਲਾਰੇ ਨੇ ਦੱਸਿਆ ਕਿ ਇਸ ਗੱਲ ਦੀ ਪੁਸ਼ਟੀ ਕੀਤੀ ਗਈ ਹੈ ਕਿ ਜਹਾਜ਼ ਵਿੱਚ ਚਾਲਕ ਦਲ ਦੇ 21 ਮੈਂਬਰ ਸਵਾਰ ਹਨ। ਜਹਾਜ਼ ਵਿੱਚ ਸਵਾਰ ਚਾਲਕ ਦਲ ਦੇ ਮੈਂਬਰ ਆਪਣੀ ਸਾਧਾਰਨ ਡਿਊਟੀ ਨਿਭਾ ਰਹੇ ਹਨ ਅਤੇ ਨੈਸ਼ਨਲ ਟਰਾਂਸਪੋਰਟੇਸ਼ਨ ਸੇਫਟੀ ਬੋਰਡ ਅਤੇ ਕੋਸਟ ਗਾਰਡ ਦੀ ਜਾਂਚ ਵਿੱਚ ਮਦਦ ਕਰ ਰਹੇ ਹਨ।

ਬਾਲਟੀਮੋਰ ਵਿੱਚ ਪੈਟਾਪਸਕੋ ਨਦੀ 'ਤੇ ਬਣਿਆ 2.6 ਕਿਲੋਮੀਟਰ ਲੰਬਾ ਫ੍ਰਾਂਸਿਸ ਸਕੌਟ ਕੀ ਬ੍ਰਿਜ ਉਸ ਸਮੇਂ ਢਹਿ ਗਿਆ, ਜਦੋਂ ਸ਼੍ਰੀਲੰਕਾ ਜਾ ਰਿਹਾ 984 ਫੁੱਟ ਲੰਬਾ ਕਾਰਗੋ ਜਹਾਜ਼ 26 ਮਾਰਚ ਨੂੰ ਪੁਲ ਦੇ ਇੱਕ ਖੰਭੇ ਨਾਲ ਟਕਰਾ ਗਿਆ। ਇਹ ਪੁੱਛੇ ਜਾਣ 'ਤੇ ਕਿ ਚਾਲਕ ਦਲ ਕਿੰਨੀ ਦੇਰ ਤੱਕ ਜਹਾਜ਼ 'ਤੇ ਰਹੇਗਾ, ਬੁਲਾਰੇ ਨੇ ਕਿਹਾ, 'ਇਸ ਸਮੇਂ ਸਾਨੂੰ ਨਹੀਂ ਪਤਾ ਕਿ ਜਾਂਚ ਪ੍ਰਕਿਰਿਆ ਵਿੱਚ ਕਿੰਨਾ ਸਮਾਂ ਲੱਗੇਗਾ ਅਤੇ ਜਦੋਂ ਤੱਕ ਇਹ ਪ੍ਰਕਿਰਿਆ ਪੂਰੀ ਨਹੀਂ ਹੋ ਜਾਂਦੀ ਉਦੋਂ ਤੱਕ ਚਾਲਕ ਦਲ ਜਹਾਜ਼ ਵਿੱਚ ਰਹੇਗਾ।'

ਸਿੰਗਾਪੁਰ ਦੇ ਝੰਡੇ ਵਾਲੇ ਡਾਲੀ ਦੀ ਮਲਕੀਅਤ ਗ੍ਰੇਸ ਓਸ਼ਨ ਪੀਟੀਈ ਲਿਮਿਟੇਡ ਕੋਲ ਹੈ ਅਤੇ ਇਸ ਦਾ ਪ੍ਰਬੰਧਨ ਸਿਨਰਜੀ ਮਰੀਨ ਗਰੁੱਪ ਕਰਦਾ ਹੈ। ਦਿੱਲੀ ਵਿੱਚ ਵਿਦੇਸ਼ ਮੰਤਰਾਲੇ ਨੇ ਦੱਸਿਆ ਸੀ ਕਿ ਕੁੱਝ ਦਿਨ ਪਹਿਲਾਂ ਅਮਰੀਕਾ ਦੇ ਬਾਲਟੀਮੋਰ ਵਿੱਚ ਇੱਕ ਪੁਲ ਨਾਲ ਟਕਰਾਏ ਕਾਰਗੋ ਜਹਾਜ਼ ਵਿੱਚ 20 ਭਾਰਤੀ ਸਵਾਰ ਸਨ ਅਤੇ ਭਾਰਤੀ ਦੂਤਘਰ ਉਨ੍ਹਾਂ ਅਤੇ ਸਥਾਨਕ ਅਧਿਕਾਰੀਆਂ ਦੇ ਸੰਪਰਕ ਵਿੱਚ ਸੀ। ਅਮਰੀਕੀ ਅਧਿਕਾਰੀਆਂ ਨੇ ਪਿਛਲੇ ਹਫਤੇ ਡਾਲੀ ਜਹਾਜ਼ 'ਤੇ ਸਵਾਰ ਚਾਲਕ ਦਲ ਤੋਂ ਪੁੱਛਗਿੱਛ ਸ਼ੁਰੂ ਕੀਤੀ ਸੀ। ਸਿਨਰਜੀ ਗਰੁੱਪ ਨੇ ਇੱਕ ਬਿਆਨ ਵਿੱਚ ਕਿਹਾ ਕਿ ਨੈਸ਼ਨਲ ਟ੍ਰਾਂਸਪੋਰਟੇਸ਼ਨ ਸੇਫਟੀ ਬੋਰਡ ਨੇ ਜਾਂਚ ਦੇ ਹਿੱਸੇ ਵਜੋਂ ਦਸਤਾਵੇਜ਼, ਟ੍ਰਿਪ ਡਾਟਾ ਰਿਕਾਰਡਰ ਦੀ ਜਾਣਕਾਰੀ ਅਤੇ ਹੋਰ ਸਬੂਤ ਇਕੱਠੇ ਕੀਤੇ। ਗ੍ਰੇਸ ਓਸ਼ੀਅਨ ਅਤੇ ਸਿਨਰਜੀ ਨੇ ਜਹਾਜ਼ 'ਤੇ ਸਵਾਰ ਸਾਰੇ ਚਾਲਕ ਦਲ ਦੇ ਮੈਂਬਰਾਂ ਅਤੇ ਦੋ ਪਾਇਲਟਾਂ ਦੀ ਸੁਰੱਖਿਆ ਦੀ ਪੁਸ਼ਟੀ ਕੀਤੀ ਹੈ।

ਉਨ੍ਹਾਂ ਨੇ ਦੱਸਿਆ ਕਿ ਚਾਲਕ ਦਲ ਦੇ ਇੱਕ ਮੈਂਬਰ ਨੂੰ ਮਾਮੂਲੀ ਸੱਟਾਂ ਲੱਗੀਆਂ ਹਨ ਅਤੇ ਕਿਹਾ ਕਿ ਜ਼ਖਮੀ ਕਰੂ ਮੈਂਬਰ ਨੂੰ ਹਸਪਤਾਲ ਤੋਂ ਛੁੱਟੀ ਦੇ ਦਿੱਤੀ ਗਈ ਹੈ। ਹਾਦਸੇ ਸਮੇਂ ਪੁਲ 'ਤੇ ਪਏ ਟੋਇਆਂ ਦੀ ਮੁਰੰਮਤ ਕਰ ਰਹੇ ਨਿਰਮਾਣ ਅਮਲੇ ਦੇ 6 ਮੈਂਬਰਾਂ ਦੀ ਮੌਤ ਹੋ ਗਈ। ਗੋਤਾਖੋਰਾਂ ਨੇ ਪਟਾਪਸਕੋ ਨਦੀ ਵਿੱਚ ਡੁੱਬੇ ਇੱਕ ਪਿਕਅੱਪ ਟਰੱਕ ਵਿੱਚੋਂ ਦੋ ਵਿਅਕਤੀਆਂ ਦੀਆਂ ਲਾਸ਼ਾਂ ਬਰਾਮਦ ਕੀਤੀਆਂ ਹਨ ਅਤੇ ਚਾਰ ਹੋਰਾਂ ਦੀ ਭਾਲ ਜਾਰੀ ਹੈ।

## ਭਾਰਤੀ ਕਾਮਿਆਂ ਦਾ ਜੱਥਾ ਇਜ਼ਰਾਈਲ ਰਵਾਨਾ



ਤੇਲ ਅਵੀਵ/ਏ.ਟੀ.ਨਿਊਜ਼: ਭਾਰਤੀ ਕਾਮਿਆਂ ਦਾ ਜੱਥਾ ਮੰਗਲਵਾਰ ਨੂੰ ਇਜ਼ਰਾਈਲ ਲਈ ਰਵਾਨਾ ਹੋ ਗਿਆ। ਇਸ ਜੱਥੇ ਵਿੱਚ 60 ਤੋਂ ਵੱਧ ਵਰਕਰ ਸ਼ਾਮਲ ਹਨ। ਇਹ ਕਾਮੇ ਇਜ਼ਰਾਈਲ ਦੇ ਨਿਰਮਾਣ ਉਦਯੋਗ ਨੂੰ ਮਜ਼ਬੂਤ ਕਰਨਗੇ। ਇਜ਼ਰਾਈਲ ਨੇ ਜੂਨ ਤੱਕ 10,000 ਭਾਰਤੀ ਕਾਮਿਆਂ ਨੂੰ ਇਜ਼ਰਾਈਲ ਬੁਲਾਉਣ ਦਾ ਪ੍ਰਸਤਾਵ ਦਿੱਤਾ ਹੈ। ਫਲਸਤੀਨੀ ਕਾਮਿਆਂ ਦੀ ਥਾਂ ਭਾਰਤੀ ਕਾਮਿਆਂ ਨੂੰ ਰੁਜ਼ਗਾਰ ਦਿੱਤਾ ਜਾਵੇਗਾ। ਇਜ਼ਰਾਈਲ ਨੇ ਇਸ ਨੂੰ ਦੋਹਾਂ ਦੇਸ਼ਾਂ ਦੇ ਸਬੰਧਾਂ 'ਚ ਮੀਲ ਦਾ ਪੱਥਰ ਦੱਸਿਆ ਹੈ। ਇਨ੍ਹਾਂ ਕਾਮਿਆਂ ਨੂੰ ਰਾਸ਼ਟਰੀ ਹੁਨਰ ਵਿਕਾਸ ਨਿਗਮ ਰਾਹੀਂ ਭਾਰਤ ਵਿੱਚ ਸਿਖਲਾਈ ਦਿੱਤੀ ਗਈ ਹੈ। ਇਹ ਕਾਮੇ ਭਾਰਤ ਅਤੇ ਇਜ਼ਰਾਈਲ ਵਿਚਾਲੇ ਹੋਏ ਸਮਝੌਤੇ ਤਹਿਤ ਭੇਜੇ ਜਾ ਰਹੇ ਹਨ। ਭਾਰਤੀ ਕਾਮਿਆਂ ਦੇ ਪਹਿਲੇ ਬੈਚ ਦੀ ਵਿਦਾਇਗੀ ਮੌਕੇ ਬੋਲਦਿਆਂ ਭਾਰਤ ਵਿੱਚ ਇਜ਼ਰਾਈਲ ਦੇ ਰਾਜਦੂਤ ਨਾਓਰ ਗਿਲਨ ਨੇ ਕਿਹਾ, 'ਅੱਜ ਅਸੀਂ ਸਰਕਾਰ ਤੋਂ ਸਰਕਾਰ ਸਮਝੌਤੇ ਦੇ ਤਹਿਤ 60 ਭਾਰਤੀ ਉਸਾਰੀ ਕਾਮਿਆਂ ਦੇ ਪਹਿਲੇ ਬੈਚ ਦੇ ਵਿਦਾਇਗੀ ਸਮਾਰੋਹ ਦਾ ਆਯੋਜਨ ਕੀਤਾ। ਮੈਨੂੰ ਭਰੋਸਾ ਹੈ ਕਿ ਇਹ ਕਰਮਚਾਰੀ ਇਜ਼ਰਾਈਲ ਅਤੇ ਭਾਰਤ ਵਿਚਕਾਰ ਜਨਤਕ-ਨਿੱਜੀ ਭਾਈਵਾਲੀ ਦੇ 'ਰਾਜਦੂਤ' ਬਣ ਜਾਣਗੇ।

**ਇਜ਼ਰਾਈਲ ਪਹੁੰਚੇ ਭਾਰਤੀ ਮਜ਼ਦੂਰਾਂ ਲਈ ਰਿਹਾਇਸ਼ ਬਣੀ ਸਮੱਸਿਆ**

ਇਜ਼ਰਾਈਲ ਵੱਲੋਂ ਗ਼ਾਜ਼ਾ 'ਤੇ ਹਮਲੇ ਜਾਰੀ ਹਨ, ਇਸੇ ਦੌਰਾਨ ਭਾਰਤ ਤੋਂ ਭਾਰਤੀ ਮਜ਼ਦੂਰ ਇਜ਼ਰਾਈਲ ਪਹੁੰਚ ਗਏ ਹਨ, ਪਰ ਇਹਨਾਂ (ਬਾਕੀ ਸਫ਼ਾ 30 'ਤੇ)

# ਭਾਜਪਾ ਵੱਲੋਂ ਕਾਂਗਰਸ ਤੇ 'ਆਪ' ਉੱਪਰ ਈ.ਡੀ., ਸੀ.ਬੀ.ਆਈ. ਤੇ ਇਨਕਮ ਟੈਕਸ ਵਿਭਾਗ ਦੀ ਧੜੱਲੇ ਨਾਲ ਵਰਤੋਂ

ਕੌਮੀ ਪੱਧਰ 'ਤੇ ਭਾਜਪਾ ਅਤੇ ਮੋਦੀ ਸਰਕਾਰ ਵੱਲੋਂ ਨਿਰੰਤਰ ਇਹ ਯਤਨ ਕੀਤੇ ਜਾ ਰਹੇ ਹਨ ਕਿ ਵਿਰੋਧੀ ਸਿਆਸੀ ਪਾਰਟੀਆਂ ਪ੍ਰਭਾਵਸ਼ਾਲੀ ਢੰਗ ਨਾਲ ਚੋਣ ਮੈਦਾਨ ਵਿੱਚ ਹੀ ਨਾ ਨਿੱਤਰ ਕਰ ਸਕਣ। ਇਸ ਮਕਸਦ ਲਈ ਈ.ਡੀ., ਸੀ.ਬੀ.ਆਈ. ਤੇ ਇਨਕਮ ਟੈਕਸ ਵਿਭਾਗ ਦੀ ਧੜੱਲੇ ਨਾਲ ਵਰਤੋਂ ਕੀਤੀ ਜਾ ਰਹੀ ਹੈ। ਵਿਰੋਧੀ ਸਿਆਸੀ ਪਾਰਟੀਆਂ ਦੇ ਆਗੂਆਂ ਦੀ ਪਕੜ-ਧਕੜ ਕਰਨ ਅਤੇ ਉਨ੍ਹਾਂ ਨੂੰ ਡਰ ਅਤੇ ਲਾਲਚ ਦੇ ਕੇ ਦਲਬਦਲੀ ਕਰਵਾਉਣ ਦਾ ਸਿਲਸਿਲਾ ਨਿਰੰਤਰ ਜਾਰੀ ਹੈ।

ਗੱਠਜੋੜ ਵੱਲੋਂ ਬੀਤੇ ਐਤਵਾਰ ਨੂੰ ਦਿੱਲੀ ਵਿਖੇ ਕੀਤੀ ਗਈ 'ਲੋਕਤੰਤਰ ਬਚਾਓ ਰੈਲੀ' ਵਿੱਚ ਸਾਡੀਆਂ ਲੋਕਰਾਜੀ ਸੰਸਥਾਵਾਂ ਅੱਗੇ ਬਣੀਆਂ ਕੁਝ ਹੋਰ ਚੁਣੌਤੀਆਂ ਵੀ ਉੱਭਰੀਆਂ ਹਨ। ਟੈਕਸ ਕਾਰਵਾਈ ਦੇ ਨਾਂਅ 'ਤੇ ਤੰਗ-ਪ੍ਰੇਸ਼ਾਨ ਕਰਨ ਦੇ ਦੋਸ਼ਾਂ ਦੇ ਨਾਲ-ਨਾਲ ਦਿੱਲੀ ਦੇ ਮੁੱਖ ਮੰਤਰੀ ਤੇ ਆਮ ਆਦਮੀ ਪਾਰਟੀ ਦੇ ਮੁਖੀ ਕੇਜਰੀਵਾਲ ਅਤੇ ਝਾਰਖੰਡ ਦੇ ਸਾਬਕਾ ਮੁੱਖ ਮੰਤਰੀ ਹੇਮੰਤ ਸੋਰੇਨ ਜਿਹੀਆਂ ਵਿਰੋਧੀ ਧਿਰ ਦੀਆਂ ਅਹਿਮ ਹਸਤੀਆਂ ਦੀ ਰਿਹਾਈ ਦੀ ਕੀਤੀ ਜਾ ਰਹੀ ਮੰਗ ਤੇ ਵਿਰੋਧ ਨੂੰ ਦਬਾਉਣ ਦੀਆਂ ਭਾਜਪਾ ਦੀਆਂ ਕਥਿਤ ਕੋਸ਼ਿਸ਼ਾਂ ਦੀ ਆਲੋਚਨਾ ਨੇ ਲਗਾਤਾਰ ਬਦਲ ਰਹੇ ਸਿਆਸੀ ਸਮੀਕਰਨਾਂ ਦੀ ਤਸਵੀਰ ਪੇਸ਼ ਕੀਤੀ ਹੈ। ਵਿਰੋਧੀ ਧਿਰਾਂ ਵਿਚਾਲੇ ਅੰਦਰਖਾਤੇ ਹਾਲੀਆ ਅਸਹਿਮਤੀ ਦੇ ਦੌਰ ਤੋਂ ਬਾਅਦ ਇਨ੍ਹਾਂ ਆਗੂਆਂ ਦੀ ਗ੍ਰਿਫ਼ਤਾਰੀ ਨੇ ਇੰਡੀਆ ਗਠਜੋੜ ਨੂੰ ਇਕਜੁੱਟ ਕਰਨ ਦਾ ਕੰਮ ਕੀਤਾ ਹੈ ਅਤੇ ਕਥਿਤ ਤਾਨਾਸ਼ਾਹ ਰਵੱਈਏ ਵਿਰੁੱਧ ਸਾਂਝਾ ਮੋਰਚਾ ਲਾਉਣ ਲਈ ਸਮਰਥਨ ਜੁਟਿਆ ਹੈ। ਇਸ ਰੈਲੀ ਰਾਹੀਂ ਵਿਰੋਧੀ ਧਿਰ ਵੱਲੋਂ ਚੋਣ ਕਮਿਸ਼ਨ ਤੋਂ ਜਾਂਚ ਏਜੰਸੀਆਂ ਦੀਆਂ ਕਾਰਵਾਈਆਂ 'ਤੇ ਰੋਕ

## ਚੋਣਾਂ ਕਾਰਨ ਟੈਕਸ ਨੋਟਿਸ 'ਤੇ ਕਾਂਗਰਸ ਖ਼ਿਲਾਫ਼ ਆਮਦਨ ਕਰ ਵਿਭਾਗ ਕੋਈ ਕਾਰਵਾਈ ਨਹੀਂ ਕਰੇਗਾ



ਲਾਉਣ ਤੇ ਕਥਿਤ ਚੁਣਾਵੀ ਭ੍ਰਿਸ਼ਟਾਚਾਰ ਦੀ ਸੁਪਰੀਮ ਕੋਰਟ ਦੀ ਨਿਗਰਾਨੀ ਹੇਠ ਜਾਂਚ ਕਰਾਉਣ ਦੀ ਕੀਤੀ ਮੰਗ ਨੇ ਚੋਣ ਪ੍ਰਕਿਰਿਆ ਵਿੱਚ ਸੰਸਥਾਈ ਅਖੰਡਤਾ ਤੇ ਨਿਰਪੱਖਤਾ ਦੀ ਲੋੜ ਨੂੰ ਵੀ ਸਾਹਮਣੇ ਲਿਆਂਦਾ ਹੈ। ਯਾਦ ਰਹੇ ਕਿ ਜਦੋਂ ਚੋਣਾਂ ਦਾ ਐਲਾਨ ਹੋ ਜਾਂਦਾ ਹੈ ਤਾਂ ਸਰਕਾਰੀ ਏਜੰਸੀਆਂ ਆਮ ਤੌਰ 'ਤੇ ਪਿਛੋਕੜ ਵਿੱਚ ਚਲੀਆਂ ਜਾਂਦੀਆਂ ਹਨ ਪਰ ਐਤਕੀਂ ਇਹ ਏਜੰਸੀਆਂ ਵਿਰੋਧੀ ਧਿਰ ਵਿਰੁੱਧ ਪਹਿਲਾਂ ਨਾਲੋਂ ਵੀ ਵੱਧ ਸਰਗਰਮੀ ਦਿਖਾ ਰਹੀਆਂ ਹਨ। ਸਪੱਸ਼ਟ ਹੈ ਕਿ ਅਜਿਹਾ ਸਰਕਾਰੀ ਦਬਾਅ ਕਾਰਨ ਹੋ ਰਿਹਾ ਹੈ। ਦਿੱਲੀ ਦੇ ਮੁੱਖ ਮੰਤਰੀ ਕੇਜਰੀਵਾਲ ਦੀ ਪਤਨੀ ਸੁਨੀਤਾ ਕੇਜਰੀਵਾਲ ਨੇ ਭਾਜਪਾ 'ਤੇ ਦੋਸ਼ ਲਾਇਆ ਕਿ ਉਸ ਦਾ ਇੱਕੋ ਇੱਕ ਮਕਸਦ ਲੋਕ ਸਭਾ ਚੋਣਾਂ ਦੌਰਾਨ ਉਨ੍ਹਾਂ ਦੇ ਪਤੀ ਨੂੰ ਜੇਲ੍ਹ ਵਿੱਚ ਰੱਖਣਾ ਹੈ। ਸੁਨੀਤਾ ਕੇਜਰੀਵਾਲ ਨੇ ਕਿਹਾ ਕਿ ਕੇਜਰੀਵਾਲ ਤੋਂ 11 ਦਿਨ ਤੱਕ ਪੁੱਛ ਪੜਤਾਲ ਕੀਤੀ ਗਈ। ਪੁੱਛ ਪੜਤਾਲ ਖਤਮ ਹੋ ਗਈ। ਅਦਾਲਤ ਨੇ ਉਨ੍ਹਾਂ ਨੂੰ ਦੋਸ਼ੀ ਨਹੀਂ ਠਹਿਰਾਇਆ। ਉਨ੍ਹਾਂ ਨੂੰ ਜੇਲ੍ਹ ਵਿੱਚ ਕਿਉਂ ਰੱਖਿਆ ਗਿਆ ਹੈ?' ਕਾਂਗਰਸ ਦੇ ਵਿੱਤੀ ਸਰੋਤ ਘਟਾਉਣ ਦੀਆਂ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ। ਪਹਿਲਾਂ ਆਮਦਨ ਕਰ ਵਿਭਾਗ ਨੇ ਉਸ ਦਾ ਖਾਤਾ ਜਾਮ ਕਰ ਦਿੱਤਾ ਅਤੇ ਉਸ ਵਿਚੋਂ ਆਮਦਨ ਕਰ ਦੇ ਬਕਾਏ ਵਜੋਂ 135 ਕਰੋੜ ਰੁਪਏ ਕੱਢ ਲਏ। ਇਸ ਤੋਂ ਬਾਅਦ ਆਮਦਨ ਕਰ ਵਿਭਾਗ ਨੇ ਉਸ ਦੇ ਖਾਤਿਆਂ ਵਿੱਚ 524 ਕਰੋੜ ਰੁਪਏ ਦੀ ਗੜਬੜੀ ਫੜੀ ਹੈ। ਕੇਂਦਰੀ ਏਜੰਸੀਆਂ ਨੇ ਦੱਸਿਆ ਹੈ ਕਿ ਉਸ ਨੇ ਜਦੋਂ ਛਾਪਾ ਮਾਰਿਆ ਸੀ, ਉਦੋਂ ਕੁਝ ਕਾਗਜ਼ਾਤ ਜ਼ਬਤ ਹੋਏ ਸਨ, ਜਿਨ੍ਹਾਂ ਤੋਂ ਪਤਾ ਲੱਗਾ ਹੈ ਕਿ ਕਾਂਗਰਸ ਦੇ ਖਾਤਿਆਂ ਵਿਚੋਂ 2014 ਤੋਂ ਬਾਅਦ ਬਿਨਾਂ ਹਿਸਾਬ-ਕਿਤਾਬ ਦੇ 524 ਕਰੋੜ ਰੁਪਏ ਦਾ ਲੈਣ-ਦੇਣ ਹੋਇਆ ਹੈ।

(ਬਾਕੀ ਸਫ਼ਾ 30 'ਤੇ)

## ਸ਼ਰਾਬ ਘੋਟਾਲੇ ਕਾਰਨ 'ਆਪ' ਦਾ ਅਕਸ ਧੁੰਦਲਾ

### ਪੰਜਾਬੀ 'ਆਪ' ਤੋਂ ਹੋਏ ਨਿਰਾਸ਼, ਕਈ 'ਆਪ' ਲੀਡਰ ਭਾਜਪਾ ਵਿੱਚ ਸ਼ਾਮਲ, ਕਾਂਗਰਸ ਫੁੱਟ ਦੀ ਸ਼ਿਕਾਰ

ਦੋ ਸਾਲਾਂ ਦੇ ਸ਼ਾਸਨ ਨਾਲ ਹੀ ਆਪ ਆਦਮੀ ਪਾਰਟੀ ਤੋਂ ਵੱਡੀ ਪੱਧਰ 'ਤੇ ਪੰਜਾਬੀ ਨਿਰਾਸ਼ ਹੋ ਗਏ ਹਨ। ਇਸ ਦੀ 2022 ਦੀਆਂ ਵਿਧਾਨ ਸਭਾ ਚੋਣਾਂ ਵਾਲੀ ਚੜ੍ਹਤ ਨਹੀਂ ਹੈ। ਇਸ ਨੂੰ ਲੋਕ ਸਭਾ ਚੋਣਾਂ ਵਿੱਚ ਸੱਤਾ ਵਿਰੋਧੀ ਰੁਝਾਨ ਦਾ ਚੋਖਾ ਸਾਹਮਣਾ ਕਰਨਾ ਪਵੇਗਾ। ਇਸ ਦੇ ਕੌਮੀ ਕਨਵੀਨਰ ਕੇਜਰੀਵਾਲ ਦੀ ਸ਼ਰਾਬ ਘੋਟਾਲੇ ਵਿੱਚ ਈ.ਡੀ. ਵੱਲੋਂ ਹੋਈ ਗ੍ਰਿਫ਼ਤਾਰੀ ਨਾਲ ਇਸ ਦਾ ਕੱਟੜ ਇਮਾਨਦਾਰ ਪਾਰਟੀ ਵਾਲਾ ਅਕਸ ਵੀ ਧੁੰਦਲਾ ਹੋ ਗਿਆ ਹੈ। ਦਿੱਲੀ ਦੇ ਸ਼ਰਾਬ ਘੋਟਾਲੇ ਦੀ ਲਪੇਟ ਵਿੱਚ ਪੰਜਾਬ ਦੀ ਅਫ਼ਸਰਸ਼ਾਹੀ ਅਤੇ ਸੱਤਾਧਾਰੀ ਪਾਰਟੀ ਦੇ ਕੁਝ ਆਗੂਆਂ ਦੇ ਵੀ ਆਉਣ ਦੀਆਂ ਸੰਭਾਵਨਾਵਾਂ ਬਣੀਆਂ ਹੋਈਆਂ ਹਨ। ਅਜੇ ਕੁੱਝ ਦਿਨ ਪਹਿਲਾਂ 'ਆਪ' ਛੱਡ ਕੇ ਭਾਜਪਾ ਵਿੱਚ ਸ਼ਾਮਿਲ ਹੋਏ ਸੰਸਦ ਮੈਂਬਰ ਸੁਸ਼ੀਲ ਰਿੰਕੂ ਅਤੇ ਵਿਧਾਇਕ ਸ਼ੀਤਲ ਅੰਗੁਰਾਲ ਦੇ ਝਟਕੇ ਤੋਂ ਉੱਭਰੀ ਨਹੀਂ ਸੀ ਕਿ ਹੁਣ ਮਾਨ ਸਰਕਾਰ ਨੂੰ ਜਲੰਧਰ ਵਿੱਚ ਸਾਬਕਾ ਸੀਨੀਅਰ ਡਿਪਟੀ ਮੇਅਰ ਕਮਲਜੀਤ ਸਿੰਘ ਭਾਟੀਆ ਸਮੇਤ ਕਈ ਸਾਬਕਾ ਕੌਂਸਲਰ ਉਨ੍ਹਾਂ ਦੀ ਧਰਮ-ਪਤਨੀ ਸਾਬਕਾ ਕੌਂਸਲਰ ਜਸਪਾਲ ਕੌਰ ਭਾਟੀਆ, ਨਿਗਮ ਵਿੱਚ ਵਿਰੋਧੀ ਧਿਰ ਦੇ ਉਪ ਆਗੂ ਰਹੇ ਵਿਰੇਸ਼ ਮਿੰਟੂ, ਸਾਬਕਾ ਕੌਂਸਲਰ ਸੁਨੀਤਾ ਰਿੰਕੂ, ਸਾਬਕਾ ਕੌਂਸਲਰ ਰਾਧਿਕਾ ਪਾਠਕ, ਜ਼ਿਲ੍ਹਾ ਬੀ.ਸੀ.ਸੀ. ਸੈੱਲ ਦੇ ਪ੍ਰਧਾਨ ਹਰਜਿੰਦਰ ਸਿੰਘ ਲਾਡਾ, ਉਨ੍ਹਾਂ ਦੀ ਧਰਮ-ਪਤਨੀ ਅਤੇ ਸਾਬਕਾ ਕੌਂਸਲਰ ਚਰਨਜੀਤ ਕੌਰ ਸੰਧਾ, ਸਾਬਕਾ ਕੌਂਸਲਰ ਬਬੀਤਾ ਰਾਣੀ, ਸਾਬਕਾ ਕੌਂਸਲਰ ਕੁਲਦੀਪ ਕੌਰ ਭਾਜਪਾ ਵਿੱਚ ਸ਼ਾਮਿਲ ਹੋ ਗਏ ਹਨ।

ਆਮ ਆਦਮੀ ਪਾਰਟੀ ਤੋਂ ਬਾਅਦ ਦੂਜੇ ਨੰਬਰ 'ਤੇ ਕਾਂਗਰਸ ਦਾ ਰਾਜਨੀਤਕ ਮਹੱਤਵ ਹੈ। ਪਿਛਲੀ ਚੋਣ ਵਿੱਚ ਜਿਸ ਤਰ੍ਹਾਂ ਕਿ ਅਸੀਂ ਉੱਪਰ ਜ਼ਿਕਰ ਕੀਤਾ ਹੈ ਇਸ ਨੇ 8 ਲੋਕ ਸਭਾ ਸੀਟਾਂ ਜਿੱਤੀਆਂ ਸਨ। ਇਸ ਵਾਰ ਵੀ ਜੇਕਰ ਆਪ ਪਾਰਟੀ ਵਿਰੁੱਧ ਬਣਿਆ ਸੱਤਾ ਵਿਰੋਧੀ ਰੁਝਾਨ ਠੋਸ ਆਕਾਰ ਲੈਂਦਾ ਹੈ ਤਾਂ ਇਸ ਦਾ ਵੱਡਾ ਲਾਭ ਕਾਂਗਰਸ ਨੂੰ ਹੀ ਪ੍ਰਾਪਤ ਹੋਵੇਗਾ। ਪਰ ਕੌਮੀ ਪੱਧਰ 'ਤੇ ਇਸ ਪਾਰਟੀ ਦੀ ਸਿਆਸੀ ਲੀਡਰਸ਼ਿਪ ਦੀਆਂ ਢਿੱਲ-ਮੱਠ ਵਾਲੀਆਂ ਨੀਤੀਆਂ ਅਤੇ ਰਾਜ ਵਿੱਚ ਕਾਂਗਰਸ ਆਗੂਆਂ ਵਿਚਕਾਰ ਕੁਝ ਹੱਦ ਤੱਕ ਚਲ ਰਹੀ ਧੜੇਬੰਦੀ, ਇਸ ਪਾਰਟੀ ਲਈ ਔਕੜਾਂ ਖੜ੍ਹੀਆਂ ਕਰੇਗੀ।

(ਬਾਕੀ ਸਫ਼ਾ 30 'ਤੇ)

## ਮਹਿੰਗੀ ਹੁੰਦੀ ਮੈਡੀਕਲ ਸਿੱਖਿਆ ਨੂੰ ਸਸਤੀ ਕਿਵੇਂ ਕੀਤਾ ਜਾਵੇ?

ਇਸੇ ਸਾਲ ਫਰਵਰੀ ਮਹੀਨੇ ਦੇ ਵਿੱਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਇੱਕ ਟਵੀਟ ਕਰਕੇ ਚਿੰਤਾ ਜ਼ਾਹਿਰ ਕਰਦੇ ਨੇ, " ਅੱਜ ਸਾਡੇ ਬੱਚੇ ਸਿੱਖਿਆ ਦੇ ਲਈ ਖਾਸ ਕਰਕੇ ਮੈਡੀਕਲ ਸਿੱਖਿਆ ਦੇ ਲਈ ਛੋਟੇ ਛੋਟੇ ਦੇਸ਼ਾਂ ਵਿੱਚ ਜਾ ਰਹੇ ਨੇ, ਉਥੇ ਉਹਨਾਂ ਨੂੰ ਭਾਸ਼ਾ ਦੀ ਸਮੱਸਿਆ ਹੁੰਦੀ ਹੈ, ਫਿਰ ਵੀ ਉਹ ਜਾ ਰਹੇ ਹਨ। ਭਾਰਤ ਦਾ ਅਰਬਾਂ ਖ਼ਰਬਾਂ ਰੁਪਇਆ ਬਾਹਰ ਜਾ ਰਿਹਾ ਹੈ। ਕੀ ਸਾਡੇ ਪ੍ਰਾਈਵੇਟ ਸੈਕਟਰ ਵੱਡੀ ਗਿਣਤੀ ਵਿੱਚ ਇਸ ਖੇਤਰ ਵਿੱਚ ਨਹੀਂ ਆ ਸਕਦੇ। " ਇਸ ਤੋਂ ਸਾਫ਼ ਜਾਹਿਰ ਹੈ ਕਿ ਭਾਰਤ ਸਰਕਾਰ ਨਹੀਂ ਚਾਹੁੰਦੀ ਕਿ ਛੋਟੇ ਦੇਸ਼ਾਂ ਦੇ ਵਿੱਚ ਭਾਰਤੀ ਵਿਦਿਆਰਥੀ ਪੜ੍ਹਨ ਜਾਣ, ਚਿੰਤਾ ਹੈ ਪੈਸਾ ਵਿਦੇਸ਼ ਚਲਿਆ ਜਾਂਦਾ ਹੈ। ਚਿੰਤਾ ਤਾਂ ਇਹ ਵੀ ਹੈ ਕਿ ਜੇ ਉਸ ਦੇਸ਼ ਦੇ ਵਿੱਚ ਯੁੱਧ ਹੋ ਗਿਆ ਤਾਂ ਅਸੀਂ ਆਪਣੇ ਵਿਦਿਆਰਥੀਆਂ ਨੂੰ ਬਚਾਉਣ ਦੇ ਵਿੱਚ ਫੇਲ੍ਹ ਹੋ ਜਾਂਦੇ ਹਾਂ ਤੇ ਸਾਡੀ ਬਦਨਾਮੀ ਹੋ ਜਾਂਦੀ ਹੈ। ਦੇਸ਼ ਦੇ ਵਿੱਚ ਮੁਫ਼ਤ ਆਟਾ ਮਿਲਦਾ ਹੈ, ਮੁਫ਼ਤ ਸਲਿੰਡਰ ਮਿਲਦਾ ਹੈ। ਬਣਿਆ ਬਣਾਇਆ ਸੌਚਾਲਿਆ ਮਿਲਦਾ ਹੈ ਤੇ ਸਰਕਾਰ ਮੁਤਾਬਿਕ ਭਲਾ ਬਾਹਰ ਕਿਉਂ ਜਾਣੈ?



1970 ਦੇ ਵਿੱਚ ਦੇਸ਼ ਦੀ ਜਨਸੰਖਿਆ 55 ਕਰੋੜ ਸੀ। ਮੈਡੀਕਲ ਸੀਟਾਂ 30 ਹਜ਼ਾਰ ਸਨ ਤੇ ਨੱਬੇ ਫ਼ੀਸਦੀ ਸਰਕਾਰੀ ਕਾਲਜ ਸਨ। ਨਹਿਰੂ ਮਾਡਲ ਸਮੇਂ ਪੀ.ਐਮ.ਟੀ. ਪਾਸ ਕਰਕੇ ਲਗਭਗ ਫਰੀ ਦੇ ਵਿੱਚ ਹੀ ਡਾਕਟਰ ਬਣ ਜਾਂਦੇ ਸੀ। ਅੱਜ 140 ਕਰੋੜ ਆਬਾਦੀ ਦੇ ਵਿੱਚ ਕੋਈ 75 ਹਜ਼ਾਰ ਮੈਡੀਕਲ ਸੀਟਾਂ ਨੇ, ਅੱਧੀਆਂ ਪ੍ਰਾਈਵੇਟ ਨੇ, ਜਿਸ ਵਿੱਚ ਇੱਕ ਕਰੋੜ ਤੋਂ ਦੋ ਕਰੋੜ ਤੱਕ ਦੀ ਫੀਸ ਹੈ। ਇਹ ਹੈ ਸਾਡਾ ਆਤਮ ਨਿਰਭਰ ਮਾਡਲ। ਗੱਲਾਂਬਾਤਾਂ ਦੇ ਵਿੱਚ ਅਸੀਂ ਭਾਵੇਂ ਬੜੇ ਮਾਅਰਕੇ ਮਾਰ ਲਏ ਨੇ ਪਰ ਆਪਣੇ ਆਪ ਨੂੰ ਕਾਮਯਾਬ ਰੱਖਣ ਦੇ ਲਈ ਕਮਜ਼ੋਰੀਆਂ ਨੂੰ ਅੱਖੋਂ ਝਰੋਖੇ ਨਹੀਂ ਕਰਨਾ ਚਾਹੀਦਾ। ਆਬਾਦੀ ਦੇ ਹਿਸਾਬ ਦੇ ਨਾਲ ਮੈਡੀਕਲ ਖਿੱਤੇ ਦੇ ਵਿੱਚ ਭਾਰਤ ਦੀ ਹਾਲਤ ਕਾਫ਼ੀ ਖ਼ਰਾਬ ਹੈ। ਮੈਡੀਕਲ ਕਾਲਜਾਂ ਦੀ ਕੁੱਲ 75 ਹਜ਼ਾਰ ਸੀਟਾਂ ਦੇ ਵਿਚੋਂ 35 ਹਜ਼ਾਰ ਸਰਕਾਰੀ ਕਾਲਜ ਨੇ, ਅੱਧੀਆਂ ਸੀਟਾਂ ਰਾਖਵੀਆਂ ਨੇ, ਤੇ ਬਾਕੀ 18 ਕੁ ਹਜ਼ਾਰ ਜਨਰਲ ਦੇ ਲਈ। ਨੀਟ ਵਿੱਚ 95.3 ਫੀਸਦੀ ਤੇ 95.2 ਫ਼ੀਸਦੀ ਦੇ ਵਿੱਚ 50 ਸੀਟਾਂ ਕਵਰ ਹੋ ਜਾਂਦੀਆਂ ਨੇ। 93 ਫੀਸਦੀ ਵਾਲਾ ਫੇਲ ਹੀ ਸਮਝੋ। 90 ਫ਼ੀਸਦੀ ਤੇ 93 ਫੀਸਦੀ ਵਾਲੇ ਬੱਚਿਆਂ ਦੀ ਕਾਬਲੀਅਤ ਦੇ ਵਿੱਚ ਕੋਈ ਬਹੁਤਾ ਫ਼ਰਕ ਨਹੀਂ ਹੁੰਦਾ ਪਰ ਸੀਟਾਂ ਦਾ ਵੰਡ ਵੰਡੇਰਾ 90 ਫੀਸਦੀ ਵਾਲਿਆਂ ਦੇ ਸੁਪਨਿਆਂ ਨੂੰ ਚਕਨਾਚੂਰ ਕਰ ਦਿੰਦਾ ਹੈ। ਸਰਕਾਰ ਕਰੋੜਾਂ ਅਰਬਾਂ ਰੁਪਏ ਕੰਪਨੀਆਂ ਦੇ ਮਾਫ਼ ਕਰ ਦਿੰਦੀ ਹੈ, ਇੱਕ ਕੰਪਨੀ ਦੀ ਕਰਜ਼ਮਾਫ਼ੀ ਦੀ ਅੱਧੀ ਕੀਮਤ ਵਿੱਚ ਪੂਰੇ ਦੇਸ਼ ਵਿੱਚ ਮੈਡੀਕਲ ਐਜੂਕੇਸ਼ਨ ਦਾ ਨਕਸ਼ਾ ਬਦਲਿਆ ਜਾ ਸਕਦਾ ਹੈ। ਬਿਲਡਿੰਗਾਂ ਛੋਟੀਆਂ ਰੱਖਣ, ਫੈਕੇਲਟੀ ਵਧੀਆ ਹੋਵੇ ਤਾਂ ਸਾਡੀ ਸਰਕਾਰ ਇੱਕ ਜ਼ਿਲ੍ਹੇ ਦੇ ਵਿੱਚ ਇੱਕ ਮੈਡੀਕਲ ਕਾਲਜ ਖੋਲ੍ਹਣ ਦੀ ਸਮਰਥਾ ਰੱਖਦੀ ਹੈ। ਜੇ ਨਹੀਂ ਤਾਂ ਜਿਹੜੇ ਮੌਜੂਦਾ ਕਾਲਜ ਨੇ ਇਹਨਾਂ ਦੀਆਂ ਸੀਟਾਂ ਵਧਾਉਣਾ ਤਾਂ ਖੱਬੇ ਹੱਥ ਦੀ ਖੇਡ ਹੈ, ਪਰ ਨਹੀਂ ਅਸੀਂ ਤਾਂ ਟਵੀਟ ਕਰਕੇ (ਬਾਕੀ ਸਫ਼ਾ 30 'ਤੇ)

## ਰਾਮ ਲੀਲ੍ਹਾ ਮੈਦਾਨ 'ਚੋਂ ਉੱਠੀ ਭਾਜਪਾ ਨੂੰ ਵੱਡੀ ਵੰਗਾਰ

## 'ਇੰਡੀਆ' ਗਠਜੋੜ ਦੀ ਰੈਲੀ ਨੇ ਬਦਲਣੀ ਸ਼ੁਰੂ ਕੀਤੀ ਭਾਰਤ ਦੀ ਰਾਜਨੀਤੀ ਦੀ ਦਸ਼ਾ ਅਤੇ ਦਿਸ਼ਾ



ਬੀਤੇ ਐਤਵਾਰ ਨਵੀਂ ਦਿੱਲੀ ਦੇ ਇਤਿਹਾਸਿਕ ਰਾਮ ਲੀਲ੍ਹਾ ਮੈਦਾਨ ਵਿੱਚ 28 ਸਿਆਸੀ ਦਲਾਂ ਦੇ ਸਾਂਝੇ ਗਠਜੋੜ 'ਇੰਡੀਆ' ਨੇ ਰੈਲੀ ਦੇ ਬਹਾਨੇ ਆਪਣਾ 'ਸ਼ਕਤੀ ਪ੍ਰਦਰਸ਼ਨ' ਕੀਤਾ ਹੈ। ਇਸ ਰੈਲੀ ਦੀ ਸਫ਼ਲਤਾ ਤੋਂ ਸਪਸ਼ਟ ਹੋ ਗਿਆ ਹੈ ਕਿ 18ਵੀਂ ਲੋਕ ਸਭਾ ਦੀਆਂ ਚੋਣਾਂ ਵਿੱਚ ਗਹਿਗੱਚ ਮੁਕਾਬਲੇ ਹੋਣਗੇ ਅਤੇ ਭਾਜਪਾ ਲਈ ਹੈਟ੍ਰਿਕ ਮਾਰਨਾ ਏਨਾ ਆਸਾਨ ਨਹੀਂ ਹੋਵੇਗਾ, ਜਿੰਨਾ ਕਿ ਭਾਜਪਾ ਦੇ ਵੱਡੀ ਗਿਣਤੀ ਆਗੂ ਸਮਝ ਰਹੇ ਹਨ। ਭਾਵੇਂ ਕਿ ਇਹ ਰੈਲੀ ਦਿੱਲੀ ਦੇ ਮੁੱਖ ਮੰਤਰੀ ਕੇਜਰੀਵਾਲ ਨੂੰ ਈ.ਡੀ. ਵੱਲੋਂ ਗ੍ਰਿਫ਼ਤਾਰ ਕਰਨ ਦੇ ਵਿਰੁੱਧ ਕੀਤੀ ਗਈ ਸੀ, ਪਰ ਇਸ ਰੈਲੀ ਵਿੱਚ ਭਾਰਤ ਵਿੱਚ ਲੋਕਤੰਤਰ ਨੂੰ ਬਚਾਉਣਾ ਮੁੱਖ ਮੁੱਦਾ ਰਿਹਾ। ਇਸ ਰੈਲੀ ਨੇ ਸੱਤਾਧਾਰੀ ਆਗੂਆਂ ਨੂੰ ਵੀ ਸੋਚਣ ਲਈ ਮਜਬੂਰ ਕਰ ਦਿੱਤਾ ਕਿ ਇਸ ਵਾਰ ਚੋਣਾਂ ਜਿੱਤਣਾ ਆਸਾਨ ਨਹੀਂ ਹੈ।

ਇਸ ਰੈਲੀ ਤੋਂ ਪਹਿਲਾਂ 18 ਮਾਰਚ ਨੂੰ ਮੁੰਬਈ ਦੇ ਸ਼ਿਵਾਜੀ ਪਾਰਕ ਵਿੱਚ ਹੋਈ ਸਫਲ ਮੀਟਿੰਗ ਤੋਂ ਬਾਅਦ ਇੰਡੀਆ ਗਠਜੋੜ ਦਾ ਉਤਸ਼ਾਹ ਵਧਿਆ ਸੀ, ਇਹੀ ਉਤਸ਼ਾਹ ਨਵੀਂ ਦਿੱਲੀ ਦੀ ਰੈਲੀ ਵਿੱਚ ਵੀ ਵੇਖਣ ਨੂੰ ਮਿਲਿਆ। ਸਿਆਸੀ ਮਾਹਿਰ ਕਹਿ ਰਹੇ ਹਨ ਕਿ 'ਇੰਡੀਆ' ਗਠਜੋੜ ਵੱਲੋਂ ਕੀਤੀ ਗਈ ਇਸ ਰੈਲੀ ਨੇ ਭਾਰਤ ਦੀ ਸਿਆਸਤ ਦੀ ਦਸ਼ਾ ਅਤੇ ਦਿਸ਼ਾ ਬਦਲਣ ਦੀ ਕੋਸ਼ਿਸ਼ ਕੀਤੀ ਹੈ ਅਤੇ ਇਸ ਰੈਲੀ ਦਾ ਲੋਕ ਸਭਾ ਚੋਣਾਂ 'ਤੇ ਵੀ ਜ਼ਰੂਰ ਪ੍ਰਭਾਵ ਪੈ ਸਕਦਾ ਹੈ। ਭਾਜਪਾ ਵਿਰੋਧੀ ਆਗੂ ਦਾਅਵਾ ਕਰ ਰਹੇ ਹਨ ਕਿ ਇਸ ਰੈਲੀ ਦੌਰਾਨ ਇਹ ਗੱਲ ਵੀ ਵੇਖਣ ਵਿੱਚ ਆਈ ਕਿ ਇੰਡੀਆ ਗਠਜੋੜ ਨਾ ਸਿਰਫ਼ ਇਕਜੁੱਟ ਹੈ, ਸਗੋਂ ਇੰਨਾ ਮਜ਼ਬੂਤ ਹੋ ਗਿਆ ਹੈ ਕਿ ਇਹ ਲੋਕ ਸਭਾ ਚੋਣਾਂ ਵਿੱਚ ਭਾਜਪਾ ਨੂੰ ਸਖ਼ਤ ਟੱਕਰ ਦੇਵੇਗਾ। ਇਸ ਭਾਵਨਾ ਅਤੇ ਦ੍ਰਿੜ੍ਹ ਨਿਸ਼ਚੈ ਨੂੰ ਕਈ ਨੇਤਾਵਾਂ ਦੇ ਭਾਸ਼ਣਾਂ ਵਿੱਚ ਵਾਰ-ਵਾਰ ਅਤੇ ਕਈ ਰੂਪਾਂ ਵਿੱਚ ਪ੍ਰਗਟ ਕੀਤਾ ਗਿਆ।

ਭਾਜਪਾ ਵਿਰੋਧੀ ਆਗੂਆਂ ਨੇ ਇਸ ਰੈਲੀ ਵਿੱਚ ਦਾਅਵਾ ਕੀਤਾ ਕਿ ਉਹ ਸਾਰੇ ਇੱਕ ਜੁੱਟ ਹਨ ਅਤੇ ਭਾਜਪਾ ਨੂੰ ਸਖ਼ਤ ਟੱਕਰ ਦੇਣ ਲਈ ਪੂਰੀ ਤਰਾਂ ਤਿਆਰ ਹਨ। ਇਸ ਰੈਲੀ ਨੇ ਭਾਜਪਾ, ਇਸ ਦੇ ਸਹਿਯੋਗੀ ਦਲਾਂ ਅਤੇ ਗੋਦੀ ਮੀਡੀਆ ਦੁਆਰਾ ਪੈਦਾ ਕੀਤੀ ਗਈ ਇਸ ਮਿੱਥ ਦਾ ਖੰਡਨ ਕੀਤਾ ਕਿ ਇਹ ਗਠਜੋੜ ਸਿਰਫ਼ ਸੱਤਾ ਹਾਸਲ ਕਰਨ ਲਈ ਬਣਾਇਆ ਗਿਆ ਹੈ। ਉੱਤਰ ਤੋਂ ਦੱਖਣ ਅਤੇ ਪੂਰਬ ਤੋਂ ਪੱਛਮ ਤੱਕ ਸਾਰੇ ਰਾਜਾਂ ਅਤੇ ਖੇਤਰਾਂ ਦੀ ਨੁਮਾਇੰਦਗੀ ਕਰਨ ਵਾਲੀਆਂ ਵੱਖ-ਵੱਖ ਪਾਰਟੀਆਂ ਦੇ ਸਾਰੇ ਬੁਲਾਰਿਆਂ ਨੇ ਸਪੱਸ਼ਟ ਕੀਤਾ ਕਿ ਉਹ ਸਾਰੇ ਦੇਸ਼ ਵਿੱਚ ਲੋਕਤੰਤਰ ਨੂੰ ਬਚਾਉਣ ਦੇ ਉਦੇਸ਼ ਨਾਲ ਇਕੱਠੇ ਹੋਏ ਹਨ। ਕਈ ਨੇਤਾਵਾਂ, ਇੱਥੋਂ ਤੱਕ ਕਿ ਕਾਂਗਰਸ ਪ੍ਰਧਾਨ ਮਲਿਕਾਰਜੁਨ ਖੜਗੇ ਨੇ ਖੁਦ ਮੰਨਿਆ ਕਿ ਗਠਜੋੜ ਦੀਆਂ ਕਈ ਪਾਰਟੀਆਂ ਨਾਲ ਉਨ੍ਹਾਂ ਦੀ ਸੀਟ ਦੀ ਵੰਡ ਨੂੰ ਲੈ ਕੇ ਕੋਈ ਆਪਸੀ ਸਮਝੌਤਾ ਨਹੀਂ ਹੈ ਅਤੇ ਉਹ ਇਕੱਠੇ ਚੋਣਾਂ ਨਹੀਂ ਲੜ ਰਹੇ ਹਨ, ਸਗੋਂ ਲੋਕਤੰਤਰ ਅਤੇ ਸੰਵਿਧਾਨ ਨੂੰ ਬਚਾਉਣ ਲਈ ਸਭ ਮਿਲ ਕੇ ਲੜ ਰਹੇ ਹਨ। ਇਸ ਰੈਲੀ ਵਿੱਚ ਸ਼ਾਮਲ ਜ਼ਿਆਦਾਤਰ ਉਹ ਪਾਰਟੀਆਂ ਹਨ ਜਿਨ੍ਹਾਂ ਦੇ ਆਗੂਆਂ ਨੂੰ ਕੇਂਦਰੀ ਜਾਂਚ ਏਜੰਸੀਆਂ ਈ.ਡੀ., ਇਨਕਮ ਟੈਕਸ, (ਬਾਕੀ ਸਫ਼ਾ 30 'ਤੇ)

# ਦਿੱਲੀ ਪੁਲਿਸ ਵੱਲੋਂ ਨਕਲੀ ਦਵਾਈਆਂ ਦੇ ਇੱਕ ਵੱਡੇ ਗਿਰੋਹ ਦਾ ਪਰਦਾਫ਼ਾਸ਼

## ਨਕਲੀ ਦਵਾਈਆਂ ਦਾ ਕਾਰੋਬਾਰ ਭਾਰਤ ਵਿੱਚ ਬਣਿਆ ਸੰਗਠਿਤ ਅਪਰਾਧ

ਬੀਤੇ ਦਿਨੀਂ ਦਿੱਲੀ ਪੁਲਿਸ ਨੇ ਨਕਲੀ ਦਵਾਈਆਂ ਦੇ ਇੱਕ ਵੱਡੇ ਗਿਰੋਹ ਨੂੰ ਫੜਿਆ ਸੀ। ਪੁਲਿਸ ਨੇ ਨਕਲੀ ਕੀਮੋਥੈਰੇਪੀ ਦਵਾਈਆਂ ਦੇ ਸੌਦੇ ਦੇ ਦੋਸ਼ ਵਿੱਚ ਬਿਹਾਰ ਦੇ ਮੁਜ਼ੱਫਰਪੁਰ ਤੋਂ ਇੱਕ ਹੋਰ ਮੁਲਜ਼ਮ ਨੂੰ ਗ੍ਰਿਫ਼ਤਾਰ ਕੀਤਾ ਸੀ। ਪੁਲਿਸ ਪਹਿਲਾਂ ਹੀ ਸੱਤ ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕਰ ਚੁੱਕੀ ਸੀ। ਅੱਠਵੇਂ ਮੁਲਜ਼ਮ ਦੀ ਪਛਾਣ ਬਿਹਾਰ ਦੇ ਮੁਜ਼ੱਫਰਪੁਰ ਦੇ ਰਹਿਣ ਵਾਲੇ ਆਦਿਤਿਆ ਕ੍ਰਿਸ਼ਨ ਵਜੋਂ ਹੋਈ ਸੀ। ਉਸ ਨੂੰ ਦਿੱਲੀ ਲਿਆਂਦਾ ਗਿਆ ਸੀ। ਆਦਿਤਿਆ ਕ੍ਰਿਸ਼ਨਾ ਨੀਰਜ ਚੌਹਾਨ ਤੋਂ ਦਵਾਈਆਂ ਖਰੀਦ ਕੇ ਪੁਣੇ ਅਤੇ ਐਨ.ਸੀ.ਆਰ. ਵਿੱਚ ਸਪਲਾਈ ਕਰਦਾ ਸੀ। ਉਹ ਮੁਜ਼ੱਫਰਪੁਰ ਵਿੱਚ ਦਵਾਈਆਂ ਦੀ ਦੁਕਾਨ ਚਲਾਉਂਦਾ ਸੀ। ਉਸਨੇ ਆਈ. ਆਈ. ਟੀ. ਬੀ.ਐਚ.ਯੂ. ਤੋਂ ਕੀਤੀ ਹੈ। ਫੜਿਆ ਗਿਆ ਕਥਿਤ ਦੋਸ਼ੀ ਬਿਨਾਂ ਕਿਸੇ ਐਕਟਿਵ ਇੰਡੀਰਿਟੈਂਟ ਦੇ ਨਕਲੀ ਦਵਾਈਆਂ ਦੇ ਕੇ ਮਰੀਜ਼ਾਂ ਦੀਆਂ ਕੀਮਤੀ ਜਾਨਾਂ ਨਾਲ ਖਿਲਵਾੜ ਕਰ ਰਿਹਾ ਸੀ। ਦਿੱਲੀ ਦੇ ਮੋਤੀ ਨਗਰ ਵਿੱਚ ਨਕਲੀ ਦਵਾਈਆਂ ਬਣਾਈਆਂ ਜਾਂਦੀਆਂ ਸਨ। ਮੁਲਜ਼ਮਾਂ ਦੇ ਇਸ਼ਾਰੇ ’ਤੇ ਸੱਤ ਅੰਤਰਰਾਸ਼ਟਰੀ ਅਤੇ ਦੋ ਭਾਰਤੀ ਬਰਾਂਡਾਂ ਦੀਆਂ 4 ਕਰੋੜ ਰੁਪਏ ਦੀਆਂ ਨਕਲੀ ਕੈਂਸਰ ਦਵਾਈਆਂ ਬਰਾਮਦ ਕੀਤੀਆਂ ਗਈਆਂ ਹਨ। ਪੁਲਿਸ ਨੇ ਮੁਲਜ਼ਮਾਂ ਕੋਲੋਂ ਕੈਂਸਰ ਦੀਆਂ ਅਲੱਗ-ਅਲੱਗ ਬ੍ਰਾਂਡਾਂ ਦੀਆਂ ਨਕਲੀ ਦਵਾਈਆਂ ਬਰਾਮਦ ਕੀਤੀਆਂ। ਇਨ੍ਹਾਂ ਵਿੱਚ ਸੱਤ ਦਵਾਈਆਂ ਵਿਦੇਸ਼ੀ ਅਤੇ ਦੋ ਭਾਰਤੀ ਬ੍ਰਾਂਡਾਂ ਦੀਆਂ ਹਨ। ਮੁਲਜ਼ਮ ਕੀਮੋਥੈਰੇਪੀ ਦੇ ਇੰਜੈਕਸ਼ਨ ਵਿੱਚ ਪੰਜਾਹ ਤੋਂ ਸੌ ਰੁਪਏ ਦੀ ਐਂਟੀ ਫੰਗਲ ਦਵਾਈ ਭਰ ਕੇ ਇਕ ਤੋਂ ਸਵਾ ਲੱਖ ਰੁਪਏ ਵਿੱਚ ਵੇਚ ਰਹੇ ਸਨ। ਕੁਝ ਦਿਨ ਪਹਿਲਾਂ ਹੀ ਤੇਲੰਗਾਨਾ ਵਿੱਚ ਡਰੱਗ ਕੰਟਰੋਲਰ



ਪ੍ਰਸ਼ਾਸਕ ਨੇ ਚਾਕ ਪਾਊਡਰ ਨਾਲ ਭਰੀਆਂ ਡੰਮੀ ਗੋਲ਼ੀਆਂ ਬਰਾਮਦ ਕੀਤੀਆਂ ਸਨ। ਇਸੇ ਤਰ੍ਹਾਂ ਗਾਜ਼ੀਆਬਾਦ ਵਿੱਚ ਨਕਲੀ ਦਵਾ ਬਣਾਉਣ ਵਾਲੀ ਫੈਕਟਰੀ ਫੜੀ ਗਈ ਸੀ।

ਪਿਛਲੇ ਸਾਲ, ਹਰਿਆਣਾ ਆਧਾਰਿਤ ਕੰਪਨੀ ‘ਮੇਡਨ ਫਾਰਮਾਸਿਊਟੀਕਲਜ’ ਦੁਆਰਾ ਭਾਰਤ ਵਿੱਚ ਬਣਾਈਆਂ ਜਾਣ ਵਾਲ਼ੀਆਂ ਖੰਘ ਦੀਆਂ ਦਵਾਈਆਂ ਦੇ ਚਾਰ ਬ੍ਰਾਂਡਾਂ ’ਤੇ ਹਾਨੀਕਾਰਕ ਮਿਲਾਵਟੀ ਰਸਾਇਣਕ ਤੱਤਾਂ ਡਾਇਥਾਈਲੀਨ ਗਲਾਈਕੋਲ (ਡੀ.ਈ.ਜੀ.) ਅਤੇ ਐਥੀਲੀਨ ਗਲਾਈਕੋਲ (ਈ.ਜੀ.) ਦੀ ਮੌਜੂਦਗੀ ਦਾ ਦੋਸ਼ ਲਗਾਇਆ ਗਿਆ ਸੀ, ਇਸ ਮਿਲਾਵਟ ਨਾਲ਼ ਗੈਂਬੀਆ ਵਿੱਚ ਲਗਭਗ 70 ਬੱਚਿਆਂ ਦੀ ਮੌਤ ਹੋ ਗਈ ਸੀ।

(ਬਾਕੀ ਸਫ਼ਾ 30 ’ਤੇ)

## ਕੀ ਇਸ ਦਾ ਕੋਈ ਹੱਲ ਹੈ ?

ਸਰਕਾਰ ਵੀ ਇਨ੍ਹਾਂ ਕੰਪਨੀਆਂ ਦਾ ਪੱਖ ਪੂਰਦੀ ਆਈ ਹੈ। ਅੰਕੜਿਆਂ ਨੂੰ ਤੋੜਨਾ-ਮਰੋੜਨਾ, ਸਮੱਸਿਆ ਨੂੰ ਘਟਾ ਕੇ ਪੇਸ਼ ਕਰਨਾ ਅਤੇ ਜਦੋਂ ਉੱਕਾ ਹੀ ਮਾਮਲਾ ਵਿਗੜਦਾ ਦਿਖੇ ਤਾਂ ਸ਼ਰੇਆਮ ਕੰਪਨੀਆਂ ਦਾ ਪੱਖ ਪੂਰਨਾ, ਇਹੀ ਹੈ ਜੋ ਸਰਕਾਰਾਂ ਕਰਦੀਆਂ ਆਈਆਂ ਹਨ। ਇਹ ਗੱਲ ਜੱਗ ਜਾਹਿਰ ਹੈ ਕਿ ਕਨੂੰਨ ਬਣਾਉਣ ਤੋਂ ਲੈਕੇ ਲਾਗੂ ਕਰਵਾਉਣ ਵਾਲ਼ੀਆਂ ਸਰਕਾਰਾਂ ਇਨ੍ਹਾਂ ਕੰਪਨੀਆਂ ਤੋਂ ਹੀ ਚੋਣਾਂ ਸਮੇਂ ਭਾਰੀ ਫੰਡ ਹਾਸਲ ਕਰਦੀਆਂ ਹਨ। ਇਸ ਲਈ ਇਹ ਸਰਕਾਰਾਂ ਲੋੜ ਪੈਣ ’ਤੇ ਇਨ੍ਹਾਂ ਸਰਮਾਏਦਾਰਾਂ ਦਾ ਪੱਖ ਹੀ ਪੂਰਦੀਆਂ ਹਨ । ਇਨ੍ਹਾਂ ਫਾਰਮਾ ਕੰਪਨੀਆਂ ਦਾ ਇਹ ਲੋਟੂ ਧੰਦਾ ਸਰਕਾਰ ਅਤੇ ਕੰਟਰੋਲ ਸੰਸਥਾਵਾਂ ਦੀ ਮਿਲ਼ੀ ਭੁਗਤ ਨਾਲ਼ ਹੀ ਚਲਦਾ ਹੈ।

## ਨਕਲੀ ਦਵਾਈਆਂ ਸਬੰਧੀ ਕੀ ਹੈ ਕਾਨੂੰਨ ?

ਭਾਰਤ ਵਿੱਚ ਨਕਲੀ ਤੇ ਮਿਲਾਵਟੀ ਦਵਾਈਆਂ ’ਤੇ ਰੋਕ ਲਗਾਉਣ ਲਈ ਦਵਾਈ ਅਤੇ ਪ੍ਰਸਾਧਨ ਸਮੱਗਰੀ ਐਕਟ, 1940 ਵਿੱਚ ਸਜ਼ਾ ਅਤੇ ਜੁਰਮਾਨੇ ਦੀ ਵਿਵਸਥਾ ਹੈ। ਇਸ ਤਹਿਤ ਨਕਲੀ ਦਵਾਈਆਂ ਕਾਰਨ ਰੋਗੀ ਦੀ ਮੌਤ ਜਾਂ ਗੰਭੀਰ ਨੁਕਸਾਨ ’ਤੇ ਉਮਰ ਕੈਦ ਦੀ ਵਿਵਸਥਾ ਹੈ। ਮਿਲਾਵਟੀ ਜਾਂ ਬਿਨਾਂ ਲਾਇਸੈਂਸ ਦਵਾ ਬਣਾਉਣ ’ਤੇ ਪੰਜ ਸਾਲਾਂ ਦੀ ਸਜ਼ਾ ਦੀ ਵਿਵਸਥਾ ਹੈ। ਇਸ ਐਕਟ ਤਹਿਤ ਸਥਾਪਤ ਕੇਂਦਰੀ ਔਸ਼ਧੀ ਮਾਨਕ ਨਿਯੰਤਰਣ ਸੰਗਠਨ ਦਵਾਈਆਂ, ਸੁੰਦਰਤਾ ਸਮੱਗਰੀ ਅਤੇ ਡਾਕਟਰੀ



ਸਾਜ਼ੋ-ਸਾਮਾਨਾਂ ਦਾ ਕੌਮੀ ਰੈਗੂਲੇਟਰ ਹੈ। ਭਾਰਤ ਦਾ ਔਸ਼ਧੀ ਮਹਾ-ਨਿਯੰਤਰਕ ਦਵਾਈਆਂ ਦੇ ਨਿਰਮਾਣ, ਵਿਕਰੀ, ਦਰਾਮਦ ਤੇ ਡਿਸਟ੍ਰੀਬਿਊਸ਼ਨ ਨਾਲ ਜੁੜੇ ਮਾਪਦੰਡ ਨਿਰਧਾਰਤ ਕਰਦਾ ਹੈ। ਇਹ ਸੂਬਿਆਂ ਦੇ ਖ਼ੁਰਾਕ ਅਤੇ ਡਰੱਗਜ਼ ਰੈਗੂਲੇਟਰ ਅਥਾਰਟੀਜ਼ ਨਾਲ ਤਾਲਮੇਲ ਵੀ ਸਥਾਪਤ ਕਰਦਾ ਹੈ। ਸੂਬਾ ਪੱਧਰ ’ਤੇ ਔਸ਼ਧੀ ਨਿਯੰਤਰਕ ਤੇ ਜ਼ਿਲ੍ਹਿਆਂ ਵਿੱਚ ਡਰੱਗਜ਼ ਇੰਸਪੈਕਟਰ ਦਵਾਈਆਂ ਦੀ ਗੁਣਵੱਤਾ ਨਿਰਧਾਰਤ ਕਰਨ ਵਾਲੀਆਂ ਸਭ ਤੋਂ ਅਹਿਮ ਕੜੀਆਂ ਹਨ। ਭਾਰਤ ਦੇ ਵੱਖ-ਵੱਖ ਸੂਬਿਆਂ ਵਿਚ 29 ਦਵਾ ਪ੍ਰੀਖਣ ਲੈਬਜ਼ ਹਨ। ਇਸ ਤੋਂ ਇਲਾਵਾ ਅੱਠ ਕੇਂਦਰੀ ਲੈਬਜ਼ ਵੀ ਹਨ। ਮਿਲਾਵਟੀ ਦਵਾਈਆਂ ’ਤੇ ਰੋਕ ਲਗਾਉਣ ਲਈ ਸੋਮਿਆਂ ਦੀ ਕਮੀ ਨਹੀਂ ਹੈ। ਅਜਿਹੇ ਮਾਮਲਿਆਂ ਵਿੱਚ ਰਾਜਨੀਤਕ ਦਬਾਅ ਤੋਂ ਮੁਕਤ ਹੋ ਕੇ ਰੈਗੂਲੇਟਰ ਏਜੰਸੀਆਂ ਦੁਆਰਾ ਕਾਰਵਾਈ ਕੀਤੇ ਜਾਣ ਦੀ ਲੋੜ ਹੈ।

ਪਿਛਲੇ ਸਾਲ ਦਵਾਈਆਂ ਵਿੱਚ ਕਿਊ.ਆਰ. ਕੋਡ ਲਗਾਏ ਜਾਣ ਦੀ ਪਹਿਲ ਸ਼ੁਰੂ ਹੋਈ ਹੈ। ਇਹ ਸਾਰੀਆਂ ਦਵਾਈਆਂ ਵਿੱਚ ਲਾਜ਼ਮੀ ਕੀਤਾ ਜਾਣਾ ਚਾਹੀਦਾ ਹੈ। ਇਸ ਨਾਲ ਦਵਾਈਆਂ ਦੀ ਕਾਲਾਬਾਜ਼ਾਰੀ ਰੋਕਣ ਵਿੱਚ ਮਦਦ ਮਿਲੇਗੀ।

ਅਕਾਲ ਆਈ ਹਸਪਤਾਲ ਦੇ ਮੁੱਖ ਡਾਕਟਰ ਬਲਬੀਰ ਸਿੰਘ ਭੌਰਾ ਦਾ ਕਹਿਣਾ ਹੈ ਕਿ ਆਲਮੀ ਪੱਧਰ ’ਤੇ 20 ਪ੍ਰਤੀਸ਼ਤ ਜੈਨੇਰਿਕ ਦਵਾਈਆਂ ਦੀ ਸਪਲਾਈ ਭਾਰਤ ਕਰਦਾ ਹੈ। ਇੱਕ ਅਨੁਮਾਨ ਮੁਤਾਬਕ ਜਲਦ ਹੀ ਭਾਰਤੀ ਦਵਾ ਬਾਜ਼ਾਰ 60.9 ਅਰਬ ਡਾਲਰ ਦੇ ਪੱਧਰ ਨੂੰ ਪਾਰ ਕਰ ਜਾਵੇਗਾ। ਅਜਿਹੇ ਵਿੱਚ ਆਪਣੇ ਮੁਨਾਫ਼ੇ ਲਈ ਲੋਕਾਂ ਦੀ ਸਿਹਤ ਨਾਲ ਖਿਲਵਾੜ ਕਰਨ ਵਾਲਿਆਂ ’ਤੇ ਸਮਾਂ ਰਹਿੰਦੇ ਸਖ਼ਤ ਕਾਰਵਾਈ ਕਰਨੀ ਹੋਵੇਗੀ। ਨਕਲੀ ਦਵਾਈਆਂ ਨੂੰ ਜਿਥੇ ਬਣਾਉਣਾ-ਵੇਚਣਾ ਭ੍ਰਿਸ਼ਟਾਚਾਰ ਹੈ, ਉਥੇ ਮਨੁੱਖੀ ਸਿਹਤ ਲਈ ਇੱਕ ਵੱਡਾ ਖ਼ਤਰਾ ਵੀ ਹੈ। ਅਜਿਹੇ ਵਿੱਚ ਰੈਗੂਲੇਟਰੀ ਵਿਵਸਥਾ ਨੂੰ ਮਜ਼ਬੂਤ ਬਣਾਉ ਦੀ ਲੋੜ ਹੈ ਤਾਂ ਜੋ ਨਕਲੀ ਅਤੇ ਮਿਲਾਵਟੀ ਦਵਾਈਆਂ ਤੋਂ ਛੁਟਕਾਰਾ ਮਿਲ ਸਕੇ।

## ਸਿੱਖਾਂ ਦੀ ਰਾਜਸੀ, ਸਮਾਜਿਕ ਤੇ ਆਰਥਿਕ ਹੋਣੀ ਬਾਰੇ ਵਿਚਾਰ ਚਰਚਾ



ਪਿਛਲੇ ਕੁੱਝ ਸਮੇਂ ਤੋਂ ਕੌਮੀ ਹਲਕਿਆਂ ਵਿੱਚ ਪੱਛਮ, ਆਧੁਨਿਕਤਾ, ਰਾਸ਼ਟਰਵਾਦ ਅਤੇ ਨੇਸ਼ਨ- ਸਟੇਟ ਦੇ ਸਿੱਖ ਪਰੰਪਰਾਵਾਂ ਦੇ ਵਿਰੋਧ ਬਾਰੇ ਵਿਵਾਦ ਚੱਲ ਰਿਹਾ ਹੈ। ਇਸ ਵਿਵਾਦ ਦਾ ਸਿਧਾਂਤਕ ਆਧਾਰ ਖਾਸ ਕਰਕੇ ਉੱਤਰ- ਬਸਤੀਵਾਦੀ ਵਿਚਾਰਾਂ ਤੋਂ ਪੈਦਾ ਹੋਈ ਯੂਰਪ ਕੇਂਦ੍ਰਿਤ ਵਿਰੋਧਤਾ ਹੈ ਪਰ ਇੰਨਾਂ ਸਾਰੇ ਵਰਤਾਰਿਆਂ ਦੇ ਸਿੱਖਾਂ ਦੀ ਰਾਜਸੀ, ਸਮਾਜਿਕ ਤੇ ਆਰਥਿਕ ਹੋਣੀ ’ਤੇ ਡੂੰਘੇ ਅਸਰ ਪਏ ਹਨ। ਇਸ ਕਰਕੇ ਇੰਨਾਂ ਵਰਤਾਰਿਆਂ ਸਬੰਧੀ ਵੱਡੀ ਸਿਧਾਂਤਕ ਚਰਚਾ ਦੀ ਜ਼ਰੂਰਤ ਹੈ। ਆਸ ਹੈ ਕਿ ਕੌਮੀ ਤੌਰ ’ਤੇ ਚੇਤੰਨ ਸਿੱਖ ਇਸ ਚਰਚਾ ਵਿੱਚ ਆਪਣਾ ਵਿਚਾਰਕ ਹਿੱਸਾ ਪਾਉਣਗੇ। ਇਸ ਸਬੰਧੀ ਵਿਦਵਾਨ ਲੇਖਕ ਆਪਣੇ ਵਿਚਾਰ 500 ਸ਼ਬਦਾਂ ਵਿੱਚ ਯੂਨੀਕੋਡ ਜਾਂ ਸਤਲੁਜ ਫੌਂਟ ਵਿੱਚ ਲਿਖ ਕੇ ਈਮੇਲ ਰਾਹੀਂ ਭੇਜ ਸਕਦੇ ਹਨ

**ਈ ਮੇਲ : asrtimes@gmail.com**


CAPITAL SERVICES
INSURANCE | VEHICLE REG. | IMMIGRATION | NOTARY PUBLIC | LIVE SCAN
ਸੈਕਰਾਮੈਂਟੋ, ਕੈਲੀਫੋਰਨੀਆ
AUTO · HOME · TRUCK · BUSINESS · LIFE · MEDICAL

ਪਾਸਪੋਰਟ / ਵੀਜ਼ਾ
* ਓ ਸੀ ਆਈ
* ਸਰੈਂਡਰ ਸਰਟੀਫਿਕੇਟ, ਪੈਨ ਕਾਰਡ
* ਫੈਮਲੀ ਪਟੀਸ਼ਨ * ਗਰੀਨ ਕਾਰਡ
* ਸਿਟੀਜ਼ਨ * ਵਸੀਅਤ *Living Trust
* ਫੈਮਲੀ ਪਟੀਸ਼ਨ *Legal Documents
The Attorney has 25 years of experience in your favor for all legal services

Vehicle Registration
(Approved by CA DMV)
* ਕਾਰ ਸਟਿੱਕਰ ਸਲਾਨਾ
* ਕਾਰ ਟਰਾਂਸਫਰ
* ਪਲੇਟਾਂ ਤੇ ਸਟਿੱਕਰ
* ਕਮਰਸ਼ੀਅਲ ਵਹੀਕਲ
* Vin Verification
Lic 43779

Other Services
* Live Scan / Fingerprints
* Covered California.
* Drug Testing * Alcohol Test
* Notary Services
* International Driver Lic.
Lic 6000947



Office Ph.(916) 427-4321
6624 FLORIN ROAD, SACRAMENTO CA, 95828
FAX: 916)258-0441, Cell: (916)308-7997
Email: sacramento99@yahoo.com Website: www.capitalservices.us

ALL STATE INSURANCE
Allstate You're in good hands.
ਕਿਸੇ ਕਿਸਮ ਦੀ ਇਨਸੋਰੈਂਸ ਵਾਸਤੇ ਅੱਜ ਹੀ ਕਾਲ ਕਰੋ
ਇੱਕ ਕਾਲ ਨਾਲ ਤੁਹਾਡੀ ਵੱਡੀ ਬੱਚਤ ਹੋ ਸਕਦੀ ਹੈ
AUTO HOME LIFE HEALTH BUSINESS



Avninder Singh
Insurance Specialist, CA --LIC: #0822501
Phone : (510) 441-7490
(877) 441-7490
FAX : (510) 441-2537
ADDRESS : 30042 MISSION BLVD
SUITE #221, HAYWARD, CA 94544

CAPITAL DRUG TESTING
Capital DRUG TESTING
Drug and Alcohol Test
DOT / NON DOT
PRE EMPLOYMENT - RANDOM
POST ACCIDENT - REASONABLE SUSPICION
Services: DOT Random Prog., FMCSA Clearinghouse,
DOT Supervisor Training, SAP Classes Etc.



Lab. Ph:(916) 680-9293
6624 Florin Road
Sacramento CA, 95828
Email: capitaldrugtest@gmail.com
Website: www.capitaldrugtest.com

# ਸੰਯੁਕਤ ਕਿਸਾਨ ਮੋਰਚਾ ਪੰਜਾਬ ਵੱਲੋਂ ਭਾਜਪਾ ਦਾ ਵਿਰੋਧ ਕਰਨ ਦਾ ਐਲਾਨ

## 8 ਅਪ੍ਰੈਲ ਨੂੰ ਮੋਹਾਲੀ ਵਿਖੇ ਵਿਸ਼ਾਲ ਰੈਲੀ ਅਤੇ 21 ਮਈ ਨੂੰ ਜਗਰਾਉਂ ਵਿਖੇ ਹੋਵੇਗੀ ਮਹਾਂ ਪੰਚਾਇਤ

ਜਲੰਧਰ/ਏ.ਟੀ.ਨਿਊਜ਼ : ਸੰਯੁਕਤ ਕਿਸਾਨ ਮੋਰਚਾ ਪੰਜਾਬ ਵਿੱਚ ਸ਼ਾਮਲ ਜਥੇਬੰਦੀਆਂ ਦੀ ਮੀਟਿੰਗ ਦੇਸ਼ ਭਗਤ ਯਾਦਗਾਰ ਹਾਲ ਜਲੰਧਰ ਵਿਖੇ ਹੋਈ, ਜਿਸ ਦੀ ਪ੍ਰਧਾਨਗੀ ਬੂਟਾ ਸਿੰਘ ਬੁਰਜ ਗਿੱਲ, ਕੰਵਲਪ੍ਰੀਤ ਸਿੰਘ ਪੰਨੂ ਅਤੇ ਸੰਦੀਪ ਅਰੋੜਾ ਨੇ ਕੀਤੀ। ਮੀਟਿੰਗ ਵਿੱਚ ਪੰਜਾਬ ਸਰਕਾਰ ਵੱਲੋਂ ਕੇਂਦਰ ਦੇ ਦਬਾਅ ਅਧੀਨ ਪੰਜਾਬ ਵਿੱਚ 9 ਕਾਰਪੋਰੇਟ ਘਰਾਣਿਆਂ ਨੂੰ 26 ਮਾਰਕੀਟ ਕਮੇਟੀਆਂ ਦੇ ਅਧੀਨ ਆਉਂਦੇ ਖਰੀਦ ਕੇਂਦਰਾਂ ਵਿੱਚ 9 ਸਾਈਲੋ ਖੋਲਣ ਨੂੰ ਦਿੱਤੀ ਮਨਜ਼ੂਰੀ ਨੂੰ ਬੜੀ ਗੰਭੀਰਤਾ ਨਾਲ ਵਿਚਾਰਿਆ ਗਿਆ।



ਇਸ ਮੌਕੇ ਸੰਬੋਧਨ ਕਰਦਿਆਂ ਕਿਸਾਨ ਆਗੂਆਂ ਨੇ ਕਿਹਾ ਕਿ ਜਿਹੜੇ ਤਿੰਨ ਕਾਲੇ ਖੇਤੀ ਕਾਨੂੰਨਾਂ ਨੂੰ ਰੱਦ ਕਰਵਾਉਣ ਲਈ ਕਿਸਾਨਾਂ ਨੇ 730 ਸ਼ਹੀਦੀਆਂ ਦਿੱਤੀਆਂ ਅਤੇ 13 ਮਹੀਨੇ ਦਿੱਲੀ ਦੇ ਬਾਰਡਰਾਂ ਤੇ ਐਸਕੇਐਮ ਦੀ ਅਗਵਾਈ ਵਿੱਚ ਸੰਘਰਸ਼ ਕੀਤਾ, ਉਨ੍ਹਾਂ ਕਾਲੇ ਕਾਨੂੰਨਾਂ ਨੂੰ ਪੰਜਾਬ ਵਿੱਚ ਪੁੱਠੇ ਪਾਸਿਓਂ ਲਾਗੂ ਕਰਨ ਦਾ ਰਾਹ ਫੜ ਲਿਆ ਗਿਆ ਹੈ। ਜਦੋਂ ਕਿਸਾਨ ਆਪਣੀ ਫ਼ਸਲ ਸਿੱਧੀ ਸਾਈਲੋਜ ਵਿੱਚ ਲਿਜਾਣ ਲੱਗ ਜਾਣਗੇ ਤਾਂ ਸਰਕਾਰੀ ਮੰਡੀਆਂ ਵਿੱਚ ਅਨਾਜ ਦੀ ਆਮਦ ਘਟ ਜਾਵੇਗੀ। ਇਸ ਤਰ੍ਹਾਂ ਮੰਡੀਆਂ ਨੂੰ ਫੇਲ੍ਹ ਕਰ ਦਿੱਤਾ ਜਾਵੇਗਾ ਅਤੇ ਅਖੀਰ ਵਿੱਚ ਮੰਡੀਆਂ ਨੂੰ ਬੰਦ ਕਰ ਕੇ ਕਿਸਾਨਾਂ ਨੂੰ ਇਨ੍ਹਾਂ ਕਾਰਪੋਰੇਟ ਘਰਾਣਿਆਂ ਦੇ ਰਹਿਮ ਕਰਮ 'ਤੇ ਛੱਡ ਦਿੱਤਾ ਜਾਵੇਗਾ।

ਉਹਨਾਂ ਕਿਹਾ ਕਿ ਪੰਜਾਬ ਦੇ ਬਹਾਦਰ ਲੋਕ ਇਹਨਾਂ ਧੱਕੇਸ਼ਾਹੀਆਂ ਨੂੰ ਬਿਲਕੁਲ ਬਰਦਾਸ਼ਤ ਨਹੀਂ ਕਰਨਗੇ। ਇਸ ਦਾ ਵਿਰੋਧ ਕਰਨ ਲਈ 8 ਅਪ੍ਰੈਲ ਨੂੰ ਮੁਹਾਲੀ ਵਿਖੇ ਸੰਯੁਕਤ ਕਿਸਾਨ ਮੋਰਚਾ ਪੰਜਾਬ ਵੱਲੋਂ ਵਿਸ਼ਾਲ ਰੈਲੀ ਅਤੇ ਮੁਜ਼ਾਹਰਾ ਕੀਤਾ ਜਾਵੇਗਾ। ਇਸ ਦੀਆਂ ਤਿਆਰੀਆਂ ਸ਼ੁਰੂ ਕਰ ਦਿੱਤੀਆਂ ਗਈਆਂ ਹਨ। ਕਿਸਾਨ ਆਗੂਆਂ ਨੇ ਕਿਹਾ ਕਿ ਅੱਠ ਅਪ੍ਰੈਲ ਜਿਸ ਦਿਨ ਸ਼ਹੀਦ ਭਗਤ ਸਿੰਘ ਹੁਰਾਂ ਨੇ ਬੋਲਿਆਂ ਨੂੰ ਸੁਣਾਉਣ ਲਈ ਅਸੈਂਬਲੀ ਵਿੱਚ ਬੰਬ ਧਮਾਕਾ ਕੀਤਾ ਸੀ, ਉਸ ਦਿਨ ਮੰਡੀਆਂ ਦੇ ਨਿੱਜੀਕਰਨ ਦੀ ਇਸ ਚਾਲ ਦਾ ਵਿਰੋਧ ਕਰਨ ਲਈ ਅਗਲੇ ਪ੍ਰੋਗਰਾਮ ਦਾ ਐਲਾਨ ਵੀ ਕੀਤਾ ਜਾਵੇਗਾ।

ਮੀਟਿੰਗ ਵਿੱਚ ਸਰਬ ਸੰਮਤੀ ਨਾਲ ਮਤਾ ਪਾਸ ਕੀਤਾ ਗਿਆ ਕਿ ਨਰਿੰਦਰ ਮੋਦੀ ਦੀ ਅਗਵਾਈ ਵਾਲੀ ਭਾਰਤੀ ਜਨਤਾ ਪਾਰਟੀ ਸਰਕਾਰ ਕਿਸਾਨ ਮਜ਼ਦੂਰ ਅਤੇ ਲੋਕ ਵਿਰੋਧੀ ਹੈ। ਦਿੱਲੀ ਦੇ ਰਾਮ ਲੀਲਾ ਗਰਾਊਂਡ ਵਿਖੇ 19 ਦਸੰਬਰ ਨੂੰ ਹੋਈ ਕਿਸਾਨ ਮਜ਼ਦੂਰ ਮਹਾਂ ਪੰਚਾਇਤ ਨੂੰ ਪ੍ਰਵਾਨਗੀ ਦੇ ਕੇ ਵੀ ਜਿਸ ਤਰ੍ਹਾਂ ਕਿਸਾਨਾਂ ਅਤੇ ਬੀਬੀਆਂ ਨੂੰ ਸੜਕਾਂ 'ਤੇ ਰੋਲਿਆ ਗਿਆ, ਰੇਲਵੇ ਸਟੇਸ਼ਨਾਂ 'ਤੇ ਪਰੇਸ਼ਾਨ ਕੀਤਾ ਗਿਆ ਅਤੇ ਦਿੱਲੀ ਜਾਣ ਵਿੱਚ ਅੜਿੱਕੇ ਲਾਏ ਗਏ ਉਸ ਨੂੰ ਦੇਖਦੇ ਹੋਏ 21 ਮਈ ਨੂੰ ਮੋਦੀ ਹਰਾਉ, ਕਾਰਪੋਰੇਟ ਭਜਾਉ, ਦੇਸ਼ ਬਚਾਉ ਨਾਅਰੇ ਅਧੀਨ ਜਗਰਾਉਂ ਵਿਖੇ ਮਹਾਂ ਰੈਲੀ ਕੀਤੀ ਜਾਵੇਗੀ ਜਿਸ ਵਿੱਚ ਕਿਸਾਨਾਂ ਦੀ ਕਰਜ਼ਾ ਮੁਕਤੀ, ਫੈਡਰਲ ਸਿਸਟਮ ਦੀ ਰਾਖੀ ਅਤੇ ਪੰਜਾਬ ਦੇ ਮੁੱਦਿਆਂ ਵਾਸਤੇ ਆਵਾਜ਼ ਬੁਲੰਦ ਕੀਤੀ ਜਾਵੇਗੀ।

# ਚੰਦੂਮਾਜਰਾ, ਰੱਖੜਾ, ਮਲੂਕਾ ਦੇ ਭਾਜਪਾ 'ਚ ਜਾਣ ਦੀਆਂ ਛਿੜੀਆਂ ਚਰਚਾਵਾਂ

### ਅਕਾਲੀ ਆਗੂ ਮਲੂਕਾ ਤੇ ਰੱਖੜਾ ਨੇ ਕਿਹਾ ਕਿ ਉਹ ਅਕਾਲੀ ਹੀ ਰਹਿਣਗੇ ,ਪਰ ਲੋਕ ਸਭਾ ਚੋਣ ਨਹੀਂ ਲੜਨਗੇ

ਜਲੰਧਰ/ਏ.ਟੀ.ਨਿਊਜ਼ : ਅਕਾਲੀ ਦਲ ਦੇ ਵੱਡੇ ਆਗੂਆਂ ਸਿਕੰਦਰ ਸਿੰਘ ਮਲੂਕਾ, ਪ੍ਰੋਫੈਸਰ ਪ੍ਰੇਮ ਸਿੰਘ ਚੰਦੂਮਾਜਰਾ, ਸੁਰਜੀਤ ਸਿੰਘ ਰੱਖੜਾ ਦੀਆਂ ਭਾਜਪਾ ਵਿੱਚ ਜਾਣ ਦੀਆਂ ਚਰਚਾਵਾਂ ਛਿੜੀਆਂ ਹੋਈਆਂ ਹਨ। ਅਕਾਲੀ ਹਲਕਿਆਂ ਦਾ ਮੰਨਣਾ ਹੈ ਕਿ ਇਹ ਭਾਜਪਾ ਵੱਲੋਂ ਅਕਾਲੀ ਦਲ ਨੂੰ ਕਮਜ਼ੋਰ ਕਰਨ ਦਾ ਨੈਰੇਟਿਵ ਹੈ। ਭਾਜਪਾ ਨੂੰ ਉਮੀਦਵਾਰ ਲੱਭ ਨਹੀਂ ਰਹੇ,ਇਸ ਲਈ ਉਹ ਦੂਸਰੀਆਂ ਪਾਰਟੀਆਂ ਦੇ ਆਗੂਆਂ ਉੱਪਰ ਨਜ਼ਰ ਧਰੀ ਬੈਠੀ ਹੈ। ਅਕਾਲੀ ਆਗੂ ਸਿਕੰਦਰ ਸਿੰਘ ਮਲੂਕਾ ਨੇ ਭਾਜਪਾ ਵਿੱਚ ਜਾਣ ਦੀ ਅਫਵਾਹ ਨੂੰ ਖਾਰਜ ਕਰ ਦਿੱਤਾ ਹੈ। ਉਨ੍ਹਾਂ ਕਿਹਾ ਹੈ ਕਿ ਉਹ ਅਕਾਲੀ ਦਲ ਦੇ ਸਿਪਾਹੀ ਹਨ ਅਤੇ ਹਮੇਸ਼ਾ ਅਕਾਲੀ ਹੀ ਰਹਿਣਗੇ। ਅਕਾਲੀ ਲੀਡਰ ਸਿਕੰਦਰ ਸਿੰਘ ਮਲੂਕਾ ਨੇ ਕਿਹਾ ਕਿ ਨਾ ਤਾਂ ਮੇਰੇ ਨਾਲ ਕਿਸੇ ਨੇ ਸੰਪਰਕ ਕੀਤਾ ਹੈ ਅਤੇ ਨਾ ਹੀ ਉਹ ਭਾਜਪਾ ਵਿੱਚ ਜਾ ਰਹੇ ਹਨ। ਇਸ ਦੇ ਨਾਲ ਹੀ ਲੋਕ ਸਭਾ ਚੋਣ ਲੜਨ ਨੂੰ ਲੈ ਕੇ ਪੁੱਛੇ ਗਏ ਸਵਾਲ 'ਤੇ ਉਨ੍ਹਾਂ ਕਿਹਾ ਕਿ ਉਹ ਪਾਰਲੀਮੈਂਟ ਚੋਣ ਨਹੀਂ ਲੜਨਗੇ ਅਤੇ ਨਾ ਹੀ ਉਨ੍ਹਾਂ ਨੇ ਇਸ ਬਾਰੇ ਸੋਚਿਆ ਹੈ।





ਇਸ ਦੌਰਾਨ ਜਦੋਂ ਉਨ੍ਹਾਂ ਤੋਂ ਭਾਜਪਾ ਵੱਲੋਂ ਵੱਡੇ ਅਕਾਲੀ ਆਗੂਆਂ ਨਾਲ ਸੰਪਰਕ ਕੀਤੇ ਜਾਣ ਦੀਆਂ ਚਰਚਾਵਾਂ ਬਾਰੇ ਪੁੱਛਿਆ ਗਿਆ ਤਾਂ ਉਨ੍ਹਾਂ ਕਿਹਾ ਕਿ ਬਾਕੀਆਂ ਬਾਰੇ ਮੈਨੂੰ ਨਹੀਂ ਪਤਾ ਪਰ ਮੇਰੇ ਨਾਲ ਕਿਸੇ ਨੇ ਕੋਈ ਸੰਪਰਕ ਨਹੀਂ ਕੀਤਾ, ਉਹ ਆਪਣੇ ਘਰ ਵਿੱਚ ਹੀ ਹਨ। ਜਿਹੜੀਆਂ ਚਰਚਾਵਾਂ ਚੱਲ ਰਹੀਆਂ ਹਨ, ਇਹ ਮਹਿਜ਼ ਅਫਵਾਹਾਂ ਹਨ, ਇਨ੍ਹਾਂ ਵਿੱਚ ਕੋਈ ਸੱਚਾਈ ਨਹੀਂ ਹੈ। ਪੰਜਾਬ ਦੇ ਸਾਬਕਾ ਮੰਤਰੀ ਅਤੇ ਅਕਾਲੀ ਦਲ ਦੇ ਸੀਨੀਅਰ ਆਗੂ ਸੁਰਜੀਤ ਸਿੰਘ ਰੱਖੜਾ ਨੇ ਭਾਜਪਾ 'ਚ ਜਾਣ ਦੇ ਸਵਾਲ 'ਤੇ ਬੋਲਦਿਆਂ ਕਿਹਾ ਕਿ ਜਦੋਂ ਤੋਂ ਮੈਂ ਜੰਮਿਆ ਹਾਂ, ਅਕਾਲੀ ਦਲ ਹੀ ਹਾਂ ਅਤੇ ਅਕਾਲੀ ਦਲ 'ਚ ਹੀ ਰਹਾਂਗਾ। ਸੁਰਜੀਤ ਸਿੰਘ ਰੱਖੜਾ ਨੇ ਕਿਹਾ ਕਿ ਉਹ ਅਕਾਲੀ ਦਲ ਵੱਲੋਂ ਲੋਕ ਸਭਾ ਚੋਣ ਨਹੀਂ ਲੜਨਗੇ। ਉਨ੍ਹਾਂ ਦਾ ਕਹਿਣਾ ਹੈ ਕਿ ਹਰ ਚੋਣ ਖ਼ੁਦ ਲੜਨ ਨਾਲ ਗੱਡੀ ਨਹੀਂ ਚੱਲਦੀ ਅਤੇ ਵਿਅਕਤੀ ਨੂੰ ਇੱਕ ਸਮੇਂ 'ਤੇ ਆ ਕੇ ਖ਼ੁਦ ਹੀ ਪਿੱਛੇ ਹਟ ਜਾਣਾ ਚਾਹੀਦਾ ਹੈ। ਤੁਹਾਨੂੰ ਦੱਸ ਦੇਈਏ ਕਿ ਅਕਾਲੀ ਦਲ ਵਲੋਂ ਸੁਰਜੀਤ ਸਿੰਘ ਰੱਖੜਾ ਨੂੰ ਪਟਿਆਲਾ ਲੋਕ ਸਭਾ ਸੀਟ ਤੋਂ ਚੋਣ ਮੈਦਾਨ ਵਿੱਚ ਉਤਾਰਨ ਦੀਆਂ ਚਰਚਾਵਾਂ ਚੱਲ ਰਹੀਆਂ ਸਨ। ਇਸ ਸੀਟ 'ਤੇ ਆਮ ਆਦਮੀ ਪਾਰਟੀ ਵਲੋਂ ਕੈਬਨਿਟ ਮੰਤਰੀ ਡਾ. ਬਲਬੀਰ ਸਿੰਘ ਅਤੇ ਭਾਜਪਾ ਵਲੋਂ ਪਰਨੀਤ ਕੌਰ ਚੋਣ ਮੈਦਾਨ 'ਚ ਹਨ, ਜਦੋਂ ਕਿ ਕਾਂਗਰਸ ਵਲੋਂ ਡਾ. ਧਰਮਵੀਰ ਗਾਂਧੀ ਨੂੰ ਇਸ ਸੀਟ ਤੋਂ ਚੋਣ ਮੈਦਾਨ ਵਿੱਚ ਉਤਾਰਨ ਦੀਆਂ ਚਰਚਾਵਾਂ ਹਨ। ਦੂਜੇ ਪਾਸੇ ਅਕਾਲੀ ਹਲਕਿਆਂ ਤੋਂ ਸੂਚਨਾ ਮਿਲੀ ਹੈ ਕਿ ਪ੍ਰੋ. ਚੰਦੂਮਾਜਰਾ ਨੂੰ ਪਟਿਆਲਾ ਸੀਟ ਤੋਂ ਉਤਾਰਿਆ ਜਾ ਰਿਹਾ ਹੈ।

### ਮਾਮਲਾ ਪਤੰਜਲੀ ਦੇ ਗੁੰਮਰਾਹ ਕਰਨ ਵਾਲੇ ਇਸ਼ਤਿਹਾਰਾਂ ਦਾ

## ਰਾਮਦੇਵ ਨੇ ਸੁਪਰੀਮ ਕੋਰਟ ਵਿੱਚ ਬਿਨਾਂ ਸ਼ਰਤ ਮੰਗੀ ਮੁਆਫ਼ੀ

ਨਵੀਂ ਦਿੱਲੀ/ ਏ.ਟੀ.ਨਿਊਜ਼: ਯੋਗ ਗੁਰੂ ਬਾਬਾ ਰਾਮਦੇਵ ਅਤੇ ਪਤੰਜਲੀ ਆਯੁਰਵੇਦ ਦੇ ਪ੍ਰਬੰਧ ਨਿਰਦੇਸ਼ਕ ਆਚਾਰੀਆ ਬਾਲ ਕ੍ਰਿਸ਼ਨ ਨੂੰ ਪਤੰਜਲੀ ਦੇ ਗੁਮਰਾਹਕੁੰਨ ਇਸ਼ਤਿਹਾਰਾਂ ਦੇ ਪ੍ਰਕਾਸ਼ਨ ਦੇ ਮਾਮਲੇ ਵਿੱਚ ਸੁਪ੍ਰੀਮ ਕੋਰਟ ਵਿੱਚ ਮੁਆਫ਼ੀ ਮੰਗਣੀ ਪਈ। ਹਾਲਾਂ ਕਿ, ਸਿਖਰਲੀ ਅਦਾਲਤ ਉਨ੍ਹਾਂ ਦੀ ਮੁਆਫ਼ੀ ਤੋਂ ਸੰਤੁਸ਼ਟ ਨਹੀਂ ਸੀ ਅਤੇ ਉਨ੍ਹਾਂ ਨੂੰ ਖ਼ੂਬ ਫਟਕਾਰ ਲਗਾਈ ਅਤੇ ਅਦਾਲਤ ਦੇ ਹੁਕਮਾਂ ਨੂੰ ਗੰਭੀਰਤਾ ਨਾਲ ਲੈਣ ਲਈ ਕਿਹਾ। ਸੁਪ੍ਰੀਮ ਕੋਰਟ ਨੇ ਸਖ਼ਤ ਟਿੱਪਣੀ ਕਰਦਿਆਂ ਕਿਹਾ ਕਿ 'ਦੇਸ਼ ਦੀ ਸੇਵਾ ਕਰਨ ਦਾ ਬਹਾਨਾ ਨਾ ਬਣਾਓ, ਸੁਪ੍ਰੀਮ ਕੋਰਟ ਹੋਵੇ ਜਾਂ ਦੇਸ਼ ਦੀ ਕੋਈ ਹੋਰ ਅਦਾਲਤ, ਹੁਕਮਾਂ ਦੀ ਪਾਲਣਾ ਹੋਣੀ ਚਾਹੀਦੀ ਹੈ।' ਸੁਪ੍ਰੀਮ ਕੋਰਟ ਨੇ ਕਿਹਾ ਕਿ ਸੁਪ੍ਰੀਮ ਕੋਰਟ ਨੇ ਪਤੰਜਲੀ ਬਾਰੇ ਅੱਖਾਂ ਕਿਉਂ ਬੰਦ ਕੀਤੀਆਂ ਹੋਈਆਂ ਹਨ। ਸਖ਼ਤ ਕਾਰਵਾਈ ਕਿਉਂ ਨਹੀਂ ਕੀਤੀ ਸੁਪ੍ਰੀਮ ਕੋਰਟ ਨੇ ਸੁਣਵਾਈ ਦੌਰਾਨ ਕਿਹਾ ਕਿ ਤੁਹਾਨੂੰ (ਰਾਮਦੇਵ ਅਤੇ ਬਾਲ ਕ੍ਰਿਸ਼ਨ) ਨੂੰ ਇਹ ਯਕੀਨੀ ਬਣਾਉਣਾ ਚਾਹੀਦਾ ਸੀ ਕਿ ਤੁਹਾਡੇ ਪਵਿੱਤਰ ਸ਼ਬਦ ਬਾਰੇ ਹਲਫ਼ਨਾਮਾ ਦਾਇਰ ਕੀਤਾ ਗਿਆ ਹੈ। ਪਤੰਜਲੀ ਵੱਲੋਂ ਇਸ਼ਤਿਹਾਰ ਦੇ ਮਾਮਲੇ ਵਿੱਚ ਨਵਾਂ ਹਲਫ਼ਨਾਮਾ ਦਾਖ਼ਲ ਕਰਨ ਲਈ ਹੋਰ ਸਮਾਂ ਮੰਗਣ ਵਾਲੀ ਪਟੀਸ਼ਨ 'ਤੇ ਅਦਾਲਤ ਨੇ ਕਿਹਾ ਕਿ ਕਈ ਵਾਰ ਚੀਜ਼ਾਂ ਨੂੰ ਆਪਣੇ ਤਰਕਪੂਰਨ ਸਿੱਟੇ 'ਤੇ ਪਹੁੰਚਣਾ ਚਾਹੀਦਾ ਹੈ। ਇਹ ਪੂਰੀ ਤਰ੍ਹਾਂ ਅਣਆਗਿਆਕਾਰੀ ਹੈ, ਸਿਰਫ਼ ਸੁਪ੍ਰੀਮ ਕੋਰਟ ਹੀ ਨਹੀਂ, ਦੇਸ਼ ਭਰ ਦੀਆਂ ਸਾਰੀਆਂ ਅਦਾਲਤਾਂ ਦੁਆਰਾ ਪਾਸ ਕੀਤੇ ਹਰ ਹੁਕਮ ਦਾ ਸਨਮਾਨ ਕੀਤਾ ਜਾਣਾ ਚਾਹੀਦਾ ਹੈ।



(ਬਾਕੀ ਸਫ਼ਾ 30 'ਤੇ)

# ਸਿਆਸੀ ਆਗੂਆਂ ਦਾ 'ਪੱਗਾਂ ਦੇ ਰੰਗਾਂ ਦੀ ਸਿਆਸਤ' ਤੋਂ ਮੋਹ ਭੰਗ

## ਪੰਜਾਬ ਦੀ ਰਾਜਨੀਤੀ ਵਿੱਚ ਉਤਰਾਈ-ਚੜ੍ਹਾਈ ਦਾ ਪ੍ਰਤੀਕ ਹੁੰਦੇ ਸਨ ਪੱਗਾਂ ਦੇ ਰੰਗ

ਮਾਨਸਾ/ਏ.ਟੀ.ਨਿਊਜ਼ : ਪੰਜਾਬ ਵਿੱਚ ਅੱਜ-ਕੱਲ੍ਹ ਪੱਗਾਂ ਦੇ ਰੰਗਾਂ ਨਾਲ ਜੁੜੀ ਰਾਜਨੀਤੀ ਦੇ ਦਿਨ ਪੁੱਗਣ ਲੱਗੇ ਹਨ। ਲੋਕ ਸਭਾ ਚੋਣਾਂ ਦੇ ਮੌਜੂਦਾ ਰੁਝਾਨ ਦੌਰਾਨ ਸਾਹਮਣੇ ਆਇਆ ਹੈ ਕਿ ਇਸ ਵੇਲੇ ਕਿਧਰੇ ਨੀਲੇ, ਪੀਲੇ, ਲਾਲ, ਕੇਸਰੀ ਤੇ ਚਿੱਟੇ ਰੰਗ ਦੀ ਤੂਤੀ ਨਹੀਂ ਬੋਲਦੀ। ਲੰਬੇ ਸਮੇਂ ਤੋਂ ਪੱਗਾਂ ਦੇ ਰੰਗਾਂ ਨੂੰ ਰਾਜਨੀਤੀ ਵਿੱਚ ਉਤਰਾਈ-ਚੜ੍ਹਾਈ ਦਾ ਪ੍ਰਤੀਕ ਮੰਨਿਆ ਜਾਂਦਾ ਹੈ, ਪਰ ਇਸ ਵੇਲੇ ਸਾਰੀਆਂ ਸਿਆਸੀ ਧਿਰਾਂ ਦੇ ਚੋਣ ਜਲਸਿਆਂ ਦੌਰਾਨ ਇੱਕੋ ਜਿਹੀਆਂ ਪੱਗਾਂ ਦੇ ਰੰਗ ਵੇਖਣ ਨੂੰ ਕਿਧਰੇ ਨਹੀਂ ਮਿਲੇ। ਖਾੜਕੂ ਲਹਿਰ ਦੇ ਖ਼ਾਤਮੇ ਪਿਛੋਂ ਮਰਹੂਮ ਬੇਅੰਤ ਸਿੰਘ ਦੀ ਹਕੂਮਤ ਬਣਨ ਸਾਰ ਚਿੱਟੇ ਰੰਗ ਦੀਆਂ ਪੱਗਾਂ ਦੀ ਚੜ੍ਹਾਈ ਹੋਣ ਲੱਗੀ ਸੀ, ਜਿਸ ਨੂੰ 1997 ਦੀਆਂ ਵਿਧਾਨ ਸਭਾ ਚੋਣਾਂ ਵੇਲੇ ਪ੍ਰਕਾਸ਼ ਸਿੰਘ ਬਾਦਲ ਦੀ ਚੱਲੀ ਲਹਿਰ ਦੌਰਾਨ ਨੀਲੀਆਂ ਪੱਗਾਂ ਨੇ ਠੱਲ੍ਹ ਦਿੱਤਾ ਸੀ। ਉਸ ਤੋਂ ਪਹਿਲਾਂ ਸਿਮਰਨਜੀਤ ਸਿੰਘ ਮਾਨ ਦੀ ਪਾਰਟੀ ਵੱਲੋਂ ਪੰਜਾਬ ਵਿਚਲੀਆਂ ਬਹੁਤੀਆਂ ਲੋਕ ਸਭਾ ਸੀਟਾਂ 'ਤੇ ਭਾਰੀ ਬਹੁਮਤ ਪ੍ਰਾਪਤ ਕਰਨ ਵੇਲੇ ਹਰ ਕੋਈ ਕੇਸਰੀ ਰੰਗ ਦੀ ਪੱਗ ਬੰਨ੍ਹਣ ਲੱਗ ਪਿਆ ਸੀ। ਬਹੁਤ ਸਮਾਂ ਪਹਿਲਾਂ ਜਦੋਂ ਪੰਜਾਬ ਦੇ ਲੋਕਾਂ ਨੂੰ ਛੇਤੀ ਇਨਕਲਾਬ ਆਉਣ ਦੀ ਉਮੀਦ ਹੋਈ ਸੀ ਤਾਂ ਉਦੋਂ ਸਿਰਾਂ 'ਤੇ ਲਾਲ ਪੱਗਾਂ ਚਮਕਣ ਲੱਗੀਆਂ ਸਨ। ਰਾਜ ਵਿੱਚ ਸੱਤਵੇਂ ਤੇ ਅੱਠਵੇਂ ਦਹਾਕੇ ਦੌਰਾਨ ਗਿਆਨੀ ਜ਼ੈਲ ਸਿੰਘ ਅਤੇ ਦਰਬਾਰਾ ਸਿੰਘ ਦੀ ਹਕੂਮਤ ਵੇਲੇ ਚਿੱਟੀਆਂ ਪੱਗਾਂ ਦੂਰੋਂ ਹੀ ਚਮਕਦੀਆਂ ਸਨ।




ਮਾਨਸਾ ਸ਼ਹਿਰ ਦੇ ਪੱਗਾਂ ਦੇ ਥੋਕ ਵਪਾਰੀ ਨੇ ਦੱਸਿਆ ਕਿ ਬਦਲੇ ਹੋਏ ਸਿਆਸੀ ਸਮੀਕਰਣਾਂ ਤਹਿਤ ਅਜੇ ਤੱਕ ਕਿਸੇ ਵੀ ਰੰਗ ਦੀਆਂ ਪੱਗਾਂ ਵਿਕਣ ਦਾ ਰੁਝਾਨ ਪੈਦਾ ਨਹੀਂ ਹੋਇਆ, ਜਦੋਂਕਿ ਅਕਸਰ ਲੋਕ ਸਭਾ ਚੋਣਾਂ ਦੇ ਜ਼ੋਰ ਵੇਲੇ ਉਸੇ ਪਾਰਟੀ ਦੇ ਰੰਗ ਵਾਲੀਆਂ ਪੱਗਾਂ ਵੱਧ ਵਿਕਣ ਲੱਗ ਪੈਂਦੀਆਂ ਸਨ, ਜਿਨ੍ਹਾਂ ਦਾ ਰਾਜ-ਭਾਗ ਬਣਨ ਦੀਆਂ ਮੁੱਢਲੀਆਂ ਨਿਸ਼ਾਨੀਆਂ ਸਾਹਮਣੇ ਆਉਂਦੀਆਂਸਨ। ਉਨ੍ਹਾਂ ਦੱਸਿਆ ਕਿ ਉਹ ਅਨੇਕਾਂ ਰੰਗਾਂ ਦੇ ਸਾਫ਼ਿਆਂ ਵਾਲੇ ਥਾਨ ਲੈ ਕੇ ਆਏ ਹਨ, ਪਰ ਅਜੇ ਤੱਕ ਖਰੀਦਦਾਰ ਘੱਟ ਹੀ ਨਿਕਲੇ ਹਨ। ਉਧਰ, ਲਾਲ ਰੰਗ ਤੋਂ ਹੁਣ ਕਾਮਰੇਡ ਵੀ ਭੱਜਣ ਲੱਗ ਪਏ ਹਨ। ਉਹ ਵੀ ਹੋਰ ਰੰਗਾਂ ਦੇ ਸਾਫ਼ੇ ਹੀ ਸਿਰਾਂ 'ਤੇ ਸਜਾਉਂਦੇ ਹਨ। ਇਸ ਵਾਰ ਔਰਤਾਂ ਵਿੱਚ ਪਾਰਟੀ ਰੰਗਾਂ ਵਾਲੀਆਂ ਚੁੰਨੀਆਂ ਗਾਇਬ ਹੋ ਗਈਆਂ ਹਨ। ਹੁਣ ਨਾ ਕਿਸੇ ਜਥੇਦਾਰਨੀ ਦੇ ਨੀਲੀ-ਪੀਲੀ ਚੁੰਨੀ, ਨਾ ਹੀ ਕਾਂਗਰਸ ਦੀ ਕਿਸੇ ਮਹਿਲਾ ਆਗੂ ਦੇ ਚਿੱਟੀ ਚੁੰਨੀ ਅਤੇ ਨਾ ਹੀ ਕਿਸੇ ਕਾਮਰੇਡ ਵਰਕਰ ਔਰਤ ਦੇ ਲਾਲ ਚੁੰਨੀ ਨਾਲ ਸਿਰ ਢੱਕਿਆ ਨਜ਼ਰ ਆਇਆ ਹੈ।

ਭਗਵੰਤ ਮਾਨ ਦੀ ਸਰਕਾਰ ਬਣਨ ਮਗਰੋਂ ਜਿਹੜੀਆਂ ਬਸੰਤੀ ਰੰਗ ਦੀਆਂ ਪੱਗਾਂ 'ਆਪ' ਦੇ ਵਰਕਰ ਬੰਨ੍ਹਣ ਲੱਗੇ ਸਨ, ਉਹ ਪੱਗਾਂ ਵਾਲਿਆਂ ਦਾ ਵੀ ਹੁਣ 'ਆਪ' ਦੇ ਚੋਣ ਜਲਸਿਆਂ ਦੌਰਾਨ ਰੰਗ ਉੱਡਿਆ ਹੋਇਆ ਵਿਖਾਈ ਦਿੰਦਾ ਹੈ।

**ਦਰਪਣ ਝੂਠ ਨਹੀਂ ਬੋਲਦਾ**

# ਫ਼ਾਇਰਿੰਗ ਫ਼ਾਰ ਪੰਥ, ਪੰਜਾਬ, ਦਲਿਤ ਕਾਜ਼ਿਜ਼ ਇਨ ਪਾਲਿਟਿਕਸ

## ਲੋਕ ਸਭਾ ਵਿੱਚ ਸਿਰਦਾਰ ਕਪੂਰ ਸਿੰਘ, ਹੁਕਮ ਸਿੰਘ ਤੇ ਲਾਖਾ ਵਰਗੇ ਬੁਲਾਰਿਆਂ ਦੀ ਲੋੜ

## ਅਕਾਲੀ ਦਲ ਪੰਥਕ ਗੱਠਜੋੜ ਬਣਾਵੇ ਤੇ ਬੁੱਧੀਜੀਵੀਆਂ ਨੂੰ ਲੋਕ ਸਭਾ ਲਈ ਉਮੀਦਵਾਰ ਬਣਾਵੇ

ਅੱਜ ਤੱਕ ਪੰਥਕ ਧਿਰਾਂ ਤੇ ਸ਼੍ਰੋਮਣੀ ਅਕਾਲੀ ਦਲ ਨੇ ਤਿੰਨ ਯੋਗ ਪਾਰਲੀਮੈਂਟ ਮੈਂਬਰ ਸਰਦਾਰ ਹੁਕਮ ਸਿੰਘ, ਸਿਰਦਾਰ ਕਪੂਰ ਸਿੰਘ, ਹਰਿਭਜਨ ਸਿੰਘ ਲਾਖਾ (ਬਸਪਾ) ਭੇਜੇ ਹਨ, ਜਿਹਨਾਂ ਪੰਥ ਤੇ ਪੰਜਾਬ ਮਕਸਦ ਲਈ ਆਵਾਜ਼ ਬੁਲੰਦ ਕੀਤੀ ਹੈ। ਇਸ ਤੋਂ ਬਾਅਦ ਸਿਮਰਨਜੀਤ ਸਿੰਘ ਮਾਨ ਪੰਜਾਬ ਤੇ ਪੰਥਕ ਮਸਲਿਆਂ ਬਾਰੇ ਆਵਾਜ਼ ਚੁੱਕਦੇ ਰਹੇ ਹਨ।







ਆਜ਼ਾਦੀ ਦੇ 76-77 ਸਾਲਾਂ ਵਿੱਚ ਪੰਜਾਬ ਤੋਂ ਸੈਂਕੜੇ ਲੋਕ ਸਭਾ ਤੇ ਰਾਜ ਸਭਾ ਮੈਂਬਰ ਚੁਣੇ ਗਏ ਤੇ ਇਨ੍ਹਾਂ ਚਾਰਾਂ ਨੂੰ ਛੱਡ ਕੇ ਕੋਈ ਵੀ ਆਪਣੀ ਛਾਪ ਨਹੀਂ ਛੱਡ ਸਕਿਆ?

ਅਜਿਹਾ ਇਸ ਲਈ ਹੋਇਆ ਕਿਉਂਕਿ ਅਕਾਲੀ ਦਲ ਸਹੀ ਨੁਮਾਇੰਦੇ ਚੁਣਦਾ ਨਹੀਂ ਰਿਹਾ। ਅਕਾਲੀ ਦਲ ਨੂੰ ਕਾਬਲ ਤੇ ਦੂਰਦਰਸ਼ੀ ਨਹੀਂ, ਸਗੋਂ ਜੇਤੂ ਅਤੇ ਵਫ਼ਾਦਾਰ ਉਮੀਦਵਾਰ ਚਾਹੀਦੇ ਹਨ। ਇਹਨਾਂ ਲੋਕ ਸਭਾ ਤੇ ਰਾਜ ਸਭਾ ਮੈਂਬਰਾਂ ਨੂੰ ਨਾ ਤਾਂ ਕੌਮ ਪ੍ਰਤੀ ਤੇ ਨਾ ਹੀ ਪੰਜਾਬ ਪ੍ਰਤੀ ਕੋਈ ਹਮਦਰਦੀ ਸੀ। ਬੀਤੇ ਸਮੇਂ ਦੀ ਗੱਲ ਕਰੀਏ ਤਾਂ ਰਾਜ ਸਭਾ ਵਿੱਚ ਤਾਂ ਹਾਲਤ ਇਹ ਸੀ ਕਿ ਸੰਤ ਫ਼ਤਹਿ ਸਿੰਘ ਨੇ ਸਿਰਦਾਰ ਕਪੂਰ ਸਿੰਘ ਵਰਗੇ ਰੋਸ਼ਨ ਦਿਮਾਗ ਦੀ ਥਾਂ ਆਪਣੇ ਵਿਸ਼ਵਾਸ ਪਾਤਰ ਡਰਾਈਵਰ ਕਿੱਕਰ ਸਿੰਘ ਨੂੰ ਹੀ ਰਾਜ ਸਭਾ ਮੈਂਬਰ ਬਣਾ ਦਿੱਤਾ ਸੀ। ਜਥੇਦਾਰ ਟੌਹੜਾ ਨੇ ਵੀ ਕੁਝ ਅਜਿਹੇ ਬੰਦੇ ਮੈਂਬਰ ਬਣਵਾਏ, ਜਿਨ੍ਹਾਂ ਵਿੱਚ ਇਕ ਤਾਂ ਸਿਰਫ਼ ਇਸ ਲਈ ਮੈਂਬਰ ਬਣਾ ਲਿਆ ਗਿਆ ਕਿ ਉਸ ਨੇ ਕਿਹਾ ਸੀ ਕਿ ਟੌਹੜਾ ਸਾਹਿਬ ਰਾਜ ਸਭਾ ਵਿੱਚ ਤੁਹਾਡਾ ਬਸਤਾ ਚੁੱਕਣ ਵਾਲਾ ਵੀ ਤਾਂ ਕੋਈ ਹੋਣਾ ਚਾਹੀਦਾ ਹੈ।

ਸੱਚ ਇਹ ਵੀ ਹੈ ਕਿ ਪੰਜਾਬ ਦੀਆਂ ਸਾਰੀਆਂ ਪਾਰਟੀਆਂ ਸਿਰਫ਼ ਰਾਜਨੀਤੀਵਾਨਾਂ ਨੂੰ ਹੀ ਉਮੀਦਵਾਰ ਬਣਾ ਰਹੀਆਂ ਹਨ। ਇਸ ਲਈ ਸਾਰੇ ਹੀ ਦੋਸ਼ੀ ਹਨ, ਚਾਹੇ ਉਹ ਕਾਂਗਰਸ ਹੈ, ਅਕਾਲੀ ਦਲ ਹੈ, ਭਾਜਪਾ ਹੈ ਜਾਂ 'ਆਪ'। ਆਮ ਆਦਮੀ ਪਾਰਟੀ ਨੇ ਤਾਂ ਹੱਦ ਹੀ ਕਰ ਦਿੱਤੀ ਸੀ, ਜਦੋਂ ਪੰਜਾਬ ਤੋਂ ਭੇਜੇ ਰਾਜ ਸਭਾ ਮੈਂਬਰਾਂ ਵਿਚੋਂ 4 ਤਾਂ ਉਹ ਸਨ, ਜੋ ਪੰਜਾਬ ਵਿੱਚ ਰਹਿੰਦੇ ਹੀ ਨਹੀਂ ਸਨ। ਇੱਕ ਤਾਂ ਪੰਜਾਬੀ ਵੀ ਨਹੀਂ, ਜਦੋਂ ਕਿ ਬਾਕੀ 3 ਵਿਚੋਂ 2 ਦੀਆਂ ਹੋਰ ਖ਼ੂਬੀਆਂ ਦੇ ਨਾਲ-ਨਾਲ ਸਭ ਤੋਂ ਵੱਡੀ ਖ਼ੂਬੀ ਉਨ੍ਹਾਂ ਦਾ ਅਥਾਹ ਅਮੀਰ ਹੋਣਾ ਹੀ ਦੱਸਿਆ ਜਾਂਦਾ ਹੈ।

ਹੁਣੇ ਜਿਹੇ ਈ.ਡੀ. ਵੱਲੋਂ 'ਆਪ' ਮੁਖੀ ਕੇਜਰੀਵਾਲ ਦੀ ਸ਼ਰਾਬ ਘੁਟਾਲੇ ਵਿੱਚ ਹੋਈ ਗ੍ਰਿਫ਼ਤਾਰੀ ਬਾਰੇ ਪੰਜਾਬ ਦੀ ਆਪ ਪਾਰਟੀ ਦਿੱਲੀ ਵਿੱਚ ਦਿੱਲੀ ਵਾਲਿਆਂ ਨਾਲੋਂ ਕਿਤੇ ਵੱਧ ਵਿਰੋਧ ਕਰਦੀ ਦਿਖਾਈ ਦਿੱਤੀ। ਇਸ ਵਿਰੋਧ ਮਾਰਚ ਵਿੱਚ ਸਭ ਤੋਂ ਵਧੇਰੇ ਜ਼ੋਰਦਾਰ ਭੂਮਿਕਾ ਪੰਜਾਬ 'ਆਪ' ਦੇ ਪਹਿਲੇ ਕਨਵੀਨਰ ਤੇ ਪੰਜਾਬ ਵਿੱਚ ਪਾਰਟੀ ਖੜ੍ਹੀ ਕਰਨ ਵਾਲੇ ਪੰਜਾਬ ਦੇ ਮੰਤਰੀ ਹਰਜੋਤ ਸਿੰਘ ਬੈਂਸ ਤੇ ਖ਼ਜ਼ਾਨਾ ਮੰਤਰੀ ਹਰਪਾਲ ਸਿੰਘ ਚੀਮਾ ਨਿਭਾਉਂਦੇ ਦਿਖਾਈ ਦਿੱਤੇ, ਪਰ ਹੈਰਾਨੀ ਦੀ ਗੱਲ ਹੈ ਕਿ ਪੰਜਾਬ ਦੇ ਸੱਤਾਂ ਰਾਜ ਸਭਾ ਮੈਂਬਰਾਂ ਵਿਚੋਂ ਕੋਈ ਵੀ ਇਸ ਮੁਜ਼ਾਹਰੇ ਵਿੱਚ ਨਜ਼ਰ ਨਹੀਂ ਆਇਆ। ਸਵਾਲ ਤਾਂ ਉਠਦਾ ਹੈ ਕਿ ਜਿਹੜੇ ਲੋਕ ਆਪਣੇ ਸਭ ਤੋਂ ਵੱਡੇ ਨੇਤਾ ਦੇ ਹੱਕ ਵਿੱਚ ਵੱਖ-ਵੱਖ ਕਾਰਨਾਂ ਕਰਕੇ ਨਹੀਂ ਬੋਲ ਸਕਦੇ, ਉਹ ਪੰਜਾਬ ਦੇ ਹੱਕ ਵਿੱਚ ਕੀ ਬੋਲਣਗੇ?

ਇਸ ਲਈ ਜ਼ਰੂਰੀ ਹੈ ਕਿ ਹੁਣ ਲੋਕ ਸਭਾ ਚੋਣਾਂ ਵਿੱਚ ਪੰਜਾਬ ਦੇ ਲੋਕ ਪਾਰਟੀ ਲਾਈਨਾਂ ਤੋਂ ਉੱਪਰ ਉਠ ਕੇ, ਪੰਜਾਬ ਪੱਖੀ ਸੋਚ, ਪੰਜਾਬ ਪੱਖੀ ਸਟੈਂਡ ਲੈਣ ਦੇ ਸਮਰੱਥ ਅਜਿਹੇ ਲੋਕਾਂ ਨੂੰ ਚੁਣਨ ਜੋ ਕੇਂਦਰੀ ਜਾਂ ਸਟੇਟ ਏਜੰਸੀਆਂ ਦੇ ਚੱਕਰਵਿਊ ਵਿੱਚ ਨਾ ਫ਼ਸਣ ਤੇ ਇਮਾਨਦਾਰ ਹੋਣ। ਪੰਜਾਬ ਦੀਆਂ ਰਾਜਸੀ ਪਾਰਟੀਆਂ ਦੇ ਮੁਖੀਆਂ ਨੂੰ ਚਾਹੀਦਾ ਹੈ ਕਿ ਉਹ ਵਾਰ-ਵਾਰ ਅਜ਼ਮਾਏ ਹੋਏ ਤੇ ਵਿਧਾਨ ਸਭਾ, ਰਾਜ ਸਭਾ ਤੇ ਲੋਕ ਸਭਾ ਵਿੱਚ ਪੰਜਾਬ ਦੀ ਗੱਲ ਉਠਾਉਣ ਵਿੱਚ ਫ਼ੇਲ੍ਹ ਹੋਏ ਵਿਅਕਤੀਆਂ ਨੂੰ ਹੀ ਟਿਕਟਾਂ ਨਾ ਦੇਣ ਨਹੀਂ ਤਾਂ 2027 ਵਿੱਚ ਫ਼ਿਰ ਲੋਕ ਇਨ੍ਹਾਂ (ਬਾਕੀ ਸਫ਼ਾ 31 'ਤੇ)

# ਪੰਜਾਬ ਦਾ ਚੋਣ ਮੁਕਾਬਲਾ ਬਾਕੀ ਦੇਸ਼ ਨਾਲੋਂ ਵੱਖਰਾ ਤੇ ਵੱਧ ਦਿਲਚਸਪ ਹੋਵੇਗਾ

## ਭਾਜਪਾ ਨਾਲ ਗਠਜੋੜ ਨਾ ਕਰਕੇ ਅਕਾਲੀ ਦਲ ਆਪਣੀ ਹੋਂਦ ਬਚਾ ਗਿਆ

ਪੰਜਾਬ ਦੀ ਰਾਜਨੀਤੀ ਹਰ ਰੋਜ਼ ਇੱਕ ਨਵਾਂ ਮੋੜ ਲੈ ਰਹੀ ਹੈ। ਅਕਾਲੀ ਦਲ ਨੇ ਵਾਪਸ ਪੰਜਾਬ ਤੋਂ ਪੰਥ ਵਾਲੀ ਪੁਰਾਣੀ ਟਕਸਾਲੀ ਨੀਤੀ 'ਤੇ ਚੱਲਣ ਦਾ ਐਲਾਨ ਕੀਤਾ ਹੈ। ਇਹ ਫ਼ੈਸਲਾ ਉਨ੍ਹਾਂ ਨੂੰ ਸਿਆਸੀ ਤੌਰ 'ਤੇ ਬਰਬਾਦ ਕਰਨ ਤੋਂ ਬਚਾਅ ਗਿਆ ਹੈ। ਜਿਥੋਂ ਤੱਕ ਅਕਾਲੀ ਦਲ ਦਾ ਸੰਬੰਧ ਹੈ ਭਾਵੇਂ ਉਸ ਨੇ ਮਜਬੂਰੀਵੱਸ ਹੀ ਪੰਥ ਤੇ ਪੰਜਾਬ ਵੱਲ ਮੂੰਹ ਕੀਤਾ ਹੈ ਪਰ ਇਹ ਫ਼ੈਸਲਾ ਅਕਾਲੀ ਦਲ ਨੂੰ ਹੋਰ ਸਿਆਸੀ ਖੋਰੇ ਤੋਂ ਬਚਾਏਗਾ। ਸੱਚ ਇਹ ਵੀ ਹੈ ਕਿ ਅਕਾਲੀ ਦਲ ਤੋਂ ਬਿਨਾਂ ਪੰਜਾਬੀਆਂ ਕੋਲ ਪੰਜਾਬ ਅਤੇ ਪੰਥ ਦੀ ਤਰਜ਼ਮਾਨੀ ਕਰਨ ਲਈ ਕੋਈ ਹੋਰ ਵੱਡੀ ਪਾਰਟੀ ਨਹੀਂ, ਪਰ ਉਹ ਪੰਥਕ ਜਜਬਾ ਜਗਾਉਣ ਵਿੱਚ ਅਸਮਰਥ ਰਹੀ ਹੈ। ਅਕਾਲੀ ਦਲ (ਅੰਮ੍ਰਿਤਸਰ) ਜਾਂ ਹੋਰ ਪੰਥਕ ਧਿਰਾਂ ਆਪਣੇ ਤੌਰ 'ਤੇ ਏਨੀਆਂ ਸਮਰੱਥ ਨਹੀਂ ਕਿ ਹਰ ਸੀਟ 'ਤੇ ਟੱਕਰ ਦੇ ਸਕਣ।



ਬੇਸ਼ੱਕ ਕਾਂਗਰਸ ਦੀ ਹਾਲਤ ਅਜੇ ਤੱਕ ਬਹੁਤ ਚੰਗੀ ਜਾਪਦੀ ਹੈ, ਪਰ ਉਸ ਦੇ ਨੇਤਾਵਾਂ ਦਾ ਟੁੱਟਣਾ ਉਸ ਲਈ ਵਰਦਾਨ ਵੀ ਹੋ ਸਕਦਾ ਹੈ ਤੇ ਸਰਾਪ ਵੀ। ਕਾਂਗਰਸੀ ਨੇਤਾਵਾਂ ਨੂੰ ਆਪਸੀ ਵਿਰੋਧ ਛੱਡ ਕੇ ਨਵਜੋਤ ਸਿੰਘ ਸਿੱਧੂ ਨੂੰ ਪ੍ਰਚਾਰ ਲਈ ਬੁਲਾਉਣਾ ਚਾਹੀਦਾ ਹੈ ਅਤੇ ਆਪਸੀ ਫ਼ੁਟ ਤੋਂ ਬਚਣ ਦੀ ਲੋੜ ਹੈ, ਤੇ ਕਾਂਗਰਸ ਨੂੰ ਆਪਣਾ ਚਿਹਰਾ-ਮੋਹਰਾ ਬਦਲਣ ਲਈ ਸਿਰਫ਼ ਸਿਆਸੀ ਆਗੂਆਂ ਨੂੰ ਹੀ ਨਹੀਂ, ਸਗੋਂ ਕੁਝ ਪੰਜਾਬ ਪੱਖੀ ਚਿਹਰਿਆਂ ਨੂੰ ਵੀ ਮੈਦਾਨ ਵਿੱਚ ਉਤਾਰਨਾ ਚਾਹੀਦਾ ਹੈ। ਬਾਕੀ ਪਾਰਟੀਆਂ ਨੂੰ ਵੀ ਇਹ ਨੀਤੀ ਲਾਗੂ ਕਰਨ ਦੀ ਲੋੜ ਹੈ।

ਆਪ ਪਾਰਟੀ ਦੇ ਸੁਪਰੀਮੋ ਕੇਜਰੀਵਾਲ ਦੀ ਗ੍ਰਿਫ਼ਤਾਰੀ ਅਤੇ ਸ਼ਰਾਬ ਘੁਟਾਲੇ ਦੀ ਜਾਂਚ ਪੰਜਾਬ ਵਲ ਅੱਗੇ ਵਧਣ ਕਾਰਨ ਪੰਜਾਬ ਦੇ ਵਜ਼ਾਰਤੀ ਹਲਕਿਆਂ ਅਤੇ 'ਆਪ' ਵਿਧਾਇਕਾਂ ਵਿੱਚ ਬੇਚੈਨੀ ਤੇ ਖ਼ੌਫ਼ ਦਾ ਮਾਹੌਲ ਬਣਿਆ ਹੋਇਆ ਹੈ ਅਤੇ ਪਾਰਟੀ ਵੱਡੇ ਸੰਕਟ ਵਿੱਚ ਨਜ਼ਰ ਆ ਰਹੀ ਹੈ, ਇਸ ਸਭ ਦੇ ਦੌਰਾਨ ਮੁੱਖ ਮੰਤਰੀ ਜਿਵੇਂ ਪਾਰਟੀ ਤੇ ਸਿਆਸੀ ਮੁਹਾਜ਼ ਤੋਂ ਮਨਫ਼ੀ ਨਜ਼ਰ ਆ ਰਹੇ ਹਨ, ਉਹ ਰਾਜਸੀ ਹਲਕਿਆਂ ਲਈ ਵੱਡੇ ਚਰਚੇ ਦਾ ਵਿਸ਼ਾ ਬਣਿਆ ਹੋਇਆ ਹੈ। ਪਰ ਜਿਸ ਤਰ੍ਹਾਂ ਭਾਜਪਾ 'ਆਪ' ਦੇ ਸੱਤਾ ਵਿੱਚ ਹੋਣ ਦੇ ਬਾਵਜੂਦ ਉਨ੍ਹਾਂ ਦੇ ਐਲਾਨੇ ਉਮੀਦਵਾਰ ਤੇ ਮੌਜੂਦਾ ਲੋਕ ਸਭਾ ਮੈਂਬਰ ਤੇ ਇੱਕ ਵਿਧਾਇਕ ਨੂੰ ਤੋੜਨ ਵਿੱਚ ਸਫ਼ਲ ਰਹੀ ਹੈ, ਉਹ 'ਆਪ' ਦੇ ਸਿਆਸੀ ਵਾਜੂਦ ਲਈ ਖ਼ਤਰੇ ਦੀ ਘੰਟੀ ਹੈ। ਉਪਰੋਂ ਕੇਜਰੀਵਾਲ ਦਾ ਜੇਲ੍ਹ ਚਲੇ ਜਾਣਾ ਵੀ ਪਾਰਟੀ ਦੇ ਚੋਣ ਪ੍ਰਚਾਰ ਦੀ ਰਾਜਨੀਤੀ ਨੂੰ ਬੁਰੀ ਤਰ੍ਹਾਂ ਪ੍ਰਭਾਵਿਤ ਕਰੇਗਾ। ਬੇਸ਼ੱਕ ਕਮਾਨ ਹੁਣ ਕੇਜਰੀਵਾਲ ਦੀ ਪਤਨੀ ਸੁਨੀਤਾ ਕੇਜਰੀਵਾਲ ਸੰਭਾਲ ਰਹੇ ਹਨ, ਪਰ ਉਹ ਉਨ੍ਹਾਂ ਵਰਗੇ ਚਾਣਕੀਆ ਘਾੜੇ ਨਹੀਂ ਹਨ। ਉਪਰੋਂ ਪੰਜਾਬ ਦੇ ਉੱਚ ਅਧਿਕਾਰੀਆਂ 'ਤੇ ਭ੍ਰਿਸ਼ਟਾਚਾਰ ਦੇ ਦੋਸ਼ਾਂ ਵਿੱਚ ਕੀਤੀ ਜਾ ਰਹੀ ਈ.ਡੀ. ਦੀ ਕਾਰਵਾਈ ਉੱਚ ਅਧਿਕਾਰੀਆਂ ਵਿੱਚ ਇੱਕ ਡਰ ਪੈਦਾ ਕਰੇਗੀ ਤੇ ਉਹ ਹੁਕਮਰਾਨ ਪਾਰਟੀ ਦੀ ਮਦਦ ਕਰਨ ਤੋਂ ਪਿੱਛੇ ਹਟਣਗੇ। ਮੁੱਖ ਮੰਤਰੀ ਭਗਵੰਤ ਮਾਨ, ਜਿਨ੍ਹਾਂ ਸੰਬੰਧੀ ਸਮਝਿਆ ਜਾ ਰਿਹਾ ਸੀ ਕਿ ਪਾਰਟੀ ਸੁਪਰੀਮੋ ਕੇਜਰੀਵਾਲ ਦੀ ਗ੍ਰਿਫ਼ਤਾਰੀ ਤੇ ਗੈਰ-ਹਾਜ਼ਰੀ ਦੌਰਾਨ ਪਾਰਟੀ ਨੂੰ ਅਗਵਾਈ ਦੇਣਗੇ ਪਰ ਮੁੱਖ ਮੰਤਰੀ ਜੋ ਸੂਬੇ ਵਿੱਚ ਪਾਰਟੀ ਦੇ ਪ੍ਰਧਾਨ ਵੀ ਹਨ, ਵਲੋਂ ਪਾਰਟੀ ਸੁਪਰੀਮੋ ਦੀ ਗ੍ਰਿਫ਼ਤਾਰੀ ਤੋਂ (ਬਾਕੀ ਸਫ਼ਾ 31 'ਤੇ)

# ਮੁਫ਼ਤ ਸਰਕਾਰੀ ਸਕੀਮਾਂ ਕਾਰਨ ਪੰਜਾਬ 'ਤੇ ਕਰਜ਼ਾ ਹੋ ਜਾਵੇਗਾ 3.53 ਲੱਖ ਕਰੋੜ

## ਮੁਫ਼ਤ ਬਿਜਲੀ, ਬੱਸ ਯਾਤਰਾ, ਤੀਰਥ ਯਾਤਰਾ, ਰਾਸ਼ਨ ਅਤੇ ਸਬਸਿਡੀਆਂ ਕਰਜ਼ੇ ਵਧਣ ਦਾ ਕਾਰਨ

ਪੰਜਾਬ ਸਰਕਾਰ ਦੇ ਤਾਜ਼ਾ ਦਾਅਵੇ ਅਨੁਸਾਰ ਇਸ ਵਰ੍ਹੇ 30 ਹਜ਼ਾਰ ਕਰੋੜ ਕਰਜ਼ ਲਿਆ ਜਾਵੇਗਾ। ਜਿਹੜਾ ਪਿਛਲੇ ਕਰਜ਼ ਨਾਲ ਜੁੜ ਕੇ 3.53 ਲੱਖ ਕਰੋੜ ਹੋ ਜਾਵੇਗਾ ਅਤੇ 30 ਹਜ਼ਾਰ ਕਰੋੜ ਕਰਜ਼ ਵਿਚੋਂ 23,900 ਕਰੋੜ ਵਿਆਜ ਚੁਕਾਇਆ ਜਾਵੇਗਾ। ਮਤਲਬ ਕਰਜ਼ ਲੈ ਕੇ ਪਹਿਲੇ ਕਰਜ਼ ਦਾ ਵਿਆਜ ਉਤਾਰਿਆ ਜਾਵੇਗਾ। ਯਾਦ ਰਹੇ ਕਿ ਗ਼ੈਰ-ਸਰਕਾਰੀ ਅੰਕੜਿਆਂ ਮੁਤਾਬਿਕ ਸਾਲ 2021-22 ਵਿੱਚ ਪੰਜਾਬ ਸਿਰ 2 ਲੱਖ 81 ਹਜ਼ਾਰ 772 ਕਰੋੜ ਦਾ ਕਰਜ਼ਾ ਸੀ। ਜੋ ਸਾਲ 2022-23 ਵਿੱਚ ਵਧ ਕੇ 3 ਲੱਖ 14 ਹਜ਼ਾਰ 220 ਕਰੋੜ ਹੋ ਗਿਆ। ਫ਼ਿਰ 2023-24 ਵਿੱਚ 3 ਲੱਖ 43 ਹਜ਼ਾਰ 626 ਕਰੋੜ ਤੇ ਹੁਣ ਇਹ ਕਰਜ਼ਾ 2024-25 ਵਿੱਚ 3 ਲੱਖ 74 ਹਜ਼ਾਰ 91 ਕਰੋੜ ਹੋ ਜਾਵੇਗਾ। ਕਰਜ਼ ਦੇ ਇਸ ਲਗਾਤਾਰ ਵਧ ਰਹੇ ਗ੍ਰਾਫ਼ ਤੋਂ ਪਤਾ ਲਗਦਾ ਹੈ ਕਿ ਮੌਜੂਦਾ ਸਰਕਾਰ ਨੇ ਸੱਤਾ ਸਾਂਭਦਿਆਂ ਹੀ ਕਿਵੇਂ ਹਰੇਕ ਪੰਜਾਬੀ ਨੂੰ ਲੱਖਾਂ ਰੁਪਏ ਦੇ ਕਰਜ਼ੇ ਹੇਠ ਲੈ ਆਂਦਾ ਹੈ।

ਇਸ ਤੋਂ ਵੀ ਵਧੇਰੇ ਹਲੂਣਾ ਦੇਣ ਵਾਲੀ ਗੱਲ ਇਹ ਹੈ ਕਿ ਰਾਜ ਦੀ ਕੁੱਲ ਆਮਦਨ 58,900 ਕਰੋੜ ਵਿਚੋਂ 32,792 ਕਰੋੜ ਰੁਪਏ, ਸਬਸਿਡੀ, ਵੈੱਲਫ਼ੇਅਰ ਅਤੇ ਮੁਫ਼ਤ ਦੀਆਂ ਸਕੀਮਾਂ 'ਤੇ ਲੁਟਾਇਆ ਜਾਵੇਗਾ। ਇਨ੍ਹਾਂ ਵਿੱਚ 20200 ਕਰੋੜ ਦੀ ਬਿਜਲੀ ਸਬਸਿਡੀ ਵੀ ਸ਼ਾਮਿਲ ਹੈ। ਹੁਣ ਹਰੇਕ ਆਮ ਤੇ ਖ਼ਾਸ ਪੰਜਾਬੀ ਲਈ ਸੋਚਣ ਵਾਲੀ ਗੱਲ ਇਹ ਹੈ ਕਿ ਸਰਕਾਰ ਵੱਲੋਂ ਕਰਜ਼ ਲੈ ਕੇ ਪਹਿਲੇ ਕਰਜ਼ੇ ਦਾ ਵਿਆਜ ਉਤਾਰਨਾ, ਮੁਫ਼ਤ ਬਿਜਲੀ, ਮੁਫ਼ਤ ਬੱਸ ਯਾਤਰਾ, ਮੁਫ਼ਤ ਤੀਰਥ ਯਾਤਰਾ, ਮੁਫ਼ਤ ਰਾਸ਼ਨ ਅਤੇ ਸਬਸਿਡੀਆਂ ਮਿਲ ਕੇ ਸਰਕਾਰ ਦੀ ਕੁੱਲ ਆਮਦਨ ਨੂੰ ਚੱਟ ਕਰ ਰਹੀਆਂ ਹਨ। ਅਜੇ ਮਹਿਲਾਵਾਂ ਨੂੰ 1000 ਰੁਪਏ ਦੇਣ ਦਾ ਚੋਣ ਵਾਅਦਾ ਪੂਰਾ ਕਰਨ ਲਈ ਪੈਸੇ ਦਾ ਜੁਗਾੜ ਨਹੀਂ ਹੋ ਰਿਹਾ। ਬਿਨਾਂ ਸ਼ੱਕ ਇਸ ਲਈ ਵੀ ਕਰਜ਼ ਹੀ ਲਿਆ ਜਾਵੇਗਾ। ਇਹ ਹਜ਼ਾਰ ਰੁਪਿਆ ਵੀ ਨਿਸਚਿਤ ਤੌਰ 'ਤੇ ਆਮ ਜਨਤਾ 'ਤੇ ਕਰਜ਼ੇ ਵਿੱਚ ਵਾਧਾ ਹੀ ਕਰੇਗਾ। ਪੰਜਾਬ ਦੇ ਜਿਨ੍ਹਾਂ ਵਿਕਾਸ ਕਾਰਜ਼ਾਂ ਦੇ ਦਮਗਜੇ ਮਾਰੇ ਜਾ ਰਹੇ ਹਨ ਉਸ ਲਈ ਪੈਸਾ ਹੈ ਹੀ ਨਹੀਂ।



ਸਰਕਾਰ ਵੱਲੋਂ ਖ਼ੁਦ ਹੀ ਉਪਰੋਕਤ ਅੰਕੜੇ ਜਾਰੀ ਕਰਨ ਦੇ ਬਾਵਜੂਦ ਵੀ ਸਰਕਾਰ ਦੇ ਖ਼ਜ਼ਾਨੇ ਭਰਪੂਰ ਹੋਣ ਦੇ ਦਾਅਵੇ ਕਿੰਨੇ ਹਾਸੋਹੀਣੇ ਹਨ। ਪੰਜਾਬ ਦੀ ਲਗਭਗ ਸਾਢੇ ਤਿੰਨ ਕਰੋੜ ਜਨਤਾ 'ਤੇ 3.53 ਲੱਖ ਕਰੋੜ ਦਾ ਕਰਜ਼ਾ ਭਾਵ ਹਰੇਕ ਪੰਜਾਬ ਵਾਸੀ ਲਗਭਗ ਇੱਕ ਲੱਖ ਰੁਪਏ ਦਾ ਕਰਜ਼ਾਈ ਹੈ। ਮੁਫ਼ਤ ਦੀ ਰਾਜਨੀਤੀ ਪਿੱਛੇ ਸਰਕਾਰ ਦੀ ਦਲੀਲ ਹੈ ਕਿ ਇਹ ਸਭ ਜਨਤਾ ਦੇ ਪੈਸੇ ਨਾਲ ਜਨਤਾ ਲਈ ਹੀ ਕੀਤਾ ਜਾ ਰਿਹਾ ਹੈ। ਇਸ ਵਿੱਚ ਕਿਸੇ ਨੂੰ ਕੀ ਇਤਰਾਜ਼ ਹੋ ਸਕਦਾ ਹੈ। ਇਨ੍ਹਾਂ ਨੇ ਆਮ ਜਨਤਾ ਨੂੰ ਮੁਫ਼ਤਖੋਰੇ ਬਣਾਉਣ ਵਿੱਚ ਕੋਈ ਕਸਰ ਨਹੀਂ ਛੱਡੀ। ਪੰਜਾਬ ਜਿਹੜਾ ਕਿਸੇ ਸਮੇਂ ਸਾਰੇ ਮੁਲਕ ਦਾ ਅੰਨਦਾਤਾ ਕਹਾਉਂਦਾ ਸੀ, ਜਿਸ ਦੀ ਪ੍ਰਤੀ ਜੀਅ ਆਮਦਨ ਬਾਕੀ ਸੂਬਿਆਂ ਨਾਲੋਂ ਕਿਤੇ ਵੱਧ ਸੀ, ਹੁਣ ਕਰਜ਼ ਆਸਰੇ ਦਿਨ ਕੱਟੀ ਕਰ ਰਿਹਾ ਹੈ। ਅੱਜ ਪੰਜਾਬ ਇਨ੍ਹਾਂ ਮੁਫ਼ਤ ਦੀਆਂ ਸਕੀਮਾਂ ਕਰਕੇ ਸਭ ਤੋਂ ਵੱਡਾ ਕਰਜ਼ਦਾਰ ਹੋ ਗਿਆ ਹੈ। ਸਾਡੇ ਆਰਥਿਕ ਨੀਤੀਘਾੜਿਆਂ ਨੇ ਪੰਜਾਬੀਆਂ ਨੂੰ ਮੰਗਤੇ ਬਣਾ ਛੱਡਿਆ ਹੈ।

# ਜ਼ਿਲ੍ਹਾ ਤਰਨਤਾਰਨ ਵਿੱਚ ਨਸ਼ਿਆਂ ਕਾਰਨ ਮੌਤਾਂ ਦੀ ਗਿਣਤੀ ਵਧੀ

## ਸਰਹੱਦ ਪਾਰੋਂ ਡ੍ਰੋਨਾਂ ਰਾਹੀਂ ਹੋ ਰਹੀ ਹੈ ਨਸ਼ੇ ਦੀ ਤਸਕਰੀ

## ਸਾਲ 2023 ਦੌਰਾਨ ਫੜੀ ਗਈ 159 ਕਿੱਲੋ ਤੋਂ ਵੱਧ ਹੈਰੋਇਨ

ਭਾਰਤ ਵਿੱਚ ਹੁਣ ਲੋਕ ਸਭਾ ਚੋਣਾਂ ਦਾ ਬਿਗਲ ਵੱਜ ਚੁੱਕਾ ਹੈ ਅਤੇ ਪੰਜਾਬ ਵਿੱਚ ਆਖ਼ਰੀ ਪੜਾਅ ਦੌਰਾਨ 1 ਜੂਨ ਨੂੰ ਲੋਕ ਸਭਾ ਲਈ ਵੋਟਿੰਗ ਹੋਣ ਜਾ ਰਹੀ ਹੈ। ਇਨ੍ਹਾਂ ਚੋਣਾਂ ਦੌਰਾਨ ਵੀ ਨਸ਼ੇ ਦਾ ਮੁੱਦਾ ਗਰਮਾਉਣ ਦੀ ਪੂਰੀ ਸੰਭਾਵਨਾ ਹੈ। ਸਰਹੱਦ ਨਾਲ ਲੱਗਦੇ ਇਸ ਜ਼ਿਲ੍ਹੇ ਦੀ ਗੱਲ ਕਰੀਏ ਤਾਂ ਇੱਥੇ ਡਰੱਗ ਨੇ ਕਈ ਘਰ ਉਜਾੜ ਦਿੱਤੇ ਹਨ ਅਤੇ ਕਈ ਘਰਾਂ ਵਿੱਚ ਮੌਤਾਂ ਹੋ ਚੁਕੀਆਂ ਹਨ। ਨਸ਼ੇ ਦੀ ਸਪਲਾਈ ਅਤੇ ਨਸ਼ੇ ਨਾਲ ਮੌਤਾਂ ਪੁਲਿਸ ਤੇ ਸਰਕਾਰ ਲਈ ਵੱਡੀ ਚੁਣੌਤੀ ਬਣ ਕੇ ਚੋਣਾਂ ਦੌਰਾਨ ਸਾਹਮਣੇ ਆ ਸਕਦੀਆਂ ਹਨ।

ਇਥੇ ਜ਼ਿਕਰਯੋਗ ਹੈ ਕਿ ਪੰਜਾਬ ਵਿੱਚ ਚੋਣਾਂ ਦੌਰਾਨ ਨਸ਼ਾ ਵੱਡੇ ਮੁੱਦੇ ਵਜੋਂ ਸਿਆਸੀ ਪਾਰਟੀਆਂ ਵੱਲੋਂ ਚੁੱਕਿਆ ਜਾਂਦਾ ਰਿਹਾ ਹੈ ਪਰ ਇਸ ਦਾ ਹੱਲ ਕਰਨ ਵਿੱਚ ਸਰਕਾਰਾਂ ਫੇਲ੍ਹ ਰਹੀਆਂ ਹਨ, ਇਸ ਨੂੰ ਲੈ ਕੇ ਜਨਤਾ ਵਿੱਚ ਵੱਡੇ ਸਵਾਲ ਪੈਦਾ ਹੁੰਦੇ ਆ ਰਹੇ ਹਨ। ਕਾਂਗਰਸ ਵੱਲੋਂ 2017 ਵਿੱਚ ਚਾਰ ਹਫ਼ਤਿਆਂ ਵਿੱਚ ਨਸ਼ਾ ਖ਼ਤਮ ਕਰਨ ਦੀ ਗੱਲ ਕਹਿ ਕੇ ਪੰਜਾਬ ਵਿੱਚ ਸਰਕਾਰ ਬਣਾਈ ਅਤੇ ਫਿਰ 2022 ਵਿੱਚ ਆਪ ਪਾਰਟੀ ਨੇ ਵੀ ਨਸ਼ਾ ਖ਼ਤਮ ਕਰ ਕੇ ਨੌਜਵਾਨਾਂ ਦੇ ਹੱਥਾਂ ਵਿੱਚ ਸਿਰਿੰਜਾਂ ਦੀ ਥਾਂ ਟਿਫਨ ਦੇਣ ਦਾ ਵਾਅਦਾ ਕਰ ਕੇ ਸੱਤਾ ਦਾ ਰਾਹ ਮੁਕੰਮਲ ਕਰ ਲਿਆ ਪਰ ਦੋ ਸਾਲ ਲੰਘਣ ਦੇ ਬਾਵਜੂਦ ਨਸ਼ੇ ਦਾ ਮੁੱਦਾ ਹੱਲ ਨਹੀਂ ਹੋਇਆ। ਪੰਜਾਬ ਕਾਂਗਰਸ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਕਿਹਾ ਹੈ ਕਿ ਪੰਜਾਬ ਵਿੱਚ 'ਆਪ' ਦੀ ਸਰਕਾਰ ਆਉਣ ਤੋਂ ਬਾਅਦ ਸੂਬੇ ਵਿੱਚ ਨਸ਼ਾ ਵਧਿਆ ਹੈ। ਉਨ੍ਹਾਂ ਕਿਹਾ ਕਿ ਨੌਜਵਾਨ ਹੀ ਨਹੀਂ ਸਗੋਂ ਔਰਤਾਂ ਵੀ ਨਸ਼ਾਖੋਰੀ ਤੇ ਤਸਕਰੀ ਵਿੱਚ ਸ਼ਾਮਲ ਹਨ।



### 541 ਕੇਸਾਂ ਦੇ ਤਹਿਤ 709 ਵਿਅਕਤੀ ਗ੍ਰਿਫ਼ਤਾਰ

ਤਰਨਤਾਰਨ ਜ਼ਿਲ੍ਹੇ ਵਿੱਚ ਨਸ਼ੇ ਦੀ ਆਮਦ ਦਾ ਅੰਦਾਜ਼ਾ ਇਸ ਗੱਲੋਂ ਲਗਾਇਆ ਜਾ ਸਕਦਾ ਹੈ ਕਿ ਪੁਲਿਸ ਨੇ ਲੰਘੇ ਸਾਲ ਦੌਰਾਨ 159 ਕਿੱਲੋ 400 ਗ੍ਰਾਮ ਹੈਰੋਇਨ ਬਰਾਮਦ ਕੀਤੀ ਸੀ ਜਦੋਂਕਿ 20 ਕਿੱਲੋ 218 ਗ੍ਰਾਮ ਅਫੀਮ, 345 ਕਿੱਲੋ 650 ਗ੍ਰਾਮ ਚੂਰਾ ਪੋਸਤ, 4 ਗ੍ਰਾਮ ਸੁਲਫਾ, 60 ਗ੍ਰਾਮ ਨਸ਼ੀਲਾ ਪਾਊਡਰ, 500 ਗ੍ਰਾਮ ਆਈਸ ਅਤੇ 1 ਲੱਖ 31 ਹਜ਼ਾਰ 6 ਗੋਲੀਆਂ ਤੇ ਕੈਪਸੂਲ ਬਰਾਮਦ ਕੀਤੇ ਗਏ ਸਨ ਜਦੋਂਕਿ ਜ਼ਿਲ੍ਹੇ ਦੇ ਵੱਖ-ਵੱਖ ਥਾਣਿਆਂ ਵਿੱਚ ਦਰਜ ਕੀਤੇ 541 ਕੇਸਾਂ ਦੇ ਤਹਿਤ 709 ਵਿਅਕਤੀਆਂ ਨੂੰ ਗ੍ਰਿਫ਼ਤਾਰ ਵੀ ਕੀਤਾ ਗਿਆ।ਤਰਨਤਾਰਨ ਦੇ ਐੱਸ.ਐੱਸ.ਪੀ. ਅਸ਼ਵਨੀ ਕਪੂਰ ਦਾ ਕਹਿਣਾ ਹੈ ਜ਼ਿਲ੍ਹੇ ਵਿੱਚ ਨਸ਼ੇ ਦੀ ਸਪਲਾਈ ਲਾਈਨ ਤੋੜਨ ਲਈ ਪੁਲਿਸ ਪੂਰੀ ਤਰ੍ਹਾਂ ਚੌਕਸ ਹੈ। ਉਨ੍ਹਾਂ ਦੱਸਿਆ ਕਿ ਜ਼ਿਲ੍ਹੇ ਵਿੱਚ 1 ਜਨਵਰੀ ਤੋਂ 26 ਮਾਰਚ ਤਕ 35 ਕਿੱਲੋ ਤੋਂ ਵੱਧ ਹੈਰੋਇਨ ਦੀ ਬਰਾਮਦਗੀ ਕੀਤੀ ਗਈ ਹੈ ਜਿਸ ਵਿੱਚੋਂ 10 ਕਿੱਲੋ 336 ਗ੍ਰਾਮ ਹੈਰੋਇਨ ਦੀਆਂ ਖੇਪਾਂ ਡ੍ਰੋਨਾਂ ਦੀ ਮਦਦ ਨਾਲ ਭਾਰਤੀ ਖੇਤਰ ਵਿੱਚ ਆਈਆਂ ਸਨ ਜਿਨ੍ਹਾਂ ਨੂੰ ਕਬਜ਼ੇ ਵਿੱਚ ਲੈ ਕੇ ਤਸਕਰਾਂ ਦੇ ਮਨਸੂਬਿਆਂ ਨੂੰ ਫੇਲ੍ਹ ਕੀਤਾ ਗਿਆ ਹੈ। ਇਨ੍ਹਾਂ ਤਿੰਨਾਂ ਮਹੀਨਿਆਂ ਵਿੱਚ 11 ਡ੍ਰੋਨ ਬਰਾਮਦ ਹੋਏ ਹਨ ਜਦੋਂਕਿ ਡ੍ਰੋਨ ਗਤੀਵਿਧੀਆਂ ਸਬੰਧੀ 44 ਕੇਸ ਵੀ ਦਰਜ ਕੀਤੇ ਗਏ ਹਨ ਜਿਨ੍ਹਾਂ ਵਿਚੋਂ 6 ਨੂੰ ਪੁਲਿਸ ਨੇ ਹੱਲ ਵੀ ਕੀਤਾ ਹੈ। ਜ਼ਿਲ੍ਹੇ ਦੇ ਵੱਖ-ਵੱਖ ਥਾਣਿਆਂ 'ਚ ਐੱਨ.ਡੀ.ਪੀ.ਐੱਸ. ਐਕਟ ਤਹਿਤ 68 ਮੁਕੱਦਮੇ 1 ਜਨਵਰੀ ਤੋਂ 26 ਮਾਰਚ ਤੱਕ ਦਰਜ ਹੋਏ ਹਨ ਅਤੇ 85 ਵਿਅਕਤੀਆਂ ਨੂੰ ਗ੍ਰਿਫ਼ਤਾਰ ਕਰ ਕੇ 24 ਕਿੱਲੋ 669 ਗ੍ਰਾਮ ਹੈਰੋਇਨ, ਦੋ ਕਿੱਲੋ ਅਫੀਮ, 17 ਕਿੱਲੋ ਚੂਰਾ ਪੋਸਤ, 5 ਕਿੱਲੋ 77 ਗ੍ਰਾਮ ਆਈਸ ਅਤੇ 630 ਨਸ਼ੀਲੀਆਂ ਗੋਲੀਆਂ ਤੇ ਕੈਪਸੂਲ ਬਰਾਮਦ ਕੀਤੇ ਗਏ ਹਨ।

ਤਰਨਤਾਰਨ ਜ਼ਿਲ੍ਹੇ ਦੀ ਗੱਲ ਕਰੀਏ ਤਾਂ ਇਸ ਨੂੰ ਨਸ਼ੇ ਤੋਂ ਪ੍ਰਭਾਵਿਤ ਇਲਾਕਾ ਮੰਨਦਿਆਂ ਸਰਕਾਰ ਵੱਲੋਂ ਦੋ ਨਸ਼ਾ ਛੁਡਾਊ ਕੇਂਦਰ ਸਿਵਲ ਹਸਪਤਾਲ ਤਰਨਤਾਰਨ ਅਤੇ ਸਿਵਲ ਹਸਪਤਾਲ ਪੱਟੀ ਵਿਖੇ ਖੋਲ੍ਹੇ ਗਏ ਸਨ ਜਦੋਂਕਿ ਦੋ ਮੁੜ ਵਸੇਬਾ ਕੇਂਦਰਾਂ ਦਾ ਨਿਰਮਾਣ ਪਿੰਡ ਠਰੂ ਤਰਨਤਾਰਨ ਅਤੇ ਭੱਗੂਪੁਰ ਪੱਟੀ ਵਿਖੇ ਕੀਤਾ ਗਿਆ ਤਾਂ ਜੋ ਵੱਧ ਤੋਂ ਵੱਧ ਨੌਜਵਾਨਾਂ ਨੂੰ ਨਸ਼ੇ ਤੋਂ ਮੁਕਤੀ ਦਿਵਾ ਕੇ ਮੁੜ ਮੁੱਖ ਧਾਰਾ ਵਿੱਚ ਲਿਆ ਕੇ ਉਨ੍ਹਾਂ ਨੂੰ ਪੈਰਾਂ ਸਿਰ ਖੜ੍ਹਾ ਕੀਤਾ ਜਾ ਸਕੇ। ਇਸ ਤੋਂ ਇਲਾਵਾ ਕਾਂਗਰਸ ਸਰਕਾਰ ਵੇਲੇ ਲਿਆਂਦੀ ਗਈ ਓਟ ਸਕੀਮ ਤਹਿਤ ਤਰਨਤਾਰਨ ਵਿੱਚ ਉਸ ਵੇਲੇ ਠਰੂ, ਭੱਗੂਪੁਰ, ਕਸੇਲ, ਸੁਰਸਿੰਘ, ਘਰਿਆਲਾ, ਕੈਰੋਂ, ਸਰਹਾਲੀ, ਮੀਆਂਵਿੰਡ, ਖਡੂਰ ਸਾਹਿਬ, ਖੇਮਕਰਨ, ਤਰਨਤਾਰਨ, ਹਰੀਕੇ ਪੱਤਣ, ਪੱਟੀ ਅਤੇ ਭਿੱਖੀਵਿੰਡ ਵਿਖੇ 20 ਓਟ ਕੇਂਦਰ ਖੋਲ੍ਹੇ ਗਏ ਸਨ । ਇਸ ਤੋਂ ਇਲਾਵਾ ਤਿੰਨ ਓ.ਐੱਸ.ਟੀ. ਕੇਂਦਰ ਤਰਨਤਾਰਨ, ਪੱਟੀ ਅਤੇ ਝਬਾਲ ਵਿਖੇ ਚੱਲ ਰਹੇ ਹਨ।

### ਕਿਸ ਨਸ਼ਾ ਛੁਡਾਓ ਕੇਂਦਰ ਵਿੱਚ ਕਿੰਨੇ ਮਰੀਜ਼ ਹਨ ਰਜਿਸਟਰਡ



ਵਿਭਾਗ ਦੇ ਅੰਕੜਿਆਂ 'ਤੇ ਝਾਤ ਮਾਰੀਏ ਤਾਂ ਇਸ ਵੇਲੇ 24 ਹਜ਼ਾਰ 981 ਨਸ਼ਾ ਛੱਡਣ ਵਾਲੇ ਮਰੀਜ਼ ਰਜਿਸਟਰਡ ਹਨ ਅਤੇ 11 ਹਜ਼ਾਰ ਤੋਂ ਵੱਧ ਮਰੀਜ਼ ਹਰ ਰੋਜ਼ ਨਸ਼ਾ ਛੱਡਣ ਦੀ ਦਵਾਈ ਲੈਣ ਵਾਸਤੇ ਕੇਂਦਰਾਂ ਤੱਕ ਪਹੁੰਚ ਕਰਦੇ ਹਨ। ਜ਼ਿਲ੍ਹੇ ਵਿੱਚ ਨਸ਼ਾ ਛੁਡਾਉਣ ਲਈ 6 ਨਿੱਜੀ ਨਸ਼ਾ ਛੁਡਾਊ ਕੇਂਦਰ ਵੀ ਯਤਨਸ਼ੀਲ ਹਨ।ਤਰਨਤਾਰਨ 976,ਭੱਗੂਪੁਰ 2955,ਕਸੇਲ 1109, ਭਿੱਖੀਵਿੰਡ 2087, ਰਾਜੋਕੇ 362, ਘਰਿਆਲਾ 2641,ਗੋਇੰਦਵਾਲ ਸਾਹਿਬ 790,ਸੁਰਸਿੰਘ 1755, ਮੀਆਂਵਿੰਡ 735, ਹਰੀਕੇ 993, ਸਰਹਾਲੀ 2310, ਨੌਸ਼ਹਿਰਾ ਪਨੂੰਆਂ 180, ਕਿਰਤੋਵਾਲ 400,ਖੇਮਕਰਨ 1947, ਬ੍ਰਹਮਪੁਰਾ 7,ਖਡੂਰ ਸਾਹਿਬ 2531,ਪੱਟੀ 740,ਠਰੂ 1307, ਗੋਇੰਦਵਾਲ ਜੇਲ੍ਹ 31 ਇਲਾਜ਼ ਕਰਵਾ ਰਹੇ ਹਨ।

ਤਰਨਤਾਰਨ ਦੇ ਡਿਪਟੀ ਮੈਡੀਕਲ ਕਮਿਸ਼ਨਰ ਡਾ. ਸੰਦੀਪ ਸਿੰਘ ਕਾਲੜਾ ਨੇ ਦੱਸਿਆ ਕਿ ਨਸ਼ਾ ਛੱਡਣ ਦੀ ਇੱਛਾ ਸ਼ਕਤੀ ਨਾਲ ਜੋ ਮਰੀਜ਼ ਨਸ਼ਾ ਛੁਡਾਊ ਕੇਂਦਰ ਵਿੱਚ ਦਾਖ਼ਲ ਹੁੰਦੇ ਹਨ, ਉਨ੍ਹਾਂ ਨੂੰ ਸਰਕਾਰ ਵੱਲੋਂ ਪੂਰੀ ਸਹੂਲਤ ਦਿੱਤੀ ਜਾਂਦੀ ਹੈ। ਉਨ੍ਹਾਂ ਦੱਸਿਆ ਕਿ ਮਰੀਜ਼ ਦੀ ਰਿਹਾਇਸ਼, ਖਾਣਾ ਅਤੇ ਦਵਾਈ ਬਿਲਕੁੱਲ ਮੁਫ਼ਤ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਹੈਰੋਇਨ ਤੋਂ ਨਸ਼ਾ ਮੁਕਤ ਹੋਣ ਲਈ ਇਸ ਦੇ ਆਦੀ ਵਿਅਕਤੀ ਨੂੰ ਲੰਮੀ ਲੜਾਈ ਲੜਨੀ ਪੈਂਦੀ ਹੈ। ਘੱਟ ਨਸ਼ੇ ਵਾਲੀ ਦਵਾਈ ਲੰਮੇ ਸਮੇਂ ਲਈ ਲੈਣ ਦੇ ਨਾਲ ਨਾਲ ਉਸ ਨੂੰ ਪਰਿਵਾਰਕ ਤੇ ਸਮਾਜਿਕ ਸਹਾਇਤਾ ਦੀ ਜ਼ਰੂਰਤ ਹੁੰਦੀ ਹੈ।

ਕਈ ਮਾਹਿਰ ਇਹ ਰਾਏ ਦਿੰਦੇ ਹਨ ਕਿ ਕੁਝ ਦਹਾਕੇ ਪਹਿਲਾਂ ਦੁਨੀਆਂ ਭਰ ਦੀਆਂ ਸਰਕਾਰਾਂ ਨੇ ਉਨ੍ਹਾਂ ਨਸ਼ਿਆਂ ਜਿਹੜੇ ਲੋਕ ਸਦੀਆਂ ਤੋਂ ਕਰਦੇ ਆ ਰਹੇ ਸਨ, 'ਤੇ ਸਖ਼ਤ ਪਾਬੰਦੀਆਂ ਲਗਾਈਆਂ, ਜਿਸ ਕਾਰਨ ਹੈਰੋਇਨ ਜਿਹੇ ਨਸ਼ੇ ਵਧੇ ਅਤੇ ਲੋਕ ਇਨ੍ਹਾਂ ਦੇ ਜਾਲ ਵਿੱਚ ਫਸ ਗਏ। ਇਸ ਸਮੱਸਿਆ 'ਤੇ ਕਾਬੂ ਪਾਉਣ ਲਈ ਕੇਂਦਰ ਤੇ ਸੂਬਾ ਸਰਕਾਰਾਂ ਨੂੰ ਦੂਰ ਦ੍ਰਿਸ਼ਟੀ ਵਾਲੀਆਂ ਨੀਤੀਆਂ ਬਣਾਉਣ ਅਤੇ ਉਨ੍ਹਾਂ ਨੂੰ ਅਮਲੀ ਰੂਪ ਦੇਣ ਦੀ ਲੋੜ ਹੈ।

# ਸਿਆਸੀ ਆਗੂਆਂ ਦੀ ਦਲਬਦਲੀ ਨੇ ਗੰਧਲੀ ਕੀਤੀ ਸਿਆਸਤ









ਫਰੀਦਕੋਟ/ਏ.ਟੀ.ਨਿਊਜ਼ : ਪੰਜਾਬ ਦੇ ਸਿਆਸੀ ਆਗੂਆਂ ਦੀ ਆਪਣੀਆਂ ਪਾਰਟੀਆਂ ਪ੍ਰਤੀ ਕਦੇ ਵੀ ਵਫਾਦਾਰੀ ਪੱਕੀ ਨਹੀਂ ਰਹੀ। ਪੰਜਾਬ ਦੀਆਂ ਪ੍ਰਮੁੱਖ ਸਿਆਸੀ ਪਾਰਟੀਆਂ ਦੇ ਵੱਡੇ ਆਗੂ ਹਮੇਸ਼ਾ ਦਲ ਬਦਲ ਕੇ ਸਿਆਸੀ ਮੌਜਾਂ ਮਾਣਦੇ ਰਹੇ ਹਨ। 1996 ਵਿੱਚ ਕੈਪਟਨ ਅਮਰਿੰਦਰ ਸਿੰਘ ਸ਼੍ਰੋਮਣੀ ਅਕਾਲੀ ਦਲ ਨੂੰ ਅਲਵਿਦਾ ਕਹਿ ਕੇ ਕਾਂਗਰਸ ਵਿੱਚ ਸ਼ਾਮਲ ਹੋ ਗਏ ਸਨ ਅਤੇ ਉਹ 10 ਸਾਲ ਪੰਜਾਬ ਦੇ ਮੁੱਖ ਮੰਤਰੀ ਰਹੇ। ਇਸੇ ਤਰ੍ਹਾਂ ਸ਼੍ਰੋਮਣੀ ਅਕਾਲੀ ਦਲ ਤੋਂ ਤੋੜ ਵਿਛੋੜਾ ਕਰਨ ਵਾਲੇ ਮਨਪ੍ਰੀਤ ਸਿੰਘ ਬਾਦਲ ਵੀ ਕਾਂਗਰਸ ਵਿੱਚ ਸ਼ਾਮਲ ਹੋਏ ਅਤੇ ਉਨ੍ਹਾਂ ਨੂੰ ਪੰਜ ਸਾਲ ਤੱਕ ਖਜ਼ਾਨਾ ਮੰਤਰੀ ਦੀ ਕੁਰਸੀ ਸਾਂਭਣ ਦਾ ਮੌਕਾ ਮਿਲਿਆ। ਬਲਵੰਤ ਸਿੰਘ ਰਾਮੂਵਾਲੀਆ ਵੀ ਦੋ ਵਾਰ ਦਲਬਦਲੀ ਕਰ ਕੇ ਪੰਜਾਬ ਅਤੇ ਯੂਪੀ ਵਿੱਚ ਮੰਤਰੀ ਦੀ ਕੁਰਸੀ ਹਾਸਲ ਕਰਨ ਵਿੱਚ ਸਫ਼ਲ ਰਹੇ। ਭਾਜਪਾ ਵੱਲੋਂ ਫਰੀਦਕੋਟ ਤੋਂ ਲੋਕ ਸਭਾ ਦੇ ਉਮੀਦਵਾਰ ਐਲਾਨੇ ਗਏ ਹੰਸ ਰਾਜ ਹੰਸ ਨੇ ਪਹਿਲਾਂ ਅਕਾਲੀ ਦਲ ਅਤੇ ਫਿਰ ਕਾਂਗਰਸ ਨੂੰ ਅਲਵਿਦਾ ਕਹਿ ਕੇ ਭਾਜਪਾ ਦੀ ਬਾਂਹ ਫੜੀ ਅਤੇ ਸਿੱਧਾ ਲੋਕ ਸਭਾ ਵਿੱਚ ਪਹੁੰਚ ਗਏ। ਉਹ ਇੱਕ ਵਾਰ ਫਿਰ ਫਰੀਦਕੋਟ ਲੋਕ ਸਭਾ ਹਲਕੇ ਤੋਂ ਚੋਣ ਮੈਦਾਨ ਵਿੱਚ ਹਨ।

ਪੰਜਾਬ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਵੀ ਕਾਂਗਰਸ ਦੇ ਵੱਡੇ ਆਗੂ ਸਨ ਪਰ ਉਨ੍ਹਾਂ ਨੇ 2014 ਵਿੱਚ ਆਮ ਆਦਮੀ ਪਾਰਟੀ ਵਿੱਚ ਜਾਣ ਦਾ ਫੈਸਲਾ ਕਰ ਲਿਆ। ਉਹ ਦੋ ਵਾਰ ਵਿਧਾਇਕ ਚੁਣੇ ਗਏ ਅਤੇ ਇਸ ਵੇਲੇ ਉਹ ਪੰਜਾਬ ਵਿਧਾਨ ਸਭਾ ਦੇ ਸਪੀਕਰ ਹਨ।

ਸੁਖਪਾਲ ਸਿੰਘ ਖਹਿਰਾ ਨੂੰ ਵੀ ਕਾਂਗਰਸ ਛੱਡਣੀ ਕਾਫ਼ੀ ਰਾਸ ਆਈ ਅਤੇ ਉਹ ਪਹਿਲੀ ਵਾਰ ਪੰਜਾਬ ਵਿੱਚ ਵਿਰੋਧੀ ਧਿਰ ਦੇ ਨੇਤਾ ਬਣੇ। ਗੁਰਪ੍ਰੀਤ ਸਿੰਘ ਕਾਂਗੜ ਨੇ ਅਕਾਲੀ ਦਲ ਨੂੰ ਛੱਡ ਕੇ ਕਾਂਗਰਸ ਦਾ ਪੱਲਾ ਫੜਿਆ ਸੀ ਅਤੇ ਉਹ ਪੰਜਾਬ ਵਿੱਚ ਬਿਜਲੀ ਮੰਤਰੀ ਬਣਨ ਵਿੱਚ ਸਫ਼ਲ ਹੋ ਗਏ। ਪੰਜਾਬ ਦੇ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਵੀ ਪਹਿਲੀ ਚੋਣ ਕਾਂਗਰਸ ਦੀ ਟਿਕਟ ਤੋਂ ਲੜੀ ਸੀ ਪਰ ਬਾਅਦ ਵਿੱਚ ਉਹ ਸ਼੍ਰੋਮਣੀ ਅਕਾਲੀ ਦਲ ਵਿੱਚ ਸ਼ਾਮਲ ਹੋ ਗਏ ਅਤੇ ਲਗਾਤਾਰ ਪੰਜ ਵਾਰ ਮੁੱਖ ਮੰਤਰੀ ਬਣਨ ਦਾ ਮਾਣ ਹਾਸਲ ਕੀਤਾ। ਫਰੀਦਕੋਟ ਦੇ ਸਾਬਕਾ ਵਿਧਾਇਕ ਕੁਸ਼ਲਦੀਪ ਸਿੰਘ ਢਿੱਲੋਂ ਵੀ ਅਕਾਲੀ ਦਲ ਵਿੱਚੋਂ ਆਏ ਹਨ ਅਤੇ ਕਾਂਗਰਸ ਵਿੱਚ ਆਉਣ ਤੋਂ ਬਾਅਦ ਉਨ੍ਹਾਂ ਨੇ ਸ਼ਾਨਦਾਰ ਜਿੱਤ ਹਾਸਲ ਕੀਤੀ ਅਤੇ ਬਾਅਦ ਵਿੱਚ ਮਾਰਕਫੈੱਡ ਪੰਜਾਬ ਦੇ ਚੇਅਰਮੈਨ ਵੀ ਬਣੇ। ਇਸ ਵਾਰ ਲੋਕ ਸਭਾ ਚੋਣਾਂ ਵਿੱਚ ਵੀ ਦਲ ਬਦਲ ਕੇ ਉਮੀਦਵਾਰ ਵੱਡੀ ਗਿਣਤੀ ਵਿੱਚ ਚੋਣ ਮੈਦਾਨ ਵਿੱਚ ਹਨ ਜਿਨ੍ਹਾਂ ਵਿੱਚ ਰਵਨੀਤ ਬਿੱਟੂ, ਸੁਸ਼ੀਲ ਕੁਮਾਰ ਰਿੰਕੂ, ਮਹਾਰਾਣੀ ਪ੍ਰਨੀਤ ਕੌਰ ਆਦਿ ਪ੍ਰਮੁੱਖ ਤੌਰ 'ਤੇ ਸ਼ਾਮਿਲ ਹਨ। ਕਾਂਗਰਸੀ ਆਗੂ ਦਰਸ਼ਨ ਸਿੰਘ ਢਿੱਲਵਾਂ ਨੇ ਕਿਹਾ ਕਿ ਆਗੂਆਂ ਦੀ ਦਲਬਦਲੀ ਨੇ ਸਿਆਸਤ ਗੰਧਲੀ ਕੀਤੀ ਹੈ ਅਤੇ ਇਸ ਵਾਰ ਪੰਜਾਬ ਵਿੱਚ ਨਤੀਜੇ ਦਲ ਬਦਲੂਆਂ ਦੇ ਖ਼ਿਲਾਫ਼ ਆਉਣਗੇ।

## ਅਕਾਲੀ ਦਲ ਲਈ ਸੱਤਾ ਤੋਂ ਵੱਧ ਪੰਥ ਤੇ ਪੰਜਾਬ ਮਾਇਨੇ ਰੱਖਦੈ : ਸੁਖਬੀਰ ਬਾਦਲ

ਚੰਡੀਗੜ੍ਹ : ਭਾਜਪਾ ਨਾਲ ਗਠਜੋੜ 'ਤੇ ਸਹਿਮਤੀ ਨਾ ਬਣਨ ਮਗਰੋਂ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਬਾਦਲ ਵਲੋਂ ਇਕ ਵਾਰ ਫਿਰ ਪੰਥਕ ਏਜੰਡੇ 'ਤੇ ਜ਼ੋਰ ਦਿੱਤਾ ਜਾ ਰਿਹਾ ਹੈ। ਸੁਖਬੀਰ ਬਾਦਲ ਨੇ ਇਕ ਅੰਗਰੇਜ਼ੀ ਅਖ਼ਬਾਰ ਨੂੰ ਦਿੱਤੇ ਇੰਟਰਵਿਊ 'ਚ ਕਿਹਾ ਕਿ ਬਾਕੀ ਸਾਰੀਆਂ ਪਾਰਟੀਆਂ ਦੇ ਉਲਟ ਸਾਡੀ ਤਰਜ਼ੀਹ ਪੰਜਾਬ ਹੈ ਅਤੇ ਅਸੀਂ ਸੂਬੇ ਲਈ ਹਮੇਸ਼ਾ ਲੜਦੇ ਰਹਾਂਗੇ, ਫਿਰ ਭਾਵੇਂ ਜਿੱਤੀਏ ਜਾਂ ਨਾ ਜਿੱਤੀਏ।

ਅਕਾਲੀ ਦਲ 103 ਸਾਲ ਪੁਰਾਣੀ ਪਾਰਟੀ ਹੈ ਅਤੇ ਜੇਕਰ ਸਾਡੀ ਪਾਰਟੀ ਨੰਬਰਾਂ ਦੀ ਖੇਡ 'ਚ ਹੁੰਦੀ ਤਾਂ ਮੇਰੇ ਪਿਤਾ ਜੀ ਸ. ਪ੍ਰਕਾਸ਼ ਸਿੰਘ ਬਾਦਲ ਸਮੇਤ ਪਾਰਟੀ ਦੇ ਬਾਕੀ ਆਗੂ ਜੇਲ੍ਹਾਂ 'ਚ ਨਾ ਜਾਂਦੇ। ਸੁਖਬੀਰ ਬਾਦਲ ਨੇ ਕਿਹਾ ਕਿ ਖ਼ਾਲਸਾ ਪੰਥ ਸਾਡਾ ਆਧਾਰ ਹੈ ਅਤੇ ਅਸੀਂ ਪੰਜਾਬ ਦੀ ਸ਼ਾਨ ਅਤੇ ਹਿੱਤਾਂ ਨਾਲ ਕੋਈ ਸਮਝੌਤਾ ਨਹੀਂ ਕਰਾਂਗੇ। ਉਨ੍ਹਾਂ ਕਿਹਾ ਕਿ ਸਾਡੀ ਪਾਰਟੀ ਬੰਦੀ ਸਿੰਘਾਂ ਦੀ ਰਿਹਾਈ ਦੀ ਮੰਗ ਕਰਦੀ ਹੈ, ਜੋ ਆਪਣੀਆਂ ਸਜ਼ਾਵਾਂ ਪੂਰੀਆਂ ਕਰ ਚੁੱਕੇ ਹਨ।

## ਸ੍ਰ. ਹਰਭਜਨ ਸਿੰਘ ਹੋਠੀ ਦਾ ਦੇਹਾਂਤ



ਸਰਦਾਰ ਹਰਭਜਨ ਸਿੰਘ ਜੀ ਹੋਠੀ 26 ਮਾਰਚ ਨੂੰ ਆਪਣੇ ਜੱਦੀ ਪਿੰਡ ਰਾਏਪੁਰ ਵਿਖੇ ਅਕਾਲ ਚਲਾਣਾ ਕਰ ਗਏ ਹਨ, ਉਹ ਪਿਛਲੇ ਦੋ ਕੁ ਮਹੀਨੇ ਤੋਂ ਅਮਰੀਕਾ ਤੋਂ ਪੰਜਾਬ ਗਏ ਸਨ। ਹਰਭਜਨ ਸਿੰਘ ਜੀ ਬਹੁਤ ਹੀ ਨੇਕ ਸੁਭਾਅ ਦੇ ਮਾਲਕ ਸਨ ਉਹਨਾਂ ਨੇ ਸਾਰੀ ਉਮਰ ਬਹੁਤ ਹੀ ਮਿਹਨਤ ਕੀਤੀ ਅਤੇ ਆਪਣੇ ਜੀਵਨ ਨੂੰ ਸਾਦਗੀ ਰੂਪ ਵਿੱਚ ਬਿਤਾਇਆ। ਪਿਛਲੇ ਦਸ ਕੁ ਸਾਲ ਤੋਂ ਉਹ ਆਪਣੇ ਬੇਟੇ ਜਤਿੰਦਰ ਸਿੰਘ ਕੋਲ ਯੂਨੀਅਨ ਸਿਟੀ ਕੈਲੇਫੋਰਨੀਆ ਵਿਖੇ ਰਹਿ ਰਹੇ ਸੀ। ਸਾਡੀ ਅਰਦਾਸ ਹੈ ਕਿ ਸੱਚੇ ਪਾਤਿਸ਼ਾਹ ਉਹਨਾਂ ਦੀ ਵਿੱਛੜੀ ਰੂਹ ਨੂੰ ਆਪਣੇ ਚਰਨਾਂ ਵਿੱਚ ਨਿਵਾਸ ਦੇਣ ਅਤੇ ਪਰਵਾਰ ਨੂੰ ਭਾਣਾ ਮੰਨਣ ਦਾ ਬਲ ਬਖਸ਼ਣ । ਪਰਿਵਾਰ ਨਾਲ ਅਫਸੋਸ ਕਰਨ ਲਈ ਬੇਟੇ ਜਤਿੰਦਰ ਸਿੰਘ ਸਾਬੀ ਨਾਲ 510 585 5515 'ਤੇ ਸੰਪਰਕ ਕਰ ਸਕਦੇ ਹੋ।

# ਸ਼੍ਰੋਮਣੀ ਕਮੇਟੀ ਦਾ 12.60 ਅਰਬ ਰੁਪਏ ਦਾ ਬਜਟ ਪਾਸ

## ਪਿਛਲੇ ਸਾਲ ਨਾਲੋਂ 14 ਫ਼ੀਸਦੀ ਬਜਟ ਵਧਾਇਆ, ਮੀਰੀ ਪੀਰੀ ਮੈਡੀਕਲ ਕਾਲਜ ਲਈ ਅੱਠ ਕਰੋੜ ਰੁਪਏ ਰੱਖੇ

ਅੰਮ੍ਰਿਤਸਰ/ਏ.ਟੀ.ਨਿਊਜ਼ : ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਜਨਰਲ ਇਜਲਾਸ ਵਿੱਚ ਸਾਲ 2024-25 ਲਈ 12 ਅਰਬ 60 ਕਰੋੜ 97 ਲੱਖ 38 ਹਜ਼ਾਰ ਰੁਪਏ ਦਾ ਬਜਟ ਪਾਸ ਕੀਤਾ ਗਿਆ ਜੋ ਪਿਛਲੇ ਸਾਲ ਨਾਲੋਂ 14 ਫੀਸਦੀ ਵੱਧ ਹੈ। ਸ਼੍ਰੋਮਣੀ ਕਮੇਟੀ ਦਫ਼ਤਰ ਸਥਿਤ ਤੇਜਾ ਸਿੰਘ ਸਮੁੰਦਰੀ ਹਾਲ ਵਿੱਚ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿੱਚ ਹੋਏ ਇਸ ਇਜਲਾਸ ਵਿੱਚ ਸ਼੍ਰੋਮਣੀ ਕਮੇਟੀ ਦੇ ਜਨਰਲ ਸਕੱਤਰ ਭਾਈ ਰਾਜਿੰਦਰ ਸਿੰਘ ਮਹਿਤਾ ਨੇ ਬਜਟ ਪੇਸ਼ ਕੀਤਾ ਜਿਸ ਨੂੰ ਹਾਜ਼ਰ ਮੈਂਬਰਾਂ ਨੇ ਜੈਕਾਰਿਆਂ ਦੀ ਗੂੰਜ 'ਚ ਪ੍ਰਵਾਨਗੀ ਦਿੱਤੀ। ਇਸ ਮੌਕੇ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ, ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਗਿਆਨੀ ਸੁਲਤਾਨ ਸਿੰਘ, ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਅਤੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਮੌਜੂਦ ਸਨ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਦੱਸਿਆ ਕਿ ਇਸ ਵਾਰ ਪਿਛਲੇ ਬਜਟ ਨਾਲੋਂ 14 ਫੀਸਦੀ ਵਾਧਾ ਕੀਤਾ ਗਿਆ ਹੈ। ਅਗਲੇ ਵਿੱਤੀ ਵਰ੍ਹੇ ਦੌਰਾਨ ਧਰਮ ਪ੍ਰਚਾਰ, ਵਿੱਦਿਆ ਅਤੇ ਪੰਥਕ



ਕਾਰਜਾਂ ਨੂੰ ਪਹਿਲ ਦਿੱਤੀ ਜਾਵੇਗੀ। ਇਸ ਵਾਰ ਧਰਮ ਪ੍ਰਚਾਰ ਕਮੇਟੀ ਦਾ ਬਜਟ 100 ਕਰੋੜ ਰੁਪਏ ਦਾ ਹੈ। ਧਰਮ ਪ੍ਰਚਾਰ ਕਮੇਟੀ ਰਾਹੀਂ ਕੀਤੇ ਜਾਣ ਵਾਲੇ ਕਾਰਜਾਂ ਲਈ ਰੱਖੀ ਰਾਸ਼ੀ ਦੇ ਵੇਰਵੇ ਦਿੰਦਿਆਂ ਐਡਵੋਕੇਟ ਧਾਮੀ ਨੇ ਦੱਸਿਆ ਕਿ ਗੁਰੂ ਅਮਰਦਾਸ ਜੀ ਦੇ 450 ਸਾਲਾ ਜੋਤੀ ਜੋਤਿ ਦਿਵਸ ਦੀ ਸਤੰਬਰ ਮਹੀਨੇ ਵਿੱਚ ਆ ਰਹੀ ਸ਼ਤਾਬਦੀ ਮਨਾਉਣ ਲਈ 3 ਕਰੋੜ ਰੁਪਏ ਰਾਖਵੇਂ ਰੱਖੇ ਗਏ ਹਨ।

ਐਡਵੋਕੇਟ ਧਾਮੀ ਨੇ ਦੱਸਿਆ ਕਿ ਇਸ ਵਾਰ ਗੁਰਦੁਆਰਿਆਂ ਦਾ ਬਜਟ 994 ਕਰੋੜ 51 ਲੱਖ ਰੁਪਏ ਹੈ। ਇਸੇ ਤਰ੍ਹਾਂ ਵਿਦਿਅਕ ਅਦਾਰਿਆਂ ਦਾ ਬਜਟ 251 ਕਰੋੜ, ਪ੍ਰਿੰਟਿੰਗ ਪ੍ਰੈੱਸਾਂ ਦਾ ਬਜਟ 7 ਕਰੋੜ 94 ਲੱਖ ਰੁਪਏ ਪਾਸ ਕੀਤਾ ਗਿਆ ਹੈ। ਉਨ੍ਹਾਂ ਵਿਸ਼ੇਸ਼ ਤੌਰ 'ਤੇ ਜ਼ਿਕਰ ਕੀਤਾ ਕਿ ਇਸ ਵਾਰ ਦੇ ਬਜਟ ਵਿੱਚ ਵਿਦਿਅਕ ਅਦਾਰਿਆਂ ਦੇ ਸਟਾਫ਼ ਦੀਆਂ ਬਕਾਇਆ ਤਨਖ਼ਾਹਾਂ ਵਾਸਤੇ ਵਿਸ਼ੇਸ਼ ਪ੍ਰਬੰਧ ਕੀਤਾ ਗਿਆ ਹੈ।

ਉਨ੍ਹਾਂ ਦੱਸਿਆ ਕਿ ਜਨਰਲ ਬੋਰਡ ਫੰਡ, ਟਰੱਸਟ ਫੰਡ, ਵਿਦਿਅਕ ਫੰਡ, ਸਪੋਰਟਸ ਫੰਡ ਆਦਿ ਲਈ ਆਪਣੀ ਆਮਦਨ ਭਾਵੇਂ ਘੱਟ ਹੈ ਪਰ ਇਨ੍ਹਾਂ ਲਈ ਗੁਰਦੁਆਰਿਆਂ ਤੋਂ ਦਸਵੰਧ ਅਤੇ ਲੋੜੀਂਦੇ ਫੰਡ ਲਏ ਜਾਂਦੇ ਹਨ। ਇਸ ਵਾਰ ਇਨ੍ਹਾਂ ਫੰਡਾਂ ਰਾਹੀਂ ਪੰਥਕ ਕਾਰਜਾਂ ਲਈ ਵਿਸ਼ੇਸ਼ ਰਾਸ਼ੀ ਰੱਖੀ ਗਈ ਹੈ, ਜਿਨ੍ਹਾਂ ਵਿੱਚ ਬੰਦੀ ਸਿੰਘਾਂ ਦੇ ਕੇਸਾਂ ਦੀ ਪੈਰਵਾਈ ਲਈ 60 ਲੱਖ ਰੁਪਏ, ਬੰਦੀ ਸਿੰਘਾਂ ਨੂੰ ਮਾਸਿਕ ਸਨਮਾਨ ਭੱਤੇ ਲਈ 40 ਲੱਖ ਰੁਪਏ, ਧਰਮੀ ਫ਼ੌਜੀਆਂ ਲਈ 40 ਲੱਖ ਰੁਪਏ, ਸਿਕਲੀਗਰ ਤੇ ਵਣਜਾਰੇ ਸਿੱਖਾਂ ਲਈ 60 ਲੱਖ ਰੁਪਏ, ਗਰੀਬ ਵਿਦਿਆਰਥੀਆਂ ਲਈ 50 ਲੱਖ, ਕੁਦਰਤੀ ਆਫ਼ਤਾਂ ਲਈ 1 ਕਰੋੜ 48 ਲੱਖ, ਖੇਡਾਂ ਲਈ 3 ਕਰੋੜ 6 ਲੱਖ ਰੁਪਏ ਦਾ ਪ੍ਰਬੰਧ ਕੀਤਾ ਗਿਆ ਹੈ। ਬਾਬਾ ਬੁੱਢਾ ਚੈਰੀਟੇਬਲ ਹਸਪਤਾਲ ਬੀੜ ਸਾਹਿਬ ਲਈ 1 ਕਰੋੜ 5 ਲੱਖ ਰੁਪਏ ਦਾ ਪ੍ਰਬੰਧ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਹਰਿਆਣਾ ਸਥਿਤ ਸ਼ਾਹਬਾਦ ਮਾਰਕੰਡਾ ਵਿੱਚ ਸ਼੍ਰੋਮਣੀ ਕਮੇਟੀ ਵੱਲੋਂ ਸਥਾਪਤ ਕੀਤੇ ਗਏ ਮੀਰੀ ਪੀਰੀ ਮੈਡੀਕਲ ਕਾਲਜ ਲਈ ਵੀ 8 ਕਰੋੜ ਰੁਪਏ ਰੱਖੇ ਗਏ ਹਨ। ਭਾਵੇਂ ਇਸ ਮੈਡੀਕਲ ਕਾਲਜ ਨੂੰ ਮੁਕੰਮਲ ਰੂਪ ਵਿੱਚ ਆਰੰਭਣ ਨੂੰ ਕਈ ਮੁਸ਼ਕਿਲਾਂ ਦਰਪੇਸ਼ ਰਹੀਆਂ ਹਨ ਪਰ ਆਸ ਹੈ ਕਿ ਇਹ ਅਗਲੇ ਸਾਲ ਤੋਂ ਬਕਾਇਦਾ ਸ਼ੁਰੂ ਕੀਤਾ ਜਾ ਸਕੇਗਾ। ਐਡਵੋਕੇਟ ਧਾਮੀ ਨੇ ਸਪਸ਼ਟ ਕੀਤਾ ਕਿ ਸ਼੍ਰੋਮਣੀ ਕਮੇਟੀ ਦਾ ਬਜਟ ਪੰਜਾਬ ਸਰਕਾਰ ਦੇ ਮੁਕਾਬਲੇ ਇੱਕ ਫੀਸਦੀ ਤੋਂ ਘੱਟ ਹੈ ਜਦਕਿ ਕੁਝ ਲੋਕਾਂ ਵੱਲੋਂ ਜਾਣਬੁਝ ਕੇ ਕਿਹਾ ਜਾਂਦਾ ਹੈ ਕਿ ਸ਼੍ਰੋਮਣੀ ਕਮੇਟੀ ਦਾ ਬਜਟ ਪੰਜਾਬ ਸਰਕਾਰ ਤੋਂ ਵੱਧ ਹੈ।

## ਬਜਟ ਇਜਲਾਸ 'ਚ ਸਿੱਖ ਮਸਲਿਆਂ ਸਬੰਧੀ ਅਹਿਮ ਮਤੇ ਪਾਸ

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਬਜਟ ਇਜਲਾਸ ਵਿੱਚ ਸਿੱਖ ਮਾਮਲਿਆਂ ਨਾਲ ਸਬੰਧਤ ਕਈ ਅਹਿਮ ਮਤੇ ਪਾਸ ਕੀਤੇ ਗਏ। ਇਨ੍ਹਾਂ ਮਤਿਆਂ ਵਿੱਚ ਬੰਦੀ ਸਿੰਘਾਂ ਦੀ ਰਿਹਾਈ ਸਬੰਧੀ ਮਤੇ ਦੇ ਨਾਲ-ਨਾਲ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਮਾਮਲੇ 'ਚ ਡੇਰਾ ਸਿਰਸਾ ਮੁਖੀ ਰਾਮ ਰਹੀਮ ਤੇ ਹਨੀਪ੍ਰੀਤ ਦੀ ਗ੍ਰਿਫ਼ਤਾਰੀ ਦੀ ਮੰਗ, ਸਿੱਖ ਗੁਰਧਾਮਾਂ ਦੇ ਪ੍ਰਬੰਧਾਂ 'ਚ ਸਰਕਾਰੀ ਦਖ਼ਲਅੰਦਾਜ਼ੀ ਦਾ ਵਿਰੋਧ ਸਣੇ ਪਾਕਿਸਤਾਨ ਅੰਦਰ ਸਿੱਖ ਵਿਰਾਸਤਾਂ ਦੀ ਸੰਭਾਲ ਵੱਲ ਧਿਆਨ ਦੇਣ ਆਦਿ ਦੇ ਮਤੇ ਸ਼ਾਮਲ ਹਨ। ਬੰਦੀ ਸਿੰਘਾਂ ਸਬੰਧੀ ਪਾਸ ਕੀਤੇ ਗਏ ਮਤੇ ਵਿੱਚ ਕਿਹਾ ਗਿਆ ਕਿ ਤਿੰਨ ਦਹਾਕਿਆਂ ਤੋਂ ਜੇਲ੍ਹਾਂ ਵਿੱਚ ਨਜ਼ਰਬੰਦ ਸਿੱਖਾਂ ਦੀ ਰਿਹਾਈ ਪ੍ਰਤੀ ਸਰਕਾਰਾਂ ਸੁਹਿਰਦ ਨਹੀਂ ਹਨ ਤੇ ਆਪਣੇ ਹੀ ਦੇਸ਼ ਅੰਦਰ ਸਿੱਖਾਂ ਨਾਲ ਵੱਡਾ ਵਿਤਕਰਾ ਕੀਤਾ ਜਾ ਰਿਹਾ ਹੈ। ਦੇਸ਼ ਦੇ ਕਿਸਾਨਾਂ ਵੱਲੋਂ ਆਪਣੀਆਂ ਹੱਕੀ ਮੰਗਾਂ ਲਈ ਕੀਤੇ ਜਾ ਰਹੇ ਸੰਘਰਸ਼ ਦੀ ਵੀ ਇੱਕ ਮਤੇ ਰਾਹੀਂ ਹਮਾਇਤ ਕੀਤੀ ਗਈ।

# ਸ੍ਰੀ ਦਰਬਾਰ ਸਾਹਿਬ ਦੇ ਆਲੇ-ਦੁਆਲੇ ਤਿੰਨ ਨਵੀਆਂ ਸਰਾਵਾਂ ਬਣਾਏਗੀ ਸ਼੍ਰੋਮਣੀ ਕਮੇਟੀ

ਅੰਮ੍ਰਿਤਸਰ/ਏ.ਟੀ.ਨਿਊਜ਼ : ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸੰਗਤਾਂ ਦੀ ਵੱਧ ਰਹੀ ਆਮਦ ਦੇ ਮੱਦੇਨਜ਼ਰ ਜਲਦ ਹੀ ਹਰਿਮੰਦਰ ਸਾਹਿਬ ਦੇ ਆਲੇ-ਦੁਆਲੇ ਤਿੰਨ ਹੋਰ ਸਰਾਵਾਂ ਖੋਲ੍ਹਣ ਜਾ ਰਹੀ ਹੈ। ਸ਼੍ਰੋਮਣੀ ਕਮੇਟੀ ਦੇ ਅਧਿਕਾਰੀਆਂ ਮੁਤਾਬਕ ਰੋਜ਼ਾਨਾ 1 ਲੱਖ ਸ਼ਰਧਾਲੂ ਇਸ ਅਸਥਾਨ ਦੇ ਦਰਸ਼ਨਾਂ ਲਈ ਆਉਂਦੇ ਹਨ ਅਤੇ ਸ਼ਨੀਵਾਰ-ਐਤਵਾਰ ਤੇ ਹੋਰ ਛੁੱਟੀ ਵਾਲੇ ਦਿਨ ਇਹ ਗਿਣਤੀ 1.75 ਲੱਖ ਤੱਕ ਪਹੁੰਚ ਜਾਂਦੀ ਹੈ। ਸ਼ਰਧਾਲੂਆਂ ਲਈ ਉੱਥੇ ਰਹਿਣਾ ਇੱਕ ਵੱਡੀ ਸਮੱਸਿਆ ਬਣ ਰਿਹਾ ਹੈ। ਹਾਲ ਹੀ ਵਿੱਚ ਹੋਏ ਸ਼੍ਰੋਮਣੀ ਕਮੇਟੀ ਦੇ ਬਜਟ ਇਜਲਾਸ ਦੌਰਾਨ ਮੈਂਬਰਾਂ ਵੱਲੋਂ ਇਹ ਸਮੱਸਿਆ ਚੁੱਕੀ ਗਈ ਸੀ।



ਇਸ ਸਬੰਧੀ ਜਾਣਕਾਰੀ ਦਿੰਦਿਆਂ ਸ਼੍ਰੋਮਣੀ ਕਮੇਟੀ ਦੇ ਮੁੱਖ ਸਕੱਤਰ ਪ੍ਰਤਾਪ ਸਿੰਘ ਨੇ ਕਿਹਾ ਕਿ ਸੰਗਤਾਂ ਦੀ ਗਿਣਤੀ ਵਿੱਚ ਲਗਾਤਾਰ ਹੋ ਰਹੇ ਵਾਧੇ ਨੂੰ ਦੇਖਦੇ ਹੋਏ ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੀ ਅਗਵਾਈ ਹੇਠ ਸ੍ਰੀ ਦਰਬਾਰ ਸਾਹਿਬ ਦੇ ਆਲੇ-ਦੁਆਲੇ ਤਿੰਨ ਨਵੀਆਂ ਸਰਾਵਾਂ-ਭਗਤ ਨਾਮਦੇਵ ਜੀ ਨਿਵਾਸ, ਬਾਬਾ ਬਸੰਤ ਸਿੰਘ ਨਿਵਾਸ ਅਤੇ ਭਾਈ ਜੈਤਾ ਜੀ ਨਿਵਾਸ ਦਾ ਨਿਰਮਾਣ ਕੀਤਾ ਜਾ ਰਿਹਾ ਹੈ।

ਕੇਸਰੀ ਬਾਗ ਨੇੜੇ ਬਣ ਰਹੇ ਭਗਤ ਨਾਮਦੇਵ ਨਿਵਾਸ ਵਿੱਚ 110 ਕਮਰੇ ਹੋਣਗੇ। ਪਰਾਗ ਦਾਸ ਚੌਕ ਨੇੜੇ ਬਣ ਰਹੇ ਬਾਬਾ ਬਸੰਤ ਸਿੰਘ ਨਿਵਾਸ ਵਿੱਚ 90 ਅਤੇ ਭਾਈ ਜੈਤਾ ਜੀ ਨਿਵਾਸ ਵਿੱਚ 80 ਕਮਰੇ ਹੋਣਗੇ। ਉਨ੍ਹਾਂ ਦੱਸਿਆ ਕਿ ਇਨ੍ਹਾਂ ਸਰਾਵਾਂ ਦਾ ਨਿਰਮਾਣ ਇਸੇ ਸਾਲ ਪੂਰਾ ਹੋ ਜਾਵੇਗਾ। ਇਸ ਦੇ ਲਈ ਬਜਟ ਵਿੱਚ 19 ਕਰੋੜ ਰੁਪਏ ਅਲਾਟ ਕੀਤੇ ਗਏ ਹਨ।

ਸ਼੍ਰੋਮਣੀ ਕਮੇਟੀ ਦੇ ਮੁੱਖ ਸਕੱਤਰ ਨੇ ਦੱਸਿਆ ਕਿ ਇੱਕ ਹੋਰ ਵੱਡੀ ਸਰਾਂ ਬਣਾਉਣ ਦੀ ਵੀ ਯੋਜਨਾ ਬਣਾਈ ਗਈ ਹੈ। ਇਸ ਉੱਤੇ ਵੀ ਕੰਮ ਜਲਦੀ ਸ਼ੁਰੂ ਹੋ ਜਾਵੇਗਾ। ਉਨ੍ਹਾਂ ਦੱਸਿਆ ਕਿ ਇਹ ਸਰਾਂ ਅਕਾਲੀ ਮਾਰਕੀਟ ਵਿਖੇ ਬਣਾਈ ਜਾਵੇਗੀ।

ਇਸ ਸਰਾਂ ਵਿੱਚ 1700 ਕਮਰੇ ਬਣਾਏ ਜਾਣਗੇ। ਇੱਥੇ ਦੱਸ ਦਈਏ ਕਿ ਸ਼ਹਿਰ ਵਿੱਚ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਤੇ ਹੋਰ ਸੰਸਥਾਵਾਂ ਦੀਆਂ ਸਰਾਂਵਾਂ ਵੀ ਹਨ, ਪਰ ਉਹ ਸ੍ਰੀ ਦਰਬਾਰ ਸਾਹਿਬ ਤੋਂ ਥੋੜ੍ਹੀ ਦੂਰੀ 'ਤੇ ਹਨ ਤੇ ਸੰਗਤ ਸ੍ਰੀ ਦਰਬਾਰ ਸਾਹਿਬ ਦੇ ਨੇੜੇ ਰਹਿਣ ਨੂੰ ਹੀ ਤਰਜੀਹ ਦਿੰਦੀ ਹੈ।

ਇਸ ਵੇਲੇ ਸ੍ਰੀ ਦਰਬਾਰ ਸਾਹਿਬ ਨੇੜੇ ਸ੍ਰੀ ਗੁਰੂ ਰਾਮਦਾਸ ਨਿਵਾਸ, ਸ੍ਰੀ ਗੁਰੂ ਅਰਜਨ ਦੇਵ ਨਿਵਾਸ, ਸ੍ਰੀ ਗੁਰੂ ਹਰਗੋਬਿੰਦ ਨਿਵਾਸ, ਮਾਤਾ ਗੰਗਾ ਨਿਵਾਸ, ਸ੍ਰੀ ਗੁਰੂ ਗੋਬਿੰਦ ਸਿੰਘ ਨਿਵਾਸ, ਸਾਰਾਗੜ੍ਹੀ ਨਿਵਾਸ, ਬਾਬਾ ਦੀਪ ਸਿੰਘ ਨਿਵਾਸ ਤੇ ਮਾਤਾ ਭਾਗ ਕੌਰ ਯਾਤਰੀ ਨਿਵਾਸ ਵਿੱਚ ਸੰਗਤ ਦੇ ਰੁਕਣ ਦਾ ਪ੍ਰਬੰਧ ਹੈ। ਇਨ੍ਹਾਂ ਸਰਾਵਾਂ ਵਿੱਚ ਕੁੱਲ੍ਹ ਮਿਲਾ ਕੇ 788 ਕਮਰੇ ਅਤੇ 25 ਹਾਲ ਹਨ। ਇਨ੍ਹਾਂ ਸਰਾਵਾਂ ਦਾ ਕਿਰਾਇਆ 200 ਤੋਂ 1 ਹਜ਼ਾਰ ਰੁਪਏ ਪ੍ਰਤੀ ਦਿਨ ਦੇ ਵਿੱਚ ਹੈ। ਉੱਥੇ ਹੀ ਆਲੇ-ਦੁਆਲੇ ਹੋਟਲ ਅਤੇ ਗੈਸਟ ਹਾਊਸ ਵੀ ਹਨ, ਜਿੱਥੇ ਕਿਰਾਇਆ 1500 ਰੁਪਏ ਪ੍ਰਤੀ ਦਿਨ ਤੋਂ ਸ਼ੁਰੂ ਹੁੰਦਾ ਹੈ।

## ਸਿੱਖ ਮਸਲਿਆਂ ਨੂੰ ਲਟਕਾ ਕੇ ਰਾਜਸੀ ਹਿੱਤ ਪੂਰੇ ਕਰਨਾ ਚਾਹੁੰਦੀਆਂ ਹਨ ਸਰਕਾਰਾਂ : ਧਾਮੀ

ਅੰਮ੍ਰਿਤਸਰ/ਏ.ਟੀ.ਨਿਊਜ਼ : ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਕਰੀਬ ਤਿੰਨ ਦਹਾਕੇ ਜੇਲ੍ਹ ਵਿੱਚ ਨਜ਼ਰਬੰਦ ਰਹੇ ਗੁਰਮੀਤ ਸਿੰਘ ਨੂੰ ਮਿਲੀ ਪੱਕੀ ਜ਼ਮਾਨਤ ਰੱਦ ਕਰਨਾ ਬੇਹੱਦ ਮੰਦਭਾਗਾ ਹੈ। ਇਹ ਪ੍ਰਗਟਾਵਾ ਕਰਦਿਆਂ ਐਡਵੋਕੇਟ ਧਾਮੀ ਨੇ ਕਿਹਾ ਕਿ ਇੱਕ ਪਾਸੇ ਸਿੱਖ ਕੌਮ ਸਮੁੱਚੇ ਬੰਦੀ ਸਿੰਘਾਂ ਦੀ ਰਿਹਾਈ ਮੰਗ ਰਹੀ ਹੈ ਤਾਂ ਦੂਜੇ ਪਾਸੇ ਪਹਿਲਾਂ ਤੋਂ ਪੱਕੀ ਜ਼ਮਾਨਤ 'ਤੇ ਆਏ ਸਿੱਖਾਂ ਦੀਆਂ ਜ਼ਮਾਨਤਾਂ ਰੱਦ



ਕਰ ਕੇ ਹੋਰ ਧੱਕਾ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਇੰਝ ਲੱਗਦਾ ਹੈ ਜਿਵੇਂ ਸਰਕਾਰਾਂ ਜਾਣਬੁੱਝ ਕੇ ਸਿੱਖ ਮਸਲਿਆਂ ਨੂੰ ਲਟਕਾ ਕੇ ਆਪਣੇ ਰਾਜਸੀ ਹਿੱਤ ਪੂਰੇ ਕਰਨਾ ਚਾਹੁੰਦੀਆਂ ਹਨ। ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਕਿਹਾ ਕਿ ਗੁਰਮੀਤ ਸਿੰਘ ਦੀ ਸ਼ਖ਼ਸੀਅਤ ਅਤੇ ਚਾਲ-ਚਲਣ ਚੰਗਾ ਹੋਣ ਦੇ ਬਾਵਜੂਦ ਉਨ੍ਹਾਂ ਨੂੰ ਪੱਕੀ ਜ਼ਮਾਨਤ ਰੱਦ ਕਰਕੇ ਮੁੜ ਜੇਲ੍ਹ ਭੇਜਣਾ ਕਈ ਤਰ੍ਹਾਂ ਦੇ ਸਵਾਲ ਖੜ੍ਹੇ ਕਰਦਾ ਹੈ।

## ਯਸ਼ਪ੍ਰੀਤ ਕੌਰ ਨੇ ਬਤੌਰ ਪ੍ਰਿੰਸੀਪਲ ਸੰਭਾਲਿਆ ਅਹੁਦਾ



ਚੀਫ਼ ਖ਼ਾਲਸਾ ਦੀਵਾਨ ਵੱਲੋਂ ਡਾ. ਇੰਦਰਬੀਰ ਸਿੰਘ ਨਿੱਝਰ ਦੀ ਪ੍ਰਧਾਨਗੀ ਹੇਠ ਚੀਫ਼ ਖ਼ਾਲਸਾ ਦੀਵਾਨ ਇੰਟਰਨੈਸ਼ਨਲ ਨਰਸਿੰਗ ਕਾਲਜ ਵਿਖੇ ਮਿਤੀ 4 ਮਾਰਚ 2024 ਤੋਂ ਪ੍ਰੋਫੈਸਰ ਯਸ਼ਪ੍ਰੀਤ ਕੌਰ ਨੂੰ ਬਤੌਰ ਪ੍ਰਿੰਸੀਪਲ ਦੀ ਸੇਵਾ ਦਿੱਤੀ ਗਈ। ਸ੍ਰ. ਸੰਤੋਖ ਸਿੰਘ ਸੇਠੀ, ਵਾਈਸ ਪ੍ਰੈਜ਼ੀਡੈਂਟ ਅਤੇ ਸ੍ਰ. ਸਵਿੰਦਰ ਸਿੰਘ ਕੱਥੂਨੰਗਲ ਜੀ, ਆਨਰੇਰੀ ਸਕੱਤਰ ਦੀ ਮੌਜੂਦਗੀ ਵਿੱਚ ਉਹਨਾਂ ਅਹੁਦੇ ਦਾ ਚਾਰਜ ਸੰਭਾਲਿਆ। ਸਭ ਤੋਂ ਪਹਿਲਾਂ ਗੁਰੂ ਸਾਹਿਬ ਦਾ ਓਟ ਆਸਰਾ ਲੈਂਦੇ ਹੋਏ ਮੂਲ-ਮੰਤਰ ਦਾ ਜਾਪ ਕੀਤਾ ਗਿਆ, ਵਾਈਸ-ਪ੍ਰੈਜ਼ੀਡੈਂਟ ਅਤੇ ਆਨਰੇਰੀ ਸਕੱਤਰ ਸਾਹਿਬ ਵੱਲੋਂ ਮੈਡਮ ਨੂੰ ਸਿਰੋਪਾਉ ਦੀ ਬਖਸ਼ਿਸ਼ ਕਰਨ ਉਪਰੰਤ ਉਹਨਾਂ ਦੀ ਜਾਇਨਿੰਗ ਕਰਵਾਈ ਗਈ। ਇਸ ਮੌਕੇ ਸ੍ਰ. ਸਵਿੰਦਰ ਸਿੰਘ ਕੱਥੂਨੰਗਲ ਨੇ ਸਾਰੇ ਸਟਾਫ ਨੂੰ ਕਾਲਜ ਦੀ ਬਿਹਤਰੀ ਅਤੇ ਤਰੱਕੀ ਨੂੰ ਮੁੱਖ ਰੱਖ ਕੇ ਕੰਮ ਕਰਨ ਦੀ ਹਦਾਇਤ ਦਿੰਦਿਆਂ ਮੈਨੇਜਮੈਂਟ ਵੱਲੋਂ ਕਾਲਜ ਨੂੰ ਹਰ ਤਰਾਂ ਦਾ ਸਾਥ-ਸਹਿਯੋਗ ਦੇਣ ਦਾ ਵਾਅਦਾ ਕੀਤਾ। ਪ੍ਰਿੰਸੀਪਲ ਯਸ਼ਪ੍ਰੀਤ ਕੌਰ ਨੇ ਕਿਹਾ ਕਿ ਉਹ ਸਭ ਨੂੰ ਨਾਲ ਲੈ ਕੇ ਚੱਲਦਿਆਂ ਵਿਦਿਆਰਥੀਆਂ ਦੇ ਭਲੇ ਲਈ ਹਰ ਸੰਭਵ ਅਤੇ ਯੋਗ ਉਪਰਾਲਾ ਕਰਨਗੇ। ਇਸ ਮੌਕੇ ਸ੍ਰ. ਕੁਲਜੀਤ ਸਿੰਘ, ਰੈਜ਼ੀਡੈਂਟ ਪ੍ਰੈਜ਼ੀਡੈਂਟ, ਸ੍ਰ. ਜਸਪਾਲ ਸਿੰਘ ਢਿਲੋਂ, ਐਡੀਸ਼ਨਲ ਸਕੱਤਰ , ਸ੍ਰ. ਸੁਖਜਿੰਦਰ ਸਿੰਘ ਪ੍ਰਿੰਸ, ਐਡੀਸ਼ਨਲ ਸਕੱਤਰ, ਡਾ ਏ.ਪੀ. ਸਿੰਘ ਚਾਵਲਾ, ਡਾਇਰੈਕਟਰ ਐਜੂਕੇਸ਼ਨ, ਸ੍ਰ. ਪ੍ਰਦੀਪ ਸਿੰਘ ਵਾਲੀਆ, ਪ੍ਰੋ. ਸੂਬਾ ਸਿੰਘ, ਸ. ਤਰਲੋਚਨ ਸਿੰਘ, ਸ੍ਰ. ਗੁਰਭੇਜ ਸਿੰਘ, ਸ੍ਰ. ਸਰਬਜੋਤ ਸਿੰਘ, ਸ੍ਰ. ਅਮਨਦੀਪ ਸਿੰਘ ਤੋਂ ਇਲਾਵਾ ਨਰਸਿੰਗ ਕਾਲਜ ਦੇ ਵਾਈਸ ਪ੍ਰਿੰਸੀਪਲ ਮੈਡਮ ਡਾ. ਹਰਲੀਨ ਕੌਰ ਸਮੇਤ ਸਮੂਹ ਸਟਾਫ ਹਾਜ਼ਰ ਸੀ।

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES

# ਸੰਪਾਦਕੀ

3 ਅਪ੍ਰੈਲ ਤੋਂ 9 ਅਪ੍ਰੈਲ 2024

## ਕਿੱਧਰ ਨੂੰ ਜਾ ਰਹੇ ਇੰਡੀਆ ਦੇ ਹਲਾਤ ?

ਇੰਡੀਆ ਦਾ ਸੰਵਿਧਾਨਿਕ ਅਤੇ ਨਿਆਂਇਕ ਢਾਂਚਾ, ਕੇਂਦਰੀ ਏਜੰਸੀਆਂ, ਸੰਸਦ ਅਤੇ ਇਥੋਂ ਦੇ ਲੋਕਤੰਤਰ ਉੱਪਰ ਬੀਤੇ ਦਿਨਾਂ ਵਿੱਚ ਜਰਮਨੀ, ਅਮਰੀਕਾ ਅਤੇ ਯੂ.ਐਨ. ਵੱਲੋਂ ਆਈਆਂ ਟਿੱਪਣੀਆਂ ਇਸ ਗੱਲ ਨੂੰ ਪੱਕਿਆਂ ਕਰਦੀਆਂ ਹਨ ਕਿ ਹੁਣ ਦੁਨੀਆਂ ਦੇ ਲੋਕਾਂ ਨੇ ਵੀ ਇੰਡੀਆ ਦੇ ਜ਼ਰਜ਼ਰੇ ਹੋ ਚੁੱਕੇ ਢਾਂਚੇ ਨੂੰ ਮਹਿਸੂਸ ਕਰਨਾ ਸ਼ੁਰੂ ਕਰ ਦਿੱਤਾ ਹੈ। ਇੰਡੀਆ ਵੱਲੋਂ ਸ਼ੁਰੂ ਤੋਂ ਹੀ ਅੰਦਰੂਨੀ ਤੌਰ 'ਤੇ ਆਪਣੇ ਕਰੂਰ ਸੁਭਾਅ ਦੇ ਹੁੰਦੇ ਹੋਇਆਂ ਦੁਨੀਆਂ ਪੱਧਰ 'ਤੇ ਆਪਣੀ ਸਾਖ ਬਚਾਉਣ ਅਤੇ ਚੰਗਾ ਹੋਣ ਦਾ ਦਿਖਾਵਾ ਕੀਤਾ ਜਾਂਦਾ ਰਿਹਾ ਹੈ। ਪਿਛਲੀਆਂ ਸਰਕਾਰਾਂ ਦੇ ਤਰੀਕੇ ਦੇ ਉਲਟ ਪਿਛਲੇ 10 ਸਾਲਾਂ ਤੋਂ ਮੋਦੀ ਸਰਕਾਰ ਵੱਲੋਂ ਤਾਕਤ ਵਿੱਚ ਆਉਣ ਤੋਂ ਬਾਅਦ ਘੁੰਢ ਚੁੱਕ ਕੇ ਜ਼ੁਲਮ ਦਾ ਨਾਚ ਕੀਤੇ ਜਾਣ ਦੀ ਬਦੌਲਤ ਹੁਣ ਦੁਨੀਆਂ ਨੇ ਮੋਦੀ ਸਰਕਾਰ ਦੀ ਤਾਕਤ ਨੂੰ ਸ਼ੱਕ ਦੀ ਨਿਗ੍ਹਾ ਨਾਲ ਵੇਖਣਾ ਸ਼ੁਰੂ ਕਰ ਦਿੱਤਾ ਹੈ।

ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਦੀ ਗ੍ਰਿਫਤਾਰੀ ਨਾਲ ਇੰਡੀਆ ਦੇ ਲੋਕਾਂ ਨੂੰ ਹੈਰਾਨੀ ਅਤੇ ਕੁਝ ਨੂੰ ਤਕਲੀਫ਼ ਵੀ ਹੋਈ। ਹੈਰਾਨੀ ਇਸ ਗੱਲ ਦੀ ਕਿ ਇੰਡੀਆ ਵਿੱਚ ਕਿਸੇ ਕੁਰਸੀਧਾਰੀ ਮੁੱਖ ਮੰਤਰੀ ਨੂੰ ਗ੍ਰਿਫਤਾਰ ਕੀਤਾ ਗਿਆ। ਇੰਡੀਆ ਦੀ ਕੇਂਦਰੀ ਤਾਕਤ ਸਾਹਮਣੇ ਮੁੱਖ ਮੰਤਰੀ ਦੀ ਵੀ ਕੋਈ ਸੁਣਵਾਈ ਅਤੇ ਜ਼ਮਾਨਤ ਨਹੀਂ ਹੈ ਤਾਂ ਆਮ ਲੋਕਾਂ ਦਾ ਸਰਕਾਰ ਉਤੋਂ ਭਰੋਸਾ ਡੋਲਣਾ ਤੈਅ ਹੈ। ਮੁੱਖ ਮੰਤਰੀ ਲੋਕਾਂ ਦਾ ਚੁਣਿਆ ਹੋਇਆ ਨੁਮਾਇੰਦਾ ਹੁੰਦਾ ਹੈ, ਜੇਕਰ ਲੱਖਾਂ ਲੋਕਾਂ ਦੇ ਚੁਣੇ ਨੁਮਾਇੰਦੇ ਦੀ ਕੇਂਦਰੀ ਜਾਂਚ ਏਜੰਸੀ ਦੇ ਸਾਹਮਣੇ ਕੋਈ ਔਕਾਤ ਨਹੀਂ ਹੈ ਤਾਂ ਜਨਤਾ ਜਨਾਰਦਨ ਦਾ ਨਾਅਰਾ ਦੇਣਾ ਨਿਰਾ ਪਖੰਡ ਜਿਹਾ ਲਗਦਾ ਹੈ। ਜੇਕਰ ਇਸ ਤਰ੍ਹਾਂ ਦੇ ਹੀ ਮਾਮਲੇ ਇਕੱਠੇ ਕਰਨੇ ਹੋਣ ਤਾਂ ਬੜੀਆਂ ਉਦਾਹਰਣਾਂ ਮਿਲ ਜਾਣਗੀਆਂ ਜਦੋਂ ਲੋਕਾਂ ਦੇ ਚੁਣੇ ਨੁਮਾਇੰਦਿਆਂ ਨੂੰ ਉਚ ਤਾਕਤ ਪ੍ਰਾਪਤ ਮਹਿਕਮਿਆਂ/ਏਜੰਸੀਆਂ ਅਤੇ ਅਫ਼ਸਰਸ਼ਾਹੀ ਵੱਲੋਂ ਕੁਝ ਨਹੀਂ ਸਮਝਿਆ ਜਾਂਦਾ। ਜੇਕਰ ਕੇਜਰੀਵਾਲ ਦੋਸ਼ੀ ਹੈ ਵੀ ਤਾਂ ਵੀ ਉਸ ਨੂੰ ਕਾਬੂ ਕਰਨ ਦਾ ਤਰੀਕਾਕਾਰ ਸਹੀ ਨਹੀਂ ਹੈ। ਇਸੇ ਗੱਲ ਨੂੰ ਜਰਮਨੀ, ਅਮਰੀਕਾ ਅਤੇ ਯੂ.ਐਨ. ਨੇ ਦੁਹਰਾਇਆ ਹੈ ਕਿ ਇੰਡੀਆ ਨੂੰ ਕੇਜਰੀਵਾਲ ਮਸਲੇ ਵਿੱਚ ਨਿਰਪੱਖ ਰਵਈਆ ਅਤੇ ਯੋਗ ਤਰੀਕਾ ਅਪਣਾਉਣਾ ਚਾਹੀਦਾ ਹੈ। ਇਸ ਟਿੱਪਣੀ ਨੂੰ ਮਹਿਜ ਇੱਕ ਸੁਯੋਗ ਸਲਾਹ ਵਜੋਂ ਵੀ ਵੇਖਿਆ ਜਾ ਸਕਦਾ ਸੀ, ਪਰ ਇੰਡੀਆ ਦੇ ਮਹਿਕਮਿਆਂ ਵੱਲੋਂ ਇਸਨੂੰ ਵੰਗਾਰ ਦੀ ਤਰ੍ਹਾਂ ਲਿਆ ਗਿਆ ਅਤੇ ਇਨ੍ਹਾਂ ਦੇਸ਼ਾਂ ਦੇ ਸਫ਼ੀਰਾਂ ਨੂੰ ਤਲਬ ਵੀ ਕਰ ਲਿਆ ਗਿਆ। ਇੰਡੀਆ ਵੱਲੋਂ ਇਨ੍ਹਾਂ ਨੂੰ ਇਹ ਸਲਾਹ ਦਿੱਤੀ ਗਈ ਕਿ ਇਹ ਸਾਡਾ ਅੰਦਰੂਨੀ ਮਾਮਲਾ ਹੈ, ਇਸ ਮਸਲੇ ਵਿੱਚ ਦਖ਼ਲਅੰਦਾਜ਼ੀ ਕਰਨ ਦਾ ਤੁਹਾਨੂੰ ਕੋਈ ਹੱਕ ਨਹੀਂ ਹੈ। ਇੰਡੀਆ ਦਾ ਇਹ ਰਵਈਆ ਪਹਿਲੀ ਵਾਰ ਨਹੀਂ ਸਗੋਂ ਸਮੇਂ-ਸਮੇਂ 'ਤੇ ਇਹੀ ਪਹੁੰਚ ਵੇਖਣ ਨੂੰ ਮਿਲਦੀ ਹੈ। ਕਰੀਬ ਤਿੰਨ ਸਾਲ ਪਹਿਲਾਂ ਕਿਸਾਨੀ ਸੰਘਰਸ਼ ਦੌਰਾਨ ਵੀ ਜਦੋਂ ਕੋਈ ਵਿਅਕਤੀ ਵਿਸ਼ੇਸ਼, ਸੰਸਥਾ ਜਾਂ ਮੁਲਕ ਆਪਣੀ ਰਾਇ ਪ੍ਰਗਟ ਕਰਦਾ ਤਾਂ ਇੰਡੀਆ ਵੱਲੋਂ ਉਸ ਨੂੰ ਕਿਸੇ ਦੂਜੇ ਲੋਕਤੰਤਰਿਕ ਮੁਲਕ ਦੀ ਸਿਆਸਤ ਵਿੱਚ ਦਖਲਅੰਦਾਜ਼ੀ ਨਾ ਦੇਣ ਦੀ ਸਲਾਹ ਦੇ ਦਿੱਤੀ ਜਾਂਦੀ।

ਇਹ ਸਿਰਫ ਇਕਹਿਰਾ ਮਸਲਾ ਨਹੀਂ ਹੈ, ਦੁਨੀਆਂ ਦੀਆਂ ਵੱਖ-ਵੱਖ ਸਖਸ਼ੀਅਤਾਂ, ਖੋਜ ਅਤੇ ਖ਼ਬਰ ਅਦਾਰਿਆਂ ਵੱਲੋਂ ਸਮੇਂ-ਸਮੇਂ ਉੱਪਰ ਇੰਡੀਆ ਦੀ ਡੈਮੋਕ੍ਰੇਸੀ ਉੱਪਰ ਸਵਾਲ ਖੜ੍ਹੇ ਹੋਣੇ ਸ਼ੁਰੂ ਹੋ ਗਏ ਹਨ। ਅਜਿਹਾ ਸਿਰਫ ਇੱਕ ਅੱਧੀ ਘਟਨਾ ਦੇ ਵਾਪਰਨ ਨਾਲ ਨਹੀ ਹੁੰਦਾ, ਡੈਮੋਕ੍ਰੇਸੀ ਦੀਆਂ ਧੱਜੀਆਂ ਉਡਾਉਂਦੀਆਂ ਸੈਂਕੜੇ ਮਿਸਾਲਾਂ ਨੂੰ ਵੇਖਣ ਤੋਂ ਬਾਅਦ ਹੀ ਅਜਿਹਾ ਨਿਰਣੇ ਲਏ ਜਾਂਦੇ ਹਨ। ਚੁਣਾਵੀ ਬੌਂਡ ਦਾ ਖੁਲਾਸਾ ਹੋਣ ਤੋਂ ਮੀਡੀਆ ਦਾ ਇਸ ਦੇ ਬਾਰੇ ਵਿੱਚ ਕੁਝ ਵੀ ਨਾ ਬੋਲਣਾ, ਵਿਰੋਧੀ ਪਾਰਟੀਆਂ ਅਤੇ ਕੰਪਨੀਆਂ ਉੱਪਰ ਕੇਂਦਰੀ ਏਜੰਸੀ ਈ.ਡੀ. ਦੇ ਪੈਣ ਵਾਲੇ ਛਾਪੇ, ਕਾਂਗਰਸ ਦਾ ਬੈਂਕ ਖਾਤਾ ਸੀਜ਼ ਹੋਣਾ ਇਹ ਹੁਣ ਦੇ ਤਤਕਾਲੀ ਕੁਝ ਘਟਨਾਕ੍ਰਮ ਚੋਣਾਂ ਸਿਰ 'ਤੇ ਆਉਣ 'ਤੇ ਚੁੱਕੇ ਗਏ ਅਜਿਹੇ ਕਦਮ ਹਨ ਜਿਸ ਵਿੱਚ ਮੋਦੀ ਸਰਕਾਰ ਦਾ ਰਵਈਆ ਅਤੇ ਇੰਡੀਆ ਵਿੱਚ ਵਿਰੋਧੀ ਧਿਰ ਨਾਲ ਸਖਤੀ ਨਾਲ ਨਿਬੜਨ ਦਾ ਵਰਤਾਰਾ ਸਾਫ਼ ਝਲਕਦਾ ਹੈ। ਵਿਰੋਧੀ ਪਾਰਟੀਆਂ ਦੇ ਆਗੂਆਂ ਨੇ ਸਾਫ਼ ਕਹਿਣਾ ਸ਼ੁਰੂ ਕੀਤਾ ਹੋਇਆ ਹੈ ਕਿ ਮੋਦੀ ਸਰਕਾਰ ਤਾਨਾਸ਼ਾਹੀ ਦੇ ਵੱਲ ਜਾ ਰਹੀ ਹੈ। ਮੋਦੀ ਦੇ ਹੱਕ ਵਿੱਚ ਖੜਨ ਵਾਲੇ ਮੀਡੀਆ ਤੋਂ ਇਲਾਵਾ ਦੂਸਰੇ ਮੀਡੀਆ ਅਦਾਰਿਆਂ ਦੇ ਲੇਖੇ ਵਿੱਚ ਇੰਡੀਆ ਦੇ ਲੋਕਤੰਤਰ ਤੋਂ ਤੇਜ਼ੀ ਨਾਲ ਤਾਨਾਸ਼ਾਹੀ ਵੱਲ ਵਧਣ ਦਾ ਜ਼ਿਕਰ ਮਿਲਦਾ ਹੈ।

ਦੁਨੀਆਂ ਵਿੱਚ ਪ੍ਰੈਸ ਦੀ ਅਜ਼ਾਦੀ, ਡੈਮੋਕ੍ਰੇਸੀ ਦਾ ਗ੍ਰਾਫ, ਭੁੱਖਮਰੀ ਅਤੇ ਦੇਸ਼ ਦੇ ਲੋਕਾਂ ਦੀ ਮਾਨਸਿਕ ਸਿਹਤ, ਖੁਸ਼ਤਬੀਅਤ ਲੋਕਾਂ ਦੇ ਅੰਕੜੇ ਇਕੱਠੇ ਕਰਕੇ ਜਾਰੀ ਕਰਨ ਵਾਲੀਆਂ ਸਾਰੀਆਂ ਸੰਸਥਾਵਾਂ ਨੇ ਆਪਣੇ ਲੇਖਿਆਂ ਵਿੱਚ ਇੰਡੀਆ ਦਾ ਮਾੜਾ ਪ੍ਰਦਰਸ਼ਨ ਵਿਖਾਇਆ ਹੈ। ਇਸ ਉਤੇ ਵੀ ਇੰਡੀਆ ਦਾ ਰਵਈਆ ਇੱਕ ਤਾਨਾਸ਼ਾਹ ਸਰਕਾਰ ਦੀ ਤਰ੍ਹਾਂ ਦਿਖਾਈ ਦਿੰਦਾ ਹੈ। ਇੰਡੀਆ ਨੇ ਇਨ੍ਹਾਂ ਲੇਖਿਆਂ ਦੇ ਅਧਾਰ 'ਤੇ ਅਪਣਾ ਸੁਧਾਰ ਕਰਨ ਵੱਲ ਤਾਂ ਕੀ ਵਧਣਾ ਸੀ, ਸਗੋ ਇਨ੍ਹਾਂ ਲੇਖਿਆਂ ਨੂੰ ਗਲਤ ਦੱਸ ਕੇ ਅਜਿਹੀਆਂ ਸੰਸਥਾਵਾਂ ਬਣਾਉਣ ਦੀ ਗੱਲ ਸਾਹਮਣੇ ਆ ਰਹੀ ਹੈ ਜੋ ਇੰਡੀਆ ਦੇ ਪੱਖ ਤੋਂ ਡੈਮੋਕ੍ਰੇਸੀ, ਖੁਸ਼ਤਬੀਅਤ, ਪ੍ਰੈਸ ਦੀ ਅਜ਼ਾਦੀ ਦੇ ਪੈਮਾਨਿਆਂ 'ਤੇ ਆਪਣੇ ਲੇਖੇ ਦੁਨੀਆਂ ਵਿੱਚ ਜਾਰੀ ਕਰੇਗੀ। ਵੈਸੇ ਪੱਛਮ ਵੱਲੋਂ ਅੰਕੜਿਆਂ ਦੀ ਖੇਡ ਨਾਲ ਦੁਨੀਆਂ ਦੇ ਦੇਸ਼ਾਂ ਉਪਰ ਆਪਣਾ ਦਬਾਅ ਬਣਾਇਆ ਜਾਂਦਾ ਰਿਹਾ ਹੈ ਪਰ ਇੰਡੀਆ ਦੇ ਮਸਲੇ ਵਿੱਚ ਤਾਂ ਜ਼ਮੀਨੀ ਪੱਧਰ 'ਤੇ ਵੀ ਇੰਡੀਆ ਦੇ ਲੋਕ ਸਾਰੇ ਪਾਸੇ ਆਏ ਇਸ ਨਿਘਾਰ ਨੂੰ ਮਹਿਸੂਸ ਕਰਦੇ ਹਨ।

ਕੇਂਦਰ ਵਿੱਚ ਅਤੇ ਵੱਖ ਵੱਖ ਜਗ੍ਹਾ 'ਤੇ ਰਾਜਾਂ ਵਿੱਚ ਬੈਠੇ ਲੋਕਾਂ ਦੇ ਸੁਰ ਹੁਣ ਇੱਕਸਾਰ ਨਹੀਂ ਹਨ। ਤਾਮਿਲਨਾਡੂ ਦੇ ਨੇਤਾ ਏ.ਰਾਜਾ. ਦਾ ਬਿਆਨ, ਕਿਸਾਨੀ ਸੰਘਰਸ਼ ਵਕਤ ਸ਼ਰਦ ਪਵਾਰ, ਰਘੂ ਰਾਮ ਰਾਜਨ, ਸੰਜੇ ਰਾਉਤ, ਪ੍ਰਤਾਪ ਭਾਨੂ ਮਹਿਤਾ ਆਦਿ ਅਜਿਹੀਆਂ ਹੋਰ ਸਖਸ਼ੀਅਤਾਂ ਦੇ ਬੜੇ ਅਹਿਮ ਬਿਆਨ ਸਾਹਮਣੇ ਆਏ ਸਨ। ਇਸ ਤੋਂ ਇਲਾਵਾ ਰਾਹੁਲ ਗਾਂਧੀ ਨੇ ਵੀ ਪਾਰਲੀਮੈਂਟ ਵਿੱਚ ਇੰਡੀਆਂ ਦੀ ਬਣ ਰਹੀ ਨਾਜ਼ੁਕ ਹਾਲਤ ਬਾਰੇ ਕਾਫੀ ਅਹਿਮ ਤਕਰੀਰ ਦਿੱਤੀ ਸੀ।

ਇੰਡੀਆ ਦੇ ਹਲਾਤ ਲਗਾਤਾਰ ਹੋਰ ਨਿਘਾਰ ਵੱਲ ਜਾ ਰਹੇ ਹਨ। ਏਸ਼ੀਆ ਅਤੇ ਦੁਨੀਆਂ ਪੱਧਰ 'ਤੇ ਇੰਡੀਆ ਦੇ ਹੱਕ ਵਿੱਚ ਮਾਹੌਲ ਚੰਗਾ ਨਹੀਂ ਬਣ ਰਿਹਾ। ਸੱਤਾ ਦੀ ਤਾਕਤ ਦਾ ਇੱਕ ਜਗ੍ਹਾ ਇਕੱਠਾ ਹੋਣਾ, ਲੋਕਾਂ ਵਿੱਚ ਵਧਦੀ ਬੇਵਿਸ਼ਵਾਸੀ, ਵਿਰੋਧੀ ਧਿਰ ਦਾ ਖਤਮ ਹੋਣਾ, ਕੁਝ ਅਜਿਹੇ ਚਿੰਨ ਹਨ ਜਿਹੜੇ ਇੰਡੀਆ ਦੇ ਚੰਗੇ ਭਵਿੱਖ ਦੀ ਤਸਵੀਰ ਪੇਸ਼ ਨਹੀਂ ਕਰਦੇ।

**ਸੰਪਾਦਕ, ਅੰਮ੍ਰਿਤਸਰ ਟਾਈਮਜ਼**

# ਸਿਆਸੀ ਦਲ, ਆਰਥਿਕ ਸੁਪਨੇ ਅਤੇ ਚੋਣਾਂ



ਗੁਰਮੀਤ ਸਿੰਘ ਪਲਾਹੀ
9815802070

ਭਾਰਤੀ ਲੋਕਤੰਤਰ ਵਿੱਚ ਸਿਆਸੀ ਪਾਰਟੀਆਂ ਵੱਲੋਂ ਲਗਾਤਾਰ ਵੋਟਰਾਂ ਨੂੰ ਭਰਮਾਉਣ ਲਈ ਦਿਲਖਿੱਚਵੇਂ ਆਰਥਿਕ ਸੁਪਨੇ ਵਿਖਾਏ ਜਾਂਦੇ ਹਨ। ਬਿਜਲੀ ਦੇ ਬਿੱਲ ਮੁਆਫ਼ ਕਰਨਾ, ਸਬਸਿਡੀਆਂ ਦੇਣਾ ਆਦਿ ਇਹਨਾਂ ਸੁਪਨਿਆਂ 'ਚ ਸ਼ਾਮਲ ਹੈ। ਚੋਣਾਂ ਸਮੇਂ ਖ਼ਾਸ ਕਰਕੇ ਦੇਸ਼ ਦੀਆਂ ਮੁੱਖ ਲੋਕ ਸਭਾ ਚੋਣਾਂ ਸਮੇਂ ਤਾਂ ਇਹਨਾਂ ਦੀ ਭਰਮਾਰ ਹੀ ਹੋ ਜਾਂਦੀ ਹੈ। ਦੇਸ਼ ਦੀ ਹਾਕਮ ਧਿਰ ਧੜਾ-ਧੜ ਨਵੇਂ-ਨਵੇਂ ਪ੍ਰਾਜੈਕਟਾਂ ਦਾ ਨੀਂਹ ਪੱਥਰ ਰੱਖਦੀ ਹੈ, ਕਈ ਪੂਰੇ ਹੋਏ ਪ੍ਰਾਜੈਕਟਾਂ ਦਾ ਉਦਘਾਟਨ ਕਰਦੀ ਹੈ, ਪਰ ਕੀ ਇਹ ਪ੍ਰਾਜੈਕਟ ਪੂਰੇ ਹੁੰਦੇ ਹਨ ਜਾਂ ਇਹ ਸਿਰਫ਼ ਵੋਟਾਂ ਉਪਰੰਤ ਸੁਪਨਿਆਂ ਦਾ ਸ਼ਿੰਗਾਰ ਬਣਕੇ ਹੀ ਰਹਿ ਜਾਂਦੇ ਹਨ ?

ਦੇਸ਼ ਦੇ ਆਰਥਿਕ ਵਿਕਾਸ ਦੀ ਜ਼ਿੰਮੇਵਾਰੀ ਸਰਕਾਰਾਂ ਦੇ ਮੋਢਿਆਂ 'ਤੇ ਹੁੰਦੀ ਹੈ। ਹਰ ਵਰ੍ਹੇ ਸਰਕਾਰ ਆਰਥਿਕ ਵਿਕਾਸ ਨੂੰ ਤਿੰਨ ਤਰੀਕਿਆਂ ਦੇ ਅੰਕੜਿਆਂ ਨਾਲ ਲੋਕ-ਕਚਿਹਰੀ 'ਚ ਪੇਸ਼ ਕਰਦੀ ਹੈ। ਪਹਿਲਾਂ ਬਜ਼ਟ, ਫ਼ਿਰ ਸੋਧਿਆ ਬਜ਼ਟ ਅਤੇ ਉਸ ਤੋਂ ਬਾਅਦ ਅਸਲ ਬਜ਼ਟ। ਇਹ ਅੰਕੜਿਆਂ ਦੀ ਜਾਦੂਗਰੀ ਹੁੰਦੀ ਹੈ, ਜਿਸ ਨਾਲ ਲੋਕਾਂ/ਵੋਟਰਾਂ ਨੂੰ ਗੁੰਮਰਾਹ ਕਰਨ ਦਾ ਯਤਨ ਸਰਕਾਰਾਂ ਕਰਦੀਆਂ ਹਨ।

ਸਭ ਤੋਂ ਪਹਿਲਾਂ ਬਜ਼ਟ ਪੇਸ਼ ਕਰਨ ਲੱਗਿਆਂ ਲੋਕਾਂ ਨੂੰ ਸੁਪਨੇ ਦਿਖਾਏ ਜਾਂਦੇ ਹਨ। ਸੋਧੇ ਹੋਏ ਬਜ਼ਟ ਵਿੱਚ ਬੀਤੇ ਹੋਏ ਅੱਠ ਜਾਂ ਨੌਂ ਮਹੀਨਿਆਂ ਦੀ ਕਾਰਗੁਜ਼ਾਰੀ ਦੇ ਅਧਾਰ 'ਤੇ ਸੁਪਨਿਆਂ 'ਚ ਤਬਦੀਲੀ ਕੀਤੀ ਜਾਂਦੀ ਹੈ ਅਤੇ ਨਵਾਂ ਵਿੱਤੀ ਸਾਲ ਸ਼ੁਰੂ ਹੋਣ ਦੇ ਬਾਅਦ ਪਿਛਲੇ ਸਾਲ ਦੇ ਮੁਕਾਬਲਤਨ ਅਧਿਐਨ ਨਾਲ ਅਸਲ ਹਾਲਤ ਦਰਸਾਈ ਜਾਂਦੀ ਹੈ। ਉਸ ਵੇਲੇ ਹੀ ਹਾਕਮਾਂ ਦੀ ਅਸਲੀਅਤ ਸਾਹਮਣੇ ਆਉਂਦੀ ਹੈ, ਕਿਉਂਕਿ ਆਮ ਲੋਕ ਮਹਿਸੂਸ ਕਰਦੇ ਹਨ ਕਿ ਉਹਨਾਂ ਦੇ ਸੁਪਨੇ ਤਾਂ ਪੂਰੇ ਹੀ ਨਹੀਂ ਹੋਏ, ਉਹਨਾਂ ਨੂੰ ਤਾਂ ਠਗਿਆ ਗਿਆ ਹੈ। ਬਾਵਜੂਦ ਇਸ ਸਭ ਕੁਝ ਦੇ ਇਹ ਵਿਡੰਬਨਾ ਹੈ ਕਿ ਸਰਕਾਰਾਂ ਤੋਂ ਇਸ ਜਾਦੂਗਰੀ ਦਾ ਜਵਾਬ ਨਹੀਂ ਮੰਗਿਆ ਜਾਂਦਾ ਕਿ ਬਜ਼ਟ ਵਿੱਚ ਬੁਨਿਆਦੀ ਢਾਂਚੇ ਦੇ ਵਿਕਾਸ ਲਈ ਰੱਖੀ ਰਕਮ ਅਸਲ ਵਿੱਚ ਬਹੁਤ ਘੱਟ ਕਿਉਂ ਰਹਿ ਜਾਂਦੀ ਹੈ ਅਤੇ ਇਹ ਦੂਜੀਆਂ ਮੱਦਾਂ ਉਤੇ ਕਿਵੇਂ ਤੇ ਕਿਉਂ ਖ਼ਰਚ ਕਰ ਦਿੱਤੀ ਜਾਂਦੀ ਹੈ।

ਆਮ ਲੋਕ ਆਰਥਿਕ ਵਿਕਾਸ ਦੀਆਂ ਚਰਚਾਵਾਂ ਵਿੱਚ ਬਹੁਤਾ ਸ਼ਾਮਿਲ ਨਹੀਂ ਹੁੰਦੇ। ਮੋਟੇ ਤੌਰ 'ਤੇ ਤਾਂ ਉਹਨਾਂ ਨੂੰ ਤਨਖ਼ਾਹ ਵਿੱਚ ਨਿਯਮਤ ਵਾਧਾ ਹੀ ਆਰਥਿਕ ਵਿਕਾਸ ਦੇ ਮੱਦੇਨਜ਼ਰ ਸਭ ਤੋਂ ਵੱਧ ਦਿਲਖਿਚਵਾਂ ਲਗਦਾ ਹੈ। ਬਾਕੀ ਸਾਰੇ ਮਾਮਲਿਆਂ ਵਿੱਚ ਤਾਂ ਉਹ ਤਦੇ ਪ੍ਰਭਾਵਿਤ ਹੁੰਦੇ ਹਨ, ਜਦੋਂ ਉਸਦਾ ਉਲਟ ਅਸਰ ਉਹਨਾ ਦੀ ਰੋਜ਼ਾਨਾ ਨਿੱਜੀ ਜ਼ਿੰਦਗੀ 'ਤੇ ਪੈਂਦਾ ਹੈ। ਆਮ ਆਦਮੀ ਤਾਂ ਉਸ ਵੇਲੇ ਪ੍ਰਭਾਵਿਤ ਹੁੰਦਾ ਹੈ, ਜਦੋਂ ਰੋਜ਼ਾਨਾ ਜ਼ਿੰਦਗੀ 'ਚ ਉਸ ਵੱਲੋਂ ਵਰਤੀਆਂ ਜਾਂਦੀਆਂ ਚੀਜ਼ਾਂ ਦੇ ਭਾਅ ਵਧਦੇ ਹਨ ਅਤੇ ਉਸਨੂੰ ਇਹ ਚੀਜ਼ਾਂ ਖਰੀਦਣ ਲਈ ਹੱਥ ਘੁੱਟਣੇ ਪੈਂਦੇ ਹਨ। ਵੈਸੇ ਆਮ ਮਹਿੰਗਾਈ ਨੂੰ ਤਾਂ ਉਹ ਆਰਥਿਕ ਚੱਕਰ ਦਾ ਇੱਕ ਹਿੱਸਾ ਸਮਝਦਾ ਹੈ। ਉਦਾਹਰਨ ਵਜੋਂ ਕਦੇ ਪਿਆਜ ਦੀ ਕੀਮਤ 20 ਰੁਪਏ ਕਿਲੋ ਹੋ ਜਾਂਦੀ ਹੈ ਅਤੇ ਫ਼ਿਰ 100 ਰੁਪਏ ਕਿਲੋ ਤੇ ਮੁੜ ਫ਼ਿਰ 30 ਰੁਪਏ ਕਿਲੋ।

ਚੋਣਾਂ ਸਮੇਂ ਦਿੱਤੀਆਂ ਆਰਥਿਕ ਗਰੰਟੀਆਂ ਲੋਕਾਂ ਨੂੰ ਸੁਪਨੇ ਦਿਖਾਉਂਦੀਆਂ ਹਨ। ਇਹਨਾਂ ਗਰੰਟੀਆਂ ਦਾ ਪ੍ਰਚਾਰ ਵੋਟਾਂ ਇਕੱਠੀਆਂ ਕਰਨ ਲਈ ਲਗਾਤਾਰ ਕੀਤਾ ਜਾਂਦਾ ਹੈ। ਲਗਭਗ ਸਾਰੀਆਂ ਪਾਰਟੀਆਂ ਚੋਣਾਂ ਤੋਂ ਪਹਿਲਾਂ ਜਮ੍ਹਾਂ ਜਬਾਨੀ ਖ਼ਰਚ ਕਰਦੀਆਂ ਹਨ।

ਮੋਦੀ ਸਰਕਾਰ ਦੀਆਂ ਦਿੱਤੀਆਂ ਦਸ ਗਰੰਟੀਆਂ ਵਿੱਚ ਭਾਰਤ ਦੇ ਵਿਕਾਸ ਅਤੇ ਆਰਥਿਕ ਵਿਕਾਸ ਦੀ ਗਰੰਟੀ ਨੂੰ ਪਹਿਲ ਹੈ। ਇਹਨਾਂ ਵਿੱਚ ਨੌਜਵਾਨਾਂ ਲਈ ਰੁਜ਼ਗਾਰ, ਔਰਤਾਂ ਦਾ ਸ਼ਸ਼ਕਤੀਕਰਨ, ਕਿਸਾਨਾਂ ਦੀ ਭਲਾਈ ਮੁੱਖ ਹਨ। ਇਹ ਸਾਰੇ ਮਾਮਲੇ ਦੇਸ਼ ਦੀ ਆਰਥਿਕਤਾ ਨਾਲ ਜੁੜੇ ਹਨ।

ਮੋਦੀ ਸਰਕਾਰ ਦਾ ਕਹਿਣਾ ਹੈ ਕਿ ਭਾਰਤੀ ਲੋਕ ਦਹਾਕਿਆਂ ਤੋਂ ਨਪੀੜੇ ਰਹੇ ਹਨ। ਉਹਨਾਂ ਦੀ ਹਾਲਤ ਸੁਧਾਰਨ ਲਈ ਗਰੰਟੀਆਂ ਦਿੱਤੀਆਂ ਹਨ। ਇਹਨਾਂ ਗਰੰਟੀਆਂ ਵਿੱਚ 80 ਕਰੋੜ ਲੋਕਾਂ ਨੂੰ ਮੁਫ਼ਤ ਅਨਾਜ, ਪਿੰਡਾਂ ਦਾ 100 ਫ਼ੀਸਦੀ ਬਿਜਲੀਕਰਨ, 14 ਕਰੋੜ ਪੇਂਡੂਆਂ ਲਈ ਮਕਾਨ, 28 ਕਰੋੜ ਔਰਤਾਂ ਦੇ ਬੈਂਕ ਅਕਾਊਂਟ ਖੋਲਣ, ਇੱਕ ਕਰੋੜ ਔਰਤਾਂ ਦੇ ਕਾਰੋਬਾਰ ਖੁਲਵਾਕੇ ਉਹਨਾ ਨੂੰ ਲੱਖਪਤੀ ਦੀਦੀ ਬਨਾਉਣਾ ਸ਼ਾਮਲ ਹੈ।

ਇਹ ਸਭ ਕੁਝ ਚੋਣਾਂ ਦੇ ਦਿਨਾਂ 'ਚ ਨਵੇਂ ਸੁਪਨੇ ਸਿਰਜਨ ਜਿਹਾ ਹੈ। ਪਰ ਮੋਦੀ ਸਰਕਾਰ ਦਾ ਕਥਨ ਕਿ 2047 ਤੱਕ ਭਾਰਤ ਵਿਕਸਤ ਦੇਸ਼ ਬਣੇਗਾ ਅਤੇ ਉਸਦਾ ਇਹ ਕਹਿਣਾ 'ਮੋਦੀ ਦੀ ਗਰੰਟੀ ਜਾਣੀ ਹਰ ਗਰੰਟੀ ਪੂਰੀ ਹੋਣ ਦੀ ਗਰੰਟੀ' ਨੂੰ ਕਿਵੇਂ ਸਹੀ ਮੰਨਿਆ ਜਾਏਗਾ, ਜਦ ਉਸ ਦੇ ਸੈਂਕੜੇ ਤੋਂ ਵੱਧ ਪ੍ਰਾਜੈਕਟ ਸ਼ੁਰੂ ਹੋਣ ਵੇਲੇ ਹੀ ਜ਼ਮੀਨ 'ਚ ਦਬੇ ਗਏ। ਜਨ ਧਨ ਯੋਜਨਾ, ਕਾਲੇ ਧਨ ਨੂੰ ਚਿੱਟਾ ਕਰਕੇ ਹਰ ਨਾਗਰਿਕ ਦੇ ਖਾਤੇ 15 ਲੱਖ ਅਤੇ ਹਰ ਵਰ੍ਹੇ 2 ਕਰੋੜ ਨੌਕਰੀਆਂ ਵੀ ਤਾਂ ਉਸਦੇ ਵਾਇਦੇ ਸਨ, ਜੋ ਕਦੇ ਵੀ ਪੂਰੇ ਨਹੀਂ ਹੋ ਸਕੇ।

ਇਹ ਚੋਣ ਆਰਥਿਕ ਵਾਇਦੇ ਲੋਕਾਂ ਦੇ ਸੁਪਨਿਆਂ ਦੇ ਕਤਲ ਸਮਾਨ ਗਿਣੇ ਜਾ ਰਹੇ ਹਨ। ਉਂਝ ਵੀ ਵੱਡੇ ਪ੍ਰਾਜੈਕਟ ਜਦੋਂ ਅਰਬਾਂ ਦੇ ਕਰਜ਼ੇ ਲੈ ਕੇ ਕੀਤੇ ਜਾਂਦੇ ਹਨ ਤਾਂ ਇਹ ਪਹਿਲਾਂ ਹੀ ਬੇਰੁਜ਼ਗਾਰੀ, ਭੁੱਖਮਰੀ, ਗਰੀਬੀ ਨਾਲ ਨਪੀੜੇ ਜਾ ਰਹੇ ਲੋਕਾਂ ਉਤੇ ਹੋਰ ਕਹਿਰ ਵਰਤਾਉਣ ਵਾਂਗਰ ਹੈ।

ਜ਼ਰਾ ਕੁ ਗੌਰ ਤਾਂ ਕਰੋ ਭਾਰਤ ਉਤੇ ਕਰਜ਼ਾ ਸਤੰਬਰ 2023 ਤੱਕ 205 ਲੱਖ ਕਰੋੜ ਹੈ, ਜਿਹੜਾ ਜੂਨ 2023 ਵਿੱਚ 200 ਲੱਖ ਕਰੋੜ ਸੀ। ਭਾਵ ਤਿੰਨ ਮਹੀਨਿਆਂ 'ਚ 5 ਲੱਖ ਕਰੋੜ ਕਰਜ਼ਾ ਵਧਿਆ ਅਤੇ ਇਹ ਸਮਝਿਆ ਜਾ ਰਿਹਾ ਹੈ ਕਿ ਚੋਣਾਂ ਦੇ ਸਮੇਂ ਹਾਕਮਾਂ ਵੱਲੋਂ ਗਰੰਟੀਆਂ ਦੀ ਹੋੜ 'ਚ ਇਹ ਵਾਧਾ ਕਰਜ਼-ਦਰ-ਕਰਜ਼ ਲੈ ਕੇ ਹੋਇਆ ਹੈ। ਪਰ ਇਥੇ ਸਵਾਲ ਇਹ ਉੱਠਦਾ ਹੈ ਕਿ ਕਰਜ਼ ਲੈ ਕੇ ਕੀਤਾ ਵਿਕਾਸ ਕਿੰਨਾ ਕੁ ਸਹੀ ਹੈ ? ਕੀ ਕਰਜ਼ ਲੈ ਕੇ ਉਸਾਰੇ ਮਹਿਲ ਦੇਸ਼ ਦੇ ਅਰਥਚਾਰੇ ਨੂੰ ਸੁਖਾਵਾਂ ਰੱਖ ਸਕਦੇ ਜਾਂ ਬਣਾ ਸਕਦੇ ਹਨ। ਕੀ ਇਹ ਆਮ ਲੋਕਾਂ ਦੇ ਆਰਥਿਕ ਸੁਧਾਰ ਲਈ ਹਨ ਜਾਂ ਧਨ ਕੁਬੇਰਾਂ ਨੂੰ ਲਾਭ ਦੇਣ ਲਈ ਹਨ ।ਆਮ ਤੌਰ 'ਤੇ ਕੇਂਦਰ ਅਤੇ ਸੂਬਾ ਸਰਕਾਰ ਸਾਲ ਦੇ ਬਜ਼ਟ ਵਿੱਚ ਆਪਣੇ ਵਿੱਤੀ ਘਾਟੇ ਨੂੰ ਘੱਟੋ-ਘੱਟ ਵਿਖਾਉਂਦੀਆਂ ਹਨ। ਕਈ ਸਰਕਾਰਾਂ ਤਾਂ ਘਾਟੇ ਦਾ ਬਜ਼ਟ ਪੇਸ਼ ਹੀ ਨਹੀਂ ਕਰਦੀਆਂ। ਵਿੱਤੀ ਘਾਟੇ ਨੂੰ ਰੋਕਣ ਲਈ ਉਹ ਪੂੰਜੀਗਤ ਖ਼ਰਚਿਆਂ ਲਈ ਰੱਖੀ ਰਕਮ ਜੋ ਪ੍ਰਾਜੈਕਟਾਂ 'ਤੇ ਖ਼ਰਚ ਨਹੀਂ ਹੁੰਦੀ ਜਾਂ ਵੰਡੀ ਨਹੀਂ ਜਾਂਦੀ, ਉਸ 'ਤੇ ਕੈਂਚੀ ਚਲਾਕੇ ਬਚੀ ਰਕਮ ਦੇ ਜ਼ਰੀਏ ਵਿੱਤੀ ਘਾਟੇ ਨੂੰ ਘਟਾਉਣ ਦਾ ਯਤਨ ਕਰਦੀਆਂ ਹਨ।

ਉਦਾਹਰਨ ਦੇ ਤੌਰ 'ਤੇ ਬਿਹਾਰ ਦੇ ਬਜ਼ਟ ਵਿੱਚ ਵਿੱਤੀ ਘਾਟਾ ਜੀਡੀਪੀ ਦਾ ਅੰਦਾਜ਼ਨ ਤਿੰਨ ਫ਼ੀਸਦੀ ਹੈ, ਲੇਕਿਨ ਪਿਛਲੇ ਦਿਨਾਂ 'ਚ ਪੇਸ਼ ਬਜ਼ਟ ਵਿੱਚ ਇਹ ਵਿੱਤੀ ਘਾਟਾ ਅਨੁਮਾਨਤ 8.9 ਫ਼ੀਸਦੀ ਕੀਤਾ ਗਿਆ। ਇਹ ਅਸਲ ਵਿੱਚ ਬਿਹਾਰ ਦੀ ਆਰਥਿਕ ਨੀਤੀਆਂ ਦੀ ਦੁਰਦਸ਼ਾ ਕਾਰਨ ਹੈ। ਇਹ ਤੱਥ ਜੱਗ ਜ਼ਾਹਰ ਹੈ ਕਿ ਬਿਹਾਰ, ਕੇਂਦਰ ਤੋਂ 73 ਫ਼ੀਸਦੀ ਸਹਾਇਤਾ ਪ੍ਰਾਪਤ ਕਰਦਾ ਹੈ, ਇਹ ਸਹਾਇਤਾ ਬਿਹਾਰ ਦੇ ਰਾਜਕੀ ਘਾਟੇ ਦੀ ਪੂਰਤੀ ਲਈ ਨਹੀਂ ਸਗੋਂ ਬਿਹਾਰ ਵੱਲੋਂ ਕੇਂਦਰ ਦੇ ਸਾਹਮਣੇ ਰੱਖੇ ਗਏ ਕੁਝ ਪ੍ਰਸਤਾਵਾਂ ਲਈ ਸ਼ਰਤਾਂ ਸਹਿਤ ਸਹਾਇਤਾ ਹੈ।

ਬਿਹਾਰ ਵੱਲੋਂ ਚਾਲੂ ਵਿੱਤੀ ਵਰ੍ਹੇ 'ਚ 50,000 ਕਰੋੜ ਦੀ ਕੇਂਦਰੀ ਸਹਾਇਤਾ ਦਾ ਪ੍ਰਸਤਾਵ ਰੱਖਿਆ ਗਿਆ, ਪਰ ਉਸਨੂੰ ਸਿਰਫ਼ 16000 ਕਰੋੜ ਮਿਲਿਆ, ਕਿਉਂਕਿ ਬਿਹਾਰ ਨੇ ਕੇਂਦਰ ਸਰਕਾਰ ਦੀ ਪ੍ਰਾਜੈਕਟ ਪੂਰਤੀ ਦੀਆਂ ਸ਼ਰਤਾਂ ਨਹੀਂ ਮੰਨੀਆਂ। ਜਿਸ ਨਾਲ ਬਿਹਾਰ ਦਾ ਰਾਜਸੀ ਘਾਟਾ ਤਿੰਨ ਗੁਣਾ ਵਧ ਗਿਆ। ਇਹ ਅੰਕੜਿਆਂ ਦੀ ਜਾਦੂਗਰੀ ਹੈ ਕਿ ਅਗਲੇ ਵਰ੍ਹੇ ਵਿੱਤੀ ਘਾਟਾ 4 ਜਾਂ 5 ਫ਼ੀਸਦੀ ਵਿਖਾਇਆ ਜਾਏਗਾ। ਨੇਤਾਵਾਂ/ਸਰਕਾਰਾਂ ਵੱਲੋਂ ਇਹ ਵੀ ਦਿਖਾਇਆ ਜਾਏਗਾ ਕਿ ਲੋਕਾਂ ਨਾਲ ਕੀਤੇ ਵਾਇਦੇ ਪੂਰੇ ਕਰਨ ਲਈ ਵੱਡੀਆਂ ਰਕਮਾਂ ਕੇਂਦਰ ਤੋਂ ਪ੍ਰਾਪਤ ਕੀਤੀਆਂ ਤੇ ਖ਼ਰਚੀਆਂ। ਪਰ ਜ਼ਮੀਨੀ ਪੱਧਰ 'ਤੇ ਸੱਚ ਹੋਰ ਹੈ। ਅਸਲ 'ਚ ਤਾਂ ਲੋਕਾਂ ਦੇ ਆਰਥਿਕ ਸੁਪਨਿਆਂ ਦਾ ਸੌਦਾ ਕੀਤਾ ਜਾਂਦਾ ਹੈ।

ਪੰਜਾਬ ਨੂੰ ਭਾਰਤ ਵਿੱਚ ਇੱਕ ਵਿਕਸਤ ਸੂਬਾ ਮੰਨਿਆ ਜਾਂਦਾ ਹੈ। ਇਹ ਮੰਨਿਆ ਜਾਂਦਾ ਹੈ ਕਿ ਇਥੇ ਪ੍ਰਤੀ ਜੀਅ ਆਮਦਨ ਬਹੁਤ ਜ਼ਿਆਦਾ ਹੈ। ਇਥੋਂ ਦੀ ਪੇਂਡੂ ਅਰਥ ਵਿਵਸਥਾ ਸਭ ਤੋਂ ਜਿਆਦਾ ਵਿਕਸਤ ਹੈ। ਭਾਰਤ ਵਿੱਚ ਸਭ ਤੋਂ ਵੱਧ ਮਹਿੰਗੀਆਂ ਕਾਰਾਂ ਦੀ ਵਿਕਰੀ ਮੁੰਬਈ, ਦਿੱਲੀ ਅਤੇ ਚੰਡੀਗੜ੍ਹ ਤੋਂ ਬਾਅਦ ਪੰਜਾਬ ਦੇ ਲੁਧਿਆਣਾ 'ਚ ਹੁੰਦੀ ਹੈ। ਇਹ ਵੀ ਕਿਹਾ ਜਾਂਦਾ ਹੈ ਕਿ ਭਾਰਤ ਵਿੱਚ ਗੁਜਰਾਤ ਦੇ ਨਾਲ-ਨਾਲ ਪੰਜਾਬ ਹੀ ਇਹੋ ਜਿਹਾ ਸੂਬਾ ਹੈ, ਜਿਥੇ ਐਨ.ਆਰ.ਆਈਜ਼ ਤੋਂ ਸਭ ਤੋਂ ਵੱਧ ਵਿਦੇਸ਼ੀ ਮੁਦਰਾ ਪ੍ਰਾਪਤ ਹੁੰਦੀ ਹੈ, ਇਹ ਚਾਹੇ ਕੈਨੇਡਾ ਹੋਵੇ ਜਾਂ ਫ਼ਿਰ ਅਸਟ੍ਰੇਲੀਆ ਅਤੇ ਅਮਰੀਕਾ ਤੋਂ। ਪਰ ਪੰਜਾਬ ਦੀ ਅਰਥਵਿਵਥਾ ਦੇ ਅੰਕੜੇ ਕੁਝ ਹੋਰ ਹੀ ਕਹਿੰਦੇ ਹਨ।

ਇਥੇ ਮੌਜੂਦਾ ਸਮੇਂ ਰਾਜ ਦੇ ਖਜ਼ਾਨੇ ਦਾ ਘਾਟਾ 5 ਫ਼ੀਸਦੀ ਦੇ ਆਸ ਪਾਸ ਚਲ ਰਿਹਾ ਹੈ। ਬਜ਼ਟ ਘਾਟਾ ਵੀ ਚਲ ਰਿਹਾ ਹੈ, ਜੋ ਜੀਡੀਪੀ ਦਾ 2.8 ਫ਼ੀਸਦੀ ਹੈ। ਇਸ ਕਰਕੇ ਹੁਣ ਪੰਜਾਬ ਭਾਰਤ ਦੇ ਉਹਨਾਂ 17 ਰਾਜਾਂ ਵਿੱਚ ਸ਼ਾਮਲ ਹੈ, ਜਿਸਨੂੰ ਕੇਂਦਰ ਵਲੋਂ ਆਰਥਿਕ ਸਹਾਇਤਾ ਉਸਦੀਆਂ ਸ਼ਰਤਾਂ ਤੇ ਲੈਣੀ ਪੈਂਦੀ ਹੈ।

ਪੰਜਾਬ ਦੇ ਖਜ਼ਾਨੇ ਦੇ ਘਾਟੇ ਦਾ ਮੁੱਖ ਕਾਰਨ ਤਨਖਾਹ, ਪੈਨਸ਼ਨ ਅਤੇ ਰਾਜ ਲਈ ਲਏ ਕਰਜ਼ੇ ਉਤੇ ਵਿਆਜ ਉਤੇ ਹੀ 76 ਫ਼ੀਸਦੀ ਖ਼ਰਚ ਹੋ ਜਾਂਦੇ ਹਨ। ਹੈਰਾਨੀ ਦੀ ਗੱਲ ਹੈ ਕਿ ਇਸ ਵਰ੍ਹੇ ਤਨਖਾਹ ਦਾ ਹਿੱਸਾ 30 ਫ਼ੀਸਦੀ ਸੀ, ਜਦਕਿ ਪੰਜਾਬ ਉਤਰਪ੍ਰਦੇਸ਼ ਅਤੇ ਬਿਹਾਰ ਦੇ ਮੁਕਾਬਲੇ ਇਹ ਘੱਟ ਆਬਾਦੀ ਵਾਲਾ ਸੂਬਾ ਹੈ।

ਬਾਕੀ ਸੂਬਿਆਂ ਵਾਂਗਰ ਪੰਜਾਬ ਵਿੱਚ ਵੀ ਜ਼ੋਰਾਂ-ਸ਼ੋਰਾਂ ਨਾਲ ਲੋਕਾਂ ਨੂੰ ਆਰਥਿਕ ਸੁਪਨੇ ਵਿਖਾਏ ਜਾ ਰਹੇ ਹਨ। ਮੌਜੂਦਾ ਸਮੇਂ ਵੰਡੀ ਜਾ ਰਹੀ ਮੁਫ਼ਤ ਬਿਜਲੀ ਦਾ ਖ਼ਰਚਾ ਹੀ ਵੀਹ ਹਜ਼ਾਰ ਕਰੋੜ ਰੁਪਏ ਦੇ ਬਰਾਬਰ ਹੈ, ਜੋ ਪੰਜਾਬ ਦੀ ਕੁੱਲ ਆਮਦਨ ਦਾ 19 ਫ਼ੀਸਦੀ ਹੈ। ਜੇਕਰ 76 ਫ਼ੀਸਦੀ ਤਨਖਾਹ, ਪੈਨਸ਼ਨ ਅਤੇ ਕਰਜ਼ੇ 'ਤੇ ਵਿਆਜ ਦੇ ਖ਼ਰਚੇ ਇਸ ਵਿੱਚ ਜੋੜ ਦਿੱਤੇ ਜਾਣ ਤਾਂ ਪੰਜਾਬ ਕੋਲ ਆਮਦਨ ਦਾ ਸਿਰਫ਼ ਪੰਜ ਫ਼ੀਸਦੀ ਹੀ ਬਾਕੀ ਰਹਿੰਦਾ ਹੈ। ਇਸੇ ਲਈ ਪੰਜਾਬ ਵੀ ਕੇਂਦਰ ਦੀਆਂ ਸ਼ਰਤਾਂ ਮੰਨਣ ਲਈ ਆਰਥਿਕ ਤੌਰ 'ਤੇ ਪੂਰੀ ਤਰ੍ਹਾਂ ਨਿਰਭਰ ਹੈ। ਆਰਥਿਕ ਕਮਜ਼ੋਰੀ ਕਾਰਨ ਸੂਬਾ ਲੋਕ-ਲੁਭਾਊ ਨੀਤੀਆਂ ਲਾਗੂ ਕਰਨ ਲਈ ਕਰਜ਼ੇ ਦੀ ਨਿਰ-ਸੰਕੋਚ ਵਰਤੋਂ ਕਰ ਰਿਹਾ ਹੈ। ਕੀ ਇਹ ਲੋਕ ਹਿਤੈਸ਼ੀ ਹੈ ?ਸਾਲ 1991 ਵਿੱਚ ਦੇਸ਼ ਦੀ ਜਨ ਸੰਖਿਆ 84 ਕਰੋੜ ਸੀ ਜੋ ਹੁਣ 141 ਕਰੋੜ ਦੀ ਸੀਮਾ ਪੂਰੀ ਕਰ ਚੁੱਕੀ ਹੈ ਅਤੇ 2040 ਤੱਕ ਇਹ 157 ਕਰੋੜ ਹੋਣ ਦਾ ਅੰਦਾਜ਼ਾ ਹੈ। ਇਸ ਸਥਿਤੀ 'ਚ ਲੋਕਾਂ ਦੀ ਭੁੱਖ ਦੂਰ ਕਰਨ, ਬੇਰੁਜ਼ਗਾਰੀ ਖ਼ਤਮ ਕਰਨ, ਬੁਨਿਆਦੀ ਲੋੜਾਂ ਪੂਰਿਆਂ ਕਰਨ ਲਈ ਦੇਸ਼ ਦੀ ਆਰਥਿਕਤਾ ਮਜ਼ਬੂਤ ਕਰਨ ਦੀ ਲੋੜ ਹੈ, ਜੋ ਸਿਰਫ਼ ਸਿਆਸੀ ਦਲਾਂ ਦੇ ਨਾਹਰਿਆਂ, ਦਿੱਤੀਆਂ ਗੱਲੀਂ-ਬਾਤੀਂ ਗਰੰਟੀਆਂ ਨਾਲ ਕੀ ਪੂਰੀ ਹੋ ਸਕਦੀ ਹੈ ?ਭਾਰਤ ਦੇਸ਼, ਦੁਨੀਆਂ ਭਰ 'ਚ ਸਭ ਤੋਂ ਵੱਧ ਅੰਨ ਪੈਦਾ ਕਰਦਾ ਹੈ।2023 ਵਿੱਚ ਦੇਸ਼ ਦਾ ਅੰਨ ਉਤਪਾਦਨ 31.1 ਕਰੋੜ ਟਨ ਤੱਕ ਪੁੱਜ ਗਿਆ ਹੈ। ਪਰ ਇਸ ਦੇ ਬਾਵਜੂਦ ਦੇਸ਼ 'ਚ ਭੁੱਖਮਰੀ ਅਤੇ ਗਰੀਬੀ ਹੈ। 24 ਕਰੋੜ ਲੋਕਾਂ ਨੂੰ ਮਸਾਂ ਇੱਕ ਡੰਗ ਦੀ ਰੋਟੀ ਨਸੀਬ ਹੁੰਦੀ ਹੈ। (ਰਿਪੋਰਟ ਐਸ ਓ ਐਫ਼ ਆਈ-2023 )ਭੁੱਖਮਰੀ ਦੇ ਮਾਮਲੇ 'ਚ 125 ਦੇਸ਼ਾਂ ਵਿੱਚ ਭਾਰਤ ਦਾ ਸਥਾਨ 111 ਵਾਂ ਹੈ(ਰਿਪੋਰਟ ਗਲੋਬਲ ਹੰਗਰ ਇੰਡੈਕਸ-2023)

ਕੀ ਸਿਆਸੀ ਦਲਾਂ ਵੱਲੋਂ, ਭੁੱਖੇ ਮਰ ਰਹੇ ਤੇ ਗਰੀਬੀ ਨਾਲ ਨਪੀੜੇ ਜਾ ਰਹੇ ਲੋਕਾਂ ਨੂੰ ਵਿਖਾਏ ਜਾ ਰਹੇ ਆਰਥਿਕ ਸੁਪਨੇ, ਉਹਨਾਂ ਦੇ ਕਿਸੇ ਕੰਮ ਆ ਸਕਣਗੇ ਜਾਂ ਫ਼ਿਰ ਇਹ ਚੋਣ ਜੁਮਲੇ ਸਾਬਤ ਹੋਣਗੇ।

# ਕਿਸਾਨ ਸਮੱਸਿਆਵਾਂ ਨੂੰ ਹੱਲ ਕਰਨ ਲਈ ਯੋਗ ਨੀਤੀ ਘੜਨ ਦੀ ਲੋੜ



ਸੁਰੇਸ਼ ਕੁਮਾਰ
ਸਾਬਕਾ ਆਈ.ਏ.ਐੱਸ. ਅਧਿਕਾਰੀ



ਕਿਸਾਨਾਂ ਦੇ ਲਗਾਤਾਰ ਜਾਰੀ ਅੰਦੋਲਨ ਨਾਲ, ਸੰਘਰਸ਼ ਕਰ ਰਹੇ ਕਿਸਾਨਾਂ ਅਤੇ ਆਮ ਲੋਕਾਂ ਦੋਵਾਂ ਧਿਰਾਂ ਨੂੰ ਪ੍ਰੇਸ਼ਾਨੀਆਂ ਅਤੇ ਅਸੁਵਿਧਾਵਾਂ ਨਾਲ ਜੂਝਣਾ ਪੈ ਰਿਹਾ ਹੈ। ਨੁਕਸਾਨ ਦੋਵੇਂ ਮੋਰਚਿਆਂ 'ਤੇ ਸਪੱਸ਼ਟ ਦਿਖਾਈ ਦੇ ਰਿਹਾ ਹੈ, ਪਰ ਵਪਾਰ, ਕਾਰੋਬਾਰ ਅਤੇ ਉਦਯੋਗ 'ਤੇ ਪੈਣ ਵਾਲੇ ਅਸਰ ਨੂੰ ਵੀ ਨਜ਼ਰਅੰਦਾਜ਼ ਨਹੀਂ ਕੀਤਾ ਜਾ ਸਕਦਾ। ਪਿਛਲਾ ਖੇਤੀ ਅੰਦੋਲਨ ਕੇਂਦਰ ਵੱਲੋਂ ਵਿਵਾਦਤ ਤਿੰਨ ਖੇਤੀ ਕਾਨੂੰਨਾਂ ਨੂੰ ਵਾਪਸ ਲੈਣ ਦੇ ਭਰੋਸੇ ਤੋਂ ਬਾਅਦ ਖ਼ਤਮ ਹੋਇਆ ਸੀ। ਪਰ ਹਾਲੇ ਤੱਕ ਘੱਟੋ-ਘੱਟ ਸਮਰਥਨ ਮੁੱਲ (ਐੱਮ.ਐੱਸ.ਪੀ.) ਨੂੰ ਵਿਧਾਨਕ ਬਣਾਉਣ 'ਤੇ ਕਮੇਟੀ ਦੀ ਸਹਿਮਤੀ ਨਾ ਬਣ ਸਕੀ, ਜਿਸ ਕਾਰਨ ਇਹ ਮਹੱਤਵਪੂਰਨ ਮੁੱਦਾ ਅਜੇ ਵੀ ਅਣਸੁਲਝਿਆ ਪਿਆ ਹੋਇਆ ਹੈ।

ਭਾਰਤ ਸਰਕਾਰ ਵੱਲੋਂ ਮੌਜੂਦਾ ਸਮੇਂ 'ਚ ਜਾਰੀ 23 ਫ਼ਸਲਾਂ ਲਈ ਘੱਟੋ-ਘੱਟ ਸਮਰਥਨ ਮੁੱਲ ਦੀ ਕਾਨੂੰਨੀ ਗਾਰੰਟੀ 'ਚ ਕਿਸਾਨ ਹੁਣ ਕ੍ਰਾਂਤੀਕਾਰੀ ਬਦਲਾਅ ਦੀ ਵਕਾਲਤ ਕਰ ਰਹੇ ਹਨ। ਇਹ ਸਵਾਮੀਨਾਥਨ ਕਮਿਸ਼ਨ ਦੀਆਂ ਸਿਫ਼ਾਰਸ਼ਾਂ ਅਨੁਸਾਰ ਐੱਮ.ਐੱਸ.ਪੀ. ਲਾਗਤ ਤੋਂ 50 ਫ਼ੀਸਦੀ ਵੱਧ ਤੈਅ ਕਰਨ ਦੀ ਉਨ੍ਹਾਂ ਦੀ ਪੁਰਾਣੀ ਮੰਗ ਤੋਂ ਅਲੱਗ ਹੈ। ਇਸ ਲਈ ਪ੍ਰਮੁੱਖ ਸਵਾਲ ਇਹ ਹੈ ਕਿ, ਕੀ ਐੱਮ.ਐੱਸ.ਪੀ. ਨੂੰ ਵਿਧਾਨਕ ਬਣਾਇਆ ਜਾ ਸਕਦਾ ਹੈ? ਇਹ ਦੇਖਦੇ ਹੋਏ ਕਿ ਖੇਤੀ ਇੱਕ ਰਾਜ ਦਾ ਵਿਸ਼ਾ ਹੈ, ਇਸ ਲਈ ਤਕਨੀਕੀ ਤੌਰ 'ਤੇ ਭਾਰਤ ਸਰਕਾਰ ਵੱਲੋਂ ਖੇਤੀ ਉਪਜ ਮੁੱਲ ਨਿਰਧਾਰਨ ਨੂੰ ਕੰਟਰੋਲ ਕਰਨ ਵਾਲਾ ਕਾਨੂੰਨ ਜ਼ਿਆਦਾਤਰ ਸੂਬਿਆਂ ਦੀ ਸਹਿਮਤੀ ਨਾਲ ਬਣਾਇਆ ਜਾ ਸਕਦਾ ਹੈ। ਇਸ ਨਜ਼ਰੀਏ ਨਾਲ ਹੀ ਅਨਾਜ ਦੀ ਸਰਕਾਰੀ ਖਰੀਦ ਨਾਲ ਸਾਰੇ ਰਾਜਾਂ ਨੂੰ ਇਕਸਾਰ ਫਾਇਦਾ ਹੋਵੇਗਾ। ਹਾਲਾਂਕਿ, ਚੋਣਵੀਆਂ ਖੇਤੀਬਾੜੀ ਉਪਜਾਂ ਲਈ ਐੱਮ.ਐੱਸ.ਪੀ. ਨੂੰ ਵਿਧਾਨਕ ਬਣਾਉਣ ਦੀ ਦਿਸ਼ਾ 'ਚ ਇਸ ਕਦਮ ਦਾ ਪੰਜਾਬ ਵਰਗੇ ਰਾਜ, ਜੋ ਖੇਤੀਬਾੜੀ ਕਰਨ ਵਾਲਾ ਪ੍ਰਮੁੱਖ ਰਾਜ ਹੈ, 'ਤੇ ਦੂਰਗਾਮੀ ਅਸਰ ਪੈ ਸਕਦਾ ਹੈ। ਇਸ ਨਾਲ ਉਨ੍ਹਾਂ ਦੀਆਂ ਤਰਜੀਹੀ ਸਥਿਤੀਆਂ ਅਤੇ ਕੇਂਦਰੀ ਖੁਰਾਕ ਭੰਡਾਰ 'ਚ ਯੋਗਦਾਨ 'ਚ ਕਮੀ ਆ ਸਕਦੀ ਹੈ। ਜਦੋਂ ਕਿ ਮਾਰਕਿਟ ਅਸ਼ੋਰੈਂਸ ਪ੍ਰੋਗਰਾਮ (ਐੱਮ.ਏ.ਪੀ.) ਹਰੀ ਕ੍ਰਾਂਤੀ ਤੋਂ ਬਾਅਦ ਪ੍ਰਭਾਵਸ਼ਾਲੀ ਖਰੀਦ ਯਕੀਨੀ ਬਣਾਉਣ ਲਈ ਇੱਕ ਮੁੱਖ ਕਾਰਕ ਰਿਹਾ ਹੈ, ਖੇਤੀ ਉਤਪਾਦ ਮੰਡੀਆਂ 'ਚ ਕਿਸਾਨਾਂ ਦੀਆਂ ਚਿੰਤਾਵਾਂ ਵਧ ਗਈਆਂ ਹਨ। ਗਲੋਬਲ ਵੈਲਿਊ ਚੇਨ (ਆਲਮੀ ਮੁੱਲ ਲੜੀ) ਦੀ ਗਤੀਸ਼ੀਲਤਾ ਮਾਰਕੀਟਿੰਗ ਰਣਨੀਤੀਆਂ ਨੂੰ ਨਵਾਂ ਆਕਾਰ ਦੇ ਰਹੀ ਹੈ ਅਤੇ ਛੋਟੇ ਤੇ ਦਰਮਿਆਨੇ ਕਿਸਾਨ ਆਪਣੇ ਆਪ ਨੂੰ ਸੌਦੇਬਾਜ਼ੀ ਦੀਆਂ ਮੁਸ਼ਕਿਲਾਂ ਤੋਂ ਲੈ ਕੇ ਬਿਹਤਰ ਕੀਮਤਾਂ ਹਾਸਿਲ ਕਰਨ ਲਈ ਦੂਰ ਦੇ ਬਾਜ਼ਾਰਾਂ ਤੱਕ ਸੀਮਤ ਪਹੁੰਚ ਵਰਗੀਆਂ ਚੁਣੌਤੀਆਂ ਨਾਲ ਜੂਝ ਰਹੇ ਹਨ। ਬਾਜ਼ਾਰ ਦੀ ਜਾਣਕਾਰੀ ਦੀ ਘਾਟ, ਸਾਖ਼ਰਤਾ ਦਾ ਨੀਵਾਂ ਪੱਧਰ (ਖ਼ਾਸਕਰ ਤਕਨੀਕੀ ਅਤੇ ਡਾਟਾ ਸਾਖ਼ਰਤਾ ਵਿੱਚ) ਅਤੇ ਕਾਰਜਸ਼ੀਲ ਪੂੰਜੀ ਲਈ ਸੰਸਥਾਗਤ ਵਿੱਤ ਪੋਸ਼ਣ ਦੀ ਨਾਕਾਫ਼ੀ ਪਹੁੰਚ ਉਨ੍ਹਾਂ ਦੀਆਂ ਕਮਜ਼ੋਰੀਆਂ ਨੂੰ ਵਧਾਉਂਦੀ ਹੈ। ਉਨ੍ਹਾਂ ਦੇ ਸੰਚਾਲਨ ਦੇ ਵਿੱਤੀ ਖਰਚੇ ਵਧ ਰਹੇ ਹਨ, ਜਿਸ ਨਾਲ ਉਨ੍ਹਾਂ ਦਾ ਪਹਿਲਾਂ ਤੋਂ ਹੀ ਥੋੜ੍ਹਾ ਮੁਨਾਫ਼ਾ ਹੋਰ ਘੱਟ ਹੋ ਰਿਹਾ ਹੈ।

ਕਿਸਾਨਾਂ ਦੀਆਂ ਤਕਲੀਫ਼ਾਂ ਅਤੇ ਚਿੰਤਾਵਾਂ ਮੰਡੀਆਂ 'ਚ ਫੈਲੇ ਭ੍ਰਿਸ਼ਟਾਚਾਰ ਕਾਰਨ ਕਈ ਗੁਣਾ ਵਧ ਜਾਂਦੀਆਂ ਹਨ। ਗ਼ੈਰ-ਰਸਮੀ ਅਤੇ ਬੇਕਾਬੂ ਕਰਜ਼ੇ 'ਤੇ ਬਹੁਤ ਜ਼ਿਆਦਾ ਵਿਆਜ ਦਰਾਂ, ਘਟੀਆ ਬੀਜਾਂ ਦੀ ਸਪਲਾਈ, ਉੱਚੀ ਆਵਾਜਾਈ ਲਾਗਤ, ਵਜ਼ਨ ਅਤੇ ਭੰਡਾਰਨ (ਸਟੋਰਾਂ) 'ਚ ਚੋਰੀ ਅਤੇ ਉਪਜ ਦੀ ਗ੍ਰੇਡਿੰਗ ਅਤੇ ਛੱਟਣ-ਛਟਾਉਣ ਦੀਆਂ ਖ਼ਾਮੀਆਂ ਇਹ ਸਾਰੇ ਇੱਕ ਅਜਿਹੇ ਮਾਹੌਲ 'ਚ ਯੋਗਦਾਨ ਪਾਉਂਦੇ ਹਨ, ਜਿੱਥੇ ਕਿਸਾਨ ਅਸੁਰੱਖਿਅਤ ਅਤੇ ਬੇਵੱਸ ਮਹਿਸੂਸ ਕਰਦਾ ਹੈ। ਇਨ੍ਹਾਂ 'ਚੋਂ ਬਹੁਤ ਸਾਰੀਆਂ ਗ਼ਲਤੀਆਂ ਖੇਤੀਬਾੜੀ ਖੇਤਰ 'ਚ ਵੱਡੇ ਖਿਡਾਰੀਆਂ ਦੇ ਵਿਚੋਲਿਆਂ ਜਾਂ ਮਾਰਕੀਟਿੰਗ ਏਜੰਟਾਂ ਦੀ ਸਰਗਰਮ ਸ਼ਮੂਲੀਅਤ ਨਾਲ ਹੋਣ ਦਾ ਸ਼ੱਕ ਹੈ। ਐੱਮ.ਐੱਸ.ਪੀ. ਨੂੰ ਕਾਨੂੰਨੀ ਬਣਾਉਣ ਦੀ ਮੰਗ ਬਿਹਤਰ ਬਾਜ਼ਾਰ ਸੁਰੱਖਿਆ 'ਤੇ ਆਧਾਰਿਤ ਹੈ। ਧਾਰਨਾ ਇਹ ਹੈ ਕਿ ਇੱਕ ਗਾਰੰਟੀਸ਼ੁਦਾ ਐੱਮ.ਐੱਸ.ਪੀ. ਅਤੇ ਬਾਜ਼ਾਰ 'ਚ ਇੱਕ ਸਰਗਰਮ ਸਰਕਾਰੀ ਭੂਮਿਕਾ, ਕਿਸਾਨਾਂ ਨੂੰ ਸ਼ੋਸ਼ਣ ਤੋਂ ਬਚਾ ਸਕਦੀ ਹੈ। ਇਸ ਨੂੰ ਵੱਡੇ ਖਰੀਦਦਾਰਾਂ ਦੀਆਂ ਹੇਰਾਫੇਰੀ ਦੀਆਂ ਚਾਲਾਂ ਖ਼ਿਲਾਫ਼ ਇੱਕ ਸੁਰੱਖਿਆ ਵਜੋਂ ਦੇਖਿਆ ਜਾਂਦਾ ਹੈ, ਜੋ ਆਪਣੀ ਉੱਚੀ ਪਹੁੰਚ ਅਤੇ ਪੈਸਿਆਂ ਦੇ ਦਮ 'ਤੇ ਛੋਟੇ ਅਤੇ ਦਰਮਿਆਨੇ ਕਿਸਾਨਾਂ ਦੀਆਂ ਕਮਜ਼ੋਰੀਆਂ ਦਾ ਫਾਇਦਾ ਉਠਾਉਂਦੇ ਹਨ। ਇਹ ਉਮੀਦ ਕੀਤੀ ਜਾਂਦੀ ਹੈ ਕਿ ਬਾਜ਼ਾਰ 'ਚ ਇੱਕ ਪ੍ਰਮੁੱਖ ਖਿਡਾਰੀ ਵਜੋਂ ਸਰਕਾਰ ਗਾਰੰਟੀਸ਼ੁਦਾ ਐੱਮ.ਐੱਸ.ਪੀ. ਨਾਲ ਗੜਬੜੀਆਂ ਨੂੰ ਦੂਰ ਕਰੇਗੀ। ਇੱਕ ਪ੍ਰਚਲਿਤ ਧਾਰਨਾ ਇਹ ਵੀ ਹੈ ਕਿ ਕਿਸਾਨਾਂ ਨੂੰ ਖ਼ਤਰਨਾਕ ਸਿਆਸੀ ਚਾਲਾਂ ਤੋਂ ਬਚਾਉਣ ਲਈ ਸਰਕਾਰਾਂ 'ਤੇ ਦਬਾਅ ਪਾਇਆ ਜਾ ਸਕਦਾ ਹੈ।

ਹਾਲਾਂਕਿ ਸਰਕਾਰਾਂ ਖੁਰਾਕ ਸੁਰੱਖਿਆ ਬਾਰੇ ਚਿੰਤਤ ਹਨ, ਪਰ ਇਹ ਸਮਝਣਾ ਵੀ ਜ਼ਰੂਰੀ ਹੈ ਕਿ ਕਿਸਾਨ ਮੰਡੀਆਂ 'ਚ ਸੁਰੱਖਿਅਤ ਰਹਿਣਾ ਚਾਹੁੰਦੇ ਹਨ। ਇਸ 'ਚ ਵੇਖੇ ਜਾਂਦੇ ਭ੍ਰਿਸ਼ਟਾਚਾਰਾਂ ਤੋਂ ਉਨ੍ਹਾਂ ਨੂੰ ਬਚਾਉਣ ਦਾ ਅਰਥ ਹੈ, ਬਿਨਾਂ ਕਿਸੇ ਅਧੀਨਗੀ ਜਾਂ ਸਤਹੀ ਦਮਨ ਦੇ ਬਾਜ਼ਾਰੀ ਤਾਕਤਾਂ ਤੋਂ ਆਜ਼ਾਦ ਅਤੇ ਨਿਰਪੱਖ ਕੰਮ ਕਰਨ ਦੀ ਆਗਿਆ ਦੇਣਾ। ਭੋਜਨ ਦੀ ਵਧਦੀ ਮੰਗ ਸੰਭਾਵਿਤ ਤੌਰ 'ਤੇ ਕਿਸਾਨਾਂ ਲਈ ਉਚਿਤ ਕੀਮਤਾਂ ਨੂੰ ਵਧਾ ਸਕਦੀ ਹੈ, ਬਸ਼ਰਤੇ ਮੰਗ-ਸਪਲਾਈ ਦੀ ਗਤੀਸ਼ੀਲਤਾ 'ਚ ਸੰਤੁਲਨ ਹੋਵੇ। ਹਾਲਾਂਕਿ, ਉਪਜ ਦੇ ਮੌਸਮੀ ਅਤੇ ਕੁਝ ਫ਼ਸਲਾਂ ਦੇ ਖ਼ਰਾਬ ਹੋਣ ਦੀ ਸੰਭਾਵਨਾ ਕਾਰਨ ਚੁਣੌਤੀਆਂ ਵੀ ਪੈਦਾ ਹੁੰਦੀਆਂ ਹਨ, ਜੋ ਵਿਗਿਆਨਕ ਭੰਡਾਰਨ ਬੁਨਿਆਦੀ ਢਾਂਚੇ ਦੀ ਘਾਟ ਕਾਰਨ ਵਧ ਜਾਂਦੀਆਂ ਹਨ।

ਬਾਜ਼ਾਰ 'ਚ ਹੋਣ ਵਾਲੀਆਂ ਗੜਬੜੀਆਂ ਤੋਂ ਵੀ ਜ਼ਿਆਦਾ ਕਿਸਾਨਾਂ ਦੀਆਂ ਚਿੰਤਾਵਾਂ ਵਿੱਚ, ਮੌਸਮ ਸੰਬੰਧੀ ਜ਼ੋਖ਼ਮ, ਭੰਡਾਰ ਕਰਨ 'ਚ ਜੋਖ਼ਮ ਅਤੇ ਵਿੱਤੀ ਜੋਖ਼ਮ ਆਦਿ ਸ਼ਾਮਿਲ ਹਨ। ਹਾਲਾਂਕਿ, ਸਰਕਾਰਾਂ ਨੇ ਇਨ੍ਹਾਂ ਚਿੰਤਾਵਾਂ ਨੂੰ ਵਿਆਪਕ ਅਤੇ ਢੁੱਕਵੇਂ ਢੰਗ ਨਾਲ ਹੱਲ ਨਹੀਂ ਕੀਤਾ ਹੈ। ਨੀਤੀਗਤ ਫ਼ੈਸਲੇ ਦੋ ਪ੍ਰਮੁੱਖ ਲੋੜਾਂ (ਇਹ ਯਕੀਨੀ ਬਣਾਉਣਾ ਕਿ ਉਪਭੋਗਤਾ ਕੀਮਤਾਂ ਇੱਕ ਹੱਦ ਤੋਂ ਵੱਧ ਨਾ ਵਧਣ ਅਤੇ ਖਾਧ ਕੀਮਤਾਂ ਨੂੰ ਕਿਫਾਇਤੀ ਬਣਾਈ ਰੱਖਣਾ) ਦੁਆਰਾ ਸੇਧਿਤ ਹੁੰਦੇ ਜਾਪਦੇ ਹਨ ਅਤੇ ਖੇਤੀ ਸਬਸਿਡੀਆਂ 'ਚ ਹੋਰ ਵਾਧੇ ਨੂੰ ਰੋਕਦੇ ਹਨ। ਬਦਕਿਸਮਤੀ ਨਾਲ ਗੁਣਵੱਤਾ ਦੇ ਮਾਪਦੰਡਾਂ, ਬਰਾਂਡ ਸੁਰੱਖਿਆ ਅਤੇ ਪੇਟੈਂਟ ਸੁਰੱਖਿਆ ਨਾਲ ਸੰਬੰਧਿਤ ਕਾਨੂੰਨਾਂ ਦਾ ਕਮਜ਼ੋਰ ਹੋਣਾ ਬਾਜ਼ਾਰ 'ਚ ਕਿਸਾਨਾਂ ਦੀ ਅਸੁਰੱਖਿਆ ਅਤੇ 'ਇਨਪੁੱਟ' ਗੁਣਵੱਤਾ ਦੀ ਉਲੰਘਣਾ ਨੂੰ ਉਜਾਗਰ ਕਰਦਾ ਹੈ। ਮੌਸਮ ਦੇ ਜੋਖ਼ਮਾਂ ਨੂੰ ਘਟਾਉਣ ਲਈ ਸੀਮਤ ਮੁਆਵਜ਼ੇ ਦੀ ਪੇਸ਼ਕਸ਼ ਕਰਦੀਆਂ ਮੌਜੂਦਾ ਫ਼ਸਲ ਬੀਮਾ ਯੋਜਨਾਵਾਂ ਨਾਕਾਫ਼ੀ ਮੰਨੀਆਂ ਜਾਂਦੀਆਂ ਹਨ।

ਇਨ੍ਹਾਂ ਚੁਣੌਤੀਆਂ ਨਾਲ ਨਜਿੱਠਣ ਲਈ ਇੱਕ ਸੂਖਮ ਅਤੇ ਵਿਆਪਕ ਪਹੁੰਚ ਜ਼ਰੂਰੀ ਹੈ। ਖੇਤੀਬਾੜੀ ਉਤਪਾਦਾਂ ਦੀ ਮੰਡੀਆਂ 'ਚ ਬਰਬਾਦੀ ਨੂੰ ਰੋਕਣ ਅਤੇ ਕੰਟਰੋਲ ਕਰਨ ਲਈ ਨਵੇਂ ਕਾਨੂੰਨ ਦੀ ਮੰਗ ਨੂੰ ਪ੍ਰਮੁੱਖਤਾ ਮਿਲ ਰਹੀ ਹੈ, ਖ਼ਾਸ ਤੌਰ 'ਤੇ ਉਨ੍ਹਾਂ ਕਾਰਵਾਈਆਂ ਨੂੰ ਨਿਸ਼ਾਨਾ ਬਣਾਉਣਾ, ਜੋ ਕਿਸਾਨਾਂ ਨੂੰ ਵਿੱਤੀ ਨੁਕਸਾਨ ਪਹੁੰਚਾਉਂਦੀਆਂ ਹਨ।

ਖੇਤੀ-ਰਸਾਇਣਾਂ ਅਤੇ ਖਾਦਾਂ ਨੂੰ ਕਾਬੂ ਕਰਨ ਵਾਲੇ ਮੌਜੂਦਾ ਕਾਨੂੰਨਾਂ ਦੇ ਨਾਲ-ਨਾਲ ਕਰਜ਼ ਨਿਯਮਾਂ ਨੂੰ ਗੁਣਵੱਤਾ ਅਤੇ ਸਮੇਂ ਸਿਰ ਉਨ੍ਹਾਂ ਦੀ ਉਪਲਬਧਤਾ ਨੂੰ ਯਕੀਨੀ ਬਣਾਉਣ ਅਤੇ (ਬਾਕੀ ਸਫ਼ਾ 31 'ਤੇ)

# ਭਾਰਤ ਵਿੱਚ ਲੋਕਤੰਤਰ ਜਾਂ ਤਾਨਾਸ਼ਾਹੀ?

ਨਵਤੇਜ ਸਿੰਘ

ਲੋਕਤੰਤਰ ਵਿੱਚ ਲੋਕਾਂ ਦੁਆਰਾ ਚੁਣੇ ਹੋਏ ਨੁਮਾਇੰਦੇ ਦੇਸ਼ ਦਾ ਪ੍ਰਬੰਧ ਚਲਾਉਂਦੇ ਹਨ। ਬ੍ਰਿਟਿਸ਼ ਸ਼ਾਸਨ ਦੀ ਕਰੀਬ 200 ਸਾਲਾਂ ਦੀ ਗੁਲਾਮੀ ਖ਼ਿਲਾਫ਼ ਆਜ਼ਾਦੀ ਦਾ ਸੰਘਰਸ਼ ਇਸੇ ਲਈ ਲੜਿਆ ਗਿਆ ਸੀ, ਕਿਉਂਕਿ ਇਸ ਸ਼ਾਸਨ 'ਚ ਲੋਕ-ਰਾਇ ਦਾ ਸਤਿਕਾਰ ਕਰਨ ਦੀ ਥਾਂ ਇਸ ਨੂੰ ਬੁਰੀ ਤਰ੍ਹਾਂ ਦਬਾਅ ਕੇ ਰੱਖਿਆ ਜਾਂਦਾ ਸੀ। ਲੋਕ ਗੁਲਾਮਾਂ ਵਾਲੀ ਜ਼ਿੰਦਗੀ ਜਿਉਂਦੇ ਸਨ। ਅਣਖੀ ਭਾਰਤੀਆਂ ਨੇ ਜਾਨ ਦੀ ਬਾਜ਼ੀ ਲਗਾ ਕੇ ਗੁਲਾਮੀ ਦੀਆਂ ਜ਼ੰਜੀਰਾਂ ਲਾਹ ਸੁੱਟੀਆਂ ਅਤੇ ਲੋਕਤੰਤਰ ਰੂਪੀ ਲੋਕ ਰਾਜ ਦੀ ਬਹਾਲੀ ਕਰਵਾਈ ਪ੍ਰੰਤੂ ਅੱਜ ਫਿਰ ਲੋਕਤੰਤਰ ਦਾ ਮੌਜੂਦਾ ਸਰੂਪ ਤੇਜ਼ੀ ਨਾਲ ਬਦਲਿਆ ਜਾ ਰਿਹਾ ਹੈ।

ਇਕ ਪਾਸੇ ਸਾਡੇ ਸੰਵਿਧਾਨ ਦੀ ਧਾਰਾ 19 (1) ਏ ਆਮ ਲੋਕਾਂ ਨੂੰ ਵਿਚਾਰ ਦੇ ਪ੍ਰਗਟਾਵੇ ਦੀ ਆਜ਼ਾਦੀ ਦਿੰਦੀ ਹੈ। ਦੂਜੇ ਪਾਸੇ ਜੇਕਰ ਲੋਕ ਸਰਕਾਰ ਦੇ ਕਿਸੇ ਕੰਮ ਜਾਂ ਫ਼ੈਸਲੇ ਨਾਲ ਸਹਿਮਤੀ ਪ੍ਰਗਟ ਨਹੀਂ ਕਰਦੇ ਤਾਂ ਲੋਕਾਂ ਦੇ ਇਸ ਸਮੂਹ ਦੀ ਲੋਕ-ਰਾਇ ਦਾ ਸਤਿਕਾਰ ਕਰਨ ਜਾਂ ਉਨ੍ਹਾਂ ਨੂੰ ਸੰਤੁਸ਼ਟ ਕਰਨ ਦੀ ਥਾਂ ਵੱਖਵਾਦੀ, ਅੱਤਵਾਦੀ, ਦੇਸ਼ ਧ੍ਰੋਹੀ ਜਾਂ ਰਾਸ਼ਟਰ ਵਿਰੋਧੀ ਤੱਕ ਗਰਦਾਨਿਆ ਜਾਂਦਾ ਹੈ। ਫਿਰ ਸਰਕਾਰ ਪੱਖੀ ਭੀੜਾਂ ਅਜਿਹੇ ਲੋਕਾਂ ਨੂੰ ਦੇਸ਼ 'ਚ ਹਜੂਮੀ ਹਿੰਸਾ ਦਾ ਸ਼ਿਕਾਰ ਬਣਾਉਂਦੀਆਂ ਹਨ। ਅਜਿਹੇ ਲੋਕਾਂ ਨੂੰ ਕਈ ਵਾਰ ਕੁੱਟ-ਕੁੱਟ ਕੇ ਮਾਰ ਦਿੱਤਾ ਜਾਂਦਾ ਹੈ ਤੇ ਅਣਪਛਾਤਿਆਂ ਖ਼ਿਲਾਫ਼ ਐੱਫ.ਆਈ.ਆਰ. ਦਰਜ ਕਰਕੇ ਫਾਈਲ ਬੰਦ ਕਰ ਦਿੱਤੀ ਜਾਂਦੀ ਹੈ। ਇਨ੍ਹਾਂ ਲੋਕਾਂ ਦਾ ਕਸੂਰ ਏਨਾ ਹੀ ਹੁੰਦਾ ਹੈ ਕਿ ਉਨ੍ਹਾਂ ਨੇ ਸਰਕਾਰ ਦੇ ਕਿਸੇ ਫ਼ੈਸਲੇ ਨਾਲ ਸਹਿਮਤੀ ਨਹੀਂ ਪ੍ਰਗਟਾਈ ਹੁੰਦੀ। ਸਹਿਮਤੀ ਅਤੇ ਅਸਹਿਮਤੀ ਦਾ ਇਹ ਝਗੜਾ ਦੇਸ਼ ਦੇ ਕਿਸੇ ਨਾ ਕਿਸੇ ਹਿੱਸੇ 'ਚ ਆਏ ਦਿਨ ਹਿੰਸਾ ਦਾ ਚੱਕਰਵਾਤ ਬਣ ਕੇ ਉੱਠਦਾ ਰਹਿੰਦਾ ਹੈ।

ਦੇਸ਼ ਦਾ ਕੌਮੀ ਮੀਡੀਆ ਆਪਣਾ ਸਾਰਾ ਧਿਆਨ ਇਸ ਵਿਵਾਦ 'ਤੇ ਕੇਂਦਰਿਤ ਕਰ ਦਿੰਦਾ ਹੈ ਅਤੇ ਓਨੀ ਦੇਰ ਤੱਕ ਇਸ ਨੂੰ ਮਸਾਲੇ ਲਗਾ ਕੇ ਪ੍ਰਚਾਰਿਆ ਤੇ ਪ੍ਰਸਾਰਿਆ ਜਾਂਦਾ ਹੈ, ਜਦੋਂ ਤੱਕ ਕੋਈ ਹੋਰ ਨਵਾਂ ਵਿਵਾਦ ਨਹੀਂ ਉੱਠ ਖੜ੍ਹਾ ਹੁੰਦਾ। ਇਥੇ ਇਹ ਸਵਾਲ ਪੈਦਾ ਹੁੰਦਾ ਹੈ ਕਿ ਜਦ ਕਾਨੂੰਨ ਲੋਕਾਂ ਨੂੰ ਸਰਕਾਰ ਦੇ ਕੀਤੇ ਕੰਮਾਂ ਦੀ ਪੁਣ-ਛਾਣ ਕਰਨ ਜਾਂ ਸਹਿਮਤੀ ਤੇ ਅਸਹਿਮਤੀ ਦੀ ਆਜ਼ਾਦੀ ਦਿੰਦਾ ਹੈ ਤਾਂ ਫਿਰ ਅਸਹਿਮਤੀ ਪ੍ਰਗਟ ਕਰਨ ਵਾਲੇ ਲੋਕਾਂ ਨੂੰ ਰਾਸ਼ਟਰ ਵਿਰੋਧੀ ਹੋਣ ਦਾ ਢਿੰਡੋਰਾ ਕਿਉਂ ਪਿੱਟਿਆ ਜਾਂਦਾ ਹੈ? ਇਨ੍ਹਾਂ ਲੋਕਾਂ ਨੂੰ ਦੇਸ਼ ਧ੍ਰੋਹੀ ਵਜੋਂ ਕਿਉਂ ਦੇਖਿਆ ਜਾਂਦਾ ਹੈ। ਹਰ ਮੰਚ 'ਤੇ ਉਨ੍ਹਾਂ ਨੂੰ ਨਿਸ਼ਾਨਾ ਕਿਉਂ ਬਣਾਇਆ ਜਾਂਦਾ ਹੈ? ਲੋਕਤੰਤਰ ਦੇ ਮੌਜੂਦਾ ਦੌਰ ਵਿੱਚ ਜੇਕਰ ਲੋਕ ਸਰਕਾਰ ਦੇ ਕੰਮਾਂ ਜਾਂ ਕਾਨੂੰਨਾਂ ਪ੍ਰਤੀ ਹੱਕ ਜਾਂ ਵਿਰੋਧ 'ਚ




ਆਪਣੀ ਰਾਇ ਹੀ ਪ੍ਰਗਟ ਨਹੀਂ ਕਰ ਸਕਦੇ ਤਾਂ ਸਪੱਸ਼ਟ ਹੈ ਕਿ ਇਹ ਲੋਕਤੰਤਰ ਨਹੀਂ, ਸਗੋਂ ਸਿੱਧੀ ਤਾਨਾਸ਼ਾਹੀ ਹੈ। ਜਿਸ ਦੇਸ਼ ਜਾਂ ਸਮਾਜ 'ਚ ਲੋਕਾਂ ਨੂੰ ਸਰਕਾਰ ਦੇ ਕਾਨੂੰਨਾਂ 'ਤੇ ਭਾਵੇਂ ਉਹ ਲੋਕ ਹਿਤੈਸ਼ੀ ਨਾ ਵੀ ਹੋਣ, ਪਰ ਮਜਬੂਰਨ ਸਹਿਮਤੀ ਪ੍ਰਗਟ ਕਰਨੀ ਪੈਂਦੀ ਹੈ, ਤਾਂ ਉਹ ਤਾਨਾਸ਼ਾਹੀ ਹੀ ਹੈ। ਲੋਕਾਂ ਦੇ ਹਿੱਤਾਂ ਦਾ ਘਾਣ ਹੈ। ਅਜਿਹੀ ਵਿਵਸਥਾ ਨੂੰ ਲੋਕ ਦਿਲ ਤੋਂ ਨਹੀਂ, ਮਜਬੂਰੀਵਸ ਪ੍ਰਵਾਨ ਕਰਦੇ ਹਨ। ਪਰ ਅਜਿਹੀ ਵਿਵਸਥਾ ਨੂੰ ਲੋਕ ਲੰਬਾ ਸਮਾਂ ਨਹੀਂ ਚੱਲਣ ਦਿੰਦੇ। ਸਹਿਮਤੀ ਜਾਂ ਅਸਹਿਮਤੀ ਲੋਕਾਂ ਦਾ ਕਾਨੂੰਨੀ ਅਧਿਕਾਰ ਹੈ, ਜਿਸ ਦਾ ਕਿਸੇ ਵੀ ਸਮੇਂ ਦੀ ਹਾਕਮ ਧਿਰ ਨੂੰ ਸਤਿਕਾਰ ਕਰਨਾ ਚਾਹੀਦਾ ਹੈ। ਜੇਕਰ ਸਰਕਾਰ ਲੋਕਾਂ ਲਈ ਹੈ। ਲੋਕਾਂ ਦੇ ਹਿਤਾਂ ਦੀ ਪ੍ਰਤੀਨਿਧਤਾ ਕਰਦੀ ਹੈ ਤਾਂ ਨਵੇਂ ਫ਼ੈਸਲੇ ਲੈਣ ਜਾਂ ਕਾਨੂੰਨ ਬਣਾਉਣ ਸਮੇਂ ਲੋਕ-ਰਾਇ ਜ਼ਰੂਰ ਲੈਣੀ ਚਾਹੀਦੀ ਹੈ।

ਸਰਕਾਰ ਲਈ ਵੀ ਬਿਹਤਰ ਹੈ ਕਿ ਜਿਨ੍ਹਾਂ ਫ਼ੈਸਲਿਆਂ 'ਚ ਲੋਕ ਰਾਇ ਸ਼ਾਮਿਲ ਹੋਵੇਗੀ, ਦੇਸ਼ 'ਚ ਨਵੇਂ ਵਿਵਾਦ ਨਹੀਂ ਉੱਠਣਗੇ। ਪਰ ਦੇਸ਼ ਦੇ ਲੋਕਾਂ ਦੀ ਇਹ ਤ੍ਰਾਸਦੀ ਹੈ ਕਿ ਸਰਕਾਰਾਂ ਵਿਕਾਸ ਦੇ ਨਾਂਅ 'ਤੇ ਵੋਟਾਂ ਮੰਗਣ ਤੋਂ ਡਰਦੀਆਂ ਹਨ, ਕਿਉਂਕਿ ਸੱਤਾ ਦਾ ਸੁੱਖ ਮਾਣਦਿਆਂ ਉਨ੍ਹਾਂ ਨੇ ਲੋਕ ਹਿਤਾਂ ਨੂੰ ਪੂਰੇ ਪੰਜ ਸਾਲ ਵਿਸਾਰਿਆ ਹੁੰਦਾ ਹੈ। ਅਜਿਹੇ 'ਚ ਹਾਕਮ ਧਿਰ ਕੋਲ ਲੋਕਾਂ ਦੀ ਕਚਹਿਰੀ 'ਚ ਪੇਸ਼ ਹੋ ਕੇ ਉਨ੍ਹਾਂ ਦੇ ਸਵਾਲਾਂ ਦਾ ਜਵਾਬ ਦੇਣ ਦੀ ਸਮਰੱਥਾ ਨਹੀਂ ਹੁੰਦੀ। ਪਰ ਸੱਤਾ ਦੀ ਲਾਲਸਾ ਖ਼ਾਤਰ ਉਹ ਵੋਟਾਂ ਦੇ ਧਰੁਵੀਕਰਨ ਲਈ ਧਰਮ ਨੂੰ ਮੁੱਖ ਹਥਿਆਰ ਬਣਾ ਲੈਂਦੇ ਹਨ।

ਸੋ, ਦੇਸ਼ 'ਚ ਮੌਜੂਦਾ ਸਮੇਂ ਇਹੀ ਦ੍ਰਿਸ਼ ਦੇਖਣ ਨੂੰ ਮਿਲ ਰਿਹਾ ਹੈ। ਦੇਸ਼ ਵਿੱਚ ਗ਼ਰੀਬੀ, ਕੰਗਾਲੀ, ਭੁੱਖਮਰੀ, ਬੇਰੁਜ਼ਗਾਰੀ ਤੇ ਸਿਹਤ ਸਹੂਲਤਾਂ ਦੀ ਵੱਡੀ ਘਾਟ ਹੈ। ਪਰ ਹਾਲੇ ਵੀ ਇਹ ਸਰਕਾਰਾਂ ਲਈ ਕੋਈ ਮੁੱਦਾ ਨਹੀਂ। ਧਰਮ ਹੀ ਜਿਵੇਂ ਇਕੋ-ਇਕ ਮੁੱਦਾ ਬਚਿਆ ਹੈ, ਜਿਸ ਨੂੰ ਦੇਸ਼ ਭਰ 'ਚ ਉਭਾਰਿਆ ਜਾ ਰਿਹਾ ਹੈ, ਜਿਹੜਾ ਵੀ ਆਪਣੇ ਹੱਕਾਂ-ਹਿੱਤਾਂ ਦੀ ਗੱਲ ਕਰਦਾ ਹੈ, ਸਰਕਾਰ ਦੀ ਨਜ਼ਰ 'ਚ ਉਹ ਦੇਸ਼ ਧ੍ਰੋਹੀ ਹੈ। ਦੇਸ਼ ਦਾ ਅਰਥਚਾਰਾ ਖੇਤੀ 'ਤੇ ਨਿਰਭਰ ਹੈ।

ਕਿਸਾਨ ਮਾੜੀ ਵਿੱਤੀ ਹਾਲਤ ਕਾਰਨ ਦੇਸ਼ 'ਚ ਖ਼ੁਦਕੁਸ਼ੀਆਂ ਕਰ ਰਹੇ ਹਨ ਅਤੇ ਸੰਕਟ ਵਿਚੋਂ ਬਾਹਰ ਨਿਕਲਣ ਲਈ ਉਹ ਸਰਕਾਰ ਤੋਂ ਫ਼ਸਲਾਂ ਦੇ ਘੱਟੋ-ਘੱਟ ਭਾਅ ਤੈਅ ਕਰਨ ਦੀ ਮੰਗ ਲਈ ਸ਼ਾਂਤਮਈ ਢੰਗ ਨਾਲ ਧਰਨੇ ਪ੍ਰਦਰਸ਼ਨ ਕਰ ਰਹੇ ਹਨ, ਪਰ ਉਨ੍ਹਾਂ ਨੂੰ ਕਿਸਾਨ ਮੰਨਿਆ ਹੀ ਨਹੀਂ ਜਾਂਦਾ, ਸਗੋਂ ਦੇਸ਼ ਵਿਰੋਧੀ ਤਾਕਤਾਂ ਆਖ ਕੇ ਤ੍ਰਿਸਕਾਰਿਆ ਜਾ ਰਿਹਾ ਹੈ। ਮੰਗਾਂ ਨੂੰ ਲੈ ਕੇ ਯੂਰਪ ਭਰ ਦੇ ਕਿਸਾਨ ਆਪਣੀਆਂ ਸਰਕਾਰਾਂ ਦੀਆਂ ਨੀਤੀਆਂ ਖ਼ਿਲਾਫ਼ ਪ੍ਰਦਰਸ਼ਨ ਕਰ ਰਹੇ ਹਨ ਪਰ ਯੂਰਪ 'ਚ ਕਿਤੇ ਵੀ ਕਿਸਾਨਾਂ ਦੇ ਵਿਰੋਧ ਪ੍ਰਦਰਸ਼ਨ ਨੂੰ ਕੁਚਲਿਆ ਨਹੀਂ ਗਿਆ ਪਰ ਆਪਣੇ ਦੇਸ਼ ਵਿੱਚ ਕਿਸਾਨਾਂ ਦੇ ਵਿਰੋਧ ਪ੍ਰਦਰਸ਼ਨ ਦਾ ਰਸਤਾ ਰੋਕਣ ਲਈ ਵੱਡੇ ਕੰਡਿਆਲੀ ਬਾਰਡਰ ਉਸਾਰ ਦਿੱਤੇ ਗਏ। ਸੜਕਾਂ 'ਚ ਖਾਈਆਂ ਪੁੱਟ ਕੇ ਪੁਲਿਸ ਫੋਰਸ ਦੇ ਨਾਲ ਅਰਧ-ਸੈਨਿਕ ਬਲ ਤਾਇਨਾਤ ਕਰ ਦਿੱਤੇ ਗਏ। ਕਿਸਾਨਾਂ 'ਤੇ ਸਿੱਧੀਆਂ ਗੋਲੀਆਂ ਚਲਾਈਆਂ ਗਈਆਂ, ਜਿਸ ਦਾ ਸ਼ਿਕਾਰ ਸ਼ੁਭਕਰਨ ਵਰਗੇ ਨੌਜਵਾਨ ਬਣੇ। ਕਈਆਂ ਨੂੰ ਅਗਵਾ ਕਰਕੇ ਥਾਣਿਆਂ ਵਿੱਚ ਤਸ਼ੱਦਦ ਢਾਹਿਆ ਗਿਆ। ਅਜਿਹਾ ਵਰਤਾਓ ਆਪਣੇ ਦੇਸ਼ ਦੇ ਨਾਗਰਿਕਾਂ ਨਾਲ ਕੀਤਾ ਗਿਆ। ਦੋਸ਼ ਸਿਰਫ਼ ਕਿਸਾਨਾਂ ਦਾ ਇਹੀ ਸੀ ਕਿ ਉਨ੍ਹਾਂ ਨੇ ਸਰਕਾਰ ਦੇ ਕਾਨੂੰਨਾਂ ਨਾਲ ਸਹਿਮਤੀ ਪ੍ਰਗਟ ਨਹੀਂ ਕੀਤੀ। ਜੇਕਰ ਸਹੀ ਅਰਥਾਂ ਵਿੱਚ ਲੋਕਤੰਤਰ ਹੁੰਦਾ ਤਾਂ ਅੰਦੋਲਨਕਾਰੀਆਂ ਨਾਲ ਬੈਠ ਕੇ ਮੀਟਿੰਗਾਂ 'ਚ ਮਸਲਾ ਹੱਲ ਕੀਤਾ ਜਾਂਦਾ, ਕਿਉਂਕਿ ਲੋਕਤੰਤਰ ਵਿੱਚ ਹਿੰਸਾ ਲਈ ਕੋਈ ਥਾਂ ਨਹੀਂ ਹੁੰਦੀ। ਸੜਕਾਂ ਰੁਕਣ ਕਾਰਨ ਲੋਕ ਪ੍ਰੇਸ਼ਾਨ ਹਨ। ਆਵਾਜਾਈ ਬੰਦ ਹੈ। ਗੱਲਬਾਤ ਨਾਲ ਕਿਹੜਾ ਮਸਲਾ ਹੱਲ ਨਹੀਂ ਹੋ ਸਕਦਾ? ਪਰ ਇਸ ਦੀ ਕੀ ਲੋੜ ਹੈ, ਜਦ ਧਰਮ ਵਰਗੇ ਮੁੱਦੇ ਆਸਾਨੀ ਨਾਲ ਕੁਰਸੀ ਦਿਵਾ ਸਕਦੇ ਹਨ। ਵੋਟਾਂ ਦੇ ਸਮੇਂ ਆਮ ਲੋਕ ਨਾਗਰਿਕ ਲੱਗਦੇ ਹਨ, ਜਦੋਂ ਇਨ੍ਹਾਂ ਲੋਕਾਂ ਦੀਆਂ ਵੋਟਾਂ ਨਾਲ ਕੋਈ ਪਾਰਟੀ ਸੱਤਾ 'ਤੇ ਬਿਰਾਜਮਾਨ ਹੁੰਦੀ ਹੈ, ਲੋਕ ਚੋਣ ਵਾਅਦੇ ਪੂਰੇ ਕਰਨ ਲਈ ਕਹਿੰਦੇ ਹਨ ਤਾਂ ਇਹੀ ਲੋਕ ਸਰਕਾਰ ਨੂੰ ਦੇਸ਼ ਧ੍ਰੋਹੀ ਲਗਦੇ ਹਨ।

ਲੋਕਤੰਤਰ ਦਾ ਮੌਜੂਦਾ ਸਰੂਪ ਲੋਕਾਂ ਨੂੰ ਡਰਾਉਣ ਵਾਲਾ ਹੈ। ਇਸੇ ਡਰਾਉਣੇ ਸਰੂਪ ਤੋਂ ਲੋਕ ਵਿਦੇਸ਼ਾਂ 'ਚ ਰੁਜ਼ਗਾਰ ਖ਼ਾਤਰ ਜ਼ਿੰਦਗੀ ਦਾਅ 'ਤੇ ਲਾ ਕੇ ਵੀ ਜਾ ਰਹੇ ਹਨ, ਕਿਉਂਕਿ ਇਥੇ ਉਨ੍ਹਾਂ ਦਾ ਆਪਣਾ ਕੋਈ ਭਵਿੱਖ ਨਜ਼ਰ ਨਹੀਂ ਆਉਂਦਾ। (ਬਾਕੀ ਸਫ਼ਾ 31 'ਤੇ)

# ਕੀ ਵਿਚਾਰਹੀਣ ਰਾਜਸੀ ਗਿਰੋਹ ਬਣ ਗਈਆਂ ਨੇ ਸਿਆਸੀ ਪਾਰਟੀਆਂ ?



ਡਾ. ਸੁਰਿੰਦਰ ਮੰਡ
(94173 24543)

ਭਾਰਤ ਵਰਗਾ ਵਿਸ਼ਾਲ ਲੋਕਤੰਤਰੀ ਦੇਸ਼ ਰਾਜਨੀਤਿਕ ਪਾਰਟੀਆਂ ਅਤੇ ਉਹਨਾਂ ਨਾਲ ਜੁੜੇ ਵਧੀਆ ਆਗੂਆਂ ਨੇ ਹੀ ਸਹੀ ਚਲਾਉਣਾ ਹੈ। ਲੋਕਾਂ ਨੇ ਇਹਨਾਂ ਨੂੰ ਵੋਟਾਂ ਪਾ ਕੇ ਚੁਣਨਾ, ਇਹ ਸੱਚ ਹੈ।

ਪਾਰਟੀਆਂ ਚਲਾਉਣ ਲਈ ਫੰਡ/ਚੰਦਾ ਤਾਂ ਜ਼ਰੂਰੀ, ਲੋਕ ਦਿੰਦੇ ਵੀ ਆਏ, ਦੇਣਾ ਵੀ ਚਾਹੀਦਾ ਪਰ 5-6 ਸਾਲਾਂ ਤੋਂ ਸਰਕਾਰ ਵੱਲੋਂ ਕਨੂੰਨ ਬਣਾ ਕੇ ਨਵਾਂ ਈਂ ਚਲਨ ਚਲਾ ਲਿਆ ਗਿਆ 'ਇਲੈਕਟੋਰਲ ਬਾਂਡ'। ਯਾਨੀ ਕਿ ਗੁਪਤ ਜਿਨੇ ਮਰਜ਼ੀ ਪੈਸੇ ਕਿਸੇ ਪਾਰਟੀ ਨੂੰ ਦਿਓ, ਟੈਕਸ ਛੋਟ ਲਓ, ਕਿਸੇ ਨੂੰ ਪਤਾ ਨਾ ਲੱਗੂ। ਇਸ ਕਾਨੂੰਨ ਨੂੰ ਸੁਪਰੀਮ ਕੋਰਟ ਨੇ ਗੈਰ-ਕਾਨੂੰਨੀ ਕਰਾਰ ਦੇ ਕੇ ਰੱਦ ਕਰ ਦਿੱਤਾ ਹੈ ਕਿਉਂਕਿ ਪਾਰਟੀਆਂ ਨੂੰ ਕਾਰੋਬਾਰੀ ਤੇ ਹੋਰ ਵੱਡੇ ਠੱਗ ਲੋਕ ਸੈਂਕੜੇ ਹਜ਼ਾਰਾਂ ਕਰੋੜ ਦੇਣ ਲੱਗ ਪਏ ਸਨ।

ਜਿਸ ਦੇ ਇਵਜ਼ ਵਿੱਚ ਵੱਡੇ ਠੇਕੇ ਮਿਲੇ, ਅਰਬਾਂ ਦੇ ਬੈਂਕ ਲੋਨ ਮਾਫ ਹੋਣ ਲੱਗ ਪਏ, ਚਲਦੇ ਘਪਲਿਆਂ ਦੇ ਕੇਸ ਬੰਦ ਹੋਏ, ਤੇ ਦੋ-ਨੰਬਰੀ ਸਭ ਕਾਰੋਬਾਰ ਕਰਨ ਦੀਆਂ ਖੁੱਲ੍ਹਾਂ ਵੀ ਮਿਲੀਆਂ। ਇੰਝ ਜਨਤਾ ਦਾ ਪੈਸਾ ਲੁੱਟਿਆ ਲੁਟਾਇਆ ਗਿਆ। ਬਾਂਡ ਅਸਲ 'ਚ ਏਸੇ ਲਈ ਹੀ ਸਨ। ਤੱਥ ਬੋਲੇ ਕਿ 8251 ਕਰੋੜ ਦੇ ਕਰੀਬ ਤਕਰੀਬਨ 50 ਫੀਸਦੀ ਤੋਂ ਵੱਧ ਇਕੱਲੀ ਕੇਂਦਰ ਵਿੱਚ ਰਾਜ ਕਰਦੀ ਪਾਰਟੀ ਨੂੰ ਮਿਲਿਆ, ਹੋਰਨਾਂ ਨੂੰ ਵੀ ਬੁਰਕੀ ਮਿਲੀ। ਸੁਪਰੀਮ ਕੋਰਟ ਨੂੰ 'ਸਿੱਟ' ਬਣਾ ਕੇ ਆਪਣੀ ਨਿਗਰਾਨੀ ਵਿੱਚ ਸਭ ਦੋਸ਼ੀ ਜੇਲ੍ਹ ਭੇਜਣੇ ਚਾਹੀਦੇ ਹਨ।

ਲੀਡਰਾਂ ਨੂੰ ਨਿੱਜੀ ਤੌਰ 'ਤੇ ਚੋਰੀ ਦਿੱਤੇ ਜਾਣ ਵਾਲੇ ਪੈਸੇ ਇਸ ਤੋਂ ਅਲੱਗ ਹਨ, ਜੋ ਏਦੋਂ ਵੀ ਕਈ ਗੁਣਾ ਵੱਧ, ਉਹਨਾਂ ਨਾਲ ਹੀ ਮਹਿਲ ਮਾੜੀਆਂ ਉਸਰਦੀਆਂ, ਨਿੱਜੀ ਕਾਰੋਬਾਰ ਵਧਦੇ ਤੇ ਦੂਜੇ ਬੰਨੇ ਲਾਰਿਆਂ ਦੇ ਮਾਰੇ 100 ਕਰੋੜ ਲੋਕ ਮੁੱਦਤਾਂ ਤੋਂ ਭੁੱਖ ਨਾਲ ਘੁਲ ਰਹੇ ਹਨ। ਹੁਣ ਹੋਣਗੇ ਕੁਝ ਕੁ ਖੁਲਾਸੇ। ਚੰਦਰਾ ਚਲਨ ਤਾਂ ਨੰਗਾ ਹੋ ਗਿਆ, ਪਰ ਠੱਲ੍ਹ ਪੈਣੀ ਇਸ ਤੰਤਰ ਦੇ ਹੁੰਦਿਆਂ ਤਾਂ ਸੰਭਵ ਨਹੀਂ ਲੱਗਦੀ। ਹਾਂ, ਤਰੀਕਾ ਬਦਲ ਜਾਣ ਦੀ ਸੰਭਾਵਨਾ ਹੈ। ਕਾਨੂੰਨ ਵਿੱਚ ਵੱਡੇ ਆਰਥਿਕ ਲੁਟੇਰਿਆਂ ਲਈ ਠੱਗ ਸਿਸਟਮ ਨੇ ਸਭ ਤੋਂ ਘੱਟ ਸਜ਼ਾ ਰੱਖੀ ਹੈ, ਜੋ ਚੀਨ ਵਾਂਗ ਸਖਤ ਚਾਹੀਦੀ, ਕਿਉਂਕਿ ਇਹੀ ਗਰੀਬੀ ਦੀ ਜੜ੍ਹ ਹੈ। ਸ਼ਾਇਦ ਕੋਈ ਵਿਚਾਰਧਾਰਾ ਵਰਗੀ ਚੀਜ਼ ਵੀ ਹੋਇਆ ਕਰਦੀ ਸੀ। ਸੁਣਦੇ ਸਾਂ ਕਿ ਵਿਚਾਰਾਂ ਦੇ ਅਲੱਗਪਨ ਕਰਕੇ ਹੀ ਲੋਕ ਵੱਖਰੀਆਂ ਸਿਆਸੀ ਪਾਰਟੀਆਂ ਵਿੱਚ ਹੁੰਦੇ ਹਨ ਤੇ ਇਹਨਾਂ 'ਚੋਂ ਬੰਦਾ ਤੋੜਨਾ ਸੌਖਾ ਨਹੀਂ ਹੁੰਦਾ। ਗੱਲ ਕਾਫੀ ਹੱਦ ਤਕ ਠੀਕ ਸੀ। ਰਾਤੋ ਰਾਤ ਵਿਚਾਰ ਬਦਲਨੇ ਵੱਡੀ ਬੇਸ਼ਰਮੀ ਤੇ ਝਿਜਕ ਦੀ ਗੱਲ ਸੀ। ਪਰ ਹੁਣ ਇਕ ਆਹ ਵਿਕਾਸ ਵੀ ਕੀਤਾ ਭਾਰਤੀ ਲੋਕਤੰਤਰ ਨੇ, ਕਿ ਹਰ ਪਾਰਟੀ ਚੋਂ ਕੋਈ ਵੀ ਬੰਦਾ ਕਿਸੇ ਵੀ ਪਾਰਟੀ 'ਚ ਆਈ ਜਾਈ ਜਾਂਦਾ, ਦਲਬਦਲੂਆਂ ਦੀ ਸਗੋਂ ਵੱਧ ਪੁੱਛ ਹੁੰਦੀ ਹੈ।

ਸਵਾਲ ਹੈ ਕਿ ਕੀ ਬੰਦਿਆਂ ਦਾ ਕਿਰਦਾਰ ਨਿੱਘਰ ਗਿਆ ਕਿ ਪਾਰਟੀਆਂ ਹੀ ਵਿਚਾਰਹੀਣ ਰਾਜਸੀ ਗਿਰੋਹ ਬਣ ਗਈਆਂ ?

ਹੋਰ ਵੇਖੋ ਕਿ ਆਪਣੇ ਜਿੱਤਿਆਂ ਅਸੈਂਬਲੀ/ਲੋਕ ਸਭਾ ਮੈਂਬਰਾਂ ਨੂੰ ਘੇਰ ਕੇ ਲੁਕੋਂਦੀਆਂ ਫਿਰਦੀਆਂ ਪਾਰਟੀਆਂ। ਅਖੇ ਇਹਨਾਂ ਨੂੰ ਕੋਈ ਖਰੀਦ ਲੂ, ਡਰਾ ਲੂ।

ਟਿਕਟਾਂ ਦੇਣ ਨੂੰ ਕਾਨੂੰਨ ਚਾਹੀਦਾ ਕਿ ਅਸਤੀਫਾ ਤਾਂ ਭਾਵੇਂ ਹਰ ਕੋਈ ਦੇ ਸਕੇ। ਪਰ ਜੇ ਜਿੱਤੇ ਮੈਂਬਰ ਢਾਣੀ ਬਣਾ ਕੇ ਜਾਂ ਇਕੱਲੇ ਪਾਰਟੀ ਬਦਲਨ, ਤੁਰੰਤ ਮੈਂਬਰੀ ਰੱਦ ਹੋਵੇ, ਮਗਰੋਂ ਜਾਣ ਜਿੱਧਰ ਜਾਣਾ।

ਪਾਰਟੀਆਂ ਆਪਣੇ ਵਰਕਰਾਂ ਲੀਡਰਾਂ ਦੇ ਕੈਂਪ ਲਾਉਣ। ਆਪਣੀ ਵਿਚਾਰਧਾਰਾ ਨਿਆਰਾਪਨ ਸਮਝਾਉਣ। ਵਿਕਾਊ ਮਾਲ 'ਤੇ ਨਜ਼ਰ ਰੱਖਣ। ਜੇ ਜਿੱਤਿਆ ਮੈਂਬਰ ਵਿਕੇ ਤਾਂ ਵੋਟਾਂ ਪਾਉਣ ਵਾਲੇ ਲੋਕ ਵੀ ਉਹਨੂੰ ਸਬਕ ਦੇਣ ਚੰਗਾ ਕਰਾਰਾ।

ਜਿਹੜੇ ਨਾਰੀ(ਮਾਂ) ਨੇ ਜੰਮੇ ਪਾਲੇ, ਨਾਰੀ ਨਾਲ ਵਿਆਹੇ, ਪਰ ਮੀਸਣੇ ਬਣ ਕੇ ਆਪਣੇ ਜੀਆਂ ਨੂੰ ਛੱਡ ਕੇ ਭਗੌੜੇ ਹੋ ਗੇ।

ਉਹ ਲੀਡਰ ਤਾਂ ਹੋਰਨਾਂ ਸਭ ਨਾਰੀਆਂ ਲਈ ਸੁਹਿਰਦ ਹੋ ਈ ਨੀ ਸਕਦੇ। ਤੇ ਜੋ ਵਿਆਹਾਂ/ਗ੍ਰਹਿਸਥ ਦੇ ਹੀ ਵਿਰੋਧੀ ਨੇ ਮਲੰਗ, ਉਹ ਕੀ ਜਾਣਦੇ ਪਰਿਵਾਰਾਂ ਤੇ ਉਹਨਾਂ ਦੇ ਮਸਲਿਆਂ ਨੂੰ ? ਆਪਣਾ ਬੱਚਾ ਪਾਲ ਕੇ ਹੀ ਅਹਿਸਾਸ ਹੁੰਦਾ ਕਿ ਬੱਚਾ ਕਿੰਨੀ ਕੀਮਤੀ ਚੀਜ਼ ਹੈ। ਬੱਚਿਆਂ ਵਾਲੇ ਲੋਕ ਸੰਵੇਦਨਸ਼ੀਲ ਪੂਰਨ ਇਨਸਾਨ ਹੁੰਦੇ ਨੇ। ਕਹਿੰਦੇ ਜਿਨ੍ਹਾਂ ਨੇ ਧੀਆਂ ਨਹੀਂ ਜਣੀਆਂ, ਉਹ ਜਵਾਈਆਂ ਦੀ ਕਦਰ ਨੀ ਜਾਣ ਸਕਦੇ। ਅਜਿਹੇ ਲੀਡਰ ਜੇ ਲੋਕਾਂ ਦੇ ਅਦਰਸ਼ ਬਣ ਜਾਣ ਫਿਰ ਤਾਂ ਇਨਸਾਨੀ ਨਸਲ ਹੀ ਖਤਮ ਹੋ ਜੂ।

ਖੌਰੇ ਤਾਂ ਹੀ ਅਸੀਂ ਵੇਖਿਆ ਕਿ ਉਲੰਪਿਕ ਚੈਂਪੀਅਨ ਭਲਵਾਨ ਕੁੜੀਆਂ ਦਿੱਲੀ ਮਹੀਨਿਆਂ ਬੱਧੀ ਧਰਨਾ ਮਾਰ ਕੇ ਰੋਂਦੀਆਂ, ਬੀ.ਜੇ.ਪੀ ਪਾਰਲੀਮੈਂਟ ਮੈਂਬਰ ਵੱਲੋਂ ਕੀਤੀਆਂ ਜਿਣਸੀ ਜ਼ਿਆਦਤੀਆਂ ਵਿਰੁੱਧ ਇਨਸਾਫ ਮੰਗਦੀਆਂ ਰਹੀਆਂ, ਕੋਈ ਸੁਣਵਾਈ ਨਾ ਹੋਈ ਤੇ ਆਖਿਰ ਪੁਲਿਸ ਵੱਲੋਂ ਸੜਕ ਉੱਤੇ ਘੜੀਸੀਆਂ ਗਈਆਂ। ਮਨੀਪੁਰ ਵਿੱਚ ਇੱਕ ਖਾਸ ਫਿਰਕੇ ਦੀਆਂ ਔਰਤਾਂ ਨੂੰ ਅਲਫ ਨੰਗੀਆਂ ਕਰਕੇ, ਜਲੂਸ ਕੱਢਕੇ ਸੜਕ ਉੱਤੇ ਹਜੂਮ ਨੇ ਅਜਿਹੀਆਂ ਹਰਕਤਾਂ ਕੀਤੀਆਂ, ਜੋ ਲਿਖੀਆਂ ਨਹੀਂ ਜਾ ਸਕਦੀਆਂ ਤੇ ਜਿਹੜੇ ਲੀਡਰ ਪਾਰਟੀਆਂ ਓਦੋਂ ਵੋਟ ਫਾਇਦਾ ਵੇਖ ਕੇ, ਜਾਣ ਬੁੱਝ ਕੇ ਚੁੱਪ ਰਹੇ, ਉਹਨਾਂ ਮਰੀ ਆਤਮਾ ਵਾਲਿਆਂ ਨੂੰ ਕੋਈ ਹੱਕ ਹੈ ਕਿ ਉਹ ਔਰਤਾਂ ਦੇ ਰਖਵਾਲੇ ਹੋਣ ਦੀਆਂ ਟਾਹਰਾਂ ਮਾਰਨ ? ਭਾਰਤੀ ਲੋਕਤੰਤਰ ਦਾ ਤਰੱਕੀ ਕਰਦਿਆਂ ਕਰਦਿਆਂ ਬਣਿਆਂ ਇੱਕ ਸੀਨ ਹੁਣ ਇਹ ਵੀ ਹੈ ਕਿ ਪਾਰਟੀਆਂ ਸਿਆਣੇ ਸੁਹਿਰਦ ਵਰਕਰਾਂ ਨੂੰ ਟਿਕਟਾਂ ਦੇਣ ਦੀ ਬਜਾਏ ਪੈਸੇ ਵਾਲੇ ਜਾਂ ਕਿਸੇ ਵੀ ਤਰ੍ਹਾਂ ਮਸ਼ਹੂਰ ਲੋਕਾਂ ਨੂੰ ਟਿਕਟਾਂ ਦਿੰਦੀਆਂ। ਉਹ ਕਾਰੋਬਾਰ ਵਧਾਉਣ ਜਾਂ ਲੀਡਰੀ ਵਾਲਾ ਭੁੱਸ ਪੂਰਾ ਕਰਨ ਆਉਂਦੇ। ਤੇ ਸੰਕਟ ਮੌਕੇ ਡਰ ਭੱਜ ਜਾਂਦੇ, ਹਮੇਸ਼ਾਂ ਆਪਣਾ ਫਾਇਦਾ ਮੌਜ ਵੇਖਦੇ।

ਭੋਲੇ ਮਜਬੂਰ ਪਿਛਲੱਗੂ ਲੋਕ ਫਿਰ ਚਰਚਾ ਕਰਨ ਲੱਗ ਪੈਂਦੇ ਕਿ ਅਗਲਾ ਖੁੰਬ ਲੀਡਰ ਕੌਣ ਹੋਊ ਆਪਣੇ ਹਲਕੇ ਤੋਂ ਉਮੀਦਵਾਰ। ਸਿਆਸੀ ਪਾਰਟੀਆਂ ਆਪਣੇ ਕਿਰਦਾਰ ਕਮਜ਼ੋਰੀਆਂ ਕਾਰਨ ਇਸ ਤਮਾਸ਼ੇ ਦਾ ਪਲੇਟਫਾਰਮ ਬਣ ਗਈਆਂ। ਮੈਂ ਵੀ ਫਰੀਡਮ ਫਾਈਟਰ ਪਰਿਵਾਰ ਵਿਚੋਂ ਹੋਣ ਕਰਕੇ ਜਾਣਦਾਂ ਕਿ ਅਜ਼ਾਦੀ ਅੰਦੋਲਨ ਵੇਲੇ ਜਦੋਂ ਰਾਜਨੀਤੀ ਵਿੱਚ ਆਉਣ ਦਾ ਮਤਲਬ ਹੁੰਦਾ ਸੀ ਜ਼ੁਲਮ ਸਹਿਣੇ, ਘਾਟੇ ਖਾਣੇ, ਕੁਰਕੀਆਂ ਕਰਵਾਉਣੀਆਂ। ਓਦੋਂ ਸ਼ੈਤਾਨ ਕਾਰੋਬਾਰੀ, ਅੰਗਰੇਜ਼ ਸਰਕਾਰ ਨਾਲ ਮਿਲ ਕੇ ਚੁੱਪ ਚਾਪ ਧੰਨ ਕਮਾਉਂਦੇ ਰਹੇ। ਪਰ ਹੁਣ ਜਦੋਂ ਰਾਜਨੀਤੀ ਹੀ ਕਾਰੋਬਾਰ ਬਣਗੀ ਤਾਂ ਹੁਣ ਸਭ ਕਾਰੋਬਾਰੀ, ਰਾਜਨੀਤੀ 'ਚ ਆਣ ਵੜੇ। ਦੇਸ਼ 'ਤੇ ਕਾਬਜ ਹੋ ਗੇ। ਇਹਨਾਂ ਅਫ਼ਸਰ, ਬਦਮਾਸ਼ ਵੀ ਨਾਲ ਗੰਢ ਲਏ, ਤੇ ਰਲ ਕੇ ਰਾਜਨੀਤੀ ਦੇ ਸਭ ਆਦਰਸ਼ ਮਾਰ ਰਹੇ ਨੇ। ਆਮ ਲੋਕ ਚੇਤੰਨ ਨਹੀਂ, ਇਸ ਲਈ ਵਿਚਾਰੇ ਧਰਮ ਜਾਤ ਦੇ ਨਾਮ 'ਤੇ ਵਰਗਲਾਏ ਭੜਕਾਏ ਜਾਂਦੇ ਨੇ। ਘਿਰ ਗਿਆ ਭਾਰਤੀ ਲੋਕ-ਤੰਤਰ ਨਿੱਸਲ ਹੋ ਗਿਆ ਇਹਨਾਂ ਸਾਹਮਣੇ। ਲੋਕਾਂ ਨੂੰ ਪਛਾਨਣਾ ਪਊ ਕਿ ਕਿਤੇ ਪਰਚਾਰ ਦੇ ਜ਼ੋਰ ਸਾਨੂੰ ਉੱਲੂ ਤਾਂ ਨਹੀਂ ਬਣਾ ਰਿਹਾ ਕੋਈ।

ਤੇ ਜਾਂ ਫਿਰ ਅਖੀਰੀ ਕੋਈ ਦੇਸ਼ ਭਗਤ ਤੂਫਾਨੀ ਲੋਕ ਉਭਾਰ ਇਸਨੂੰ ਬਦਲ ਸੁੱਟੇਗਾ, ਕਿਉਂਕਿ ਸਿਰਫ਼ ਪਰਉਪਕਾਰੀ ਕੁਰਬਾਨੀ ਦੇ ਮਾਦੇ ਵਾਲੇ ਲੀਡਰ ਹੀ ਮੁਲਕ ਨੂੰ ਸਵਾਰ ਤੇ ਬਚਾਅ ਸਕਦੇ ਨੇ, ਕਾਰਪੋਰੇਟਾਂ ਦੇ ਦਲਾਲ ਨਹੀਂ। ਲੋਕਤੰਤਰ ਵੀ ਤੇ ਦੇਸ਼ ਵੀ ਸਭ ਲੋਕਾਂ ਦਾ ਸਰਬਸਾਂਝਾ ਹੈ, ਇਸ ਨੂੰ ਬਚਾਉਣ ਚਲਾਉਣ ਤੇ ਚਮਕਾਉਣ ਲਈ ਸਾਰੇ ਦੇਸ਼ ਵਾਸੀ ਆਪਣਾ ਅਧਿਕਾਰ ਤੇ ਫਰਜ਼ ਸਮਝਣ।



# ਸੋਸ਼ਲ ਮੀਡੀਆ ਬਾਰੇ ਇੱਕ ਪੰਥਕ ਨੀਤੀ ਉਸਾਰੇ ਸ਼੍ਰੋਮਣੀ ਕਮੇਟੀ



ਡਾ. ਸਤਿੰਦਰ ਪਾਲ ਸਿੰਘ



ਸੋਸ਼ਲ ਮੀਡੀਆ ਦੇ ਵੱਖ-ਵੱਖ ਪਲੇਟਫਾਰਮਾਂ 'ਤੇ ਸਿੱਖ ਵੀ ਸਰਗਰਮ ਹਨ। ਇਹ ਸਮੇਂ ਦੇ ਨਾਲ ਚੱਲਣ ਦਾ ਭਲਾ ਉੱਦਮ ਹੈ, ਪਰ ਸੋਸ਼ਲ ਮੀਡੀਆ ਕਿਸ ਦਿਸ਼ਾ ਵੱਲ ਵਧ ਰਿਹਾ ਹੈ, ਇਸ ਤੋਂ ਅਣਜਾਣ ਰਹਿਣਾ ਹਰਗਿਜ਼ ਸਿਆਣਪ ਨਹੀਂ ਕਹੀ ਜਾ ਸਕਦੀ। ਸੋਸ਼ਲ ਮੀਡੀਆ ਦੀ ਮਹੱਤਤਾ ਅੱਜ ਦੇ ਸਮੇਂ ਵਿੱਚ ਜੀਵਨ ਦੇ ਲਗਭਗ ਹਰ ਖੇਤਰ 'ਚ ਸਵੀਕਾਰ ਕੀਤੀ ਜਾ ਰਹੀ ਹੈ। ਸਮਾਰਟ ਫ਼ੋਨ ਨੇ ਸਾਰੀ ਦੁਨੀਆਂ ਮਨੁੱਖ ਦੀ ਮੁੱਠੀ ਵਿੱਚ ਸੀਮਤ ਕਰ ਦਿੱਤੀ ਹੈ। ਫੇਸਬੁੱਕ, ਐਕਸ, ਇੰਸਟਾਗ੍ਰਾਮ, ਯੂ-ਟਿਊਬ ਤੇ ਵੱਟਸਐਪ ਅਜਿਹੇ ਪਲੇਟਫਾਰਮ ਹਨ, ਜਿਨ੍ਹਾਂ ਰਾਹੀਂ ਕੋਈ ਵੀ ਜਾਣਕਾਰੀ ਨਿਮਖ ਮਾਤਰ 'ਚ ਸਾਂਝੀ ਕੀਤੀ ਜਾ ਰਹੀ ਹੈ। ਇਸ ਲਈ ਕਿਸੇ ਖ਼ਾਸ ਵਿਦਵਤਾ, ਤਕਨੀਕ ਦੀ ਲੋੜ ਨਹੀਂ। ਆਮ ਮਨੁੱਖ ਇਸ ਦੀ ਵਰਤੋਂ ਸੌਖੇ ਢੰਗ ਨਾਲ ਕਰ ਰਿਹਾ ਹੈ। ਸੋਸ਼ਲ ਮੀਡੀਆ ਦਾ ਮੂਲ ਮਨੋਰਥ ਆਪਸੀ ਭਾਈਚਾਰਾ ਵਧਾਉਣਾ ਤੇ ਵਿਚਾਰਾਂ ਦੀ ਸਾਂਝ ਪਾਉਣਾ ਸੀ। ਅੱਜ ਇਹ ਮਨੋਰਥ ਪਿੱਛੇ ਰਹਿ ਗਿਆ ਹੈ। ਸੋਸ਼ਲ ਮੀਡੀਆ ਦੇ ਸਾਰੇ ਮੁੱਖ ਪਲੇਟਫਾਰਮ ਸਿਆਸਤ ਦੇ ਹਥਿਆਰ ਬਣ ਗਏ ਹਨ। ਸਮਾਜ ਨੂੰ ਤੋੜ ਕੇ ਲੋਕਾਂ ਨੂੰ ਸਿਆਸੀ ਬਿਸਾਤ 'ਤੇ ਮੋਹਰੇ ਬਣਾਉਣ ਲਈ ਸੋਸ਼ਲ ਮੀਡੀਆ ਦੀ ਭਰਪੂਰ ਦੁਰਵਰਤੋਂ ਹੋ ਰਹੀ ਹੈ। ਅੱਜ ਪਦਾਰਥਵਾਦ 'ਚ ਰੁੱਝੇ ਲੋਕਾਂ ਕੋਲ ਕਿਤਾਬਾਂ ਪੜ੍ਹਨ ਦਾ ਸਮਾਂ ਨਹੀਂ ਹੈ, ਸੋਚ-ਵਿਚਾਰ ਦਾ ਮਾਹੌਲ ਨਹੀਂ ਹੈ, ਗਹਿਰਾਈ ਵਿੱਚ ਜਾਣ ਦੀ ਰੁਚੀ ਨਹੀਂ ਹੈ। ਜੋ ਸਾਹਮਣੇ ਆ ਰਿਹਾ ਹੈ, ਉਸ 'ਤੇ ਵਿਸ਼ਵਾਸ ਕਰ ਲੈਣ ਤੋਂ ਇਲਾਵਾ ਕੋਈ ਵਿਕਲਪ (ਬਦਲ) ਨਹੀਂ ਹੈ। ਇਸ ਰੁਝਾਨ ਨੇ ਧਾਰਮਿਕ, ਇਤਿਹਾਸਕ ਭਰਮ-ਭੁਲੇਖੇ ਪਾਉਣ ਵਾਲਿਆਂ ਦਾ ਕੰਮ ਸੌਖਾ ਕਰ ਦਿੱਤਾ ਹੈ। ਇੰਨੀ ਚਲਾਕੀ ਨਾਲ ਗੱਲ ਕਹੀ ਜਾ ਰਹੀ ਹੈ ਪੜ੍ਹਨ, ਸੁਣਨ ਵਾਲੇ ਨੂੰ ਪੂਰਨ ਪ੍ਰਮਾਣਿਕ ਜਾਪਦੀ ਹੈ। ਇਤਿਹਾਸ ਦਾ ਸਵਰੂਪ ਵਿਗਾੜਿਆ ਜਾ ਰਿਹਾ ਹੈ, ਸਿਧਾਂਤਾਂ ਦਾ ਘਾਣ ਕਰਨ ਲਈ ਮਨਘੜਤ ਬਿਰਤਾਂਤ ਸਿਰਜੇ ਜਾ ਰਹੇ ਹਨ। ਸਭ ਤੋਂ ਜ਼ਿਆਦਾ ਸੰਕਟ ਸਿੱਖ ਕੌਮ 'ਤੇ ਹੈ, ਕਿਉਂਕਿ ਅਸੀਂ ਅਜੇ ਤੱਕ ਆਪਣੇ ਇਤਿਹਾਸ ਨੂੰ ਕੋਈ ਪੁਖ਼ਤਾ ਤਰਤੀਬ ਹੀ ਨਹੀਂ ਦੇ ਸਕੇ ਹਾਂ। ਬਹੁਤ ਸਾਰੀਆਂ ਪੁਰਾਤਨ ਲਿਖਤਾਂ ਹਨ, ਜਿਨ੍ਹਾਂ ਨੂੰ ਤਵੱਜੋ ਦੇ ਕੇ ਵਿਚਾਰਿਆ ਹੀ ਨਹੀਂ ਗਿਆ ਹੈ।ਇਤਿਹਾਸਕ ਸਰੋਤਾਂ ਦੀ ਖੋਜ ਦੀਆਂ ਨਵੀਆਂ ਸੰਭਾਵਨਾਵਾਂ ਵੱਲ ਲੋੜੀਂਦਾ ਧਿਆਨ ਨਹੀਂ ਦਿੱਤਾ ਜਾ ਰਿਹਾ। ਦਰਅਸਲ ਸੰਘਰਸ਼ਾਂ ਦੇ ਦੌਰ ਲਗਾਤਾਰ ਚੱਲਦੇ ਰਹੇ, ਜਿਸ ਕਾਰਨ ਕੌਮ ਨੂੰ ਇਨ੍ਹਾਂ ਕਾਰਜਾਂ ਲਈ ਸਮਾਂ ਹੀ ਨਹੀਂ ਮਿਲਿਆ। ਇਨ੍ਹਾਂ ਦਾ ਖ਼ਮਿਆਜ਼ਾ ਭੁਗਤਣਾ ਪੈ ਰਿਹਾ ਹੈ। ਇਸ ਦੀ ਅਹਿਮ ਮਿਸਾਲ ਹੈ ਰਹਿਤਨਾਮੇ। 'ਗੁਰੂ ਖ਼ਾਲਸਾ ਮਾਨੀਅਹਿ ਪਰਗਟ ਗੁਰੂ ਕੀ ਦੇਹ' ਦਾ ਸੰਕਲਪ ਕਿਵੇਂ ਤੇ ਕਦੋਂ 'ਗੁਰੂ ਗ੍ਰੰਥ ਜੀ ਮਾਨਿਓ ਪ੍ਰਗਟ ਗੁਰਾਂ ਕੀ ਦੇਹ' ਵਿੱਚ ਬਦਲ ਗਿਆ, ਕਿਸੇ ਨੂੰ ਸਮਝ ਹੀ ਨਹੀਂ ਆਇਆ। ਪਰ ਇਸ ਬਦਲ ਦੇ ਡੂੰਘੇ ਅਸਰ ਧਾਰਮਿਕ ਮਾਨਤਾਵਾਂ 'ਤੇ ਪੈ ਰਹੇ ਹਨ। ਅਜਿਹੇ ਸੰਕਟ ਕੌਮ 'ਤੇ ਨਿਰੰਤਰ ਮੰਡਰਾ ਰਹੇ ਹਨ। ਇਸ ਸੱਚ ਦੇ ਮੱਦੇਨਜ਼ਰ ਸੋਸ਼ਲ ਮੀਡੀਆ ਦੇ ਪ੍ਰਭਾਵ ਨੂੰ ਗੰਭੀਰਤਾ ਨਾਲ ਲੈ ਕੇ ਹੀ ਆਪਣੇ ਵਿਰਸੇ ਨੂੰ ਬਚਾਇਆ ਜਾ ਸਕਦਾ ਹੈ। ਇਸ ਲਈ ਸਿਆਸੀ ਦਲਾਂ ਦੁਆਰਾ ਸੋਸ਼ਲ ਮੀਡੀਆ ਦੀ ਕੀਤੀ ਜਾ ਰਹੀ ਵਰਤੋਂ ਦੇ ਢੰਗ ਤੋਂ ਸਿੱਖਣ ਦੀ ਲੋੜ ਹੈ।ਅਕਸਰ ਕਿਹਾ ਜਾਂਦਾ ਹੈ ਕਿ ਸਿੱਖ ਕੌਮ ਦਾ ਮਾਣਮੱਤਾ ਇਤਿਹਾਸ ਹੈ, ਜਿਸ ਤੋਂ ਅਸੀਂ ਦੁਨੀਆਂ ਨੂੰ ਜਾਣੂੰ ਨਹੀਂ ਕਰਾ ਸਕੇ ਹਾਂ। ਸੋਸ਼ਲ ਮੀਡੀਆ ਦੇ ਇਸ ਯੁੱਗ 'ਚ ਅਜਿਹੀ ਦਲੀਲ ਸਾਡੇ ਨਿਕੰਮੇਪਨ ਦਾ ਸਬੂਤ ਮੰਨੀ ਜਾਵੇਗੀ। ਸੋਸ਼ਲ ਮੀਡੀਆ ਬਾਰੇ ਕੋਈ ਕੌਮੀ ਨੀਤੀ ਹੀ ਨਹੀਂ ਹੈ। ਸਵੇਰੇ ਤੋਂ ਸ਼ਾਮ ਤੱਕ ਹੁਕਮਨਾਮੇ ਹੀ ਭੇਜੇ ਜਾਂ ਪ੍ਰਾਪਤ ਹੁੰਦੇ ਰਹਿੰਦੇ ਹਨ। ਵਿਆਖਿਆ ਸਮੇਤ ਜਾਰੀ ਹੋਣ ਵਾਲੇ ਹੁਕਮਨਾਮੇ ਸ਼ਾਇਦ ਹੀ ਪੜ੍ਹੇ ਜਾਂਦੇ ਹੋਣਗੇ। ਕਥਾਵਾਚਕ ਆਪਣੀ ਕਥਾ ਦੇ ਵੀਡੀਓ ਲੋਕਾਂ ਤੱਕ ਪਹੁੰਚਾ ਰਹੇ ਹਨ, ਪਰ ਗਿਆਨੀ ਸੰਤ ਸਿੰਘ ਜੀ ਮਸਕੀਨ ਤੋਂ ਇਲਾਵਾ ਕਿਸੇ ਹੋਰ ਨੂੰ ਸੁਣਨ ਵਾਲੇ ਘੱਟ ਹੀ ਮਿਲਣਗੇ। ਇਹੋ ਹਾਲ ਸ਼ਬਦ ਕੀਰਤਨ ਦੇ ਵੀਡੀਓ ਦਾ ਹੈ। ਗੁਰ ਇਤਿਹਾਸ, ਗੁਰ ਸ਼ਬਦ ਦੇ ਪ੍ਰਚਾਰ ਦੀ ਭਾਵਨਾ ਤੇ ਆਤਮ ਪ੍ਰਚਾਰ ਦੀ ਭਾਵਨਾ ਭਾਰੀ ਪੈ ਰਹੀ ਹੈ। ਹੈਰਾਨੀ ਹੁੰਦੀ ਹੈ, ਜਦੋਂ ਵਿਦਵਾਨ ਕਥਾਵਾਚਕ, ਰਾਗੀ ਸਿੰਘ ਇੰਸਟਾਗ੍ਰਾਮ 'ਤੇ ਵੀ ਆਪਣੀਆਂ ਰੀਲਾਂ ਪੋਸਟ ਕਰਦੇ ਮਿਲਦੇ ਹਨ। ਜੇ ਨਿਸ਼ਾਨਾ ਆਤਮ ਪ੍ਰਚਾਰ ਹੈ ਤਾਂ ਨਿਗ੍ਹਾ ਸਿੱਖੀ ਸਿਧਾਂਤਾਂ 'ਤੇ ਕਿਉਂ। ਸੋਸ਼ਲ ਮੀਡੀਆ ਰਾਹੀਂ ਸਿੱਖੀ ਸਿਧਾਂਤਾਂ 'ਤੇ ਜੋ ਹਮਲੇ ਹੋ ਰਹੇ ਹਨ, ਉਨ੍ਹਾਂ ਦਾ ਜਵਾਬ ਕੌਣ ਦੇਵੇਗਾ ? ਸਿੱਖ ਇਤਿਹਾਸ ਦੇ ਨਿਰੋਲ ਸਵਰੂਪ ਨੂੰ ਸੋਸ਼ਲ ਮੀਡੀਆ 'ਤੇ ਲਿਆਉਣ ਦੀ ਜ਼ਿੰਮੇਵਾਰੀ ਕਿਸ ਦੀ ਹੈ ? ਸੰਸਾਰ ਭਰ 'ਚ ਸਿੱਖ ਵਿਅਕਤੀਗਤ ਰੂਪ 'ਚ ਵੀ ਭੇਦਭਾਵ, ਨਫ਼ਰਤ, ਹਿੰਸਾ ਦਾ ਸ਼ਿਕਾਰ ਹੋ ਰਹੇ ਹਨ; ਕਿਉਂਕਿ ਉਹ ਸਿੱਖ ਹਨ। ਸਿੱਖ ਹੋਣ ਦਾ ਅਰਥ ਕੀ ਹੈ, ਇਹ ਅਸੀਂ ਨਹੀਂ ਦੱਸ ਸਕੇ ਹਾਂ।

ਸੋਸ਼ਲ ਮੀਡੀਆ ਅੱਜ 'ਵਾਰ ਰੂਮ' 'ਚ ਬਦਲ ਗਿਆ ਹੈ। ਇਸ ਦੇ ਅਸਰ ਤੋਂ ਬਚਣਾ ਮੁਮਕਿਨ ਨਹੀਂ ਰਿਹਾ। ਜਿਵੇਂ ਕੋਈ ਜੰਗ ਜਿੱਤਣ ਲਈ ਹਮਲਾ ਮਾਰਨ 'ਤੇ ਹਮਲੇ ਤੋਂ ਸੁਰੱਖਿਆ ਦੀ ਦੋਹਰੀ ਨੀਤੀ ਤਿਆਰ ਕੀਤੀ ਜਾਂਦੀ ਹੈ, ਉਵੇਂ ਹੀ ਆਪਣਾ ਪੱਖ ਰੱਖਣ ਦੇ ਨਾਲ ਹੀ ਆਪਣੇ ਹਿੱਤ ਦੀ ਰੱਖਿਆ ਲਈ ਵੀ ਯਤਨਸ਼ੀਲ ਹੋਣ ਦੀ ਲੋੜ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਸੋਸ਼ਲ ਮੀਡੀਆ ਬਾਰੇ ਇਕ ਪੰਥਕ ਨੀਤੀ ਬਣਾਉਣ ਦੀ ਜ਼ਿੰਮੇਵਾਰੀ ਲੈਣੀ ਚਾਹੀਦੀ ਹੈ। ਜਿੰਨੀ ਲੋੜ ਪ੍ਰਚਾਰਕਾਂ ਦੀ ਹੈ, ਅੱਜ ਸੋਸ਼ਲ ਮੀਡੀਆ ਵਲੰਟੀਅਰ ਵੀ ਓਨੇ ਹੀ ਮਹੱਤਵਪੂਰਨ ਹੋ ਗਏ ਹਨ। ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਨੇ 8 ਮਾਰਚ ਨੂੰ ਦਿੱਲੀ 'ਚ ਦੇਸ਼ ਭਰ ਤੋਂ ਸੱਦੇ 'ਤੇ ਬੁਲਾਏ ਗਏ ਸੋਸ਼ਲ ਮੀਡੀਆ ਵਲੰਟੀਅਰ ਨੂੰ ਆਪ ਸੰਬੋਧਨ ਕੀਤਾ ਅਤੇ ਉਨ੍ਹਾਂ ਦਾ ਸਮਰਥਨ ਮੰਗਿਆ। ਇਹ ਸੋਸ਼ਲ ਮੀਡੀਆ ਦੀ ਤਾਕਤ ਹੈ, ਜੋ ਸਰਕਾਰਾਂ ਬਣਾਉਣ 'ਚ ਵੀ ਆਪਣੀ ਭੂਮਿਕਾ ਰੱਖਣ ਲੱਗ ਪਈ ਹੈ। ਸਿੱਖੀ ਦੇ ਪ੍ਰਚਾਰ-ਪ੍ਰਸਾਰ ਲਈ ਸਮਾਂ ਹੈ ਕਿ ਸੋਸ਼ਲ ਮੀਡੀਆ ਦੀ ਭੂਮਿਕਾ ਦੀ ਪੱਕੀ ਪਛਾਣ ਕੀਤੀ ਜਾਵੇ। ਸਿੱਖ ਵਲੰਟੀਅਰਾਂ ਨੂੰ ਬਾਕਾਇਦਾ ਟਰੇਨਿੰਗ (ਸਿਖਲਾਈ) ਦਿੱਤੀ ਜਾਵੇ। ਉਨ੍ਹਾਂ ਨੂੰ ਰੀਸਰਚ (ਖੋਜ) ਕੀਤਾ ਕੰਟੈਂਟ ਵੀ ਮੁਹੱਈਆ ਕਰਾਇਆ ਜਾਵੇ। ਸੋਸ਼ਲ ਮੀਡੀਆ 'ਤੇ ਸਰਗਰਮ ਸਾਰੇ ਸਿੱਖ ਇੱਕ-ਦੂਜੇ ਨਾਲ ਜੁੜਨ ਅਤੇ ਢੁਕਵੀਆਂ ਪੋਸਟਾਂ ਵੱਧ ਤੋਂ ਵੱਧ ਸ਼ੇਅਰ (ਸਾਂਝੀਆਂ) ਕਰਨ। ਪੋਸਟਾਂ ਪੜ੍ਹੀਆਂ ਵੀ ਜਾਣ। ਸਿੱਖ ਇਤਿਹਾਸ 'ਚ ਇੰਨੇ ਨਾਇਕ ਹੀ ਹਨ ਕਿ ਉਨ੍ਹਾਂ ਦੀ ਚਰਚਾ ਲਈ ਸਾਲ ਦੇ ਦਿਨ ਘੱਟ ਹਨ। ਨਿੱਤ ਨਵੀਂ ਜਾਣਕਾਰੀ ਸਾਂਝੀ ਕਰਨ ਦਾ ਕਾਰਜ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਆਰੰਭ ਕਰ ਸਕਦੀ ਹੈ ਸ਼੍ਰੋਮਣੀ ਕਮੇਟੀ ਨੂੰ ਐਕਸ 'ਤੇ ਆਪਣੇ ਫਾਲੋਅਰ ਵਧਾਉਣ ਦੀ ਲੋੜ ਹੈ, ਜੋ ਅਜੇ ਹਜ਼ਾਰਾਂ 'ਚ ਹੀ ਹਨ। ਇਕ 'ਸੋਸ਼ਲ ਮੀਡੀਆ ਨਿਗਰਾਨੀ ਰੂਮ' ਵੀ ਹੋਣਾ ਚਾਹੀਦਾ ਹੈ, ਜੋ ਪੰਥ ਦਾ ਘਾਣ ਕਰਨ ਵਾਲੇ ਕੰਟੈਂਟ 'ਤੇ ਨਜ਼ਰ ਰੱਖੇ ਅਤੇ ਤੁਰੰਤ ਪ੍ਰਤੀਕਰਮ ਵੀ ਕਰੇ। ਕਈ ਸਿੱਖ ਹੀ ਸੋਸ਼ਲ ਮੀਡੀਆ 'ਤੇ ਕੌਮ ਬਾਰੇ ਨਾਂਹ-ਪੱਖੀ ਪ੍ਰਚਾਰ ਕਰਦੇ ਨਜ਼ਰ ਆਉਂਦੇ ਹਨ। ਉਨ੍ਹਾਂ ਨਾਲ ਅਸਰਦਾਰ ਢੰਗ ਨਾਲ ਪੇਸ਼ ਆਉਣ ਦੀ ਲੋੜ ਹੈ।

# ਆਜ਼ਾਦ ਹੋ ਕੇ ਰਹੇਗਾ ਫਲਸਤੀਨ



ਅਰੁੰਧਤੀ ਰਾਇ

ਪੱਛਮੀ ਸੰਸਾਰ ਦੇ ਸਭ ਤੋਂ ਅਮੀਰ, ਸਭ ਤੋਂ ਸ਼ਕਤੀਸ਼ਾਲੀ ਦੇਸ਼, ਜੋ ਆਪਣੇ ਆਪ ਨੂੰ ਆਧੁਨਿਕ ਸੰਸਾਰ ਦੀ ਜਮਹੂਰੀਅਤ ਅਤੇ ਮਨੁੱਖੀ ਅਧਿਕਾਰਾਂ ਪ੍ਰਤੀ ਵਚਨਬੱਧਤਾ ਦੀ ਜੋਤਿ ਜਗਾਉਣ ਵਾਲੇ ਮੰਨਦੇ ਹਨ, ਗ਼ਾਜ਼ਾ ਵਿੱਚ ਇਜ਼ਰਾਈਲ ਦੀ ਨਸਲਕੁਸ਼ੀ ਨੂੰ ਖੁੱਲ੍ਹੇ ਆਮ ਉਤਸ਼ਾਹਿਤ ਕਰਕੇ ਭੂਤ ਡਾਂਸ ਕਰ ਰਹੇ ਹਨ। ਗ਼ਾਜ਼ਾ ਪੱਟੀ ਇੱਕ ਤਸੀਹੇ ਦੇ ਕੈਂਪ ਵਿੱਚ ਬਦਲ ਗਈ ਹੈ। ਜਿਹੜੇ ਅਜੇ ਤੱਕ ਨਹੀਂ ਮਾਰੇ ਗਏ ਉਹ ਭੁੱਖੇ ਮਰ ਰਹੇ ਹਨ। ਉਨ੍ਹਾਂ ਦੇ ਘਰ, ਹਸਪਤਾਲ, ਯੂਨੀਵਰਸਿਟੀਆਂ, ਅਜਾਇਬ ਘਰ, ਹਰ ਤਰ੍ਹਾਂ ਦਾ ਬੁਨਿਆਦੀ ਢਾਂਚਾ ਮਲਬੇ ਵਿੱਚ ਸਿਮਟ ਕੇ ਰਹਿ ਗਏ ਹਨ। ਫਲਸਤੀਨੀਆਂ ਦਾ ਅਤੀਤ ਖਤਮ ਹੋ ਗਿਆ ਹੈ। ਉਨ੍ਹਾਂ ਨੂੰ ਭਵਿੱਖ ਨਜ਼ਰ ਨਹੀਂ ਆ ਰਿਹਾ। ਕੀ ਗ਼ਾਜ਼ਾ ਵਿੱਚ ਫਲਸਤੀਨੀਆਂ ਦੀ ਮੌਤਾਂ ਦੀ ਗਿਣਤੀ ਨੂੰ 60000 ਤੋਂ ਪਾਰ ਜਾਣਾ ਪਏਗਾ ? ਤੇ ਸੰਸਾਰ ਬੁੱਤ ਬਣ ਕੇ ਬੈਠਾ ਰਹੇਗਾ ਤੇ ਘਿਸੇ-ਪਿਟੇ ਵਿਚਾਰਾਂ ਨੂੰ ਦੁਹਰਾਉਂਦਾ ਰਹੇਗਾ ਅਤੇ ਇਸ ਦੌਰਾਨ ਗ਼ਾਜ਼ਾ ਵਿੱਚ ਬੱਚੇ ਭੁੱਖ ਤੇ ਬਿਮਾਰੀਆਂ ਨਾਲ ਮਰਦੇ ਰਹਿਣਗੇ।

ਹਾਲਾਂ ਕਿ ਵਿਸ਼ਵ ਦੀ ਸਰਵ ਉੱਚ ਅਦਾਲਤ ਇਹ ਮੰਨਦੀ ਹੈ ਕਿ ਲਗਭਗ ਇਜ਼ਰਾਈਲ ਵੱਲੋਂ ਹਰ ਸੰਕੇਤ ਨਸਲਕੁਸ਼ੀ ਦੀ ਕਾਨੂੰਨੀ ਪਰਿਭਾਸ਼ਾ ਉਪਰ ਖਰਾ ਉੱਤਰਦਾ ਦਿਖ ਰਿਹਾ ਹੈ। ਇਜ਼ਰਾਈਲ ਡੀਫੈਂਸ ਫੋਰਸ ਦੇ ਸਿਪਾਹੀ ਫਲਸਤੀਨੀਆਂ ਨੂੰ ਪਰੇਸ਼ਾਨ ਕਰਨ ਵਾਲੇ 'ਜਿੱਤ ਦੇ ਜਸ਼ਨ ਬਾਰੇ ਵੀਡੀਓਜ਼' ਨੂੰ ਜਾਰੀ ਕਰਦੇ ਰਹਿੰਦੇ ਹਨ ਜੋ ਕਿ ਵਹਿਸ਼ੀਪੁਣਾ ਹੈ। ਉਨ੍ਹਾਂ ਨੂੰ ਲੱਗਦਾ ਹੈ ਕਿ ਦੁਨੀਆਂ ਦੀ ਕੋਈ ਵੀ ਤਾਕਤ ਨਹੀਂ ਹੈ ਜੋ ਉਨ੍ਹਾਂ ਨੂੰ ਜਵਾਬਦੇਹ ਠਹਿਰਾ ਸਕੇ। ਪਰ ਉਹ ਗਲਤ ਹਨ। ਉਹ ਜੋ ਕਰ ਰਹੇ ਹਨ, ਉਹ ਉਨ੍ਹਾਂ ਨੂੰ ਅਤੇ ਉਨ੍ਹਾਂ ਦੇ ਬੱਚਿਆਂ ਨੂੰ ਪਰੇਸ਼ਾਨ ਕਰਦਾ ਰਹੇਗਾ। ਉਨ੍ਹਾਂ ਨੂੰ ਦੁਨੀਆਂ ਦੀ ਨਫ਼ਰਤ ਨਾਲ ਰਹਿਣਾ ਪਵੇਗਾ। ਅਤੇ ਉਮੀਦ ਹੈ ਕਿ ਇੱਕ ਦਿਨ - ਇਸ ਸੰਘਰਸ਼ ਦੇ ਸਾਰੇ ਸਿਰੇ 'ਤੇ - ਜਿਨ੍ਹਾਂ ਲੋਕਾਂ ਨੇ ਜੰਗੀ ਅਪਰਾਧ ਕੀਤੇ ਹਨ, ਉਨ੍ਹਾਂ 'ਤੇ ਮੁਕੱਦਮਾ ਚਲਾਇਆ ਜਾਵੇਗਾ ਅਤੇ ਸਜ਼ਾ ਦਿੱਤੀ ਜਾਵੇਗੀ।

ਜਦੋਂ ਤੋਂ ਇਜ਼ਰਾਈਲ ਹੋਂਦ ਵਿੱਚ ਆਇਆ ਹੈ, ਇਜ਼ਰਾਈਲੀ ਰਾਜ ਦੇ ਉੱਚ ਅਧਿਕਾਰੀਆਂ ਦੀ ਬਿਆਨਬਾਜ਼ੀ ਤੇ ਨੈਰੇਟਿਵ ਨੇ ਫਲਸਤੀਨੀਆਂ ਨੂੰ ਅਣਮਨੁੱਖੀ ਬਣਾ ਦਿੱਤਾ ਹੈ, ਉਨ੍ਹਾਂ ਦੀ ਤੁਲਨਾ ਦਰਿੰਦਿਆਂ ਨਾਲ ਕੀਤੀ ਹੈ, ਜਿਵੇਂ ਕਿ ਨਾਜ਼ੀਆਂ ਨੇ ਯਹੂਦੀਆਂ ਨੂੰ ਅਣਮਨੁੱਖੀ ਬਣਾਇਆ ਹੈ। ਇੰਝ ਜਾਪਦਾ ਹੈ ਜਿਵੇਂ ਮਾੜਾ ਸੀਮ ਕਿਤੇ ਨਹੀਂ ਗਿਆ ਅਤੇ ਹੁਣ ਮੁੜ ਵਹਿ ਰਿਹਾ ਹੈ। ਸ਼ਕਤੀਸ਼ਾਲੀ ਨਾਅਰੇ 'ਕਦੇ ਵੀ ਨਹੀਂ-ਫਿਰ ਕਦੇ ਨਹੀਂ' ਕੱਟ ਦਿੱਤਾ ਗਿਆ ਹੈ ਅਤੇ ਅਸੀਂ ਕੇਵਲ 'ਫਿਰ' ਦੇ ਨਾਲ ਰਹਿ ਗਏ ਹਾਂ।

**ਅਮਰੀਕਾ ਤੇ ਭਾਰਤ ਸਰਕਾਰ ਦੀ ਦੋਗਲੀ ਨੀਤੀ**

ਦੁਨੀਆਂ ਦੇ ਸਭ ਤੋਂ ਤਾਕਤਵਰ ਦੇਸ਼ ਅਮਰੀਕਾ ਦਾ ਰਾਸ਼ਟਰਪਤੀ ਜੋ ਬਿਡੇਨ ਇਜ਼ਰਾਈਲ ਦੇ ਸਾਹਮਣੇ ਬੇਵੱਸ ਹੈ, ਜਦੋਂ ਕਿ ਅਮਰੀਕੀ ਫੰਡਿੰਗ ਤੋਂ ਬਿਨਾਂ ਇਜ਼ਰਾਈਲ ਦੀ ਹੋਂਦ ਨਹੀਂ ਹੋਣੀ ਸੀ। ਇਉਂ ਜਾਪਦਾ ਹੈ ਜਿਵੇਂ ਨਿਰਭਰ ਦਾਨੀ ਉੱਤੇ ਹਾਵੀ ਹੋ ਗਿਆ ਹੋਵੇ। ਇਹ ਇਸ ਤਰ੍ਹਾਂ ਦਿਖਾਈ ਦਿੰਦਾ ਹੈ ਕਿ ਜਿਵੇਂ ਜੋ ਬਿਡੇਨ ਇੱਕ ਬੁੱਢੇ ਬੱਚੇ ਦੀ ਤਰ੍ਹਾਂ ਕੈਮਰੇ 'ਤੇ ਆਈਸਕ੍ਰੀਮ ਕੋਨ ਨੂੰ ਚੱਟਦੇ ਹੋਏ ਅਤੇ ਜੰਗਬੰਦੀ ਬਾਰੇ ਕੁਝ ਕਹਿੰਦੇ ਹੋਏ ਦਿਖਾਈ ਦੇ ਰਹੇ ਹਨ, ਜਦੋਂ ਕਿ ਇਜ਼ਰਾਈਲੀ ਸਰਕਾਰ ਅਤੇ ਫੌਜੀ ਅਧਿਕਾਰੀ ਖੁੱਲ੍ਹੇ ਆਮ ਉਸ ਦੇ ਖ਼ਿਲਾਫ਼ ਜਾਂਦੇ ਹਨ ਅਤੇ ਸੁਨੇਹਾ ਦੇ ਰਹੇ ਹਨ ਕਿ ਜੋ ਉਨ੍ਹਾਂ ਨੇ ਸ਼ੁਰੂ ਕੀਤਾ ਹੈ ਉਸ ਨੂੰ ਖਤਮ ਕਰਕੇ ਸਾਹ ਲੈਣਗੇ। ਨਸਲਕੁਸ਼ੀ ਦੇ ਵਿਰੁੱਧ ਲੱਖਾਂ ਅਮਰੀਕੀ ਨੌਜਵਾਨ ਸਰਗਰਮ ਹਨ। ਅਮਰੀਕੀਆਂ ਦੀਆਂ ਵੋਟਾਂ ਨੂੰ ਖਿਸਕਣ ਤੋਂ ਬਚਾਉਣ ਲਈ ਉਪ-ਰਾਸ਼ਟਰਪਤੀ ਕਮਲ ਹੈਰਿਸ ਨੂੰ ਇਸ ਜੰਗਬੰਦੀ ਦੀ ਸਦਾ ਦੇਣ ਦਾ ਕੰਮ ਸੌਂਪਿਆ ਗਿਆ ਹੈ, ਜਦੋਂ ਕਿ ਨਸਲਕੁਸ਼ੀ ਨੂੰ ਜਾਰੀ ਰੱਖਣ ਲਈ ਅਮਰੀਕੀ ਡਾਲਰਾਂ ਦਾ ਖਰਚਾ ਜਾਰੀ ਹੈ।

ਇਹ ਸਭ ਜਾਣਦੇ ਹਨ ਕਿ ਸਾਡੇ ਪ੍ਰਧਾਨ ਮੰਤਰੀ ਬੈਂਜਾਮਿਨ ਨੇਤਨਯਾਹੂ ਦੇ ਕਰੀਬੀ ਦੋਸਤ ਹਨ ਅਤੇ ਇਸ ਵਿੱਚ ਕੋਈ ਸ਼ੱਕ ਨਹੀਂ ਕਿ ਉਹ ਕਿਸ ਨਾਲ ਹਮਦਰਦੀ ਰੱਖਦੇ ਹਨ। ਭਾਰਤ ਹੁਣ ਫਲਸਤੀਨ ਦਾ ਮਿੱਤਰ ਨਹੀਂ ਰਿਹਾ। ਜਦੋਂ ਬੰਬਾਰੀ ਸ਼ੁਰੂ ਹੋਈ ਤਾਂ ਮੋਦੀ ਦੇ ਹਜ਼ਾਰਾਂ ਸਮਰਥਕਾਂ ਨੇ ਆਪਣੇ ਸੋਸ਼ਲ ਮੀਡੀਆ 'ਤੇ ਆਪਣੀ ਡਿਸਪਲੇ ਤਸਵੀਰ ਵਜੋਂ ਇਜ਼ਰਾਈਲੀ ਝੰਡੇ ਦੀ ਤਸਵੀਰ ਪਾ ਦਿੱਤੀ।

ਉਸਨੇ ਇਜ਼ਰਾਈਲ ਅਤੇ ਇਜ਼ਰਾਈਲ ਡੀਫੈਂਸ ਫੋਰਸ ਵਲੋਂ ਗੁੰਮਰਾਹਕੁੰਨ, ਗਲਤ ਜਾਣਕਾਰੀ ਫੈਲਾਉਣ ਵਿੱਚ ਮਦਦ ਕੀਤੀ। ਹਾਲਾਂ ਕਿ ਭਾਰਤ ਸਰਕਾਰ ਹੁਣ ਇੱਕ ਹੋਰ ਨਿਰਪੱਖ ਭੂਮਿਕਾ ਵੱਲ ਮੁੜ ਗਈ ਹੈ - ਸਾਡੀ ਵਿਦੇਸ਼ ਨੀਤੀ ਦੀ ਜਿੱਤ ਹੈ ਕਿ ਅਸੀਂ ਨਸਲਕੁਸ਼ੀ ਦੇ ਵਿਰੁੱਧ ਅਤੇ ਦੋਵਾਂ ਲਈ ਇੱਕੋ ਸਮੇਂ ਸਾਰੇ ਪਾਸੇ ਹਾਂ - ਪਰ ਸਰਕਾਰ ਨੇ ਸਪੱਸ਼ਟ ਤੌਰ 'ਤੇ ਸੰਕੇਤ ਦਿੱਤਾ ਹੈ ਕਿ ਉਹ ਫਲਸਤੀਨ ਪੱਖੀ ਪ੍ਰਦਰਸ਼ਨਾਂ ਦੇ ਖ਼ਿਲਾਫ਼ ਕਾਰਵਾਈ ਕਰੇਗੀ ਅਤੇ ਹੁਣ, ਜਦੋਂ ਇਜ਼ਰਾਈਲੀ ਨਸਲਕੁਸ਼ੀ ਦਾ ਸਮਰਥਨ ਕਰਨ ਲਈ ਅਮਰੀਕਾ ਹਥਿਆਰ ਅਤੇ ਪੈਸਾ ਭੇਜ ਰਿਹਾ ਹੈ, ਜੋ ਉਸ ਕੋਲ ਬਹੁਤਾਤ ਵਿੱਚ ਹੈ, ਭਾਰਤ ਵੀ ਬੇਰੁਜ਼ਗਾਰ ਗਰੀਬਾਂ ਨੂੰ ਭੇਜ ਰਿਹਾ ਹੈ, ਜੋ ਕਿ ਇਸ ਕੋਲ ਬਹੁਤਾਤ ਵਿੱਚ ਹੈ। ਇਜ਼ਰਾਈਲ ਵਿੱਚ ਫਲਸਤੀਨੀ ਮਜ਼ਦੂਰਾਂ ਦੀ ਥਾਂ ਲੈਣ ਲਈ ਭਾਰਤੀਆਂ ਨੂੰ ਕੰਮ ਕਰਨ ਲਈ ਪਰਮਿਟ ਨਹੀਂ ਦਿੱਤੇ ਜਾਣਗੇ। ਮੈਂ ਅੰਦਾਜ਼ਾ ਲਗਾ ਸਕਦੀ ਹਾਂ ਕਿ ਨਵੀਆਂ ਭਰਤੀਆਂ ਵਿੱਚ ਮੁਸਲਮਾਨ ਨਹੀਂ ਹੋਣਗੇ। ਇਹ ਬੇਰੁਜ਼ਗਾਰ ਗਰੀਬ ਭਾਰਤੀ ਲੋਕ ਇੰਨੇ ਨਿਰਾਸ਼ ਹਨ ਕਿ ਉਹ ਯੁੱਧ ਖੇਤਰ ਵਿੱਚ ਆਪਣੀ ਜਾਨ ਜੋਖਮ ਵਿੱਚ ਪਾਉਣ ਲਈ ਤਿਆਰ ਹਨ। ਉਹ ਇੰਨੇ ਨਿਰਾਸ਼ ਹਨ ਕਿ ਉਹ ਭਾਰਤੀਆਂ ਵਿਰੁੱਧ ਇਜ਼ਰਾਈਲੀ ਨਸਲਵਾਦ ਨੂੰ ਬਰਦਾਸ਼ਤ ਕਰਨ ਲਈ ਵੀ ਤਿਆਰ ਹਨ। ਜੇਕਰ ਤੁਸੀਂ ਚਾਹੋ ਤਾਂ ਇਸਨੂੰ ਸੋਸ਼ਲ ਮੀਡੀਆ 'ਤੇ ਦੇਖ ਸਕਦੇ ਹੋ। ਕਿੰਨੀ ਭਿਆਨਕ, ਕਲਪਨਾਯੋਗ ਸ਼ਰਮਨਾਕ ਗੱਲ ਹੈ ਕਿ ਅਮਰੀਕੀ ਪੈਸਾ ਅਤੇ ਭਾਰਤੀ ਗਰੀਬੀ ਇਜ਼ਰਾਈਲ ਦੀ ਨਸਲਕੁਸ਼ੀ ਦੀ ਲੜਾਈ ਉਪਰ ਪਟਰੋਲ ਛਿੜਕ ਰਹੀ ਹੈ।

ਦੁਨੀਆਂ ਦੇ ਸਭ ਤੋਂ ਤਾਕਤਵਰ ਤੇ ਸਹਿਯੋਗੀ ਦੇਸ਼ਾਂ ਨੇ ਗ਼ਾਜ਼ਾ ਵਿੱਚ ਮੁਸੀਬਤਾਂ ਝੱਲਣ ਲਈ ਫਲਸਤੀਨੀਆਂ ਨੂੰ ਇਕੱਲਾ ਛੱਡ ਦਿੱਤਾ ਹੈ, ਪਰ ਫਲਸਤੀਨੀਆਂ ਨੇ ਇਹ ਜੰਗ ਜਿੱਤੀ ਹੈ। ਉਨ੍ਹਾਂ ਦੇ ਪੱਤਰਕਾਰਾਂ, ਡਾਕਟਰਾਂ, ਕਵੀਆਂ, ਸਿੱਖਿਆ ਸ਼ਾਸਤਰੀਆਂ, ਬੁਲਾਰਿਆਂ ਅਤੇ ਇੱਥੋਂ ਤੱਕ ਕਿ ਬੱਚਿਆਂ ਨੇ ਜੋ ਸਾਹਸ ਦਾ ਗਰਮਜੋਸ਼ੀ ਨਾਲ ਪ੍ਰਦਰਸ਼ਨ ਕੀਤਾ ਹੈ, ਉਸ ਨੇ ਬਾਕੀ ਦੁਨੀਆਂ ਨੂੰ ਪ੍ਰੇਰਿਤ ਕੀਤਾ ਹੈ। ਗ਼ਾਜ਼ਾ ਮੁੱਦੇ 'ਤੇ ਇਜ਼ਰਾਈਲ ਨੂੰ ਪਰਦੇ ਪਿੱਛਿਓਂ ਮਿਲ ਰਹੇ ਅਮਰੀਕੀ ਸਮਰਥਨ ਤੋਂ ਅਮਰੀਕਾ ਦਾ ਵੱਡਾ ਵਰਗ ਨਿਰਾਸ਼ ਹੈ ਤੇ ਇਸ ਦਾ ਗੰਭੀਰ ਰੂਪ ਉਸ ਵੇਲੇ ਦੇਖਣ ਨੂੰ ਮਿਲਿਆ ਜਦ ਅਮਰੀਕੀ ਹਵਾਈ ਸੈਨਾ ਦੇ ਇੱਕ ਜਵਾਨ ਨੇ 25 ਫਰਵਰੀ ਨੂੰ ਆਤਮ-ਦਾਹ ਕਰ ਲਿਆ। ਸੀਨੀਅਰ ਏਅਰਮੈਨ ਆਰੋਨ ਬੁਸ਼ਨੈੱਲ (25) ਨੇ ਵਾਸ਼ਿੰਗਟਨ ਡੀਸੀ ਵਿੱਚ ਇਜ਼ਰਾਇਲੀ ਦੂਤਾਵਾਸ ਦੇ ਸਾਹਮਣੇ ਆਪਣੇ 'ਤੇ ਕੋਈ ਜਲਣਸ਼ੀਲ ਪਦਾਰਥ ਛਿੜਕ ਕੇ ਅੱਗ ਲਾ ਲਈ। ਮਰਨ ਵੇਲੇ ਉਸ ਦਾ ਬਿਆਨ ਸੀ, ਮੈਂ ਇਸ ਨਸਲਕੁਸ਼ੀ ਦਾ (ਗ਼ਾਜ਼ਾ ਵਿੱਚ) ਹਿੱਸਾ ਨਹੀਂ ਬਣ ਸਕਦਾ। ਮੈਂ ਰੋਸ ਵਜੋਂ ਅਤਿ ਗੰਭੀਰ ਕਦਮ ਚੁੱਕਣ ਜਾ ਰਿਹਾ ਹਾਂ। ਮੌਕੇ ਦੇ ਗਵਾਹਾਂ ਮੁਤਾਬਕ ਬੁਸ਼ਨੈੱਲ ਨੇ ਆਪਣੇ ਆਪ ਨੂੰ ਅੱਗ ਲਾਉਣ ਤੋਂ ਪਹਿਲਾਂ 'ਫ਼ਲਸਤੀਨ ਨੂੰ ਆਜ਼ਾਦ ਕਰੋ' ਦੇ ਨਾਅਰੇ ਲਾਏ। ਪਰ ਇਜ਼ਰਾਈਲ ਪੱਖੀ ਮੁੱਖ ਧਾਰਾ ਦਾ ਅਮਰੀਕੀ ਮੀਡੀਆ ਬੁਸ਼ਨੈੱਲ ਨੂੰ ਅਰਾਜਕਤਾਵਾਦੀ ਤੇ ਮਾਨਸਿਕ ਰੂਪ ਵਿੱਚ ਬਿਮਾਰ ਦੱਸ ਰਿਹਾ ਹੈ। ਜਦ ਕਿ ਉਦਾਰਵਾਦੀ ਤੇ ਗ਼ਾਜ਼ਾ ਵਿੱਚ ਜੰਗ ਦਾ ਵਿਰੋਧ ਕਰਨ ਵਾਲੇ ਉਸ ਨੂੰ ਰੌਸ਼ਨ ਜ਼ਮੀਰ ਵਾਲਾ ਕਹਿ ਕੇ ਵਡਿਆ ਰਹੇ ਹਨ। ਬੁਸ਼ਨੈੱਲ ਦੇ ਦੋਸਤਾਂ ਮੁਤਾਬਕ, ਉਹ ਦੂਜਿਆਂ ਦਾ ਫਿਕਰ ਕਰਨ ਵਾਲਾ ਇਨਸਾਨ ਸੀ, ਤੇ ਗ਼ਾਜ਼ਾ ਵਿੱਚ ਅਮਰੀਕਾ ਦੀਆਂ ਨੀਤੀਆਂ ਤੋਂ ਨਿਰਾਸ਼ ਹੋ ਕੇ ਉਸ ਨੇ ਰੋਸ ਵਿੱਚ ਇਹ ਕਦਮ ਚੁੱਕਿਆ ਹੈ।

ਕਰਨਲ ਐਂਨ ਰਾਈਟ (ਸੇਵਾਮੁਕਤ) ਨੇ ਹਮਦਰਦੀ ਵਾਲੇ ਲਹਿਜੇ ਵਿੱਚ ਕਿਹਾ, ਅਮਰੀਕਾ ਦੀਆਂ ਨੀਤੀਆਂ ਵੱਲ ਧਿਆਨ ਦਿਵਾਉਣ ਲਈ ਇਹ ਹਿੰਮਤੀ ਕੰਮ ਸੀ, ਬਹਾਦਰੀ ਵਾਲਾ ਕਦਮ ਸੀ। ਅਜਿਹਾ ਕਦਮ ਭਾਵੇਂ ਕੁਝ ਸਮੇਂ ਲਈ ਅਮਰੀਕੀ ਨੀਤੀਆਂ ਵੱਲ ਧਿਆਨ ਖਿੱਚੇਗਾ ਪਰ ਇਸ ਦੇ ਬਾਵਜੂਦ ਬੁਨਿਆਦੀ ਨੀਤੀਆਂ 'ਚ ਤਬਦੀਲੀ ਦੀ ਸੰਭਾਵਨਾ ਬਹੁਤ ਮੱਧਮ ਹੈ।

ਪੱਛਮੀ ਸੰਸਾਰ ਦੀ ਨੌਜਵਾਨ ਪੀੜ੍ਹੀ, ਖਾਸ ਕਰਕੇ ਅਮਰੀਕਾ ਵਿੱਚ ਨੌਜਵਾਨ ਯਹੂਦੀ ਲੋਕਾਂ ਨੇ ਇਜ਼ਰਾਈਲ ਦੇ ਝੂਠੇ ਨੈਰੇਟਿਵ ਅਤੇ ਘਟੀਆ ਪ੍ਰਚਾਰ ਨੂੰ ਸਮਝ ਚੁੱਕੇ ਹਨ ਅਤੇ ਜਾਣਦੇ ਹਨ ਕਿ ਨਸਲਵਾਦ ਅਤੇ ਨਸਲਕੁਸ਼ੀ ਕੀ ਹੈ। ਇੱਕ ਵਾਰ ਫਿਰ ਪੱਛਮੀ ਦੁਨੀਆਂ ਦੇ ਸਭ ਤੋਂ ਤਾਕਤਵਰ ਦੇਸ਼ਾਂ ਦੀਆਂ ਸਰਕਾਰਾਂ ਨੇ ਆਪਣੀ ਇੱਜ਼ਤ ਗੁਆ ਦਿੱਤੀ ਹੈ, ਪਰ ਯੂਰਪ ਅਤੇ ਅਮਰੀਕਾ ਦੀਆਂ ਸੜਕਾਂ 'ਤੇ ਫਲਸਤੀਨੀਆਂ ਦੇ ਹੱਕ ਵਿੱਚ ਲੱਖਾਂ ਪ੍ਰਦਰਸ਼ਨਕਾਰੀ ਦੁਨੀਆਂ ਦੇ ਭਵਿੱਖ ਲਈ ਉਮੀਦ ਬਣ ਕੇ ਉੱਭਰੇ ਹਨ।

# ਲੱਦਾਖ ਵਿੱਚ ਵਿਰੋਧ ਅੰਦੋਲਨ



ਰਣਜੀਤ ਸਿੰਘ ਕੁਕੀ

ਲੱਦਾਖ ਵਿੱਚ ਵਿਰੋਧ ਅੰਦੋਲਨਾਂ ਦਾ ਬਹੁਤਾ ਇਤਿਹਾਸ ਨਹੀਂ ਹੈ, ਪਰ ਪਿਛਲੇ ਕੁਝ ਸਾਲਾਂ ਤੋਂ ਇੱਥੋਂ ਦੇ ਵਸਨੀਕਾਂ ਵਿੱਚ ਸਰਕਾਰ ਵੱਲੋਂ ਕੀਤੇ ਜਾ ਰਹੇ ਧੱਕੇਸ਼ਾਹੀਆਂ ਕਾਰਨ ਭਾਰੀ ਰੋਸ ਪਾਇਆ ਜਾ ਰਿਹਾ ਹੈ।

ਰਾਜ ਦਾ ਦਰਜਾ, ਸੰਵਿਧਾਨ ਦੀ ਛੇਵੀਂ ਅਨੁਸੂਚੀ, ਸਥਾਨਕ ਲੋਕਾਂ ਲਈ ਨੌਕਰੀਆਂ ਦਾ ਰਾਖਵਾਂਕਰਨ ਅਤੇ ਲੇਹ ਤੇ ਕਾਰਗਿਲ ਹਰੇਕ ਵਿੱਚ ਇੱਕ ਸੰਸਦੀ ਸੀਟ ਲਈ ਸਥਾਨਕ ਖੋਜਕਰਤਾ, ਸਿੱਖਿਆ ਸ਼ਾਸਤਰੀ ਅਤੇ ਵਾਤਾਵਰਣਵਾਦੀ

ਸੋਨਮ ਵਾਂਗਚੁਕ ਦੁਆਰਾ ਲੋਕਾਂ ਨੂੰ ਵਿਰੋਧ ਪ੍ਰਦਰਸ਼ਨ ਲਈ ਪ੍ਰੇਰਿਤ ਕੀਤਾ ਗਿਆ।

ਜੰਮੂ-ਕਸ਼ਮੀਰ ਰਾਜ ਵਿੱਚੋਂ ਵੱਖ ਹੋਣ ਵਾਲਾ ਲੱਦਾਖ ਇਕੱਲਾ ਜ਼ਿਲ੍ਹਾ ਸੀ । ਥੋੜ੍ਹੇ ਸਮੇਂ ਦੇ ਅੰਦਰ ਉਹਨਾਂ ਨੂੰ ਅਹਿਸਾਸ ਹੋਇਆ ਕਿ ਇਸ ਦਾ ਮਤਲਬ ਸਿਰਫ਼ ਇਹ ਸੀ ਕਿ ਇੱਕ ਅਸੰਵੇਦਨਸ਼ੀਲ ਸ਼ਾਸਕ ਦੀ ਥਾਂ ਦੂਜਾ ਲੈ ਲਿਆ ਗਿਆ ਸੀ।

ਲੱਦਾਖ ਆਟੋਨੋਮਸ ਪਹਾੜੀ ਵਿਕਾਸ ਕੌਂਸਲ ਦੀ ਸਥਾਪਨਾ 1995 ਵਿੱਚ ਇੱਕ ਵਿਸ਼ੇਸ਼ ਕਾਨੂੰਨ ਦੇ ਤਹਿਤ ਸਥਾਨਕ ਤੌਰ 'ਤੇ ਕੀਤੀ ਗਈ ਸੀ ਜੋ ਵਸਨੀਕਾਂ ਨੂੰ ਇੱਕ ਪ੍ਰਭਾਵਸ਼ਾਲੀ ਵਿਧੀ 1 ਜਾਂ ਵਿਕਰੀ-ਸ਼ਾਸਨ ਪ੍ਰਦਾਨ ਕਰਨ ਲਈ ਮੰਨੀ ਜਾਂਦੀ ਸੀ ਪਰ ਲੱਦਾਖ ਲਈ 6,000 ਕਰੋੜ ਦੇ ਸਲਾਨਾ ਬਜਟ ਦੇ ਤਹਿਤ ਜ਼ਿਆਦਾਤਰ ਖ਼ਰਚਿਆਂ ਦਾ ਫੈਸਲਾ ਯੂ.ਟੀ. ਪ੍ਰਸ਼ਾਸਨ ਦੁਆਰਾ ਕੀਤਾ ਜਾਂਦਾ ਹੈ। ਅਨੁਸੂਚਿਤ ਜਨਜਾਤੀਆਂ ਲਈ ਰਾਸ਼ਟਰੀ ਕਮਿਸ਼ਨ ਦੀ ਜ਼ੋਰਦਾਰ ਸਿਫ਼ਾਰਸ਼ ਦੇ ਬਾਵਜੂਦ ਛੇਵੀਂ ਅਨੁਸੂਚੀ ਦਾ ਦਰਜਾ ਦੇਣ ਦਾ ਭਾਜਪਾ ਨੇ ਵਾਅਦਾ ਪੂਰਾ ਨਹੀਂ ਕੀਤਾ ਹੈ।



ਖਾਸ ਚਿੰਤਾ ਦਾ ਵਿਸ਼ਾ ਇਹ ਹੈ ਕਿ ਜ਼ਮੀਨ ਦੀ ਵਰਤੋਂ ਦਾ ਵਿਸ਼ੇਸ਼ ਅਧਿਕਾਰ ਵੀ ਯੂ.ਟੀ. ਪ੍ਰਸ਼ਾਸਨ ਦੇ ਹੱਥਾਂ ਵਿੱਚ ਚਲਾ ਗਿਆ ਹੈ। ਸੈਰ ਸਪਾਟਾ, ਉਦਯੋਗ, ਖਾਣਾਂ, ਮੈਗਾ-ਊਰਜਾ ਅਤੇ ਹੋਰ ਪ੍ਰੋਜੈਕਟਾਂ ਸਮੇਤ ਬਾਹਰੀ ਲੋਕਾਂ ਦੁਆਰਾ ਜ਼ਮੀਨ ਹੜੱਪਣ ਦਾ ਡਰ ਹੈ। ਅਜਿਹੇ ਸਾਰੇ ਪ੍ਰੋਜੈਕਟ ਉਸ ਖੇਤਰ ਲਈ ਲੋੜੀਂਦੇ ਹਨ ਪਰ ਵਸਨੀਕ ਪੁੱਛਦੇ ਹਨ ਕਿ ਇਹ ਕਿੰਨੇ ਟਿਕਾਊ ਹਨ, ਇਨ੍ਹਾਂ ਨੂੰ ਕੌਣ ਕੰਟਰੋਲ ਕਰਦਾ ਹੈ ਅਤੇ ਕਿਸ ਦੇ ਫਾਇਦੇ ਲਈ।

ਇੱਕ ਪ੍ਰਸਤਾਵਿਤ ਲੱਦਾਖ ਉਦਯੋਗਿਕ ਜ਼ਮੀਨ ਅਲਾਟਮੈਂਟ ਨੀਤੀ 2023 ਨੇ ਮੁਸ਼ਕਲਾਂ ਵਧਾ ਦਿੱਤੀਆਂ ਹਨ ਕਿਉਂਕਿ ਸਾਰੀਆਂ ਸਿੰਗਲ-ਵਿੰਡੋ ਕਲੀਅਰੈਂਸ ਕਮੇਟੀਆਂ ਵਿੱਚ ਸਿਰਫ਼ ਸਰਕਾਰੀ ਅਧਿਕਾਰੀ ਅਤੇ ਇੱਕ ਉਦਯੋਗ ਪ੍ਰਤੀਨਿਧੀ ਹੈ, ਕੋਈ ਕੌਂਸਲ ਮੈਂਬਰ ਨਹੀਂ ਅਤੇ ਇਹ ਦਸਤਾਵੇਜ਼ ਕਿਸੇ ਉਦਯੋਗਿਕ ਪ੍ਰੋਜੈਕਟ 'ਤੇ ਵਿਚਾਰ ਕਰਨ ਲਈ ਵਾਤਾਵਰਣ ਜਾਂ ਸੱਭਿਆਚਾਰਕ ਮਾਪਦੰਡ ਵੀ ਨਹੀਂ ਰੱਖਦਾ, ਨਾ ਹੀ ਜਨਤਕ ਸਲਾਹ। ਜ਼ਿਆਦਾਤਰ ਨੀਤੀ ਪ੍ਰਸਤਾਵਾਂ ਦਾ ਖਰੜਾ ਯੂ.ਟੀ. ਪ੍ਰਸ਼ਾਸਨ ਦੁਆਰਾ ਰੱਖੇ ਗਏ ਗੈਰ-ਲਦਾਖੀ ਸਲਾਹਕਾਰਾਂ ਦੁਆਰਾ ਤਿਆਰ ਕੀਤਾ ਗਿਆ ਹੈ।

2025 ਤੱਕ ਲੱਦਾਖ ਦੀ ਖੇਤੀ ਨੂੰ ਪੂਰੀ ਤਰ੍ਹਾਂ ਜੈਵਿਕ ਬਣਾਉਣ ਦੇ 2019 ਦੇ ਹਿੱਲ ਕੌਂਸਲ ਦੇ ਫੈਸਲੇ ਦਾ ਸਵਾਗਤ ਕੀਤਾ ਗਿਆ ਹੈ, ਪਰ ਇਸ ਦੇ ਲਾਗੂ ਕਰਨ ਦੀ ਸਥਿਤੀ ਅਸਪਸ਼ਟ ਹੈ। ਇੱਕ ਪ੍ਰਸਤਾਵਿਤ ਸੈਰ-ਸਪਾਟਾ ਨੀਤੀ ਵਿੱਚ ਲੱਦਾਖ ਦੀ ਢੋਆ-ਢੁਆਈ ਦੀ ਸਮਰੱਥਾ ਦਾ ਕੰਮ ਕਰਨ ਅਤੇ ਸੈਰ-ਸਪਾਟੇ ਦੇ ਪ੍ਰਵਾਹ ਨੂੰ ਨਿਯੰਤ੍ਰਿਤ ਕਰਨ ਲਈ ਉਪਯੋਗੀ ਸਿਫ਼ਾਰਸ਼ਾਂ ਨੇ, ਪਰ ਇਹ ਸਪੱਸ਼ਟ ਨਹੀਂ ਹੈ ਕਿ ਇਹ ਅਧਿਐਨ ਕੌਣ ਕਰੇਗਾ ਅਤੇ ਇਸ ਦੀਆਂ ਸਿਫ਼ਾਰਸ਼ਾਂ ਨੂੰ ਕਿਵੇਂ ਲਾਗੂ ਕੀਤਾਜਾਵੇਗਾ।

ਅਸਲ ਖਰਚੇ ਅਤੇ ਜਨਤਕ ਸੈਰ-ਸਪਾਟੇ ਨੂੰ ਉਤਸ਼ਾਹਿਤ ਕਰਨ ਲਈ ਕਾਰਵਾਈਆਂ, ਜੋ ਪਹਿਲਾਂ ਹੀ ਗੈਰ-ਨਿਯੰਤ੍ਰਿਤ ਤਰੀਕੇ ਨਾਲ ਵਧ ਰਹੀਆਂ ਹਨ, ਨੂੰ ਉਠਾਇਆ ਜਾ ਰਿਹਾ ਹੈ ਭਾਵੇਂ ਕਿ ਨੀਤੀ ਵਿਚਾਰ ਅਧੀਨ ਹੈ।

2020 ਵਿੱਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਐਲਾਨ ਕੀਤਾ ਕਿ ਲੱਦਾਖ ਭਾਰਤ ਦਾ ਪਹਿਲਾ ਕਾਰਬਨ-ਨਿਰਪੱਖ ਖੇਤਰ ਹੋਵੇਗਾ। ਇਸ ਦਾ ਰੋਡਮੈਪ ਅਸਪਸ਼ਟ ਹੈ।

ਇੱਕ ਮੈਗਾ-ਸੂਰਜੀ ਪ੍ਰੋਜੈਕਟ ਜੋ ਘੋਸ਼ਿਤ ਕਾਰਬਨ ਨਿਰਪੱਖਤਾ ਦਾ ਹਿੱਸਾ ਮੰਨਿਆ ਜਾਂਦਾ ਹੈ, ਨੂੰ ਵਾਤਾਵਰਣਕ ਤੌਰ 'ਤੇ ਨਾਜ਼ੁਕ ਚਾਂਗਥਾਂਗ ਖੇਤਰ ਵਿੱਚ 20,000 ਏਕੜ ਤੋਂ ਵੱਧ ਰਕਬੇ ਵਿੱਚ ਸਥਿਤ ਕਰਨ ਦਾ ਪ੍ਰਸਤਾਵ ਹੈ, ਜੋ ਖੇਤਰ ਦੇ ਖਾਨਾਬਦੋਸ਼ ਪਸ਼ੂ ਪਾਲਕਾਂ ਅਤੇ ਵਿਲੱਖਣ ਜੰਗਲੀ ਜੀਵਣ ਦਾ ਘਰ ਹੈ।

ਮੁਸ-ਟਿਮ (ਕਾਰਗਿਲ) ਜਾਂ ਬੋਧੀ (ਲੇਹ) ਆਬਾਦੀ ਵਾਲੇ ਖੇਤਰ ਵਿੱਚ ਹਿੰਦੂਤਵੀ ਤਾਕਤਾਂ ਦੇ ਘੁਸਪੈਠ ਬਾਰੇ ਵੀ ਚਿੰਤਾ ਹੈ।

2021 ਵਿੱਚ ਲੱਦਾਖ ਬੋਧੀ ਐਸੋਸੀਏਸ਼ਨ ਨੇ ਇੱਕ ਸਾਲਾਨਾ ਅੰਤਰ-ਧਰਮ ਸਿੰਧੂ ਨਦੀ ਉਤਸਵ ਨੂੰ ਹਿੰਦੂ-ਪ੍ਰਭਾਵੀ ਮਹਾਂਕੁੰਭ ਵਿੱਚ ਬਦਲਣ ਦੀ ਕੋਸ਼ਿਸ਼ ਦਾ ਵਿਰੋਧ ਕੀਤਾ।



# ਕੁਦਰਤ ਦੇ ਅੰਗ ਸੰਗ

## ਕੁਦਰਤੀ ਸੁੰਦਰਤਾ ਦਾ ਮਾਣੋ ਆਨੰਦ




ਪੰਜਾਬ ਸਮੇਤ ਪੂਰੇ ਵਿਸ਼ਵ ਵਿੱਚ ਕੁਦਰਤ ਦੇ ਵੱਖ- ਵੱਖ ਕਿਸਮਾਂ ਦੇ ਸੁੰਦਰ ਤੇ ਖੂਬਸੂਰਤ ਰੰਗ ਵੇਖਣ ਨੂੰ ਮਿਲਦੇ ਹਨ। ਵਿਸ਼ਵ ਦੇ ਕਿਸੇ ਵੀ ਇਲਾਕੇ ਵਿੱਚ ਚਲੇ ਜਾਓ ਹਰ ਪਾਸੇ ਕੁਦਰਤੀ ਅਜੂਬਿਆਂ ਅਤੇ ਸੁੰਦਰ ਦ੍ਰਿਸ਼ਾਂ ਦੀ ਭਰਮਾਰ ਹੁੰਦੀ ਹੈ। ਵੱਡੀ ਗਿਣਤੀ ਲੋਕ ਇਹਨਾਂ ਕੁਦਰਤੀ ਨਿਆਮਤਾਂ ਦਾ ਆਨੰਦ ਮਾਣਦੇ ਹਨ।

ਵੱਖ- ਵੱਖ ਥਾਵਾਂ ’ਤੇ ਜਿਥੇ ਕੁਦਰਤੀ ਤੌਰ ’ਤੇ ਪਹਾੜ ਹਨ, ਤਾਂ ਕਿਸੇ ਪਾਸੇ ਦਰਿਆ ਹਨ, ਕਿਤੇ ਸਮੁੰਦਰ ਹੈ, ਕਿਤੇ ਕੁਦਰਤੀ ਝਰਨੇ ਹਨ। ਕਿਸੇ ਸਥਾਨ ’ਤੇ ਵੱਖ- ਵੱਖ ਕਿਸਮਾਂ ਦੇ ਫੁੱਲ ਹੁੰਦੇ ਹਨ। ਕਈ ਥਾਵਾਂ ਦੀ ਖੂਬਸੂਰਤੀ ਤਾਂ ਉਹਨਾਂ ਨੂੰ ਸੈਰ ਸਪਾਟਾ ਸਥਾਨ ਤੇ ਹਿੱਲ ਸਟੇਸ਼ਨ ਬਣਾ ਦਿੰਦੀ ਹੈ।

ਇਹ ਵੀ ਹਕੀਕਤ ਹੈ ਕਿ ਅੱਜ ਦੇ ਵੱਡੀ ਗਿਣਤੀ ਮਨੁੱਖ ਮਸਨੂਈ ਚੀਜ਼ਾਂ ਦੇ ਮੋਹ ਵਿੱਚ ਕੁਦਰਤ ਦੇ ਨਜ਼ਾਰਿਆਂ ਨੂੰ ਮਾਨਣ ਤੋਂ ਵਾਂਝੇ ਰਹਿ ਜਾਂਦੇ ਹਨ। ਹੁਣ ਕੁਝ ਗਰਮੀ ਹੋਣ ’ਤੇ ਵੱਡੀ ਗਿਣਤੀ ਲੋਕ ਕੂਲਰ ਅਤੇ ਏ.ਸੀ. ਚਲਾਉਂਦੇ ਹਨ ਅਤੇ ਨਕਲੀ ਠੰਡ ਦਾ ਅਹਿਸਾਸ ਲੈਂਦੇ ਹਨ ਪਰ ਅਜਿਹੇ ਲੋਕਾਂ ਨੂੰ ਪਤਾ ਨਹੀਂ ਕਿ ਸਾਵਣ ਦੀਆਂ ਠੰਡੀਆਂ ਹਵਾਵਾਂ ਦਾ ਆਨੰਦ ਤਾਂ ਹੀ ਲਿਆ ਜਾ ਸਕਦਾ ਹੈ ਜੇ ਜੇਠ-ਹਾੜ ਦੀਆਂ ਤੇਜ਼ ਧੁੱਪਾਂ ਅਤੇ ਗਰਮੀ ਨੂੰ ਸਹਿਣ ਕੀਤਾ ਹੋਵੇ। ਇਹੋ ਜਿਹਾ ਹਾਲ ਹੀ ਸਿਆਲ ਰੁੱਤ ਵਿੱਚ ਹੁੰਦਾ ਹੈ। ਸਿਆਲ ਰੁੱਤ ਦੌਰਾਨ ਵੀ ਵੱਡੀ ਗਿਣਤੀ ਲੋਕ ਹੀਟਰ ਅਤੇ ਅਜਿਹੀਆਂ ਹੋਰ ਚੀਜ਼ਾਂ ਨਾਲ ਕਮਰੇ ਨੂੰ ਗਰਮ ਕਰ ਲੈਂਦੇ ਹਨ, ਜਿਸ ਕਰਕੇ ਇਹ ਲੋਕ ਹਲਕੀ ਠੰਡਕ ਦਾ ਅਹਿਸਾਸ ਨਹੀਂ ਕਰ ਪਾਉਂਦੇ ਅਤੇ ਅਕਸਰ ਗਰਮ ਸਰਦ ਹੋ ਕੇ ਬਿਮਾਰ ਹੋ ਜਾਂਦੇ ਹਨ। ਗਰਮੀਆਂ ਦੌਰਾਨ ਏ.ਸੀ. ਕਮਰਿਆਂ ਵਿੱਚ ਬੈਠੇ ਲੋਕਾਂ ਨੂੰ ਨਾ ਤਾਂ ਤੇਜ਼ ਧੁੱਪ ਦਾ ਅਹਿਸਾਸ ਹੁੰਦਾ ਹੈ, ਨਾ ਹੀ ਸਾਵਣ ਦੀ ਰਿਮ-ਝਿਮ ਦਾ ਅਹਿਸਾਸ ਹੁੰਦਾ ਹੈ, ਨਾ ਉਹਨਾਂ ਦੇ ਦਿਲ ਵਿੱਚ ਅਸਮਾਨ ’ਤੇ ਚੜ੍ਹੀਆਂ ਕਾਲੀਆਂ ਘਟਾਵਾਂ ਕੋਈ ਤਰੰਗ ਪੈਦਾ ਕਰਦੀਆਂ ਹਨ।





ਇਸ ਸਮੇਂ ਵੱਡੀ ਗਿਣਤੀ ਲੋਕ ਮੋਬਾਇਲ ਅਤੇ ਕੰਪਿਊਟਰ ਦੇ ਗੁਲਾਮ ਜਿਹੇ ਹੋ ਕੇ ਰਹਿ ਗਏ ਹਨ। ਇਹਨਾਂ ਲੋਕਾਂ ਨੇ ਜੇ ਬਰਸਾਤ ਦੇਖਣੀ ਹੁੰਦੀ ਹੈ ਤਾਂ ਇਹ ਲੋਕ ਮੋਬਾਇਲ ਜਾਂ ਕੰਪਿਊਟਰ ’ਤੇ ਹੀ ਇੰਟਰਨੈਟ ਦੀ ਸਹਾਇਤਾ ਨਾਲ ਵੇਖ ਲੈਂਦੇ ਹਨ। ਇਸ ਤੋਂ ਇਲਾਵਾ ਵੱਧ ਰਹੀ ਮਹਿੰਗਾਈ ਕਾਰਨ ਮਨੁੱਖ ਨੂੰ ਆਮਦਨੀ ਦੇ ਸੋਮੇ ਵਧਾਉਣ ਲਈ ਮਸ਼ੀਨਾਂ ਨਾਲ ਮਸ਼ੀਨ ਵਰਗੇ ਹੋ ਕੇ ਹੀ ਕੰਮ ਕਰਨਾ ਪੈਂਦਾ ਹੈ, ਜਿਸ ਕਰਕੇ ਆਰਥਿਕ ਪੱਖੋਂ ਕਮਜ਼ੋਰ ਲੋਕ ਤਾਂ ਦੋ ਵੇਲੇ ਦੀ ਰੋਟੀ ਦੇ ਚੱਕਰ ਵਿੱਚ ਹੀ ਪਏ ਰਹਿੰਦੇ ਹਨ। ਸਿਆਲ ਰੁੱਤ ਦੌਰਾਨ ਵੱਡੀ ਗਿਣਤੀ ਲੋਕ ਪਹਾੜੀ ਇਲਾਕਿਆਂ ਵਿੱਚ ਬਰਫ਼ ਪੈਂਦੀ ਵੇਖਣ ਲਈ ਜਾਂਦੇ ਹਨ, ਪਰ ਪਹਾੜਾਂ ’ਤੇ ਜਾ ਕੇ ਵੀ ਅਨੇਕਾਂ ਲੋਕ ਮੋਬਾਇਲ ਅਤੇ ਲੈਪਟਾਪ ਵਿੱਚ ਹੀ ਉਲਝੇ ਰਹਿੰਦੇ ਹਨ, ਜਿਸ ਕਾਰਨ ਉਹ ਕੁਦਰਤ ਦੀ ਸੁੰਦਰਤਾ ਮਾਨਣ ਤੋਂ ਵਾਂਝੇ ਰਹਿ ਜਾਂਦੇ ਹਨ। ਵਪਾਰੀ ਕਿਸਮ ਦੇ ਲੋਕਾਂ ਨੂੰ ਹਰ ਵੇਲੇ ਆਪਣੇ ਵਪਾਰ ਨੂੰ ਵਧਾਉਣ ਦੀ ਚਿੰਤਾ ਰਹਿੰਦੀ ਹੈ, ਉਹਨਾਂ ਨੂੰ ਕੁਦਰਤੀ ਸੁੰਦਰਤਾ ਦਾ ਕੋਈ ਅਹਿਸਾਸ ਨਹੀਂ ਹੁੰਦਾ, ਉਹ ਤਾਂ ਕੁਦਰਤੀ ਨਜ਼ਾਰਿਆਂ ਵਿਚੋਂ ਹੀ ਆਪਣਾ ਲਾਭ ਵੇਖਦੇ ਹਨ।

ਵੱਡੀ ਗਿਣਤੀ ਲੋਕ ਅਜਿਹੇ ਹੁੰਦੇ ਹਨ, ਜੋ ਕਿ ਕੁਦਰਤ ਦੇ ਅਸੂਲਾਂ ਅਨੁਸਾਰ ਜ਼ਿੰਦਗੀ ਜਿਉਂਦੇ ਹਨ, ਅਜਿਹੇ ਲੋਕ ਕੁਦਰਤੀ ਤੌਰ ’ਤੇ ਸੰਤੁਸ਼ਟ ਅਤੇ ਬਹੁਤ ਹੀ ਸਬਰ ਸੰਤੋਖ ਵਾਲੇ ਹੁੰਦੇ ਹਨ। ਦੂਜੇ ਪਾਸੇ ਅਜਿਹੇ ਲੋਕ ਵੀ ਬਹੁਤ ਜ਼ਿਆਦਾ ਹਨ ਜੋ ਕਿ ਕੁਦਰਤ ਨਾਲ ਇੱਕ ਮਿੱਕ ਹੋਣ ਦੀ ਥਾਂ ਆਪਣੇ ਆਪ ਵਿੱਚ ਹੀ ਉਲਝੇ ਰਹਿੰਦੇ ਹਨ। ਕਿਹਾ ਜਾਂਦਾ ਹੈ ਕਿ ਜਦੋਂ ਤੱਕ ਮਨੁੱਖ ਸਿਰਫ਼ ਕੁਦਰਤ ਵੱਲੋਂ ਪੈਦਾ ਕੀਤਾ ਹੋਇਆ ਅਨਾਜ ਖਾਂਦਾ ਰਿਹਾ ਤਾਂ ਉਹ ਪੂਰੀ ਤਰਾਂ ਤੰਦਰੁਸਤ ਰਹਿੰਦਾ ਸੀ, ਪਰ ਜਦੋਂ ਤੋਂ ਮਨੁੱਖ ਨੇ ਫਾਸਟ ਫੂਡ ਅਤੇ ਹੋਰ ਮਸਾਲੇਦਾਰ ਵਿਅੰਜਨ ਖਾਣੇ ਸ਼ੁਰੂ ਕੀਤੇ ਉਦੋਂ ਤੋਂ ਹੀ ਮਨੁੱਖ ਨੂੰ ਕਈ ਕਿਸਮ ਦੀਆਂ ਬਿਮਾਰੀਆਂ ਨੇ ਜਕੜਿਆ ਹੋਇਆ ਹੈ। ਕੁਦਰਤ ਨਾਲੋਂ ਦੂਰ ਜਾਣ ਦਾ ਹੀ ਨਤੀਜਾ ਹੈ ਕਿ ਮਨੁੱਖ ਨੂੰ ਅਜਿਹੀਆਂ ਬਿਮਾਰੀਆਂ ਵੀ ਹੋ ਰਹੀਆਂ ਹਨ, ਜਿਨ੍ਹਾਂ ਬਿਮਾਰੀਆਂ ਦਾ ਕਿਸੇ ਨੇ ਪਹਿਲਾਂ ਨਾਮ ਵੀ ਨਹੀਂ ਸੁਣਿਆ ਹੁੰਦਾ।

ਸਿਹਤ ਮਾਹਿਰ ਕਹਿੰਦੇ ਹਨ ਕਿ ਮਨੁੱਖ ਨੂੰ ਸਿਰਫ਼ ਉਹੋ ਚੀਜ਼ਾਂ ਖਾਣੀਆਂ ਚਾਹੀਦੀਆਂ ਹਨ, ਜੋ ਕਿ ਕੁਦਰਤੀ ਤਰੀਕੇ ਨਾਲ ਧਰਤੀ ’ਤੇ ਉੱਗਦੀਆਂ ਜਾਂ ਉਗਾਈਆਂ ਜਾਂਦੀਆਂ ਹਨ। ਅਜਿਹੀਆਂ ਚੀਜ਼ਾਂ ਨੂੰ ਖਾ ਕੇ ਇਨਸਾਨ ਤੰਦਰੁਸਤ ਰਹਿੰਦਾ ਹੈ।

ਪੰਜਾਬ ਦੇ ਵੱਡੀ ਗਿਣਤੀ ਧੀਆਂ ਪੁੱਤਰ ਦੁਨੀਆਂ ਦੇ ਵੱਖ ਵੱਖ ਮੁਲਕਾਂ ਵਿੱਚ ਵਸੇ ਹੋਏ ਹਨ, ਜਿਥੇ ਜਾ ਕੇ ਉਹਨਾਂ ਵੱਲੋਂ ਸਖ਼ਤ ਮਿਹਨਤ ਕਰਕੇ ਚੰਗੀ ਤਰੱਕੀ ਵੀ ਕੀਤੀ ਹੋਈ ਹੈ। ਇਹਨਾਂ ਵੱਡੀ ਗਿਣਤੀ ਪੰਜਾਬੀਆਂ ਵੱਲੋਂ ਬੇਗਾਨੇ ਮੁਲਕਾਂ ਵੀ ਵਿੱਚ ਕੁਦਰਤ ਦੇ ਨੇੜੇ ਤੇੜੇ ਰਿਹਾ ਜਾਂਦਾ ਹੈ। ਪੰਜਾਬ ਵਿੱਚ ਵੀ ਵੱਡੀ ਗਿਣਤੀ ਵਸਨੀਕ ਕੁਦਰਤ ਦੇ ਨੇੜੇ ਤੇੜੇ ਰਹਿੰਦੇ ਹਨ। ਪੰਜਾਬ ਦਾ ਮੁੱਖ ਕਿੱਤਾ ਖੇਤੀਬਾੜੀ ਅਤੇ ਉਸ ਨਾਲ ਸਬੰਧਿਤ ਕੰਮ ਧੰਦੇ ਹਨ। ਖੇਤੀਬਾੜੀ ਤਾਂ ਪੂਰੀ ਤਰਾਂ ਨਾਲ ਕੁਦਰਤ ਨਾਲ ਜੁੜਿਆ ਕਿੱਤਾ ਹੈ। ਵਿਦਵਾਨ ਕਹਿੰਦੇ ਹਨ ਕਿ ਪੰਜਾਬ ਦੁਨੀਆਂ ਦਾ ਇਕਲੌਤਾ ਅਜਿਹਾ ਇਲਾਕਾ ਹੈ, ਜਿਥੇ ਇੱਕ ਸਾਲ ਵਿੱਚ ਛੇ ਰੁੱਤਾਂ ਆਉਂਦੀਆਂ ਹਨ। ਇਸ ਕਰਕੇ ਵਿਦੇਸ਼ਾਂ ਵਿੱਚ ਵਸੇ ਪੰਜਾਬੀਆਂ ਨੂੰ ਪੰਜਾਬ ਦੀ ਬ ਹੁਤ ਯਾਦ ਆਉਂਦੀ ਹੈ।

ਜੇ ਇਨਸਾਨ ਨੇ ਤੰਦਰੁਸਤ ਰਹਿਣਾ ਹੈ ਤਾਂ ਉਸ ਨੂੰ ਕੁਦਰਤ ਦੇ ਅਸੂਲਾਂ ਅਨੁਸਾਰ ਆਪਣਾ ਜੀਵਨ ਬਤੀਤ ਕਰਨਾ ਪਵੇਗਾ। ਫਾਸਟ ਫੂਡ ਅਤੇ ਹੋਰ ਮਸਾਲੇਦਾਰ ਚੀਜ਼ਾਂ ਦੀ ਥਾਂ ਧਰਤੀ ’ਤੇ ਕੁਦਰਤੀ ਤਰੀਕੇ ਨਾਲ ਉੱਗੀਆਂ ਚੀਜ਼ਾਂ ਖਾਣ ਨੂੰ ਅਹਿਮੀਅਤ ਦੇਣੀ ਚਾਹੀਦੀ ਹੈ। ਮਨੁੱਖ ਨੂੰ ਚਾਹੀਦਾ ਹੈ ਕਿ ਉਹ ਕੁਦਰਤੀ ਤਰੀਕਿਆਂ ਨਾਲ ਪਕਾਏ ਹੋਏ ਫਲ ਅਤੇ ਸਬਜ਼ੀਆਂ ਖਾਵੇ। ਮਸਾਲੇ ਨਾਲ ਜਾਂ ਕੈਮੀਕਲ ਨਾਲ ਪਕਾਏ ਫਲਾਂ ਤੇ ਸਬਜ਼ੀਆਂ ਖਾਣ ਤੋਂ ਗੁਰੇਜ਼ ਕਰਨਾ ਚਾਹੀਦਾ ਹੈ। ਇਸ ਤੋਂ ਇਲਾਵਾ ਕੁਦਰਤ ਦੇ ਨਜ਼ਾਰਿਆਂ ਦਾ ਆਨੰਦ ਉਠਾਉਣਾ ਚਾਹੀਦਾ ਹੈ। ਮਨੁੱਖ ਨੂੰ ਆਪਣੇ ਲਾਭ ਲਈ ਕੁਦਰਤ ਨਾਲ ਅਤੇ ਕੁਦਰਤੀ ਸੋਮਿਆਂ ਨਾਲ ਛੇੜ ਛਾੜ ਨਹੀਂ ਕਰਨੀ ਚਾਹੀਦੀ ਸਗੋਂ ਕੁਦਰਤ ਦੇ ਅੰਗ ਸੰਗ ਰਹਿਣਾ ਚਾਹੀਦਾ ਹੈ।





# ਲੋਕ ਸਭਾ ਚੋਣਾਂ 'ਚ ਹੋਵੇਗੀ ਆਰਟੀ.ਫੀਸ਼ੀਅਲ ਇੰਟੈਲੀਜੈਂਸ ਦੀ ਵਰਤੋਂ





ਵਰਤਮਾਨ ਸਮੇਂ ਵਿੱਚ ਭਾਰਤੀ ਸਿਆਸਤ ਇੱਕ ਵੱਡੀ ਤਬਦੀਲੀ ਵੱਲ ਵਧ ਰਹੀ ਹੈ ਜਿੱਥੇ ਆਰਟੀਫੀਸ਼ੀਅਲ ਇੰਟੈਲੀਜੈਂਸ ਦੀ ਚੋਣ ਮੁਹਿੰਮਾਂ ਵਿੱਚ ਵਰਤੋਂ ਕੀਤੀ ਜਾ ਰਹੀ ਹੈ। ਨਵੀਂ ਤਕਨੀਕ ਅਨੁਸਾਰ ਭਾਜਪਾ ਅਤੇ ਇਸ ਦੇ ਆਗੂ ਅੱਗੇ ਵੱਧ ਰਹੇ ਹਨ ਅਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੀ ਇਸ ਵਿੱਚ ਮੋਹਰੀ ਹਨ। ਭਾਜਪਾ ਨੇ ਮੋਦੀ ਜੀ ਦੇ ਭਾਸ਼ਣਾਂ ਦਾ ਵੱਖ-ਵੱਖ ਭਾਸ਼ਾਵਾਂ ਵਿੱਚ ਅਨੁਵਾਦ ਕਰਨ ਲਈ ਏ ਆਈ ਦੀ ਵਰਤੋਂ ਕੀਤੀ ਹੈ, ਜੋ ਕਿ ਚੋਣ ਪ੍ਰਚਾਰ ਵਿੱਚ ਇੱਕ ਨਵਾਂ ਮੋੜ ਹੈ। ਪੀ ਐਮ ਮੋਦੀ ਦਾ ਭਾਸ਼ਣ ਸੋਸ਼ਲ ਮੀਡੀਆ 'ਤੇ ਬੰਗਾਲੀ, ਕੰਨੜ, ਤਾਮਿਲ, ਤੇਲਗੂ, ਪੰਜਾਬੀ, ਮਰਾਠੀ, ਉੜੀਆ ਅਤੇ ਮਲਿਆਲਮ ਭਾਸ਼ਾਵਾਂ ਵਿੱਚ ਵੀ ਸੁਣਿਆ ਜਾ ਸਕਦਾ ਹੈ।

ਦਸੰਬਰ 2023 ਵਿੱਚ ਉੱਤਰ ਪ੍ਰਦੇਸ਼ ਵਿੱਚ ਇੱਕ ਸਮਾਗਮ ਦੌਰਾਨ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਹਿੰਦੀ ਭਾਸ਼ਣ ਦਾ ਤਾਮਿਲ ਵਿੱਚ ਅਨੁਵਾਦ ਕਰਨ ਲਈ ਇੱਕ ਵਿਸ਼ੇਸ਼ ਆਰਟੀਫੀਸ਼ੀਅਲ ਇੰਟੈਲੀਜੈਂਸ ਟੂਲ ਦੀ ਵਰਤੋਂ ਕੀਤੀ ਗਈ ਸੀ। ਇਹ ਟੂਲ ਰੀਅਲ ਟਾਈਮ ਵਿੱਚ ਕੰਮ ਕਰਦਾ ਹੈ, ਯਾਨੀ ਕਿ ਇਹ ਭਾਸ਼ਣ ਕਰਦੇ ਹੋਏ ਹੀ ਅਨੁਵਾਦ ਵੀ ਕਰ ਦਿੰਦਾ ਹੈ।

ਹਾਲ ਹੀ ਵਿੱਚ ਇੱਕ ਖ਼ਬਰ ਆਈ ਹੈ, ਕਿ ਦੇਸ਼ ਦੀਆਂ ਦੋ ਵੱਡੀਆਂ ਪਾਰਟੀਆਂ ਕਾਂਗਰਸ ਤੇ ਭਾਜਪਾ ਆਉਣ ਵਾਲੀਆਂ ਲੋਕ ਸਭਾ ਚੋਣਾਂ ਦੇ ਮੱਦੇਨਜ਼ਰ ਆਰਟੀਫਿਸ਼ੀਅਲ ਇੰਟੈਲੀਜੈਂਸ ਤਕਨੀਕ ਰਾਹੀਂ ਆਪਣੇ ਵੋਟਰਾਂ ਨੂੰ ਲੁਭਾਉਣ ਲਈ ਪਾਰਟੀ ਦੇ ਕੁਝ ਮਰ ਚੁੱਕੇ ਨੇਤਾਵਾਂ ਨੂੰ ਮੁੜ ਸੁਰਜੀਤ ਕਰੇਗੀ, ਜੋ ਆਪਣੇ ਜੀਵਨ ਕਾਲ ਦੌਰਾਨ ਵੋਟਰਾਂ ਵਿਚ ਬਹੁਤ ਮਸ਼ਹੂਰ ਸਨ। ਇਨ੍ਹਾਂ ਵਿੱਚ ਭਾਜਪਾ ਸਾਬਕਾ ਪ੍ਰਧਾਨ ਮੰਤਰੀ ਅਟਲ ਬਿਹਾਰੀ ਵਾਜਪਾਈ, ਲਾਲ ਕ੍ਰਿਸ਼ਨ ਅਡਵਾਨੀ, ਅਰੁਣ ਜੇਤਲੀ, ਸੁਸ਼ਮਾ ਸਵਰਾਜ ਆਦਿ ਦੇ ਏ ਆਈ ਅਵਤਾਰਾਂ ਰਾਹੀਂ ਆਪਣੀਆਂ ਪ੍ਰਾਪਤੀਆਂ ਗਿਣਾਏਗੀ। ਇਸ ਦੇ ਨਾਲ ਹੀ ਕਾਂਗਰਸ ਮਹਾਤਮਾ ਗਾਂਧੀ, ਨਹਿਰੂ ਅਤੇ ਸਰਦਾਰ ਪਟੇਲ ਦੇ ਅਵਤਾਰਾਂ ਦੀ ਮਦਦ ਨਾਲ ਕਾਂਗਰਸ ਸਰਕਾਰਾਂ ਵਿਰੁੱਧ ਭਾਜਪਾ ਦੀ ਮੁਹਿੰਮ ਦਾ ਮੁਕਾਬਲਾ ਕਰੇਗੀ। ਇਸ ਨਵੀਂ ਤਕਨੀਕ ਦੀ ਵਰਤੋਂ ਨਾਲ ਚੋਣ ਮੁਹਿੰਮ ਨੂੰ ਹੋਰ ਪ੍ਰਭਾਵਸ਼ਾਲੀ ਬਣਾਇਆ ਜਾ ਸਕੇਗਾ ।

**ਪਾਕਿਸਤਾਨ ਦੀਆਂ ਆਮ ਚੋਣਾਂ ਵਿੱਚ ਹੋਇਆ ਏ.ਆਈ. ਦਾ ਇਸਤੇਮਾਲ**

ਹਾਲ ਹੀ ਵਿੱਚ ਪਾਕਿਸਤਾਨ ਦੀਆਂ ਆਮ ਚੋਣਾਂ ਵਿੱਚ ਆਰਟੀਫੀਸ਼ੀਅਲ ਇੰਟੈਲੀਜੈਂਸ ਦੀ ਵਰਤੋਂ ਦੇਖਣ ਨੂੰ ਮਿਲੀ ਸੀ। ਇਮਰਾਨ ਖ਼ਾਨ ਦੀ ਪਾਰਟੀ ਪਾਕਿਸਤਾਨ ਤਹਿਰੀਕ-ਏ-ਇਨਸਾਫ਼ (ਪੀ.ਟੀ.ਆਈ.) ਨੇ ਉਨ੍ਹਾਂ ਦੇ ਨਵੇਂ ਭਾਸ਼ਣਾਂ ਵਿੱਚ ਉਨ੍ਹਾਂ ਦੀ ਆਵਾਜ਼ ਦੀ ਨਕਲ ਕਰਨ ਲਈ ਏ ਆਈ ਦੀ ਵਰਤੋਂ ਕੀਤੀ ਜਦੋਂ ਇਮਰਾਨ ਖ਼ਾਨ ਖ਼ੁਦ ਜੇਲ੍ਹ ਵਿੱਚ ਸਨ। ਇਸ ਸਾਲ ਜਨਵਰੀ ਵਿੱਚ ਬੰਗਲਾਦੇਸ਼ ਦੀਆਂ ਚੋਣਾਂ ਵਿੱਚ ਉਲਟਾ ਹੋਇਆ। ਉੱਥੇ ਵਿਰੋਧੀ ਪਾਰਟੀਆਂ ਨੇ ਦੋਸ਼ ਲਾਇਆ ਕਿ ਸਰਕਾਰ ਸਮਰਥਕਾਂ ਨੇ ਗਲਤ ਕੰਮਾਂ ਲਈ ਏ.ਆਈ. ਦੀ ਵਰਤੋਂ ਕੀਤੀ। ਇੱਥੋਂ ਤੱਕ ਕਿ ਵਿਰੋਧੀ ਧਿਰ ਨੂੰ ਜ਼ਲੀਲ ਕਰਨ ਲਈ ਫਰਜ਼ੀ ਵੀਡੀਓ (ਡੀਪ ਫੇਕ) ਵੀ ਬਣਾਏ ਗਏ। ਚੀਨ ਅਤੇ ਰੂਸ 'ਤੇ ਇਹ ਦੋਸ਼ ਹਨ ਕਿ ਉਹ ਦੂਜੇ ਦੇਸ਼ਾਂ ਦੀਆਂ ਚੋਣਾਂ ਨੂੰ ਪ੍ਰਭਾਵਿਤ ਕਰਨ ਲਈ ਏ.ਆਈ. ਦਾ ਇਸਤੇਮਾਲ ਕਰਦੇ ਹਨ ਖ਼ਾਸ ਕਰਕੇ ਤਾਈਵਾਨ ਵਿੱਚ।

**ਆਰਟੀਫੀਸ਼ੀਅਲ ਇੰਟੈਲੀਜੈਂਸ ਦੀ ਦੁਰਵਰਤੋਂ ਦਾ ਖ਼ਤਰਾ**

ਹਾਲਾਂਕਿ, ਇਸ ਤਕਨੀਕ ਦੀ ਦੁਰਵਰਤੋਂ ਦਾ ਵੀ ਖਤਰਾ ਹੈ, ਜਿਵੇਂ ਕਿ ਜਾਅਲੀ ਖਬਰਾਂ ਫੈਲਾਉਣਾ। ਇਸ ਲਈ, ਸੋਸ਼ਲ ਮੀਡੀਆ ਪਲੇਟਫਾਰਮਾਂ ਨੂੰ ਅਜਿਹੀ ਗਲਤ ਜਾਣਕਾਰੀ ਨੂੰ ਰੋਕਣ ਲਈ ਸਖਤ ਨਿਯਮਾਂ ਦੀ ਪਾਲਣਾ ਕਰਨੀ ਚਾਹੀਦੀ ਹੈ। ਇਹ ਫੇਕ ਨਿਊਜ਼ ਲੋਕਾਂ ਨੂੰ ਆਪਸ ਵਿੱਚ ਲੜਾ ਸਕਦੀਆਂ ਹਨ। ਕਈ ਵੱਡੇ ਲੋਕ ਵੀ ਇਸ ਤਕਨੀਕ ਨੂੰ ਲੈ ਕੇ ਚਿੰਤਤ ਹਨ। ਉਨ੍ਹਾਂ ਦਾ ਕਹਿਣਾ ਹੈ ਕਿ ਪਹਿਲਾਂ ਅਸੀਂ ਅਖਬਾਰਾਂ ਅਤੇ ਟੀ.ਵੀ. ਤੋਂ ਖਬਰਾਂ ਪੜ੍ਹਦੇ ਅਤੇ ਦੇਖਦੇ ਸੀ। ਹੁਣ ਫੇਸਬੁੱਕ, ਗੂਗਲ, ਇੰਸਟਾਗ੍ਰਾਮ ਅਤੇ ਵਟਸਐਪ ਵਰਗੀਆਂ ਚੀਜ਼ਾਂ 'ਤੇ ਬਹੁਤ ਭਰੋਸਾ ਕੀਤਾ ਜਾਂਦਾ ਹੈ।

ਇਨ੍ਹਾਂ ਸੋਸ਼ਲ ਮੀਡੀਆ ਪਲੇਟਫਾਰਮ 'ਤੇ ਜਾਅਲੀ ਖ਼ਬਰਾਂ ਬਹੁਤ ਤੇਜ਼ੀ ਅਤੇ ਆਸਾਨੀ ਨਾਲ ਫੈਲ ਜਾਂਦੀਆਂ ਹਨ। ਇੱਕ ਸਰਵੇਖਣ ਵਿੱਚ, 87 ਪ੍ਰਤੀਸ਼ਤ ਲੋਕਾਂ ਨੇ ਸਹਿਮਤੀ ਦਿੱਤੀ ਕਿ ਜਾਅਲੀ ਖ਼ਬਰਾਂ ਚੋਣਾਂ ਨੂੰ ਸਭ ਤੋਂ ਵੱਧ ਪ੍ਰਭਾਵਿਤ ਕਰਦੀਆਂ ਹਨ। ਇਹ ਨਵੀਂ ਤਕਨੀਕ ਸਾਡੀ ਪਸੰਦ-ਨਾਪਸੰਦ ਨੂੰ ਸਮਝ ਸਕਦੀ ਹੈ ਅਤੇ ਅਜਿਹੀਆਂ ਖ਼ਬਰਾਂ ਦਿਖਾ ਸਕਦੀ ਹੈ ਜਿਸ ਨੂੰ ਅਸੀਂ ਸੱਚ ਮੰਨ ਲਵਾਂਗੇ। ਇਸ ਦੀ ਵਰਤੋਂ ਨੇਤਾ ਦੇ ਅਕਸ ਨੂੰ ਖਰਾਬ ਕਰਨ ਲਈ ਵੀ ਕੀਤੀ ਜਾ ਸਕਦੀ ਹੈ। ਉਨ੍ਹਾਂ ਦੇ ਬਿਆਨ ਮਨਘੜਤ ਹੋ ਸਕਦੇ ਹਨ ਜਾਂ ਉਨ੍ਹਾਂ ਦੇ ਵਿਚਾਰਾਂ ਨੂੰ ਤੋੜ-ਮਰੋੜ ਕੇ ਪੇਸ਼ ਕੀਤਾ ਜਾ ਸਕਦਾ ਹੈ।



ਇਹ ਫਰਜ਼ੀ ਖ਼ਬਰ ਸਿਰਫ਼ ਲਿਖਤੀ ਰੂਪ ਵਿੱਚ ਹੀ ਨਹੀਂ, ਸਗੋਂ ਵੀਡੀਓ ਅਤੇ ਆਵਾਜ਼ ਵਿੱਚ ਵੀ ਹੋ ਸਕਦੀ ਹੈ, ਜਿਸ ਦੀ ਅਸਲੀਅਤ ਨੂੰ ਸਮਝਣਾ ਬਹੁਤ ਮੁਸ਼ਕਿਲ ਹੈ। ਚੋਣਾਂ ਵਿਚ ਉਮੀਦਵਾਰ ਦੀ ਜਿੱਤ ਜਾਂ ਹਾਰ ਦਾ ਨਤੀਜਿਆਂ 'ਤੇ ਵੱਡਾ ਅਸਰ ਪੈ ਸਕਦਾ ਹੈ। ਅਜੇ ਤੱਕ ਅਜਿਹਾ ਨਹੀਂ ਹੋਇਆ ਹੈ, ਪਰ ਚਿੰਤਾ ਹੈ ਕਿ ਭਵਿੱਖ ਵਿੱਚ ਆਰਟੀਫੀਸ਼ੀਅਲ ਇੰਟੈਲੀਜੈਂਸ ਦੀ ਵਰਤੋਂ ਵੋਟਾਂ ਦੀ ਗਿਣਤੀ ਵਿੱਚ ਬੇਨਿਯਮੀਆਂ ਕਰਨ ਲਈ ਵੀ ਕੀਤੀ ਜਾ ਸਕਦੀ ਹੈ। ਅਜਿਹੇ ਵਿੱਚ ਸਵਾਲ ਇਹ ਉੱਠਦਾ ਹੈ ਕਿ ਕੀ ਨਿਰਪੱਖ ਚੋਣਾਂ ਕਰਵਾਉਣਾ ਸੰਭਵ ਹੋਵੇਗਾ? ਇਹ ਆਰਟੀਫੀਸ਼ੀਅਲ ਇੰਟੈਲੀਜੈਂਸ ਟੂਲ ਇੰਨੇ ਵਧੀਆ ਹਨ ਕਿ ਇਹ ਪਤਾ ਲਗਾਉਣਾ ਮੁਸ਼ਕਿਲ ਹੋ ਜਾਂਦਾ ਹੈ ਕਿ ਅਸਲ ਵਿੱਚ ਗਲਤ ਕੰਮ ਕਿਸ ਨੇ ਕੀਤਾ।

**ਚੋਣ ਕਮਿਸ਼ਨ ਦਾ ਗੂਗਲ ਨਾਲ ਭਾਈਵਾਲੀ ਕਰਨ ਦਾ ਫ਼ੈਸਲਾ**

ਚੋਣ ਕਮਿਸ਼ਨ ਦਾ ਗੂਗਲ ਨਾਲ ਭਾਈਵਾਲੀ ਕਰਨ ਦਾ ਫੈਸਲਾ ਇੱਕ ਸਕਾਰਾਤਮਕ ਕਦਮ ਹੈ, ਜਿਸ ਨਾਲ ਲੋਕਾਂ ਨੂੰ ਸਹੀ ਅਤੇ ਜ਼ਰੂਰੀ ਜਾਣਕਾਰੀ ਮਿਲ ਸਕੇ। ਅਜਿਹੀਆਂ ਪਹਿਲਕਦਮੀਆਂ ਨਾਲ ਨਿਰਪੱਖ ਚੋਣਾਂ ਦੀ ਸੰਭਾਵਿਤ ਉਮੀਦ ਹੈ। ਪਰ, ਇਸ ਨਵੀਂ ਤਕਨੀਕ ਦੀ ਦੁਰਵਰਤੋਂ ਨਾਲ ਜੁੜੀਆਂ ਚੁਣੌਤੀਆਂ ਨੂੰ ਧਿਆਨ ਵਿੱਚ ਰੱਖਦੇ ਹੋਏ, ਇਸ ਨੂੰ ਸਹੀ ਢੰਗ ਨਾਲ ਕੰਟਰੋਲ ਕੀਤਾ ਜਾਣਾ ਚਾਹੀਦਾ ਹੈ ਤਾਂ ਜੋ ਇਹ ਚੋਣ ਪ੍ਰਕਿਰਿਆ ਨੂੰ ਗਲਤ ਦਿਸ਼ਾ ਨਾ ਦੇਣ। ਹੁਣ ਚੋਣਾਂ ਨਾਲ ਜੁੜੀ ਮਹੱਤਵਪੂਰਨ ਜਾਣਕਾਰੀ (ਜਿਵੇਂ ਕਿ ਵੋਟਰ ਰਜਿਸਟ੍ਰੇਸ਼ਨ ਅਤੇ ਵੋਟ ਪਾਉਣ ਦਾ ਤਰੀਕਾ) ਯੂਟਿਊਬ ਅਤੇ ਗੂਗਲ ਸਰਚ 'ਤੇ ਆਸਾਨੀ ਨਾਲ ਉਪਲਬਧ ਹੋਵੇਗੀ। ਨਾਲ ਹੀ, ਗੂਗਲ ਗਲਤ ਜਾਣਕਾਰੀ ਦੇ ਫੈਲਣ ਨੂੰ ਰੋਕਣ ਲਈ ਵਿਸ਼ੇਸ਼ ਤਕਨੀਕ ਆਰਟੀਫੀਸ਼ੀਅਲ ਇੰਟੈਲੀਜੈਂਸ ਦੀ ਵਰਤੋਂ ਕਰ ਰਿਹਾ ਹੈ। ਇਸ ਤੋਂ ਇਲਾਵਾ ਗੂਗਲ ਚੋਣ ਸੰਬੰਧੀ ਇਸ਼ਤਿਹਾਰ ਦਿਖਾਉਣ ਲਈ ਵੀ ਸਖਤ ਨਿਯਮ ਲਾਗੂ ਕਰ ਰਿਹਾ ਹੈ।

**ਗੂਗਲ ਫਰਜ਼ੀ ਖ਼ਬਰਾਂ ਨੂੰ ਕਿਵੇਂ ਰੋਕੇਗਾ?**

ਚੋਣਾਂ ਵਿੱਚ ਫਰਜ਼ੀ ਖ਼ਬਰਾਂ ਦੇ ਪ੍ਰਸਾਰ ਨੂੰ ਰੋਕਣ ਲਈ ਗੂਗਲ ਇੱਕ ਨਵੇਂ ਗੱਠਜੋੜ ਵਿੱਚ ਸ਼ਾਮਲ ਹੋ ਗਿਆ ਹੈ। ਇਸ ਸਮੂਹ ਦਾ ਨਾਮ ਕੋਲੀਏਸ਼ਨ ਫਾਰ ਕੰਟੈਂਟ ਪ੍ਰੋਵੇਨੈਂਸ ਐਂਡ ਅਥੈਂਟੀਸਿਟੀ ਹੈ। ਇਸ ਤੋਂ ਪਹਿਲਾਂ ਵੀ ਗੂਗਲ ਨੇ 'ਗੂਗਲ ਨਿਊਜ਼ ਇਨੀਸ਼ੀਏਟਿਵ ਟਰੇਨਿੰਗ ਨੈੱਟਵਰਕ' ਅਤੇ 'ਫੈਕਟ ਚੈੱਕ ਐਕਸਪਲੋਰਰ ਟੂਲ' ਵਰਗੀਆਂ ਚੀਜ਼ਾਂ ਸ਼ੁਰੂ ਕੀਤੀਆਂ ਸਨ, ਤਾਂ ਜੋ ਪੱਤਰਕਾਰ ਸੱਚੀਆਂ ਖਬਰਾਂ ਲੋਕਾਂ ਤੱਕ ਪਹੁੰਚਾ ਸਕਣ ਅਤੇ ਝੂਠੀਆਂ ਖਬਰਾਂ ਦਾ ਪਰਦਾਫਾਸ਼ ਕਰ ਸਕਣ। ਜਲਦੀ ਹੀ ਯੂਟਿਊਬ 'ਤੇ ਵੀਡੀਓ ਬਣਾਉਣ ਵਾਲੇ ਲੋਕਾਂ ਲਈ ਇਹ ਦੱਸਣਾ ਜ਼ਰੂਰੀ ਹੋਵੇਗਾ ਕਿ ਉਨ੍ਹਾਂ ਨੇ ਜੋ ਵੀਡੀਓ ਬਣਾਈ ਹੈ, ਉਹ ਅਸਲੀ ਹੈ ਜਾਂ ਨਹੀਂ। ਇਸ ਦੇ ਨਾਲ ਹੀ ਯੂਜ਼ਰਜ਼ ਨੂੰ ਇਹ ਵੀ ਪਤਾ ਲਗ ਸਕੇਗਾ ਕਿ ਇਹ ਅਸਲੀ ਨਹੀਂ ਹੈ ਕਿਉਂਕਿ ਯੂਟਿਊਬ ਖ਼ੁਦ ਹੀ ਵੀਡੀਓ ਉੱਤੇ ਲੇਬਲ ਲਗਾਏਗਾ।

**ਝੂਠੀਆਂ ਖਬਰਾਂ ਵਿਰੁੱਧ ਭਾਰਤ ਵਿੱਚ ਕੋਈ ਖਾਸ ਕਾਨੂੰਨ ਨਹੀ**

ਅਜੇ ਤੱਕ, ਭਾਰਤ ਵਿੱਚ ਕੋਈ ਖਾਸ ਕਾਨੂੰਨ ਨਹੀਂ ਹੈ ਜੋ ਸਿਰਫ ਆਰਟੀਫਿਸ਼ੀਅਲ ਇੰਟੈਲੀਜੈਂਸ ਅਤੇ ਡੀਪਫੇਕ ਤਕਨਾਲੋਜੀ ਨੂੰ ਧਿਆਨ ਵਿੱਚ ਰੱਖ ਕੇ ਬਣਾਇਆ ਗਿਆ ਹੋਵੇ ਅਤੇ ਜੋ ਅਜਿਹੇ ਫਰਜ਼ੀ ਵੀਡੀਓ ਬਣਾਉਣ ਵਾਲੇ ਵਿਅਕਤੀ ਨੂੰ ਸਿੱਧੇ ਤੌਰ 'ਤੇ ਸਜ਼ਾ ਦੇ ਸਕਦਾ ਹੋਵੇ। ਮੌਜੂਦਾ ਕਾਨੂੰਨ ਅਨੁਸਾਰ ਕਿਸੇ ਵਿਅਕਤੀ ਵਿਰੁੱਧ ਉਦੋਂ ਤੱਕ ਕੋਈ ਕਾਰਵਾਈ ਨਹੀਂ ਕੀਤੀ ਜਾ ਸਕਦੀ ਜਦੋਂ ਤੱਕ ਗਲਤ ਸੂਚਨਾ ਦੇਸ਼ ਦੀ ਸੁਰੱਖਿਆ, ਏਕਤਾ ਜਾਂ ਅਖੰਡਤਾ ਨੂੰ ਖਤਰਾ ਨਾ ਪਵੇ ਜਾਂ ਕਿਸੇ ਨੂੰ ਬਦਨਾਮ ਨਾ ਕਰੇ। ਜੇਕਰ ਕੋਈ ਵਿਅਕਤੀ ਕਿਸੇ ਨੇਤਾ ਦੀ ਜਾਅਲੀ ਆਵਾਜ਼ ਜਾਂ ਵੀਡੀਓ ਬਣਾ ਕੇ ਝੂਠੀ ਖ਼ਬਰ ਫੈਲਾਉਂਦਾ ਹੈ, ਤਾਂ ਉਸ ਨੂੰ ਪੁਰਾਣੇ ਭਾਰਤੀ ਕਾਨੂੰਨਾਂ ਦੇ ਤਹਿਤ ਸਜ਼ਾ ਦਿੱਤੀ ਜਾਵੇਗੀ।





# ਅਰਵਿੰਦ ਕੇਜਰੀਵਾਲ ਦੀ ਗ੍ਰਿਫ਼ਤਾਰੀ ਦੇ ਸਿਆਸੀ ਅਸਰ



ਦਰਬਾਰਾ ਸਿੰਘ ਕਾਹਲੋਂ



ਆਖਿਰ 21 ਮਾਰਚ 2024 ਨੂੰ ਐਨਫ਼ੋਰਸਮੈਂਟ ਡਾਇਰੈਕਟੋਰੇਟ (ਈ.ਡੀ.) ਨੇ ਕਰੀਬ 600 ਕਰੋੜ ਰੁਪਏ ਦੇ ਕਥਿਤ ਸ਼ਰਾਬ ਘੁਟਾਲੇ ਵਿੱਚ ਦਿੱਲੀ ਦੇ ਮੁੱਖ ਮੰਤਰੀ ਅਤੇ ਆਮ ਆਦਮੀ ਪਾਰਟੀ ਦੇ ਮੁਖੀ ਅਰਵਿੰਦ ਕੇਜਰੀਵਾਲ ਦੇ ਰਾਜਧਾਨੀ ਸਥਿਤ ਸਰਕਾਰੀ ਨਿਵਾਸ ’ਤੇ ਦਸਤਕ ਦਿੱਤੀ। ਘਰ ਫ਼ਰੋਲਿਆ। ਦੋ ਘੰਟੇ ਪੁੱਛਗਿੱਛ ਬਾਅਦ ਉਨ੍ਹਾਂ ਦਾ ਮੋਬਾਈਲ ਫ਼ੋਨ, ਇੰਟਰਨੈੱਟ ਡੇਟਾ, ਈਡੀ ਦੇ ਅਫ਼ਸਰਾਂ ਸਬੰਧੀ 150 ਪੰਨਿਆਂ ਸਬੰਧੀ ਜਾਸੂਸੀ ਫ਼ਾਈਲ ਆਦਿ ਜ਼ਬਤ ਕਰਨ ਮਗਰੋਂ ਰਾਤ 9.14 ਵਜੇ ਗ੍ਰਿਫ਼ਤਾਰ ਕਰ ਲਿਆ। ਉਨ੍ਹਾਂ ਨੂੰ ਈਡੀ ਦਫ਼ਤਰ ਲਿਜਾਇਆ ਗਿਆ। ਡਾਕਟਰੀ ਜਾਂਚ ਕਰਵਾਈ।

22 ਮਾਰਚ ਨੂੰ ਅਦਾਲਤ ਵਿੱਚ ਪੇਸ਼ ਕੀਤਾ ਜਿੱਥੇ ਢਾਈ ਘੰਟੇ ਗਹਿ-ਗੱਚ ਬਹਿਸ ਤੋਂ ਬਾਅਦ ਅਦਾਲਤ ਨੇ ਸੋਚ-ਵਿਚਾਰ ਲਈ ਕੁਝ ਸਮਾਂ ਫ਼ੈਸਲਾ ਸੁਰੱਖਿਅਤ ਰੱਖਣ ਬਾਅਦ ਫ਼ੈਸਲਾ ਦਿੱਤਾ। ਈਡੀ ਨੇ ਪੁੱਛਗਿਛ ਲਈ 10 ਦਿਨ ਦੇ ਰਿਮਾਂਡ ਦੀ ਮੰਗ ਕੀਤੀ ਸੀ। ਅਦਾਲਤ ਨੇ 28 ਮਾਰਚ ਤੱਕ 6 ਰੋਜ਼ਾ ਰਿਮਾਂਡ ਦੇ ਦਿਤਾ। ਕੇਜਰੀਵਾਲ ਦੇ ਵਕੀਲ ਅਭੀਸ਼ੇਕ ਮਨੂੰ ਸਿੰਘਵੀ ਅਤੇ ਦੋ ਹੋਰਨਾਂ ਦੀਆਂ ਦਲੀਲਾਂ ਕੰਮ ਨਾ ਆਈਆਂ।

ਈਡੀ ਨੇ ਦਸਤਾਵੇਜ਼ਾਂ ਦੇ ਆਧਾਰ ’ਤੇ ਅਦਾਲਤ ਨੂੰ ਦੱਸਿਆ ਕਿ ਕੇਜਰੀਵਾਲ ਕਰੀਬ 600 ਕਰੋੜੀ ਸ਼ਰਾਬ ਘੁਟਾਲੇ ਦੇ ਸਰਗਨਾ ਹਨ। ਉਹ ਸ਼ਰਾਬ ਕਾਰੋਬਾਰੀਆਂ ਨੂੰ ਲਾਭ ਪਹੁੰਚਾਉਣ ਦੀ ਸਾਜਿਸ਼ ਵਿੱਚ ਸ਼ਾਮਲ ਸਨ। ਉਨ੍ਹਾਂ ਨੂੰ ਲਾਭ ਪਹੁੰਚਾਉਣ ਦੇ ਇਵਜ਼ ਵਿੱਚ ਰਿਸ਼ਵਤ ਪ੍ਰਾਪਤ ਕੀਤੀ। ਉਹ ਨੀਤੀ ਘੜਨ ਦੀ ਪ੍ਰਕਿਰਿਆ ਵਿੱਚ ਸਿੱਧੇ ਤੌਰ ’ਤੇ ਸ਼ਾਮਲ ਸਨ ਜਿਸ ਨੇ ‘ਸਾਊਥ ਗਰੁੱਪ’ ਨੂੰ ਲਾਭ ਦੇਣ ਦੀ ਆਗਿਆ ਦਿਤੀ। ਇਸ ਮਾਮਲੇ ਵਿੱਚ ਜੇਲ੍ਹ ਅੰਦਰ ਡੱਕੇ ਸਾਬਕਾ ਉਪ ਮੁੱਖ ਮੰਤਰੀ ਮਨੀਸ਼ ਸਿਸੋਦੀਆ ਅਤੇ ਤਿਲੰਗਾਨਾ ਦੇ ਸਾਬਕਾ ਮੁੱਖ ਮੰਤਰੀ ਕੇ ਚੰਦਰਸ਼ੇਖਰ ਰਾਓ ਦੀ ਪੁੱਤਰੀ ਐੱਮਐੱਲਸੀ ਕੇ ਕਵਿਤਾ ਵੀ ਸ਼ਾਮਿਲ ਸਨ। ਮੁੱਖ ਵਿਚੋਲਾ ਕੇਜਰੀਵਾਲ ਦੇ ਅਤਿ ਭਰੋਸੇਯੋਗ ਵਿਜੈ ਨਾਇਰ ਸਨ। ਇਸ ਘੁਟਾਲੇ ਵਿਚੋਂ ਪੰਜਾਬ, ਗੋਆ ਆਦਿ ਵਿੱਚ ਅਸੈਂਬਲੀ ਚੋਣਾਂ ਲੜਨ ਲਈ ਕਰੀਬ 100 ਕਰੋੜ ਦਾ ਧਨ ਪ੍ਰਾਪਤ ਹੋਇਆ। ਈ ਡੀ ਅਨੁਸਾਰ, ਇਹ ਘੁਟਾਲਾ ਸਬੂਤ ਨਸ਼ਟ ਕੀਤੇ ਜਾਣ ਵਾਲੇ ਜਾਦੂਈ ਢੰਗ ਨਾਲ ਕੀਤਾ ਗਿਆ। ਇਸ ਵਿੱਚ ਕਰੀਬ 140 ਮੋਬਾਈਲ ਫ਼ੋਨਾਂ ਦਾ ਇਸਤੇਮਾਲ ਕੀਤਾ ਗਿਆ ਜਿਨ੍ਹਾਂ ਦੀ ਵਰਤੋਂ ਕਰੀਬ 34 ਵੀਆਈਪੀ ਲੋਕਾਂ ਨੇ ਕੀਤੀ। ਇਕੱਲੇ ਮਨੀਸ਼ ਸਿਸੋਦੀਆ ਨੇ 18 ਮੋਬਾਈਲ ਫ਼ੋਨਾਂ ਦੀ ਵਰਤੋਂ ਕੀਤੀ। ਕਿਹਾ ਗਿਆ ਹੈ ਕਿ ਉਨ੍ਹਾਂ ਇੱਕੋ ਦਿਨ ਵਿੱਚ ਤਿੰਨ ਮੋਬਾਈਲ ਫ਼ੋਨ ਬਦਲੇ।

ਲੁਕਣ ਮੀਟੀ: ਇਸ ਘੁਟਾਲੇ ਸਬੰਧੀ ਅਰਵਿੰਦ ਕੇਜਰੀਵਾਲ ਦੀ ਲੁੱਕਣ-ਮੀਟੀ ਉਦੋਂ ਸ਼ੁਰੂ ਹੋਈ ਜਦੋਂ 2 ਨਵੰਬਰ 2023 ਨੂੰ ਉਨ੍ਹਾਂ ਨੂੰ ਈਡੀ ਨੇ ਪੁੱਛਗਿਛ ਲਈ ਪਹਿਲਾ ਸੰਮਨ ਜਾਰੀ ਕੀਤਾ। ਉਨ੍ਹਾਂ ਦੀ ਗ੍ਰਿਫ਼ਤਾਰੀ ਆਖਿਰਕਾਰ ਨੌਵੇਂ ਸੰਮਨ ਬਾਅਦ ਹੋਈ। ਇਸ ਦੌਰਾਨ ਉਨ੍ਹਾਂ ਨੂੰ ਆਪਣੇ ਬਚਾਅ ਲਈ ਅਦਾਲਤਾਂ ਅਤੇ ਕਾਨੂੰਨਾਂ ਦੀ ਵਰਤੋਂ ਕਰਨ ਦੀ ਪੂਰੀ ਖੁੱਲ੍ਹ ਦਿੱਤੀ ਗਈ। ਉਂਝ, ਹੈਰਾਨੀ ਦੀ ਗੱਲ ਇਹ ਹੈ ਕਿ ਜੇ ਉਹ ਪਾਕਿ-ਸਾਫ਼ ਸਨ ਤਾਂ ਈਡੀ ਸੰਮਨਾਂ ਤੋਂ ਲੁਕਦੇ ਕਿਉਂ ਰਹੇ? ਈਡੀ ਦੇ ਸੰਮਨਾਂ ’ਤੇ ਕਾਂਗਰਸ ਪਾਰਟੀ ਦੀ ਸੀਨੀਅਰ ਆਗੂ ਸੋਨੀਆ ਗਾਂਧੀ (ਬਿਮਾਰ ਹੋਣ ਦੇ ਬਾਵਜੂਦ), ਰਾਹੁਲ ਗਾਂਧੀ, ਸਾਬਕਾ ਕਾਨੂੰਨ ਤੇ ਵਿੱਤ ਮੰਤਰੀ ਪੀ ਚਿਦੰਬਰਮ ਤੇ ਉਸ ਦਾ ਪੁੱਤਰ, ਸਾਬਕਾ ਅਕਾਲੀ ਮੰਤਰੀ ਬਿਕਰਮ ਸਿੰਘ ਮਜੀਠੀਆ, ਆਮ ਆਦਮੀ ਪਾਰਟੀ ਆਗੂ ਤੇ ਸਾਬਕਾ ਉਪ ਮੁੱਖ ਮੰਤਰੀ ਮਨੀਸ਼ ਸਿਸੋਦੀਆ ਤੇ ਸਤੇਂਦਰ ਜੈਨ ਆਦਿ ਪੇਸ਼ ਹੁੰਦੇ ਰਹੇ ਪਰ ਅਰਵਿੰਦ ਕੇਜਰੀਵਾਲ ਸੰਮਨਾਂ ਨੂੰ ਗੈਰ-ਕਾਨੂੰਨੀ ਅਤੇ ਰਾਜਨੀਤੀ ਤੋਂ ਪ੍ਰੇਰਤ ਕਹਿ ਕੇ ਬਚਣ ਦਾ ਯਤਨ ਕਰਦੇ ਰਹੇ।



**ਪਹਿਲੇ ਮੁੱਖ ਮੰਤਰੀ ਦੀ ਗ੍ਰਿਫ਼ਤਾਰੀ:** ਈ.ਡੀ. ਜਾਂ ਸੀ.ਬੀ.ਆਈ. ਵੱਲੋਂ ਕਥਿਤ ਘੁਟਾਲਿਆਂ ਦੇ ਸ਼ਿਕਾਰ ਰਹੇ ਮੁੱਖ ਮੰਤਰੀ ਇਨ੍ਹਾਂ ਏਜੰਸੀਆਂ ਵੱਲੋਂ ਗ੍ਰਿਫ਼ਤਾਰ ਕੀਤੇ ਜਾਣ ਤੋਂ ਪਹਿਲਾਂ ਆਪਣੇ ਪਦ ਤੋਂ ਅਸਤੀਫ਼ਾ ਦੇ ਦਿੰਦੇ ਰਹੇ ਹਨ ਤਾਂ ਕਿ ਇਸ ਪਦ ਦਾ ਮਾਣ-ਸਨਮਾਨ ਕਾਇਮ ਰਹੇ ਪਰ ਕੇਜਰੀਵਾਲ ਨੇ ਅਜਿਹਾ ਨਹੀਂ ਕੀਤਾ। ਮਰਹੂਮ ਮੁੱਖ ਮੰਤਰੀ ਕੁਮਾਰੀ ਜੈਲਲਿਤਾ (ਤਾਮਿਲਨਾਡੂ), ਲਾਲੂ ਪ੍ਰਸ਼ਾਦ ਯਾਦਵ (ਬਿਹਾਰ), ਓਮ ਪ੍ਰਕਾਸ਼ ਚੌਟਾਲਾ (ਹਰਿਆਣਾ), ਹੇਮੰਤ ਸੋਰੇਨ (ਝਾਰਖੰਡ) ਆਦਿ ਨੇ ਆਪਣੀ ਗ੍ਰਿਫ਼ਤਾਰੀ ਤੋਂ ਪਹਿਲਾਂ ਅਸਤੀਫ਼ੇ ਦਾਗ ਦਿਤੇ ਸਨ ਪਰ ਕੇਜਰੀਵਾਲ ਜਿਨ੍ਹਾਂ ਕਦੇ ਕੋਈ ਮਹਿਕਮਾ ਆਪਣੇ ਕੋਲ ਨਹੀਂ ਰੱਖਿਆ, ਨੇ ਅਸਤੀਫ਼ਾ ਨਹੀਂ ਦਿੱਤਾ। ਇੰਝ ਭਾਰਤੀ ਲੋਕਤੰਤਰ ਦੇ ਇਤਿਹਾਸ ਵਿੱਚ ਉਹ ਪਹਿਲੇ ਐਸੇ ਮੁੱਖ ਮੰਤਰੀ ਦਰਜ ਹੋ ਗਏ ਹਨ ਜਿਨ੍ਹਾਂ ਆਪਣੀ ਗ੍ਰਿਫ਼ਤਾਰੀ ਦੇ ਬਾਵਜੂਦ ਅਸਤੀਫ਼ਾ ਨਹੀਂ ਦਿੱਤਾ।

ਧਾਰਾ 163-164 ਦਾ ਉਲੰਘਣ: ਦਿੱਲੀ ਹਾਈਕੋਰਟ ਵਿੱਚ ਦਿੱਲੀ ਵਿਧਾਨ ਸਭਾ ਸਪੀਕਰ ਰਾਮ ਨਿਵਾਸ ਗੋਇਲ, ਸਿੱਖਿਆ ਮੰਤਰੀ ਆਤਿਸ਼ੀ ਦੇ ਬਿਆਨਾਂ ਦੇ ਮੱਦੇਨਜ਼ਰ ਕਿ ਅਰਵਿੰਦ ਕੇਜਰੀਵਾਲ ਮੁੱਖ ਮੰਤਰੀ ਪਦ ਤੋਂ ਅਸਤੀਫ਼ਾ ਨਹੀਂ ਦੇਣਗੇ ਅਤੇ ਜੇਲ੍ਹ ਵਿਚੋਂ ਸਰਕਾਰ ਚਲਾਉਣਗੇ, ਦੇ ਪ੍ਰਸੰਗ ਵਿੱਚ ਪਟੀਸ਼ਨ ਦਾਇਰ ਕਰ ਕੇ ਤਰਕ ਦਿੱਤਾ ਗਿਆ ਹੈ ਕਿ ਇਵੇਂ ਕਾਨੂੰਨੀ ਪ੍ਰਕਿਰਿਆ ਅਤੇ ਨਿਆਂ ਵਿਵਸਥਾ ’ਤੇ ਬੁਰਾ ਅਸਰ ਪਵੇਗਾ, ਸੰਵਿਧਾਨਿਕ ਉਲੰਘਣਾਵਾਂ ਹੋਣਗੀਆਂ, ਧਾਰਾ 163-164 ਦੀ ਉਲੰਘਣਾ ਹੋਵੇਗੀ। ਇਸੇ ਦੌਰਾਨ, ਭਾਰਤ ਰਾਸ਼ਟਰ ਸਮਿਤੀ ਦੀ ਆਗੂ ਕੇ ਕਵਿਤਾ ਨੇ ਆਪਣੀ ਗ੍ਰਿਫ਼ਤਾਰੀ ਸਬੰਧੀ ਜ਼ਮਾਨਤ ਲੈਣ ਲਈ ਸੁਪਰੀਮ ਕੋਰਟ ਬੈਂਚ ਵੱਲੋਂ ਟਰਾਇਲ ਕੋਰਟ ਪਾਸ ਜਾਣ ਦੇ ਨਿਰਦੇਸ਼ ਦੇਖਦਿਆਂ ਕੇਜਰੀਵਾਲ ਨੇ ਸੁਪਰੀਮ ਕੋਰਟ ਵਿੱਚ ਆਪਣੀ ਗ੍ਰਿਫ਼ਤਾਰੀ ਸਬੰਧੀ ਪਟੀਸ਼ਨ ਵਾਪਸ ਲੈ ਲਈ ਹੈ।

**ਜਲਵਾ ਗਾਇਬ:** ਅਰਵਿੰਦ ਕੇਜਰੀਵਾਲ ਖੜਗਪੁਰ ਆਈ.ਆਈ.ਟੀ. ਤੋਂ ਪੜ੍ਹੇ ਹਨ ਅਤੇ ਰੈਵੇਨਿਊ ਅਫ਼ਸਰ ਰਹੇ ਹਨ। ਉਨ੍ਹਾਂ ਝੁੱਗੀ-ਝੌਂਪੜੀਆਂ ਵਿੱਚ ਰਹਿ ਕੇ, ਉਨ੍ਹਾਂ ਲੋਕਾਂ ਦੇ ਜੀਵਨ ਦਾ ਅਧਿਐਨ ਕਰਦੇ ਸਮੇਂ ਸਾਲ 2006 ਵਿੱਚ ਰਾਮੋਨ ਮੈਗਸੈਸੇ ਐਵਾਰਡ ਪ੍ਰਾਪਤ ਕੀਤਾ। ਅੰਨਾ ਹਜ਼ਾਰੇ ਦੇ ਲੋਕਪਾਲ ਅੰਦੋਲਨ ਤੋਂ ਵੱਖ ਹੋ ਕੇ 26 ਨਵੰਬਰ 2012 ਨੂੰ ਆਮ ਆਦਮੀ ਪਾਰਟੀ ਬਣਾ ਕੇ ਰਾਜਨੀਤੀ ਵਿੱਚ ਪ੍ਰਵੇਸ਼ ਕੀਤਾ, ਇਸ ਨੂੰ ਆਪਣੇ ‘ਸਵਰਾਜ’ ਫ਼ਲਸਫ਼ੇ ਅਨੁਸਾਰ ਚਲਾਉਣ ਦਾ ਪ੍ਰਚਾਰ ਕੀਤਾ ਪਰ ਇਸ ਅੰਦਰ ਬੈਠੇ ਤਾਨਾਸ਼ਾਹ ਨੇ ਰਾਹ ਵਿੱਚ ਆਉਂਦੇ ਮੋਢੀ ਮੈਂਬਰ ਤੱਕ ਝਟਕਾ ਸੁੱਟੇ; ਜਿਵੇਂ ਪ੍ਰਸ਼ਾਤ ਭੂਸ਼ਨ, ਯੋਗੇਂਦਰ ਯਾਦਵ, ਅਨੰਦ ਕੁਮਾਰ, ਅਜੀਤ ਝਾਅ, ਕੁਮਾਰ ਵਿਸ਼ਵਾਸ, ਅੰਜਲੀ ਦਾਮਨੀਆ, ਮਅੰਕ ਗਾਂਧੀ ਆਦਿ। ‘ਸਵਰਾਜ’ ਫ਼ਲਸਫ਼ਾ ਦਫ਼ਨ ਕਰ ਕੇ ਲੋਕ ਲੁਭਾਊ ਨਾਅਰਿਆਂ ਬਲਬੂਤੇ ਦਿੱਲੀ ਵਿਧਾਨ ਸਭਾ ਚੋਣਾਂ ਸੰਨ 2015 ਵਿੱਚ 70 ਵਿਚੋਂ 67, 2020 ਚੋਣਾਂ ਵਿੱਚ 70 ਵਿਚੋਂ 62 ਸੀਟਾਂ ’ਤੇ ਜਿੱਤ ਹਾਸਿਲ ਕਰ ਕੇ ਸਰਕਾਰਾਂ ਬਣਾਈਆਂ। ਪੰਜਾਬ ਵਿੱਚ 2017 ਵਿੱਚ 20 ਪਰ 2022 ਦੀਆਂ ਵਿਧਾਨ ਸਭਾ ਚੋਣਾਂ ਵਿੱਚ 117 ਵਿਚੋਂ 92 ਸੀਟਾਂ ਜਿੱਤ ਕੇ ਭਗਵੰਤ ਮਾਨ ਦੀ ਅਗਵਾਈ ਵਾਲੀ ਸਰਕਾਰ ਬਣਾਈ। ਉਂਝ, ਦਿੱਲੀ ਤੇ ਪੰਜਾਬ ਵਿੱਚ ਹਕੂਮਤ ਅਤੇ ‘ਕੇਜਰੀਵਾਲ ਕੇਜਰੀਵਾਲ, ਸਾਰਾ ਪੰਜਾਬ ਤੇਰੇ ਨਾਲ’ ਵਰਗੇ ਨਆਰਿਆਂ ਦੇ ਬਾਵਜੂਦ ਜਦੋਂ ਕੇਜਰੀਵਾਲ ਦੀ ਗ੍ਰਿਫ਼ਤਾਰੀ ਹੋਈ ਤਾਂ ਪੰਜਾਬ ਤੇ ਦਿੱਲੀ ਵਿੱਚ ਕਿਧਰੇ ਕੋਈ ਉਥਲ-ਪੁਥਲ ਨਹੀਂ ਹੋਈ।

**ਬੇਗਾਨੀ ਸ਼ਾਦੀ ’ਚ ਅਬਦੁੱਲਾ ਦੀਵਾਨਾ:** ਜਿਸ ਕਾਂਗਰਸ ਦੇ ਸਾਬਕਾ ਭ੍ਰਿਸ਼ਟ ਆਗੂਆਂ ਨੂੰ ਆਮ ਆਦਮੀ ਪਾਰਟੀ ਸਰਕਾਰਾਂ ਨੇ ਜੇਲ੍ਹੀਂ ਸੁੱਟਿਆ, ਭੱਦੀ ਸ਼ਬਦਾਵਲੀ ਅਸੈਂਬਲੀਆਂ ਵਿੱਚ ਅਤੇ ਬਾਹਰ ਵੀ ਵਰਤੀ, ਉਨ੍ਹਾਂ ਨੂੰ ਕੇਜਰੀਵਾਲ ਦੀ ਗ੍ਰਿਫ਼ਤਾਰੀ ਦਾ ਵੱਧ ਹੇਜ ਜਾਗਿਆ। ਪੰਜਾਬ ਇਸ ਵਰਤਾਰੇ ਤੋਂ ਹੈਰਾਨ ਹੈ। ਕੇਜਰੀਵਾਲ ਦੀ ਗ੍ਰਿਫ਼ਤਾਰੀ ’ਤੇ ਪ੍ਰਤੀਕਿਰਿਆ ਦਿੰਦੇ ਹੋਏ ਇਸ ਦੇ ਰਾਜਨੀਤਕ ਗੁਰੂ ਅੰਨਾ ਹਜ਼ਾਰੇ ਨੇ ਬੇਬਾਕ ਕਿਹਾ, ਉਸ ਨੂੰ ਉਸ ਦੇ ਕਰਮਾਂ ਕਰ ਕੇ ਈ.ਡੀ. ਨੇ ਗ੍ਰਿਫ਼ਤਾਰ ਕੀਤਾ। ਮੈਂ ਦੁਖੀ ਹਾਂ ਕਿ ਜਿਸ ਨੇ ਮੇਰੇ ਨਾਲ ਮਿਲ ਕੇ ਕੰਮ ਕੀਤਾ, ਸ਼ਰਾਬ ਵਿਰੁੱਧ ਆਵਾਜ਼ ਬੁਲੰਦ ਕੀਤੀ, ਉਹੀ ਹੁਣ ਸ਼ਰਾਬ ਨੀਤੀਆਂ ਬਣਾ ਰਿਹਾ ਸੀ।

**ਵਿਰੋਧੀ ਏਕਤਾ:** ਲੋਕ ਸਭਾ ਚੋਣਾਂ ਦੇ ਦੰਗਲ ਦੌਰਾਨ ਕੇਜਰੀਵਾਲ ਦੀ ਗ੍ਰਿਫ਼ਤਾਰੀ ਨਿਸ਼ਚਤ ਤੌਰ ’ਤੇ ਇੰਡੀਆ ਗਠਜੋੜ ਨੂੰ ਇਕਜੁੱਟ ਹੋਣ, ਹਮਦਰਦੀ ਦੀ ਵੋਟ ਬਟੋਰਨ, ਆਪਣਾ ਪੱਖ ਮਜ਼ਬੂਤ ਕਰਨ ਵਿੱਚ ਸਹਾਈ ਹੋਵੇਗੀ। ਭਾਜਪਾ ਅਤੇ ਐੱਨਡੀਏ ਇਸ ਪ੍ਰਭਾਵ ਨੂੰ ਕਿਵੇਂ ਟੱਕਰ ਦਿੰਦੀ ਹੈ, ਇਹ ਅਗਲੇ ਦਿਨਾਂ ਵਿੱਚ ਸਪੱਸ਼ਟ ਹੋ ਜਾਏਗਾ।



# ਕਦੋਂ ਬੰਦ ਹੋਵੇਗਾ ਅੰਧ-ਵਿਸ਼ਵਾਸੀ ਮਾਨਸਿਕਤਾ ਤਹਿਤ ਮਾਸੂਮ ਬੱਚਿਆਂ ਦੀ ਬਲੀ ਦੇਣਾ

## ਕੀ ਕਾਨੂੰਨ ਬਣਾ ਕੇ ਰੋਕਿਆ ਜਾ ਸਕਦਾ ਹੈ ਅੰਧ ਵਿਸ਼ਵਾਸ ਨੂੰ ?

**ਬੀ.ਐੱਸ. ਘੁੰਮਣ**



ਪਿਛਲੇ ਕੁਝ ਸਾਲਾਂ ਵਿੱਚ ਪੰਜਾਬ ਵਿੱਚ ਕਈ ਪਾਖੰਡੀ ਬਾਬਿਆਂ, ਤਾਂਤਰਿਕਾਂ, ਕਥਿਤ ਸਿਆਣਿਆਂ ਵੱਲੋਂ ਕਿਸੇ ਮਾਨਸਿਕ ਰੋਗ ਨਾਲ ਪੀੜਤ ਬੰਦੇ ਵਿੱਚੋਂ ਅਖੌਤੀ ਬੁਰੀ ਆਤਮਾ, ਓਪਰੀ ਸ਼ੈਅ ਜਾਂ ਭੂਤ ਪ੍ਰੇਤ ਕੱਢਣ ਦੀ ਆੜ ਹੇਠ ਕਤਲ, ਔਰਤਾਂ ਨਾਲ ਜ਼ਬਰਦਸਤੀ, ਗਰਮ ਚਿਮਟਿਆਂ ਨਾਲ ਤਸੀਹੇ ਦੇਣ ਅਤੇ ਮਾਸੂਮ ਬੱਚਿਆਂ ਦੀ ਬਲੀ ਦੀਆਂ ਦਿਲ ਕੰਬਾਊ ਅਪਰਾਧਿਕ ਘਟਨਾਵਾਂ ਵਾਪਰ ਚੁੱਕੀਆਂ ਹਨ। ਹਕੂਮਤਾਂ ਦੀ ਘੋਰ ਅਣਗਹਿਲੀ ਕਾਰਨ ਇਹ ਘਟਨਾਵਾਂ ਲਗਾਤਾਰ ਵਧ ਰਹੀਆਂ ਹਨ।

ਪਿਛਲੇ ਸਾਲ 3 ਅਕਤੂਬਰ ਨੂੰ ਖੰਨਾ ਨੇੜਲੇ ਪਿੰਡ ਅਲੌੜ ਵਿੱਚ ਇੱਕ ਸ਼ਖ਼ਸ ਨੇ ਕਿਸੇ ਦੇਵੀ ਦੇਵਤੇ ਦੀ ਪੂਜਾ ਦੇ ਨਾਮ ਹੇਠ ਕਿਸੇ ਤਾਂਤਰਿਕ ਦੇ ਕਹਿਣ ’ਤੇ ਚਾਰ ਸਾਲਾ ਮਾਸੂਮ ਲੜਕੇ ਰਵੀ ਰਾਜ ਦੀ ਬੜੀ ਦੀ ਬਲੀ ਦੇ ਦਿੱਤੀ। ਇਸੇ ਤਰ੍ਹਾਂ ਦੀ ਦਿਲ ਕੰਬਾਊ ਘਟਨਾ ਵਿੱਚ ਪਿਛਲੇ ਸਾਲ 11 ਜੁਲਾਈ ਨੂੰ ਅੰਮ੍ਰਿਤਸਰ ਜ਼ਿਲ੍ਹੇ ਦੇ ਪਿੰਡ ਮੂਧਲ (ਅੰਮ੍ਰਿਤਸਰ) ਵਿੱਚ ਸਕੇ ਰਿਸ਼ਤੇਦਾਰਾਂ ਨੇ ਆਪਣਾ ਕਾਰੋਬਾਰ ਵਧਾਉਣ ਲਈ ਕਿਸੇ ਤਾਂਤਰਿਕ ਦੇ ਕਹਿਣ ’ਤੇ 9 ਸਾਲਾ ਮਾਸੂਮ ਲੜਕੀ ਸੁਖਮਨਦੀਪ ਕੌਰ ਦੀ ਬਲੀ ਦੇ ਦਿੱਤੀ। ਇਸ ਤਾਂਤਰਿਕ ਨੇ ਉਨ੍ਹਾਂ ਨੂੰ ਕਿਹਾ ਸੀ ਕਿ ਤੁਹਾਡੇ ਵਪਾਰ ਉਤੇ ਕਿਸੇ ਸ਼ੈਤਾਨ ਦਾ ਸਾਇਆ ਹੈ, ਕਿਸੇ ਮਾਸੂਮ ਬੱਚੀ ਦੀ ਬਲੀ ਦੇਣ ਤੋਂ ਬਾਅਦ ਤੁਹਾਡੇ ਕਾਰੋਬਾਰ ਵਿੱਚ ਲਹਿਰਾਂ ਬਹਿਰਾਂ ਹੋ ਜਾਣਗੀਆਂ। ਚਾਰੇ ਦੋਸ਼ੀਆਂ ਨੂੰ ਭਾਵੇਂ ਗ੍ਰਿਫ਼ਤਾਰ ਕਰ ਲਿਆ ਗਿਆ ਪਰ ਮੁੱਖ ਮੁਲਜ਼ਮ ਤਾਂਤਰਿਕ ਅਜੇ ਵੀ ਕਾਨੂੰਨੀ ਗ੍ਰਿਫਤ ਵਿੱਚੋਂ ਬਾਹਰ ਹੈ।

2017 ਵਿੱਚ ਬਠਿੰਡਾ ਜ਼ਿਲ੍ਹੇ ਦੇ ਪਿੰਡ ਕੋਟ ਫੱਤਾ ਵਿੱਚ ਕਿਸੇ ਤਾਂਤਰਿਕ ਦੇ ਪਿੱਛਲੱਗੂ ਬਣੇ ਪਰਿਵਾਰ ਦੇ ਛੇ ਜੀਆਂ ਨੇ ਆਪਣੇ ਹੀ ਸਕੇ ਤਿੰਨ ਅਤੇ ਪੰਜ ਸਾਲ ਦੇ ਮਾਸੂਮ ਬੱਚਿਆਂ ਦੀ ਬਲੀ ਦੇ ਦਿੱਤੀ ਸੀ ਅਤੇ ਇਸ ਅਤਿ ਘਿਨਾਉਣੇ ਅਪਰਾਧ ਕਾਰਨ 23 ਮਾਰਚ 2023 ਨੂੰ ਅਦਾਲਤ ਨੇ ਤਾਂਤਰਿਕ ਸਮੇਤ ਇਨ੍ਹਾਂ ਸੱਤੇ ਦੋਸ਼ੀਆਂ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਸੀ। ਕੁਝ ਸਾਲ ਪਹਿਲਾਂ ਪਿੰਡ ਭਿੰਡਰ ਕਲਾਂ (ਮੋਗਾ) ਦੀ ਸਰਪੰਚ ਜੋ ਕਿਸੇ ਵਿਸ਼ੇਸ਼ ਦਿਨ ’ਤੇ ਚੌਂਕੀ ਲਗਾ ਕੇ ਪੁੱਛਾਂ ਦੇਣ ਦਾ ਗੈਰ-ਕਾਨੂੰਨੀ ਕੰਮ ਵੀ ਕਰਦੀ ਸੀ, ਨੇ ਆਪਣੀ ਹੀ ਇੱਕ ਰਿਸ਼ਤੇਦਾਰ ਮਾਸੂਮ ਲੜਕੀ ਵਿੱਚੋਂ ਅਖੌਤੀ ਭੂਤ ਪ੍ਰੇਤ ਕੱਢਣ ਦਾ ਕਹਿ ਕੇ ਚਿਮਟਿਆਂ ਨਾਲ ਕੁੱਟ ਕੁੱਟ ਕੇ ਉਸ ਦੀ ਹੱਤਿਆ ਕਰ ਦਿੱਤੀ ਸੀ।

ਇਹ ਕੋਈ ਸਾਧਾਰਨ ਕਤਲ ਨਹੀਂ ਬਲਕਿ ਖ਼ਤਰਨਾਕ ਅੰਧ-ਵਿਸ਼ਵਾਸੀ ਮਾਨਸਿਕਤਾ ਤਹਿਤ ਮਾਸੂਮ ਬੱਚਿਆਂ ਨੂੰ ਫੁਸਲਾ ਕੇ ਯੋਜਨਾਬੱਧ ਸਾਜਿਸ਼ ਹੇਠ ਕੀਤੀਆਂ ਹੱਤਿਆਵਾਂ ਹਨ। ਬੇਹੱਦ ਅਫ਼ਸੋਸ ਹੈ ਕਿ ਕਿਸੇ ਵੀ ਸਿਆਸੀ ਪਾਰਟੀ ਦੀ ਸਰਕਾਰ ਨੇ ਅਜਿਹੀਆਂ ਵਹਿਸ਼ੀ ਹੱਤਿਆਵਾਂ ਰੋਕਣ ਲਈ ਹੁਣ ਤਕ ਕੋਈ ਅੰਧ-ਵਿਸ਼ਵਾਸ ਰੋਕੂ ਕਾਨੂੰਨ ਲਾਗੂ ਕਰਨ ਦੀ ਸੰਵਿਧਾਨਿਕ ਜਿੰਮੇਵਾਰੀ ਨਹੀਂ ਨਿਭਾਈ।

ਮੌਜੂਦਾ ਵਿਗਿਆਨਕ ਯੁੱਗ ਵਿੱਚ ਧਾਰਮਿਕ ਆਸਥਾ ਦੀ ਆੜ ਹੇਠ ਮਨੁੱਖੀ ਬਲੀ ਦੇਣ ਦੀਆਂ ਅਜਿਹੀਆਂ ਹੱਤਿਆਵਾਂ ਜਿੱਥੇ ਸਰਕਾਰ ਅਤੇ ਪੁਲਿਸ ਪ੍ਰਸ਼ਾਸਨ ਦੀ ਘੋਰ ਨਲਾਇਕੀ, ਪਾਖੰਡੀ ਬਾਬਿਆਂ ਤੇ ਤਾਂਤਰਿਕਾਂ ਦੀ ਸਿਆਸੀ ਸਰਪ੍ਰਸਤੀ ਅਤੇ ਲੋਕ ਵਿਰੋਧੀ ਤੇ ਸਾਮਰਾਜ ਪੱਖੀ ਆਰਥਿਕ ਤੇ ਸਮਾਜਿਕ ਨੀਤੀਆਂ ਲਾਗੂ ਕਰਨ ਦਾ ਮਾੜਾ ਨਤੀਜਾ ਹੈ



ਉਥੇ ਆਪਣੇ ਆਪ ਨੂੰ ਸੱਭਿਅਕ ਕਹਾਉਂਦੇ ਸਮਾਜ ਅਤੇ ਮਨੁੱਖਤਾ ਦੇ ਮੱਥੇ ’ਤੇ ਵੱਡਾ ਕਲੰਕ ਵੀ ਹਨ। ਸਾਡੇ ਦੇਸ਼ ਦਾ ਵਿੱਦਿਅਕ ਢਾਂਚਾ ਵੀ ਲੋਕਾਂ ਵਿੱਚ ਵਿਗਿਆਨਕ ਚੇਤਨਾ ਅਤੇ ਸੰਘਰਸ਼ ਦੀ ਭਾਵਨਾ ਪੈਦਾ ਕਰਨ ਦੀ ਥਾਂ ਉਨ੍ਹਾਂ ਨੂੰ ਅੰਧ-ਵਿਸ਼ਵਾਸੀ, ਅਧਿਆਤਮਵਾਦੀ ਅਤੇ ਕਿਸਮਤਵਾਦੀ ਬਣਾਉਣ ਵਲ ਜ਼ਿਆਦਾ ਰੁਚੀ ਰੱਖਦਾ ਹੈ।

ਇਹੀ ਵਜ੍ਹਾ ਹੈ ਕਿ ਸਾਡੇ ਸਮਾਜ ਦੇ ਬਹੁਗਿਣਤੀ ਲੋਕ ਮਾੜੀ ਆਰਥਿਕਤਾ ਅਤੇ ਹੋਰ ਵੱਖ-ਵੱਖ ਕਾਰਨਾਂ ਕਰ ਕੇ ਕਈ ਤਰ੍ਹਾਂ ਦੇ ਵਹਿਮਾਂ-ਭਰਮਾਂ, ਅੰਧ-ਵਿਸ਼ਵਾਸਾਂ, ਅਖੌਤੀ ਕਾਲੇ ਇਲਮ, ਕੀਤੇ ਕਰਾਏ, ਜਾਦੂ-ਟੂਣੇ, ਅਖੌਤੀ ਚਮਤਕਾਰਾਂ, ਕਿਸਮਤਵਾਦ, ਅਧਿਆਤਮਵਾਦ, ਰੂੜੀਵਾਦੀ ਰਸਮਾਂ, ਡੇਰਿਆਂ ਅਤੇ ਪਾਖੰਡੀ ਬਾਬਿਆਂ, ਤਾਂਤਰਿਕਾਂ ਅਤੇ ਜੋਤਸ਼ੀਆਂ ਦੇ ਮੱਕੜਜਾਲ ਵਿੱਚ ਬੜੀ ਬੁਰੀ ਤਰ੍ਹਾਂ ਜਕੜੇ ਹੋਏ ਹਨ।

ਲੋਕਾਂ ਨੂੰ ਇਹ ਤੱਥ ਗੰਭੀਰਤਾ ਨਾਲ ਵਿਚਾਰਨ ਦੀ ਲੋੜ ਹੈ ਕਿ ਜੇ ਇਨ੍ਹਾਂ ਪਾਖੰਡੀ ਤਾਂਤਰਿਕਾਂ, ਬਾਬਿਆਂ, ਜੋਤਸ਼ੀਆਂ ਅਤੇ ਸਵਾਮੀਆਂ ਕੋਲ ਲੋਕਾਂ ਦੀਆਂ ਸਭ ਸਮੱਸਿਆਵਾਂ ਹਲ ਕਰਨ, ਮਨਚਾਹੀਆਂ ਖਾਹਿਸ਼ਾਂ ਪੂਰੀਆਂ ਕਰਨ ਅਤੇ ਬਿਮਾਰੀਆਂ ਦੇ ਸਫਲ ਇਲਾਜ ਕਰਨ ਦੀ ਕੋਈ ਦੈਵੀ ਸ਼ਕਤੀ ਮੌਜੂਦ ਹੋਵੇ ਤਾਂ ਇਹ ਸਭ ਤੋਂ ਪਹਿਲਾਂ ਭਾਰਤ ਦੀਆਂ ਵੱਖ-ਵੱਖ ਤਰਕਸ਼ੀਲ ਸੰਸਥਾਵਾਂ ਵੱਲੋਂ ਆਪਣੀ ਦੈਵੀ ਸ਼ਕਤੀ ਦਿਖਾਉਣ ਲਈ ਰੱਖੇ ਕਰੋੜਾਂ ਰੁਪਏ ਦੇ ਇਨਾਮ ਜਿੱਤਣ ਦੀ ਚੁਣੌਤੀ ਸਵੀਕਾਰ ਕਿਉਂ ਨਹੀਂ ਕਰਦੇ ? ਇਹ ਭੋਲੇ ਭਾਲੇ ਲੋਕਾਂ ਨੂੰ ਫਸਾ ਕੇ ਲੁੱਟਣ ਦਾ ਧੰਦਾ ਹੀ ਕਿਉਂ ਕਰਦੇ ਹਨ ? ਜੇਲ੍ਹਾਂ ਵਿੱਚ ਸਜ਼ਾਵਾਂ ਭੁਗਤ ਰਹੇ ਅਜਿਹੇ ਬਾਬੇ ਆਪਣੀਆਂ ਦੈਵੀ ਸ਼ਕਤੀਆਂ ਰਾਹੀਂ ਜੇਲ੍ਹਾਂ ਵਿੱਚੋਂ ਬਾਹਰ ਨਿਕਲਣ ਦੀ ਕਰਾਮਾਤ ਕਿਉਂ ਨਹੀਂ ਦਿਖਾਉਂਦੇ ?

ਸਰਕਾਰ ਅਤੇ ਪੁਲਿਸ ਨੂੰ ਇਹ ਤੱਥ ਭਲੀਭਾਂਤ ਪਤਾ ਹੈ ਕਿ ਅਜਿਹੇ ਪਾਖੰਡੀਆਂ ਦੀਆਂ ਖੁੱਲ੍ਹੀਆਂ ਗੈਰ-ਕਾਨੂੰਨੀ ਦੁਕਾਨਾਂ, ਅਪਰਾਧਿਕ ਗਤੀਵਿਧੀਆਂ ਅਤੇ ਝੂਠੀ ਤੇ ਗੈਰ-ਕਾਨੂੰਨੀ ਇਸ਼ਤਿਹਾਰਬਾਜ਼ੀ ਡਰੱਗਜ਼ ਤੇ ਮੈਜਿਕ ਰੈਮਡੀਜ਼ ਇਤਰਾਜ਼ਯੋਗ ਇਸ਼ਤਿਹਾਰਬਾਜ਼ੀ ਐਕਟ-1954, ਕੇਬਲ ਟੈਲੀਵਿਜ਼ਨ ਰੈਗੂਲੇਸ਼ਨ ਐਕਟ-1994 ਅਤੇ ਖਾਸ ਕਰ ਕੇ ਮੈਡੀਕਲ ਰਜਿਸਟ੍ਰੇਸ਼ਨ ਐਕਟ ਦੀ ਸਖਤ ਉਲੰਘਣਾ ਹੈ ਪਰ ਇਸ ਦੇ ਬਾਵਜੂਦ ਇਨ੍ਹਾਂ ਪਾਖੰਡੀਆਂ ਅਤੇ ਸਬੰਧਿਤ ਮੀਡੀਆ ਵਿਰੁੱਧ ਕੋਈ ਕਾਨੂੰਨੀ ਕਾਰਵਾਈ ਨਹੀਂ ਕੀਤੀ ਜਾਂਦੀ। ਅਫ਼ਸੋਸ ਹੈ ਕਿ ਲੋਕਾਂ ਵਿੱਚ ਭਾਰਤੀ ਸੰਵਿਧਾਨ ਦੀ ਧਾਰਾ 51-ਏ(ਐੱਚ) ਤਹਿਤ ਵਿਗਿਆਨਕ ਸੋਚ ਪ੍ਰਫੁੱਲਿਤ ਕਰਨ ਦੀ ਥਾਂ ਸਾਡੀਆਂ ਹਕੂਮਤਾਂ ਵੀ ਆਪਣੀ ਜਨਤਾ ਨੂੰ ਪਾਖੰਡਵਾਦ, ਡੇਰਾਵਾਦ ਅਤੇ ਬਾਬਾਵਾਦ ਦੇ ਝਾਂਸਿਆਂ ਵਿੱਚ ਫਸਾ ਕੇ ਉਨ੍ਹਾਂ ਨੂੰ ਅੰਧ-ਵਿਸ਼ਵਾਸ ਅਤੇ ਫਿਰਕੂ ਨਫਰਤ ਦੇ ਹਨੇਰਿਆਂ ਦੀ ਦਲਦਲ ਵਿੱਚ ਸੁੱਟ ਰਹੀਆਂ ਹਨ।

ਜ਼ਾਹਿਰ ਹੈ ਕਿ ਕਰੋੜਾਂ ਰੁਪਏ ਦੇ ਇਸ ਗੋਰਖ ਧੰਦੇ ਦੇ ਵਧਣ ਫੁਲਣ ਪਿੱਛੇ ਸਰਕਾਰੀ ਤੰਤਰ, ਉੱਚ ਪੁਲਿਸ ਅਧਿਕਾਰੀਆਂ ਅਤੇ ਭ੍ਰਿਸ਼ਟ ਤੇ ਫਿਰਕੂ ਸਿਆਸਤਦਾਨਾਂ ਦੀ ਮਿਲੀਭੁਗਤ ਸ਼ਾਮਿਲ ਹੈ।

ਤਰਕਸ਼ੀਲ ਸੁਸਾਇਟੀ ਪੰਜਾਬ ਵੱਲੋਂ ਹੁਣ ਤਕ ਹਜ਼ਾਰਾਂ ਹੀ ਪਾਖੰਡੀ ਬਾਬਿਆਂ, ਤਾਂਤਰਿਕਾਂ, ਸਾਧਾਂ ਅਤੇ ਜੋਤਸ਼ੀਆਂ ਦੀ ਅਖੌਤੀ ਦੈਵੀ ਸ਼ਕਤੀ ਅਤੇ ਕਾਲੇ ਇਲਮ ਦਾ ਜਨਤਾ ਦੀ ਕਚਿਹਰੀ ਵਿੱਚ ਪਰਦਾਫਾਸ਼ ਕਰ ਕੇ ਉਨ੍ਹਾਂ ਦਾ ਇਹ ਗ਼ੈਰ-ਕਾਨੂੰਨੀ ਧੰਦਾ ਬੰਦ ਕਰਵਾਇਆ ਹੈ ਪਰ ਪੰਜਾਬ ਵਿੱਚ ਅੰਧ-ਵਿਸ਼ਵਾਸ ਰੋਕੂ ਕਾਨੂੰਨ ਦੀ ਅਣਹੋਂਦ ਕਰ ਕੇ ਅਜਿਹੇ ਦੋਸ਼ੀ ਕਾਨੂੰਨੀ ਸਜ਼ਾ ਤੋਂ ਬਚ ਜਾਂਦੇ ਹਨ ਅਤੇ ਫਿਰ ਹੋਰ ਕਿਤੇ ਦੂਜੀ ਜਗ੍ਹਾ ਜਾ ਕੇ ਆਪਣਾ ਧੰਦਾ ਸ਼ੁਰੂ ਕਰ ਲੈਂਦੇ ਹਨ।

ਇਸ ਸਬੰਧੀ ਤਰਕਸ਼ੀਲ ਸੁਸਾਇਟੀ ਪੰਜਾਬ ਵੱਲੋਂ ਸਰਕਾਰਾਂ ਨੂੰ ਦਿੱਤੇ ਮੰਗ ਪੱਤਰਾਂ ਤੋਂ ਇਲਾਵਾ ਪਿਛਲੇ ਸਾਲ ਫਰਵਰੀ ਦੇ ਮਹੀਨੇ ਮੌਜੂਦਾ ਸਰਕਾਰ ਦੇ ਸਮੂਹ ਮੰਤਰੀਆਂ, ਵਿਧਾਇਕਾਂ ਸਮੇਤ ਸਾਰੀਆਂ ਹੀ ਸਿਆਸੀ ਪਾਰਟੀਆਂ ਦੇ ਵਿਧਾਇਕਾਂ ਨੂੰ ਪੰਜਾਬ ਕਾਲਾ ਜਾਦੂ ਮੰਤਰ ਅਤੇ ਅੰਧ-ਵਿਸ਼ਵਾਸ ਵਿਰੋਧੀ ਕਾਨੂੰਨ ਦੇ ਖਰੜੇ ਸਮੇਤ ਮੰਗ ਪੱਤਰ ਦਿੱਤੇ ਸਨ ਅਤੇ ਹੁਣ ਫਿਰ ਦਿੱਤੇ ਜਾ ਰਹੇ ਹਨ ਪਰ ਸਰਕਾਰ ਇਹ ਲੋਕ ਪੱਖੀ ਕਾਨੂੰਨ ਬਣਾਉਣ ਤੋਂ ਟਾਲਾ ਵੱਟ ਰਹੀ ਹੈ। ਸਰਕਾਰ ਨੂੰ ਭੋਲੇ ਭਾਲੇ ਲੋਕਾਂ ਨੂੰ ਅੰਧ-ਵਿਸ਼ਵਾਸਾਂ, ਵਹਿਮਾਂ-ਭਰਮਾਂ ਵਿੱਚ ਫਸਾ ਕੇ ਉਨ੍ਹਾਂ ਦਾ ਆਰਥਿਕ, ਮਾਨਸਿਕ ਅਤੇ ਸਰੀਰਕ ਸ਼ੋਸ਼ਣ ਕਰਨ, ਬਲਾਤਕਾਰ, ਕਤਲ ਅਤੇ ਮਨੁੱਖੀ ਬਲੀ ਦੇਣ ਵਰਗੇ ਅਪਰਾਧ ਕਰਨ ਵਾਲੇ ਪਾਖੰਡੀ ਬਾਬਿਆਂ, ਤਾਂਤਰਿਕਾਂ, ਜੋਤਸ਼ੀਆਂ ਦੀਆਂ ਗੈਰ-ਕਾਨੂੰਨੀ ਗਤੀਵਿਧੀਆਂ ਉੱਤੇ ਸਖ਼ਤ ਪਾਬੰਦੀ ਲਾਉਣ ਲਈ ਬਿਨਾਂ ਕਿਸੇ ਦੇਰੀ ਦੇ ਅੰਧ-ਵਿਸ਼ਵਾਸ ਰੋਕੂ ਕਾਨੂੰਨ ਲਾਗੂ ਕਰਨਾ ਚਾਹੀਦਾ ਹੈ। ਇਸ ਸਬੰਧੀ ਲੋਕ ਪੱਖੀ ਤੇ ਅਗਾਂਹਵਧੂ ਜਮਹੂਰੀ ਅਤੇ ਤਰਕਸ਼ੀਲ਼ ਸੰਸਥਾਵਾਂ ਵੱਲੋਂ ਹਰ ਵਰਗ ਦੇ ਲੋਕਾਂ ਨੂੰ ਚੇਤਨ ਕਰ ਕੇ ਵਿਸ਼ਾਲ ਲੋਕ ਲਹਿਰ ਖੜ੍ਹੀ ਕਰਨ ਅਤੇ ਫੈਸਲਾਕੁਨ ਜਨਤਕ ਸੰਘਰਸ਼ ਕਰਨ ਦੀ ਵੀ ਲੋੜ ਹੈ।





# ਆਨੰਦਾਂ ਅਤੇ ਜੰਗਾਂ ਦੀ ਧਰਤੀ ਸ੍ਰੀ ਆਨੰਦਪੁਰ ਸਾਹਿਬ

ਬਹਾਦਰ ਸਿੰਘ ਗੋਸਲ

ਗੁਰੂ ਤੇਗ ਬਹਾਦਰ ਜੀ ਦਾ ਜਨਮ ਪਹਿਲੀ ਅਪਰੈਲ 1621 ਨੂੰ ਅੰਮ੍ਰਿਤਸਰ ਗੁਰੂ ਕੇ ਮਹਿਲ ਵਿਖੇ ਹੋਇਆ। ਉਨ੍ਹਾਂ ਨੇ ਸਿੱਖੀ ਦੇ ਬੂਟੇ ਨੂੰ ਖੂਬ ਵਧਾ ਅਤੇ ਇਸ ਦੀ ਸੰਭਾਲ ਕਰ ਕੇ ਧਰਮ ਪ੍ਰਚਾਰ ਲਈ ਯਾਤਰਾਵਾਂ ਕੀਤੀਆਂ। ਉਹ ਗੁਰੂ ਹਰਿਗੋਬਿੰਦ ਸਾਹਿਬ ਦੇ ਸਭ ਤੋਂ ਛੋਟੇ ਸਾਹਿਬਜ਼ਾਦੇ ਸਨ ਇਸ ਕਰਕੇ ਉਨ੍ਹਾਂ ਨੂੰ ਵਿਸ਼ੇਸ਼ ਸ਼ਸਤਰ ਵਿਦਿਆ ਦੀ ਸਿਖਲਾਈ ਦਿੱਤੀ ਗਈ ਅਤੇ ਉਨ੍ਹਾਂ ਦੀ ਰੁਚੀ ਜੰਗੀ ਖੇਡਾਂ ਖੇਡਣ ਦੀ ਬਣ ਗਈ। ਇਤਿਹਾਸਕਾਰ ਪ੍ਰਿੰਸੀਪਲ ਸਤਿਬੀਰ ਸਿੰਘ ਅਨੁਸਾਰ ਗੁਰੂ ਹਰਿਗੋਬਿੰਦ ਸਾਹਿਬ ਦੇ ਜੋਤੀ ਜੋਤ ਸਮਾਉਣ ਮਗਰੋਂ ਉਹ ਮਾਤਾ ਨਾਨਕੀ ਅਤੇ ਪਤਨੀ ਗੁਜਰੀ ਜੀ ਸਮੇਤ ਬਾਬਾ ਬਕਾਲਾ ਰਹਿਣ ਲੱਗੇ। ਉਹ ਬਹੁਤਾ ਸਮਾਂ ਸਿਮਰਨ, ਕੀਰਤਨ ਅਤੇ ਗੋਸ਼ਟੀਆਂ ਵਿੱਚ ਬਤੀਤ ਕਰਦੇ। ਇਸ ਸਦਕਾ ਉਨ੍ਹਾਂ ਦੇ ਮਨ ਵਿੱਚ ਅਥਾਹ ਨਿਮਰਤਾ ਵੀ ਪੈਦਾ ਹੋ ਗਈ।

ਜਦੋਂ ਗੁਰੂ ਹਰਿਕ੍ਰਿਸ਼ਨ ਜੀ ਦੇ ਹੁਕਮਾਂ ਅਨੁਸਾਰ ਉਨ੍ਹਾਂ ਨੂੰ 1664 ਈ. ਵਿੱਚ ਗੁਰਗੱਦੀ ਸੌਂਪੀ ਗਈ ਤਾਂ ਮੱਖਣ ਸ਼ਾਹ ਲੁਬਾਣਾ ਦੇ ਪ੍ਰੇਮ ਸਦਕਾ 'ਗੁਰੂ ਲਾਧੋ ਰੇ! ਗੁਰੂ ਲਾਧੋ ਰੇ' ਦੇ ਪ੍ਰਕਰਣ ਕਰ ਕੇ ਸੱਚੇ ਗੁਰੂ ਦਾ ਪ੍ਰਗਟਾਵਾ ਕੀਤਾ ਗਿਆ। ਉਸ ਵੇਲੇ ਧੀਰ ਮੱਲ ਨੇ ਉਨ੍ਹਾਂ ਦੀ ਪੁਰਜ਼ੋਰ ਵਿਰੋਧਤਾ ਕੀਤੀ ਪਰ ਨਿਮਰਤਾ ਦੇ ਪੂਰਨ ਗੁਰੂ ਸਾਹਿਬ ਨੇ ਮਹਿਸੂਸ ਕਰ ਲਿਆ ਕਿ ਸਿੱਖੀ ਦੇ ਬੂਟੇ ਦੀ ਸੰਭਾਲ ਅਤੇ ਸੇਵਾ ਲਈ ਵਿਰੋਧੀਆਂ ਤੋਂ ਦੂਰ ਕੋਈ ਨਿਵੇਕਲੀ ਥਾਂ ਆਪਣਾ ਟਿਕਾਣਾ ਕਰਨਾ ਚਾਹੀਦਾ ਹੈ।

ਸੂਰਜ ਪ੍ਰਕਾਸ਼ ਦੇ ਹਵਾਲੇ ਤੋਂ ਪਤਾ ਲੱਗਦਾ ਹੈ ਕਿ ਗੁਰੂ ਜੀ ਨੇ ਸੋਚਿਆ ਕਿ ਨਵਾਂ ਅਸਥਾਨ ਦੁਰੇਡਾ ਵੀ ਹੋਵੇ ਅਤੇ ਨਿਵੇਕਲਾ ਵੀ। ਇਸੇ ਸਬੰਧ ਵਿੱਚ ਗੁਰੂ ਜੀ ਨੇ ਕੀਰਤਪੁਰ ਸਾਹਿਬ ਨੇੜੇ ਮਾਖੋਵਾਲ ਪਿੰਡ ਦੀ ਚੋਣ ਕੀਤੀ। ਇਸ ਸਬੰਧੀ ਇਤਿਹਾਸਕਾਰ ਭਾਈ ਕੇਸਰ ਸਿੰਘ ਛਿੱਬਰ ਨੇ ਲਿਖਿਆ ਹੈ ਕਿ ਗੁਰੂ ਤੇਗ



ਬਹਾਦਰ ਨੇ ਤਿੰਨ ਪਿੰਡ ਮਾਖੋਵਾਲ, ਮਟੌਰ ਅਤੇ ਲੋਧੀਪੁਰ ਖਰੀਦੇ ਪਰ 1883 ਈ. ਦੇ ਹੁਸ਼ਿਆਰਪੁਰ ਗਜ਼ਟੀਅਰ ਅਨੁਸਾਰ ਮਾਖੋਵਾਲ ਸਤਲੁਜ ਦੇ ਕੰਢੇ ਤੁਆਲਕ ਜੰਡ ਬਾਰੀ ਵਿੱਚ ਸੀ। ਗੁਰੂ ਜੀ ਨੇ 2200 ਰੁਪਏ ਦੇ ਕੇ ਪਿੰਡ ਦੀ ਸਾਰੀ ਜ਼ਮੀਨ ਕਹਿਲੂਰ ਦੇ ਰਾਜੇ ਦੀਪ ਚੰਦ ਕੋਲੋਂ ਖਰੀਦੀ। ਇੱਥੇ ਇਹ ਵੀ ਦੱਸਣਯੋਗ ਹੈ ਕਿ ਰਾਜਾ ਦੀਪ ਚੰਦ ਦਾ ਦਾਦਾ ਰਾਜਾ ਤਾਰਾ ਚੰਦ ਗੁਰੂ ਹਰਿਗੋਬਿੰਦ ਸਾਹਿਬ ਵੱਲੋਂ ਗਵਾਲੀਅਰ ਦੇ ਕਿਲ੍ਹੇ 'ਚੋਂ 52 ਰਾਜਿਆਂ ਨੂੰ ਆਜ਼ਾਦ ਕਰਵਾਉਣ ਵਾਲਿਆਂ 'ਚੋਂ ਇਕ ਸੀ। ਹੁਣ ਨਵੇਂ ਸਥਾਨ ਦੀ ਮਲਕੀਅਤ ਹੋਣ 'ਤੇ ਨਵੇਂ ਪਿੰਡ ਦਾ ਨਾਂ ਨਾਨਕੀ ਚੱਕ ਰੱਖਿਆ ਗਿਆ ਅਤੇ ਥਾਂ ਨੂੰ ਬਹੁਤ ਹੀ ਰਮਣੀਕ ਦੇਖਦੇ ਹੋਏ ਇਸ ਦਾ ਨਾਂ ਆਨੰਦਪੁਰ ਰੱਖਿਆ ਗਿਆ। 1665 ਈ. ਦੀ 19 ਜੂਨ ਨੂੰ ਬਾਬਾ ਗੁਰਦਿੱਤਾ ਜੀ ਵੱਲੋਂ ਆਨੰਦਪੁਰ ਦਾ ਟੱਕ ਲਗਵਾਇਆ ਗਿਆ। ਦਿਨਾਂ ਵਿੱਚ ਹੀ ਸੰਗਤ ਦਾ ਆਉਣ-ਜਾਣ ਬਣਨ ਨਾਲ ਇਹ ਥਾਂ ਹੋਰ ਵੀ ਆਨੰਦਮਈ ਬਣ ਗਈ ਅਤੇ ਛੇ ਮਹੀਨਿਆਂ ਵਿੱਚ ਹੀ ਆਨੰਦਪੁਰ ਸਿੱਖੀ ਦਾ ਨਵਾਂ ਕੇਂਦਰ ਬਣ ਗਿਆ। ਇੱਥੋਂ ਹੀ ਗੁਰੂ ਤੇਗ ਬਹਾਦਰ ਨੇ ਆਪਣੀ ਪੂਰਬ ਦਾ ਯਾਤਰਾ ਆਰੰਭੀ ਅਤੇ ਮਈ 1666 ਈ. ਨੂੰ ਪਟਨਾ ਵਿੱਚ ਪਹੁੰਚੇ। ਮਾਤਾ ਜੀ ਨੂੰ ਸਾਲਸ ਰਾਇ ਜੌਹਰੀ ਦੇ ਘਰ ਟਿਕਾਣਾ ਕਰਵਾ ਕੇ ਗੁਰੂ ਸਾਹਿਬ ਬੰਗਾਲ ਵੱਲ ਧਰਮ ਪ੍ਰਚਾਰ ਲਈ ਚਲੇ ਗਏ। ਪਟਨਾ ਸ਼ਹਿਰ ਵਿੱਚ ਹੀ 22 ਦਸੰਬਰ 1666 ਈ. ਨੂੰ ਬਾਲ ਗੋਬਿੰਦ ਰਾਏ ਦਾ ਜਨਮ ਹੋਇਆ। ਯਾਤਰਾ ਤੋਂ ਵਾਪਸ ਆ ਕੇ ਨੌਵੇਂ ਪਾਤਸ਼ਾਹ ਪਟਨਾ ਹੁੰਦੇ ਹੋਏ ਪੰਜਾਬ ਆਏ ਅਤੇ ਫਿਰ ਪਟਨਾ ਤੋਂ ਗੋਬਿੰਦ ਰਾਏ ਸਮੇਤ ਪਰਿਵਾਰ ਨੂੰ ਆਨੰਦਪੁਰ ਸਾਹਿਬ ਬੁਲਾ ਲਿਆ। ਫਿਰ ਆਨੰਦਪੁਰ ਵਿੱਚ ਆਨੰਦਾਂ ਦੀਆਂ ਬਹਾਰਾਂ ਲੱਗ ਗਈਆਂ ਪਰ ਸਮੇਂ ਦੇ ਹਾਲਾਤ ਅਨੁਸਾਰ ਗੁਰੂ ਤੇਗ ਬਹਾਦਰ ਜੀ ਨੂੰ 11 ਨਵੰਬਰ 1675 ਈ. ਨੂੰ ਚਾਂਦਨੀ ਚੌਕ ਦਿੱਲੀ ਵਿੱਚ ਸ਼ਹੀਦ ਕਰ ਦਿੱਤਾ ਗਿਆ ਤਾਂ ਗੁਰਗੱਦੀ ਸਮੇਤ ਸਿੱਖੀ ਸੰਭਾਲ ਦੀਆਂ ਸਾਰੀਆਂ ਜ਼ਿੰਮੇਵਾਰੀਆਂ ਬਾਲ ਗੋਬਿੰਦ ਰਾਇ ਦੇ ਜ਼ਿੰਮੇ ਆ ਪਈਆਂ।

ਗੁਰੂ ਗੋਬਿੰਦ ਸਿੰਘ ਨੇ ਆਨੰਦਪੁਰ ਦੇ ਆਨੰਦਾਂ ਨੂੰ ਹੋਰ ਹੀ ਰੰਗਾਂ ਵਿੱਚ ਰੰਗ ਦਿੱਤਾ। ਰਣਜੀਤ ਨਗਾਰੇ ਵੱਜਣ ਲੱਗੇ। ਜੰਗੀ ਤਿਆਰੀਆਂ ਦੇ ਅਭਿਆਸ ਅਤੇ ਨਵੀਆਂ ਖੇਡਾਂ ਹੋਣ ਲੱਗੀਆਂ। ਵਿੱਦਿਆ, ਸਾਹਿਤ ਅਤੇ ਸੰਗੀਤ ਨਾਲ ਰੌਣਕਾਂ ਲੱਗ ਗਈਆਂ। ਨਿਮਾਣਿਆਂ ਨੂੰ ਮਾਣ ਅਤੇ ਸਿਰ ਉੱਚਾ ਚੁੱਕ ਕੇ ਤੁਰਨਾ ਦੱਸਿਆ ਜਾਣ ਲੱਗਿਆ ਅਤੇ ਫਿਰ ਅਪਰੈਲ 1699 ਦੀ ਵਿਸਾਖੀ ਨੂੰ ਖਾਲਸਾ ਪੰਥ ਸਾਜ ਕੇ ਕੌਮ ਦੀ ਤਕਦੀਰ ਹੀ ਬਦਲ ਦਿੱਤੀ।

ਹੁਣ ਭਵਿੱਖ ਦੇ ਯੁੱਧਾਂ ਨੂੰ ਦੇਖਦਿਆਂ ਵੱਡੇ ਪੱਧਰ 'ਤੇ ਜੰਗੀ ਤਿਆਰੀਆਂ ਹੋਣ ਲੱਗੀਆਂ। ਗੁਰੂ ਜੀ ਨੇ ਕਿਲ੍ਹਿਆਂ ਦੀ ਉਸਾਰੀ ਸ਼ੁਰੂ ਕਰ ਦਿੱਤੀ। ਗੁਰੂ ਗੋਬਿੰਦ ਸਿੰਘ ਜੀ ਨੇ ਇਸ ਆਨੰਦਾਂ ਦੀ ਪੁਰੀ ਨੂੰ ਸੁਰੱਖਿਅਤ ਰੱਖਣ ਲਈ ਆਨੰਦਪੁਰ ਸਾਹਿਬ ਵਿੱਚ ਛੇ ਕਿਲ੍ਹੇ ਬਣਵਾਏ। ਇਨ੍ਹਾਂ ਦੇ ਨਾਂ ਲੋਹਗੜ੍ਹ, ਹੋਲਗੜ੍ਹ, ਨਿਰਮੋਹਗੜ੍ਹ, ਫ਼ਤਹਿਗੜ੍ਹ, ਆਨੰਦਗੜ੍ਹ ਅਤੇ ਕੇਸਗੜ੍ਹ ਰੱਖੇ ਗਏ। ਸਿੰਘਾਂ ਨੂੰ ਹੋਰ ਆਨੰਦਮਈ ਕਰਨ ਅਤੇ ਖੁਸ਼ੀਆਂ ਪ੍ਰਦਾਨ ਕਰਨ ਲਈ ਗੁਰੂ ਸਾਹਿਬ ਨੇ ਹੋਲਾ ਮਹੱਲਾ ਸ਼ੁਰੂ ਕੀਤਾ।

ਆਨੰਦਪੁਰ ਦੀਆਂ ਖੁਸ਼ੀਆਂ ਦੁਸ਼ਮਣ ਪਹਾੜੀ ਰਾਜਿਆਂ ਕੋਲੋਂ ਬਰਦਾਸ਼ਤ ਨਹੀਂ ਸਨ ਹੋ ਰਹੀਆਂ ਅਤੇ ਉਹ ਗੁਰੂ ਜੀ ਨੂੰ ਜੰਗਾਂ-ਯੁੱਧਾਂ ਵਿੱਚ ਉਲਝਾ ਕੇ ਰੱਖਣਾ ਚਾਹੁੰਦੇ ਸਨ। ਪਹਿਲਾ ਉਨ੍ਹਾਂ 1687 ਵਿੱਚ ਨਾਦੌਨ ਦੀ ਜੰਗ ਅਤੇ ਫਿਰ 1693 ਹੁਸੈਨੀ ਦੇ ਯੁੱਧ ਵਿੱਚ ਮੁਗਲਾਂ ਦੀ ਮਦਦ ਨਾਲ ਕੀਤੀ ਅਤੇ ਫਿਰ ਮੁਗਲਾਂ ਨਾਲ ਮਿਲ ਕੇ ਗੁਰੂ ਜੀ ਨੂੰ ਆਨੰਦਪੁਰ ਸਾਹਿਬ 'ਚੋਂ ਕੱਢਣ ਦੇ ਮਨਸੂਬੇ ਘੜਨ ਲੱਗੇ।

ਇਸ ਤਰ੍ਹਾਂ ਇਹ ਆਨੰਦਾਂ ਦੀ ਪੁਰੀ ਜੰਗਾਂ, ਯੁੱਧਾਂ ਦੀ ਧਰਤ ਵਿੱਚ ਬਦਲ ਗਈ ਅਤੇ ਗੁਰੂ ਜੀ ਨੂੰ ਇਸ ਧਰਤੀ 'ਤੇ ਕਈ ਜੰਗਾਂ ਲੜਨੀਆਂ ਪਈਆਂ। ਉਨ੍ਹਾਂ ਨੇ ਸ੍ਰੀ ਆਨੰਦਪੁਰ ਸਾਹਿਬ ਦੀ ਪਹਿਲੀ ਲੜਾਈ ਸੰਨ 1701 ਈ. ਵਿੱਚ ਲੜੀ ਜਿਸ ਵਿੱਚ ਗੁਰੂ ਗੋਬਿੰਦ ਸਿੰਘ ਜੀ ਨੇ ਸਿੰਘ ਫੌਜਾਂ ਦੀ ਅਗਵਾਈ ਦੀ ਕਮਾਨ ਪੰਜ ਪਿਆਰਿਆਂ, ਭਾਈ ਉਦੈ ਸਿੰਘ ਤੇ ਭਾਈ ਆਲਮ ਸਿੰਘ ਦੇ ਸਪੁਰਦ ਕੀਤੀ ਅਤੇ ਫਤਹਿ ਪ੍ਰਾਪਤ ਕੀਤੀ। ਸ੍ਰੀ ਆਨੰਦਪੁਰ ਸਾਹਿਬ ਵਿਖੇ ਹੀ ਦੂਜੀ ਲੜਾਈ ਨਵੰਬਰ 1701 ਈ. ਵਿੱਚ ਲੜੀ ਗਈ। ਸ੍ਰੀ ਆਨੰਦਪੁਰ ਸਾਹਿਬ ਨੂੰ ਖਾਲੀ ਕਰਵਾਉਣ ਲਈ ਪਹਾੜੀ ਰਾਜੇ ਇਕੱਠੇ ਹੋ ਕੇ ਸ੍ਰੀ ਆਨੰਦਪੁਰ ਸਾਹਿਬ 'ਤੇ ਚੜ੍ਹ ਆਏ।

ਇਸੇ ਯੁੱਧ ਵਿੱਚ ਭਾਈ ਬਚਿੱਤਰ ਸਿੰਘ ਨੇ ਨਾਗਣੀ ਮਾਰ ਕੇ ਹਾਥੀ ਨਾਲ ਲੜਾਈ ਦੇ ਜੌਹਰ ਦਿਖਾਏ ਸਨ। ਮੈਦਾਨ ਵਿੱਚ ਖ਼ਾਲਸੇ ਦੀ ਜਿੱਤ ਹੋਈ। ਸ੍ਰੀ ਆਨੰਦਪੁਰ ਸਾਹਿਬ ਵਿਖੇ ਤੀਜੀ ਲੜਾਈ 1703 ਈ. ਵਿੱਚ ਲੜੀ ਗਈ ਜਿਸ ਵਿੱਚ ਸਿਰਫ਼ 800 ਸਿੰਘਾਂ ਨੇ ਰਿਆਸਤੀ ਰਾਜਿਆਂ ਨੂੰ ਚੰਗੇ ਹੱਥ ਦਿਖਾਏ। ਇਸ ਤੋਂ ਪਹਿਲਾਂ ਨਿਰਮੋਹਗੜ੍ਹ ਦੀ ਲੜਾਈ ਵਿੱਚ ਵੀ ਖਾਲਸੇ ਦੀ ਫਤਹਿ ਹੋਈ ਸੀ। ਚੌਥੀ ਲੜਾਈ 1703 ਦੇ ਅੰਤ ਵਿੱਚ ਹੋਈ। ਇਸ ਲੜਾਈ ਵਿੱਚ ਸੈਦ ਖਾਂ ਮੁਗਲ ਫੌਜ ਦਾ ਸਾਥ ਛੱਡ ਕੇ ਦੌੜ ਗਿਆ।

ਪੰਜਵੀਂ ਅਤੇ ਆਖਰੀ ਲੜਾਈ 20 ਮਈ 1704 ਈ. ਨੂੰ ਹੋਈ। ਮੁਗਲਾਂ ਅਤੇ ਪਹਾੜੀ ਰਾਜਿਆਂ ਦੀ ਸਾਂਝੀ ਫੌਜ ਨੇ ਆਨੰਦਪੁਰ ਸਾਹਿਬ ਤੋਂ ਚੜ੍ਹਦੇ ਅਤੇ ਲਹਿੰਦੇ ਦੋਹਾਂ ਪਾਸਿਆਂ ਤੋਂ ਹੱਲਾ ਬੋਲ ਦਿੱਤਾ। ਮੁਗਲ ਫੌਜਾਂ ਨੇ ਸ੍ਰੀ ਆਨੰਦਪੁਰ ਸਾਹਿਬ ਨੂੰ 7 ਮਹੀਨਿਆਂ ਤੱਕ ਘੇਰਾ ਪਾਈ ਰੱਖਿਆ ਅਤੇ ਸਿੰਘਾਂ ਨੇ ਸਿਰ ਧੜ ਦੀ ਬਾਜ਼ੀ ਲਾ ਕੇ ਬਹਾਦਰੀ ਦੇ ਜੌਹਰ ਦਿਖਾਏ ਪਰ ਸਿੰਘ ਲੰਬੇ ਘੇਰੇ ਕਾਰਨ ਭੁੱਖ ਕਰਕੇ ਬੇਹਾਲ ਹੋਣ ਲੱਗੇ ਅਤੇ ਮੁਗਲਾਂ ਅਤੇ ਪਹਾੜੀ ਰਾਜਿਆਂ ਦੀਆਂ ਝੂਠੀਆਂ ਕਸਮਾਂ ਕਾਰਨ ਗੁਰੂ ਜੀ ਨੇ 6-7 ਪੋਹ ਦੀ ਵਿਚਕਾਰਲੀ ਰਾਤ ਸੰਮਤ 1761 ਨੂੰ ਆਨੰਦਪੁਰ ਸਾਹਿਬ ਖਾਲੀ ਕਰਨ ਦਾ ਫ਼ੈਸਲਾ ਕਰ ਲਿਆ। ਆਨੰਦਪੁਰ ਸਾਹਿਬ ਤੋਂ ਚੱਲਣ ਵਾਲੇ ਸਿੰਘਾਂ ਦੀ ਗਿਣਤੀ ਡੇਢ ਹਜ਼ਾਰ ਦੇ ਕਰੀਬ ਸੀ।



# ਪਹਿਲਾਂ ਉੱਠ ਕੇ ਦੁੱਧ ਮੈਂ ਰਿੜਕਾਂ...



**ਜੋਗਿੰਦਰ ਕੌਰ ਅਗਨੀਹੋਤਰੀ**

ਇਤਿਹਾਸ ਅਤੇ ਮਿਥਿਹਾਸ ਇਸ ਗੱਲ ਦੇ ਗਵਾਹ ਹਨ ਕਿ ਔਰਤ ਅਬਲਾ ਨਹੀਂ ਬਲਕਿ ਸਬਲਾ ਹੈ। ਮਿਥਿਹਾਸ ਦੀ ਗੱਲ ਕਰੀਏ ਤਾਂ ਦੁਰਗਾ ਮਾਤਾ ਦਾ ਜ਼ਿਕਰ ਸਭ ਤੋਂ ਪਹਿਲਾਂ ਆਉਂਦਾ ਹੈ, ਜਿਨ੍ਹਾਂ ਨੇ ਜ਼ੁਲਮ ਅਤੇ ਅਨਿਆਂ ਲਈ ਆਪਣਾ ਚੰਡੀਕਾ ਰੂਪ ਧਾਰਨ ਕੀਤਾ ਅਤੇ ਦੈਂਤਾਂ ਨੂੰ ਮਾਰਿਆ। ਆਪਣੇ ਦੇਸ਼ ਅਤੇ ਧਰਮ ਦੀ ਖਾਤਰ ਹੋਰ ਅਨੇਕ ਵੀਰ ਔਰਤਾਂ ਨੇ ਆਪਣਾ ਮਹੱਤਵਪੂਰਨ ਯੋਗਦਾਨ ਪਾਇਆ। ਇਨ੍ਹਾਂ ਵਿੱਚ ਮਾਈ ਭਾਗੋ ਦਾ ਨਾਂ ਵੀ ਪ੍ਰਸਿੱਧ ਹਸਤੀ ਵਜੋਂ ਲਿਆ ਜਾਂਦਾ ਹੈ। ਜਿਸ ਨੇ ਆਦਮੀਆਂ ਨੂੰ ਵੰਗਾਰ ਕੇ ਖ਼ੁਦ ਯੁੱਧ ਵਿੱਚ ਕੁੱਦਣ ਦਾ ਸਾਹਸ ਦਿਖਾਇਆ। ਝਾਂਸੀ ਦੀ ਰਾਣੀ ਲਕਸ਼ਮੀ ਬਾਈ ਦੀ ਬਹਾਦਰੀ ਅਤੇ ਦਲੇਰੀ ਵੀ ਇਸ ਗੱਲ ਦੀ ਗਵਾਹ ਹੈ ਕਿ ਉਸ ਨੇ ਦੇਸ਼ ਦੀ ਆਜ਼ਾਦੀ ਲਈ ਅੰਗਰੇਜ਼ ਹਕੂਮਤ ਖਿਲਾਫ਼ ਹਥਿਆਰ ਚੁੱਕੇ ਅਤੇ ਆਪਣਾ ਬਲੀਦਾਨ ਦਿੱਤਾ। ਇਸ ਤਰ੍ਹਾਂ ਹੋਰ ਅਨੇਕਾਂ ਵੀਰਾਂਗਣਾਂ ਨੇ ਦੇਸ਼ ਦੀ ਆਜ਼ਾਦੀ ਦੀ ਲੜਾਈ ਵਿੱਚ ਆਪਣੀ ਅਹਿਮ ਭੂਮਿਕਾ ਨਿਭਾਈ। ਉਨ੍ਹਾਂ ਔਰਤਾਂ ਦਾ ਕਾਰਜ ਵੀ ਸਲਾਹੁਣਯੋਗ ਹੈ ਜਿਨ੍ਹਾਂ ਦੇ ਉਪਦੇਸ਼ਾਂ ਸਦਕਾ ਆਦਮੀਆਂ ਨੇ ਦੇਸ਼ ਦੀ ਆਜ਼ਾਦੀ ਦੀ ਲੜਾਈ ਵਿੱਚ ਵਧ ਚੜ੍ਹ ਕੇ ਹਿੱਸਾ ਲਿਆ।

ਤੀਰ ਚਲਾਉਣ ਜਾਂ ਬੰਦੂਕ ਚਲਾਉਣ ਤੋਂ ਇਲਾਵਾ ਕਿਸੇ ਵਿਰੁੱਧ ਰੋਸ ਪ੍ਰਗਟ ਕਰਨ ਲਈ ਕਲਮ ਦੀ ਤਾਕਤ ਵੀ ਬਹੁਤ ਜ਼ਿਆਦਾ ਬਲ ਰੱਖਦੀ ਹੈ ਪਰ ਅਨਪੜ੍ਹ ਜਾਂ ਅੱਖਰਾਂ ਤੋਂ ਕੋਰੇ ਵਿਅਕਤੀ ਵੀ ਆਪਣੇ ਬੋਲਾਂ ਰਾਹੀਂ ਜਾਂ ਨਾਅਰਿਆਂ ਦਾ ਪ੍ਰਯੋਗ ਕਰਕੇ ਜ਼ਾਲਮ ਹਕੂਮਤ ਦੇ ਵਿਰੁੱਧ ਆਵਾਜ਼ ਉਠਾਉਣ ਦੀ ਸਮਰੱਥਾ ਰੱਖਦੇ ਹਨ। ਦੇਸ਼ ਦੀ ਆਜ਼ਾਦੀ ਦੇ ਸੰਘਰਸ਼ ਵਿੱਚ ਆਪਣਾ ਯੋਗਦਾਨ ਔਰਤਾਂ ਨੇ ਲੋਕ ਗੀਤਾਂ ਰਾਹੀਂ ਵੀ ਪ੍ਰਗਟਾਇਆ ਹੈ। ਇਹ ਉਨ੍ਹਾਂ ਦੀ ਆਪਣੀ ਆਵਾਜ਼ ਹੈ:

ਅੱਗ ਲੱਗ ਜੇ ਫਿਰੰਗੀਆ ਤੇਰੇ ਬੰਗਲੇ
ਵਿੱਚੇ ਤੇਰੀ ਮੇਮ ਮੱਚ ਜੇ।

ਔਰਤਾਂ ਬਾਰੇ ਆਮ ਕਹਾਵਤ ਹੈ ਕਿ ਜੇਕਰ ਔਰਤ ਕਿਸੇ ਚੀਜ਼ ਨੂੰ ਪੁੱਟਣ 'ਤੇ ਆ ਜਾਵੇ ਤੇ ਉਹ ਸੂਈ ਦੀ ਨੋਕ ਨਾਲ ਪੁੱਟਣਾ ਸ਼ੁਰੂ ਕਰ ਦੇਵੇ ਤਾਂ ਵੀ ਉਹ ਉਸ ਨੂੰ ਉਖਾੜਨ ਵਿੱਚ ਸਫਲ ਹੋ ਜਾਂਦੀ ਹੈ। ਦੇਸ਼ ਦੀ ਆਜ਼ਾਦੀ ਅਤੇ ਮੁਗਲਾਂ ਦੇ ਖ਼ਿਲਾਫ਼ ਆਪਣੀ ਅਣਖ ਖਾਤਰ ਮਿਟਣ ਵਾਲੀਆਂ ਔਰਤਾਂ ਨੇ ਆਪਣੀ ਅਹਿਮ ਭੂਮਿਕਾ ਨਿਭਾਈ ਹੈ। ਜੇ ਗੱਲ ਗੁਰੂ ਪਰਿਵਾਰ ਦੀ ਕੀਤੀ ਜਾਵੇ ਤਾਂ ਮਾਤਾ ਗੁਜਰੀ ਦੀ ਸ਼ਖ਼ਸੀਅਤ ਦਾ ਪ੍ਰਭਾਵ, ਗੁਰੂ ਤੇਗ ਬਹਾਦਰ ਜੀ, ਗੁਰੂ ਗੋਬਿੰਦ ਸਿੰਘ ਜੀ ਅਤੇ ਸਾਹਿਬਜ਼ਾਦਿਆਂ ਦੀ ਜ਼ਿੰਦਗੀ ਵਿੱਚੋਂ ਸਪੱਸ਼ਟ ਦਿਖਦਾ ਹੈ। ਇਹ ਮਾਤਾ ਜੀ ਦੀ ਹੱਲਾਸ਼ੇਰੀ ਕਾਰਨ ਹੀ ਸੰਭਵ ਹੋਇਆ ਕਿ ਸਾਹਿਬਜ਼ਾਦੇ ਅਡੋਲ ਰਹੇ। ਸ਼ਿਵਾ ਜੀ ਮਰਹੱਟੇ ਦੀ ਮਾਤਾ ਜੀਜਾ ਬਾਈ ਨੇ ਵੀ ਮੁਗ਼ਲ ਹਕੂਮਤ ਦੇ ਖ਼ਿਲਾਫ਼ ਆਪਣੇ ਪੁੱਤਰ ਨੂੰ ਸਿੱਖਿਅਤ ਕੀਤਾ। ਔਰਤ ਹਰ ਖੇਤਰ ਵਿੱਚ ਆਪਣਾ ਯੋਗਦਾਨ ਪਾ ਰਹੀ ਹੈ। ਦਫ਼ਤਰਾਂ ਵਿੱਚ ਕੰਮ ਕਰਨ ਤੋਂ ਲੈ ਕੇ ਫ਼ੌਜ ਵਰਗੇ ਸਖ਼ਤ ਅਨੁਸ਼ਾਸਨ ਵਾਲੀ ਡਿਊਟੀ ਵੀ ਅੱਜ ਕੱਲ੍ਹ ਔਰਤ ਨਿਭਾ ਰਹੀ ਹੈ। ਪੁਲੀਸ ਵਿਭਾਗ ਵਿੱਚ ਵੀ ਔਰਤਾਂ ਕੰਮ ਕਰ ਰਹੀਆਂ ਹਨ। ਇਸ ਡਿਊਟੀ ਵਿੱਚੋਂ ਉਨ੍ਹਾਂ ਦੀ ਦਲੇਰੀ ਝਲਕਦੀ ਹੈ। ਆਦਮੀਆਂ ਦੇ ਬਰਾਬਰ ਕੰਮ ਕਰਨ ਬਦਲੇ, ਔਰਤਾਂ ਨੂੰ ਬਰਾਬਰ ਦੀ ਤਨਖਾਹ ਅਤੇ ਅਧਿਕਾਰ ਪ੍ਰਾਪਤ ਹਨ। ਇਹੀ ਔਰਤ ਅਧਿਕਾਰੀ ਸੰਗੀਨ ਅਪਰਾਧਕ ਕੇਸਾਂ ਨੂੰ ਵੀ ਬੜੀ ਹਿੰਮਤ ਅਤੇ ਦਲੇਰੀ ਨਾਲ ਸੁਲਝਾਉਂਦੀਆਂ ਹਨ। ਇਸ ਹਿਸਾਬ ਨਾਲ ਔਰਤ ਕਮਜ਼ੋਰ ਨਹੀਂ ਹੈ, ਹਾਂ ਇੱਕਾ ਦੁੱਕਾ ਕੇਸ ਹੋ ਸਕਦੇ ਹਨ। ਅਪਰਾਧ ਕਰਨ ਵਿੱਚ ਔਰਤਾਂ ਦਾ ਨਕਾਰਾਤਮਕ ਰਵੱਈਆ ਉਨ੍ਹਾਂ ਦੀ ਕਠੋਰਤਾ ਅਤੇ ਨਿਡਰਤਾ ਦਾ ਸਬੂਤ ਦਿੰਦਾ ਹੈ। ਔਰਤਾਂ ਵੱਲੋਂ ਹਥਿਆਰ ਚੁੱਕਣਾ ਅਤੇ ਨਿਡਰਤਾ ਨਾਲ ਅੱਗੇ ਵਧਣਾ ਉਨ੍ਹਾਂ ਦੀ ਵੀਰਤਾ ਜਾਂ ਸਾਹਸ ਨੂੰ ਦਰਸਾਉਂਦਾ ਹੈ। ਇਹੋ ਜਿਹੀਆਂ ਉਦਾਹਰਨਾਂ ਲੋਕ ਗੀਤਾਂ ਵਿੱਚੋਂ ਮਿਲਦੀਆਂ ਹਨ:

ਨੰਦ ਕੁਰ, ਚੰਦ ਕੁਰ ਦੋਵੇਂ ਭੈਣਾਂ
ਦੋਵੇਂ ਮਾਰਦੀਆਂ ਡਾਕੇ
ਘੇਰ ਘੇਰ ਮੁੰਡੇ ਪਟੜੀ ਪਾ ਲੇ
ਦੂਰੋਂ ਸੁਣਨ ਭੜਾਕੇ।

ਔਰਤਾਂ ਦਾ ਡਾਕੂ ਬਣਨਾ ਜਾਂ ਡਾਕੂਆਂ ਨਾਲ ਰਲਣਾ ਵੀ ਉਨ੍ਹਾਂ ਦੀ ਦਲੇਰੀ, ਅਣਖ ਜਾਂ ਬੁਲੰਦ ਹੌਸਲੇ ਦਾ ਪ੍ਰਤੱਖ ਪ੍ਰਮਾਣ ਹੈ ਭਾਵੇਂ ਇਸ ਅਪਰਾਧਕ ਕਿੱਤੇ ਵਿੱਚ ਜਾਣ ਪਿੱਛੇ ਉਨ੍ਹਾਂ ਦੀ ਕੋਈ ਮਜਬੂਰੀ ਰਹੀ ਹੋਵੇ। ਔਰਤ ਆਪਣੇ ਨਾਲ ਹੋਈ ਜ਼ਿਆਦਤੀ ਦਾ ਬਦਲਾ ਲੈਣ ਦੇ ਸਮਰੱਥ ਹੈ। ਉਹ ਆਪਣੇ ਨਾਲ ਹੋਏ ਅਨਿਆਂ ਅਤੇ ਜ਼ਾਲਮਾਨਾ ਵਤੀਰੇ ਦੀ ਪੂਰੀ ਘੋਖ ਕਰਕੇ ਹੀ ਰਣਨੀਤੀ ਤਿਆਰ ਕਰਦੀ ਹੈ ਅਤੇ ਉਸ ਨੂੰ ਲੁਕਵੇਂ ਛੁਪਵੇਂ ਰੂਪ ਵਿੱਚ ਸ਼ੁਰੂ ਕਰ ਦਿੰਦੀ ਹੈ। ਉਹ ਲਲਕਾਰਦੀ ਹੈ, ਫਿਟਕਾਰਦੀ ਹੈ ਅਤੇ ਮੌਕਾ ਦੇਖ ਕੇ ਝਪਟ ਵੀ ਮਾਰਦੀ ਹੈ।

ਜਦੋਂ ਕਿਸੇ ਔਰਤ ਨੂੰ ਧਿਰ ਬਣ ਕੇ ਅਤੇ ਬਰਾਬਰ ਖੜ੍ਹ ਕੇ ਲੜਨ ਦਾ ਮੌਕਾ ਮਿਲਦਾ ਹੈ ਤਾਂ ਉਹ ਪਿੱਛੇ ਨਹੀਂ ਹਟਦੀ। ਉਹ ਸੱਚ ਨੂੰ ਸਵੀਕਾਰ ਕਰਦੀ ਹੈ ਅਤੇ ਸੱਚ ਦੀ ਖਾਤਰ ਲੜਦੀ ਹੈ। ਅਜਿਹੇ ਮੌਕੇ ਉਹ ਆਪਣੀ ਜਾਨ ਦੀ ਪਰਵਾਹ ਨਹੀਂ ਕਰਦੀ ਬਲਕਿ ਪੂਰੀ ਨਿਡਰਤਾ ਨਾਲ ਕਹਿੰਦੀ ਹੈ:

ਡਰਦੀ ਨਹੀਂ ਡਿਪਟੀ ਤੋਂ
ਰੱਬ ਨਾ ਫੱਤੀ ਨੂੰ ਮਾਰੇ

ਸਮਾਜ ਵਿੱਚ ਵਿਚਰਦੇ ਹਰ ਵਿਅਕਤੀ ਦਾ ਜੀਵਨ ਸੰਘਰਸ਼ ਵਿੱਚੋਂ ਲੰਘਦਾ ਹੈ। ਅਨੇਕਾਂ ਸਮੱਸਿਆਵਾਂ ਨਾਲ ਸੁਲਝਣਾ ਮਨੁੱਖ ਦਾ ਸੁਭਾਅ ਬਣ ਗਿਆ ਹੈ। ਇਹ ਸਮੱਸਿਆਵਾਂ ਸਿਰਫ਼ ਇੱਕ ਮਨੁੱਖ ਦੀਆਂ ਹੀ ਨਹੀਂ ਬਲਕਿ ਇੱਕ ਪਰਿਵਾਰ ਦੀਆਂ ਹਨ। ਇਸ ਪਰਿਵਾਰ ਵਿੱਚ ਮੁੱਖ ਵਿਅਕਤੀ ਦੋ ਹੀ ਹੁੰਦੇ ਹਨ ਔਰਤ ਅਤੇ ਮਰਦ। ਭਾਵੇਂ ਪਰਿਵਾਰ ਵਿੱਚ ਹੋਰ ਵੀ ਮੈਂਬਰ ਹੋਣ ਪ੍ਰੰਤੂ ਇਹ ਹੀ ਮੁਖੀ ਮੰਨੇ ਜਾਂਦੇ ਹਨ। ਦੋਵਾਂ ਦਾ ਰਲ ਕੇ ਪਰਿਵਾਰ ਨੂੰ ਚਲਾਉਣਾ ਅਤੇ ਪਾਲਣਾ ਹੀ ਮੁੱਖ ਕੰਮ ਹੈ। ਇਸ ਕੰਮ ਨੂੰ ਕਰਨ ਲਈ ਮਿਹਨਤ ਕਰਦਿਆਂ ਉਨ੍ਹਾਂ ਨੂੰ ਪੇਸ਼ ਆਉਣ ਵਾਲੀਆਂ ਦਿੱਕਤਾਂ ਦੂਰ ਕਰਨੀਆਂ ਪੈਂਦੀਆਂ ਹਨ ਅਤੇ ਭਵਿੱਖ ਵਿੱਚ ਸੁਖੀ ਜੀਵਨ ਬਤੀਤ ਕਰਨ ਲਈ ਨਵੀਆਂ ਵਿਉਂਤਾਂ ਘੜਨੀਆਂ ਪੈਂਦੀਆਂ ਹਨ। ਸੰਯੁਕਤ ਪਰਿਵਾਰਾਂ ਵਿੱਚ ਕਈ ਵਾਰ ਘਰੇਲੂ ਝੰਜਟ ਅਤੇ ਝਗੜੇ ਪੈਦਾ ਹੁੰਦੇ ਹਨ। ਜਿਸ ਕਾਰਨ ਪਰਿਵਾਰ ਵਿੱਚ ਦੋਫਾੜ ਤੱਕ ਗੱਲ ਪਹੁੰਚ ਜਾਂਦੀ ਹੈ। ਅਜਿਹੇ ਮੌਕੇ ਆਪਸੀ ਤਾਅਨੇ ਮਿਹਣੇ ਵੀ ਦਿੱਤੇ ਜਾਂਦੇ ਹਨ। ਸੋ ਝਗੜੇ ਦਾ ਫ਼ੈਸਲਾ ਕਰਨ ਲਈ ਪੰਚਾਇਤ ਦੀ ਲੋੜ ਪੈ ਜਾਂਦੀ ਹੈ। ਭਾਵੇਂ ਮਿਹਣੇ ਜ਼ਰਨਾ ਹਰ ਇੱਕ ਦੇ ਵੱਸ ਦੀ ਗੱਲ ਨਹੀਂ। ਬਹੁਤੀ ਵਾਰੀ ਇਨ੍ਹਾਂ ਤਾਅਨਿਆਂ-ਮਿਹਣਿਆਂ ਕਾਰਨ ਆਦਮੀ ਤੇ ਔਰਤਾਂ ਅਲੱਗ ਹੋਣ ਦਾ ਫ਼ੈਸਲਾ ਕਰ ਲੈਂਦੇ ਹਨ। ਇਸ ਸਮੇਂ ਦੀ ਸਥਿਤੀ ਨੂੰ ਦੇਖਦਿਆਂ ਲੋਕ ਗੀਤਾਂ ਰਾਹੀਂ ਇੰਝ ਦਰਸਾਇਆ ਗਿਆ ਹੈ:

ਪਹਿਲਾਂ ਉੱਠ ਕੇ ਦੁੱਧ ਮੈਂ ਰਿੜਕਾ
ਫੇਰ ਚੱਕੀ ਝੋਣ ਬਹਿੰਦੀ
ਆਏ ਗਏ ਦਾ ਆਦਰ ਕਰਦੀ
ਸਭ ਨੂੰ ਜੀ ਜੀ ਕਹਿੰਦੀ
ਬੋਲ ਸ਼ਰੀਕਾਂ ਦੇ
ਮੈਂ ਨਾ ਸਹਿੰਦੀ।

ਪਿੰਡਾਂ ਵਿੱਚ ਸ਼ਹਿਰਾਂ ਨਾਲੋਂ ਪਹਿਲਾਂ ਵੀ ਸੁੱਖ ਦੇ ਸਾਧਨ ਘੱਟ ਸਨ ਅਤੇ ਹੁਣ ਵੀ ਕੁਝ ਕਮੀ ਰੜਕਦੀ ਹੈ। ਆਮ ਕਹਾਵਤ ਅਨੁਸਾਰ ਸ਼ਹਿਰੀ ਲੋਕਾਂ ਨੂੰ ਚੁਸਤ ਸਮਝਿਆ ਜਾਂਦਾ ਹੈ ਪ੍ਰੰਤੂ ਪਿੰਡਾਂ ਵਾਲਿਆਂ ਨੂੰ ਭੋਲੇ ਭਾਲੇ। ਪਿੰਡਾਂ ਦੀਆਂ ਔਰਤਾਂ ਵੱਲੋਂ ਕੰਮ ਜ਼ਿਆਦਾ ਕਰਨ ਕਰਕੇ, ਉਨ੍ਹਾਂ ਨੂੰ ਕੰਮਕਾਜੀ ਔਰਤਾਂ ਦੇ ਤੌਰ 'ਤੇ ਜਾਣਿਆ ਜਾਂਦਾ ਹੈ। ਆਮ ਖ਼ਿਆਲ ਕੀਤਾ ਜਾਂਦਾ ਹੈ ਕਿ ਪੇਂਡੂ ਔਰਤਾਂ ਕੋਲ ਸਮਾਜਿਕ, ਰਾਜਨੀਤਕ ਅਤੇ ਹੋਰ ਤਬਦੀਲੀਆਂ ਦੀ ਬਹੁਤੀ ਜਾਣਕਾਰੀ ਨਹੀਂ ਹੁੰਦੀ ਪ੍ਰੰਤੂ ਇਸ ਵਿੱਚ ਸੱਚਾਈ ਨਹੀਂ। ਇਨ੍ਹਾਂ ਔਰਤਾਂ ਨੂੰ ਆਲੇ ਦੁਆਲੇ ਦੀ ਸਥਿਤੀ ਅਤੇ ਸਮਾਜਿਕ ਵਰਤਾਰੇ ਬਾਰੇ ਪੂਰੀ ਜਾਣਕਾਰੀ ਹੁੰਦੀ ਹੈ। ਸੋ ਇਸ ਬੁਲੰਦ ਆਵਾਜ਼ ਦੀ ਮਲਿਕਾ ਔਰਤ 'ਤੇ ਕਮਜ਼ੋਰੀ ਦਾ ਠੱਪਾ ਲਾਉਣਾ ਠੀਕ ਨਹੀਂ ਬਲਕਿ ਉਸ ਨੂੰ ਸਤਿਕਾਰ ਅਤੇ ਹੱਲਾਸ਼ੇਰੀ ਦੇਣ ਦੀ ਜ਼ਰੂਰਤ ਹੈ।






# ਪੰਜਾਬ ਦੇ ਆਰਥਿਕ ਵਿਕਾਸ ਲਈ ਖੇਤੀ ਸਨਅਤ ਦੀ ਲੋੜ



ਬੀ.ਐੱਸ. ਘੁੰਮਣ

ਪੰਜਾਬ ਦੇ ਅਰਥਚਾਰੇ ਵਿੱਚ ਵਿਕਾਸ ਤਾਂ ਹੋ ਰਿਹਾ ਹੈ ਪਰ ਇਸ ਦੀ ਗਤੀ ਹੋਰਨਾਂ ਸੂਬਿਆਂ ਨਾਲੋਂ ਮੱਠੀ ਹੈ। 2012 ਤੋਂ 2022 ਤੱਕ ਇਸ ਦੀ ਔਸਤ ਦਰ 5.04 ਫ਼ੀਸਦ ਰਹੀ ਹੈ ਜੋ ਗੁਜਰਾਤ (8.41 ਫ਼ੀਸਦ), ਕਰਨਾਟਕ (7.43 ਫ਼ੀਸਦ), ਹਰਿਆਣਾ (6.82 ਫ਼ੀਸਦ), ਮੱਧ ਪ੍ਰਦੇਸ਼ (6.75 ਫ਼ੀਸਦ), ਤਿਲੰਗਾਨਾ (6.62 ਫ਼ੀਸਦ), ਉੜੀਸਾ (6.59 ਫ਼ੀਸਦ) ਅਤੇ ਤਾਮਿਲਨਾਡੂ (6.01 ਫ਼ੀਸਦ) ਨਾਲੋਂ ਨੀਵੀਂ ਹੈ। ਪੰਜਾਬ ਦੀ ਵਿਕਾਸ ਦਰ ਨੀਵੀਂ ਰਹਿਣ ਪਿੱਛੇ ਮੁੱਖ ਤੌਰ ’ਤੇ ਚਾਰ ਕਾਰਕ ਗਿਣਾਏ ਜਾਂਦੇ ਹਨ: 1) ਸੂਬੇ ਨੇ ਵੱਡੇ ਪੈਮਾਨੇ ’ਤੇ ਸਨਅਤ ਨੂੰ ਵਿਕਸਤ ਕਰਨ ਲਈ ਭਾਰੀ ਅਤੇ ਪੂੰਜੀਗਤ ਵਸਤਾਂ ਦੇ ਸਨਅਤੀ ਮਾਡਲ ਜੋ ਮਹਾਲਾਨੋਬਿਸ ਮਾਡਲ ਵਜੋਂ ਜਾਣਿਆ ਜਾਂਦਾ ਹੈ, ਦਾ ਲਾਹਾ ਨਹੀਂ ਲਿਆ। 2) ਖੇਤੀਬਾੜੀ ਨੂੰ ਹੁਲਾਰਾ ਦੇਣ ਵਾਲੀ ਹਰੀ ਕ੍ਰਾਂਤੀ ਨੂੰ ਢੁਕਵੇਂ ਰੂਪ ਵਿਚ ਸਨਅਤ ਨਾਲ ਨਹੀਂ ਜੋੜਿਆ। 3) ਸੂਚਨਾ ਤਕਨਾਲੋਜੀ ਦੀਆਂ ਸੰਭਾਵਨਾਵਾਂ ਦਾ ਪੂਰਾ ਫਾਇਦਾ ਨਹੀਂ ਲਿਆ। 4) ਆਰਟੀਫੀਸ਼ੀਅਲ ਇੰਟੈਲੀਜੈਂਸ ਅਤੇ ਇੰਟਰਨੈੱਟ ਆਫ ਥਿੰਗਜ਼ (ਵਸਤਾਂ ਦੇ ਇੰਟਰਨੈੱਟ) ਦੀ ਅਗਵਾਈ ਵਾਲੀ ਚੌਥੀ ਸਨਅਤੀ ਕ੍ਰਾਂਤੀ ਲਈ ਹੁੰਗਾਰਾ ਮੱਠਾ ਰਿਹਾ ਹੈ। ਜੇ ਪੰਜਾਬ ਨੇ ਵਿਕਾਸ ਲਈ ਇਨ੍ਹਾਂ ਅਵਸਰਾਂ ਦਾ ਨਿੱਠ ਕੇ ਫਾਇਦਾ ਲਿਆ ਹੁੰਦਾ ਤਾਂ ਇਸ ਦੇ ਅਰਥਚਾਰੇ ਵਿੱਚ ਚੱਲ ਰਹੀ ਮੰਦੀ ਤੋਂ ਬਚਾਓ ਕੀਤਾ ਜਾ ਸਕਦਾ ਸੀ। ਉਂਝ, ਆਰਥਿਕ ਵਿਕਾਸ ਲਈ ਇਨ੍ਹਾਂ ਅਵਸਰਾਂ ਦੀ ਯੋਗ ਵਰਤੋਂ ਦੀਆਂ ਰਣਨੀਤੀਆਂ ਘੜਨ ਵਿੱਚ ਹਾਲੇ ਵੀ ਬਹੁਤੀ ਦੇਰ ਨਹੀਂ ਹੋਈ।

ਪੰਜਾਬ ਨੇ ਜੋ ਪਹਿਲਾ ਮੌਕਾ ਖੁੰਝਾਇਆ, ਉਹ ਭਾਰੀ ਸਨਅਤੀ ਮਾਡਲ ਨਾਲ ਸਬੰਧਿਤ ਸੀ। ਇਹ ਦੂਜੀ ਪੰਜ ਸਾਲਾ ਯੋਜਨਾ (1956-61) ਦੌਰਾਨ ਅਪਣਾਇਆ ਗਿਆ ਸੀ। ਇਸ ਮਾਡਲ ਤਹਿਤ ਭਾਰੀਆਂ ਅਤੇ ਬੁਨਿਆਦੀ ਸਨਅਤਾਂ ਵਿਕਸਤ ਕਰਨ ਲਈ ਤਰਜੀਹ ਦਿੱਤੀ ਗਈ ਸੀ। ਸਨਅਤੀ ਨੀਤੀ ਮਤੇ-1956 ਵਿੱਚ ਤੈਅ ਕੀਤਾ ਗਿਆ ਸੀ ਕਿ ਇਹ ਸਨਅਤਾਂ ਜਨਤਕ ਖੇਤਰ ਵਿੱਚ ਲਾਈਆਂ ਜਾਣਗੀਆਂ। ਕੇਂਦਰ ਦੇ ਜਨਤਕ ਖੇਤਰ ਦੇ ਉਦਮਾਂ (ਸੀਪੀਐੱਸਈਜ਼) ਵਿੱਚ ਨਿਵੇਸ਼ ਅਤੇ ਰੁਜ਼ਗਾਰ ਦਾ ਵੱਡਾ ਹਿੱਸਾ ਮਹਾਰਾਸ਼ਟਰ, ਉੱਤਰ ਪ੍ਰਦੇਸ਼, ਤਾਮਿਲ ਨਾਡੂ, ਉੜੀਸਾ, ਗੁਜਰਾਤ, ਛੱਤੀਸਗੜ੍ਹ, ਮੱਧ ਪ੍ਰਦੇਸ਼ ਅਤੇ ਕਰਨਾਟਕ ਜਿਹੇ ਸੂਬਿਆਂ ਨੂੰ ਦਿੱਤਾ ਗਿਆ। ਪੂੰਜੀ ਅਤੇ ਰੁਜ਼ਗਾਰ ਦੇ ਲਿਹਾਜ਼ ਤੋਂ ਕੇਂਦਰੀ ਉਦਮਾਂ ਵਿੱਚੋਂ ਪੰਜਾਬ ਨੂੰ ਮਾਮੂਲੀ ਹਿੱਸਾ ਹੀ ਮਿਲ ਸਕਿਆ। ਜਨਤਕ ਉਦਮ ਸਰਵੇਖਣ 2022-23 ਅਨੁਸਾਰ ਕੇਂਦਰੀ ਜਨਤਕ ਖੇਤਰ ਦੇ ਉਦਮਾਂ ਦੇ ਪੂੰਜੀਗਤ ਅਸਾਸਿਆਂ ਦੀ ਕੁੱਲ ਕੀਮਤ ਦਾ ਮਹਿਜ਼ 0.87 ਫ਼ੀਸਦ ਹਿੱਸਾ ਹੀ ਮਿਲਿਆ ਅਤੇ ਕੁੱਲ ਰੁਜ਼ਗਾਰ ਵਿੱਚ ਇਨ੍ਹਾਂ ਉਦਮਾਂ ਦਾ ਹਿੱਸਾ ਮਹਿਜ਼ 1.85 ਫ਼ੀਸਦ ਹੈ। ਸੀਪੀਐੱਸਈਜ਼ ਦੇ ਇਸ ਮਾਮੂਲੀ ਜਿਹੇ ਨਿਵੇਸ਼ ਕਰ ਕੇ ਪੰਜਾਬ ਭਾਰੀ ਸਨਅਤਾਂ ਦਾ ਵਿਕਾਸ ਕਰਨ ਤੋਂ ਵਿਰਵਾ ਰਹਿ ਗਿਆ ਜਿਵੇਂ ਸਨਅਤੀ ਵਿਕਾਸ ਦੇ ਢਾਂਚੇ ਤੋਂ ਖੁਲਾਸਾ ਹੁੰਦਾ ਹੈ ਕਿ ਪੰਜਾਬ ਦੀਆਂ ਕੁੱਲ ਸਨਅਤੀ ਇਕਾਈਆਂ ’ਚੋਂ ਦਰਮਿਆਨੀਆਂ ਅਤੇ ਵੱਡੀਆਂ ਸਨਅਤੀ ਇਕਾਈਆਂ ਦੀ ਸੰਖਿਆ ਇੱਕ ਫ਼ੀਸਦ ਤੋਂ ਵੀ ਘੱਟ ਬਣਦੀ ਹੈ।

ਪੰਜਾਬ ਆਪਣੀ ਖੇਤੀਬਾੜੀ ਅਤੇ ਸਨਅਤ ਵਿਚਕਾਰਲੇ ਸੂਤਰਾਂ ਨੂੰ ਮਜ਼ਬੂਤ ਕਰਨ ਵਿੱਚ ਨਾਕਾਮ ਰਿਹਾ ਹੈ। ਕੇਂਦਰ ਸਰਕਾਰ ਨੇ ਖੁਰਾਕ ਸੁਰੱਖਿਆ ਨੂੰ ਯਕੀਨੀ ਬਣਾਉਣ ਦੇ ਮਨਸ਼ੇ ਨਾਲ ਹਰੀ ਕ੍ਰਾਂਤੀ ਦਾ ਪ੍ਰੋਗਰਾਮ ਵਿੱਢਿਆ। ਪੰਜਾਬ ਕਣਕ ਝੋਨੇ ਦੇ ਉਤਪਾਦਨ ਵਿੱਚ ਸੁਧਾਰ ਕਰਨ ਦੇ ਮਾਮਲੇ ਵਿੱਚ ਮੋਹਰੀ ਸੂਬੇ ਵਜੋਂ ਉਭਰਿਆ। ਇਨ੍ਹਾਂ ਫ਼ਸਲਾਂ ਦਾ ਜ਼ਿਆਦਾਤਰ ਹਿੱਸਾ ਘੱਟੋ-ਘੱਟ ਸਮਰਥਨ ਮੁੱਲ ’ਤੇ ਖਰੀਦਿਆ ਜਾਂਦਾ ਸੀ ਜੋ ਬਾਅਦ ਵਿੱਚ ਕੇਂਦਰੀ ਪੂਲ ਵਿੱਚ ਚਲਾ ਜਾਂਦਾ ਸੀ। ਪੰਜਾਬ ਵਿੱਚ ਮੁਲਕ ਦੇ ਦੂਜੇ ਹਿੱਸਿਆਂ ਵਿੱਚ ਬਰਾਮਦ ਕਰਨ ਤੋਂ ਪਹਿਲਾਂ ਅਨਾਜ ਵਿੱਚ ਕੋਈ ਮੁੱਲ ਵਾਧਾ (ਵੈਲਿਊ ਅਡੀਸ਼ਨ) ਨਹੀਂ ਕੀਤਾ ਜਾਂਦਾ। ਪੰਜਾਬ ਦੇ ਕਿਸਾਨਾਂ ਅਤੇ ਰਾਜ ਸਰਕਾਰ ਨੂੰ ਖੇਤੀਬਾੜੀ ਵਿਚ ਹੋਏ ਵਿਕਾਸ ਦਾ ਲਾਭ ਮਿਲਿਆ ਪਰ ਇਸ ਨੂੰ ਖੇਤੀਬਾੜੀ ਤੋਂ ਅਗਾਂਹ ਰਾਜ ਦਾ ਭਵਿੱਖ ਨਹੀਂ ਵਿਉਂਤਿਆ ਜਿਸ ਕਰ ਕੇ ਖੇਤੀਬਾੜੀ ਦੀ ਸਫਲਤਾ ਨੂੰ ਸਨਅਤੀ ਵਿਕਾਸ ਨਾਲ ਇਕਜੁੱਟ ਕਰਨ ਦੀ ਵਿਉਂਤਬੰਦੀ ਨਹੀਂ ਕੀਤੀ ਜਾ ਸਕੀ। ਜੇ ਵਿਕਸਤ ਖੇਤੀਬਾੜੀ ਖੇਤਰ ਅਤੇ ਸਨਅਤ ਵਿਚਕਾਰ ਪੂਰਕ ਰਿਸ਼ਤੇ ਨੂੰ ਮਜ਼ਬੂਤ ਕਰਨ ਵਾਲਾ ਵਿਕਾਸ ਮਾਡਲ ਸਿਰਜਿਆ ਜਾਂਦਾ ਤਾਂ ਪੰਜਾਬ ਦੇ ਅਰਥਚਾਰੇ ਦੀ ਰਫ਼ਤਾਰ ਹੋਰਨਾਂ ਸੂਬਿਆਂ ਨਾਲੋਂ ਕਿਤੇ ਜ਼ਿਆਦਾ ਤੇਜ਼ ਹੋਣੀ ਸੀ।

ਪੰਜਾਬ ਕਾਫ਼ੀ ਹੱਦ ਤੱਕ ਸੂਚਨਾ ਤਕਨਾਲੋਜੀ ਦੀਆਂ ਸੰਭਾਵਨਾਵਾਂ ਦਾ ਵੀ ਲਾਹਾ ਨਹੀਂ ਲੈ ਸਕਿਆ ਹਾਲਾਂਕਿ ਇੱਥੇ ਤਕਨੀਕੀ ਸਿੱਖਿਆ ਸੰਸਥਾਵਾਂ ਦਾ ਵਿਕਸਤ ਢਾਂਚਾ ਅਤੇ ਸਿੱਖਿਅਤ ਤਕਨੀਕੀ ਗ੍ਰੈਜੂਏਟ ਮੌਜੂਦ ਹਨ। ਸੂਚਨਾ ਤਕਨਾਲੋਜੀ ਦੀ ਕ੍ਰਾਂਤੀ ਦੀ ਅਣਹੋਂਦ ਵਿੱਚ ਪੰਜਾਬ ਦੇ ਬਹੁਤੇ ਗ੍ਰੈਜੂਏਟਾਂ ਨੂੰ ਰੁਜ਼ਗਾਰ ਲਈ ਬੰਗਲੂਰੂ, ਹੈਦਰਾਬਾਦ, ਚੇਨਈ ਅਤੇ ਗੁਰੂਗ੍ਰਾਮ ਜਿਹੇ ਸ਼ਹਿਰਾਂ ਦਾ ਰੁਖ਼ ਕਰਨਾ ਪੈਂਦਾ ਹੈ। ਬਿਨਾਂ ਸ਼ੱਕ, ਪੰਜਾਬ ਵਿੱਚ ਖ਼ਾਸਕਰ ਮੁਹਾਲੀ ’ਚ ਆਈ.ਟੀ. ਹੱਬ ਵਿਕਸਤ ਕਰਨ ਦੀਆਂ ਕੋਸ਼ਿਸ਼ਾਂ ਹੋਈਆਂ ਅਤੇ ਸ਼ੁਰੂ ਵਿੱਚ ਇਨ੍ਹਾਂ ਨੂੰ ਆਈ.ਟੀ. ਕੰਪਨੀਆਂ ਦਾ ਚੰਗਾ ਹੁੰਗਾਰਾ ਵੀ ਮਿਲਿਆ ਪਰ ਸੂਚਨਾ ਤਕਨਾਲੋਜੀ ਨੀਤੀ ਨਾ ਹੋਣ ਕਰ ਕੇ ਮੁਹਾਲੀ ਗੁਰੂਗ੍ਰਾਮ, ਬੰਗਲੂਰੂ, ਹੈਦਰਾਬਾਦ ਅਤੇ ਚੇਨਈ ਦੀਆਂ ਆਈ.ਟੀ. ਹੱਬਾਂ ਦੇ ਮੁਕਾਬਲੇ ਨਹੀਂ ਉੱਭਰ ਸਕਿਆ।

ਇੱਕ ਹੋਰ ਮੌਕਾ ਜੋ ਪੰਜਾਬ ਨੇ ਖੁੰਝਾਇਆ ਹੈ, ਉਹ ਚੌਥੀ ਸਨਅਤੀ ਕ੍ਰਾਂਤੀ ਨਾਲ ਜੁੜਿਆ ਹੈ। ਇਹ ਕ੍ਰਾਂਤੀ ਹੋਰਨਾਂ ਕਾਰਕਾਂ ਤੋਂ ਇਲਾਵਾ ਆਰਟੀਫੀਸ਼ੀਅਲ ਇੰਟੈਲੀਜੈਂਸ, ਇੰਟਰਨੈੱਟ ਆਫ ਥਿੰਗਜ਼ ਅਤੇ 3ਡੀ ਪ੍ਰਿੰਟਿੰਗ ਜਿਹੀਆਂ ਸਮਾਰਟ ਤਕਨਾਲੋਜੀਆਂ ਨਾਲ ਸੰਚਾਲਤ ਹੁੰਦਾ ਹੈ। ਇਸ ਕ੍ਰਾਂਤੀ ਦੀ ਸਫਲਤਾ ਮੁੱਖ ਤੌਰ ’ਤੇ ਸਨਅਤ ਅਤੇ ਸਿੱਖਿਆ ਸੰਸਥਾਵਾਂ ਵਿਚਕਾਰ ਸਾਂਝੇਦਾਰੀ ਉਪਰ ਮੁਨੱਸਰ ਕਰਦੀ ਹੈ। ਪੰਜਾਬ ਕੋਲ ਸਿੱਖਿਆ ਸੰਸਥਾਵਾਂ ਦਾ ਵਿਆਪਕ ਤਾਣਾ ਬਾਣਾ ਮੌਜੂਦ ਹੈ ਜਿਨ੍ਹਾਂ ਵਿੱਚ 40 ਯੂਨੀਵਰਸਿਟੀਆਂ, 80 ਇੰਜਨੀਅਰਿੰਗ, ਤਕਨਾਲੋਜੀ ਤੇ ਆਰਕੀਟੈਕਚਰ ਕਾਲਜ, 499 ਆਰਟਸ, ਸਾਇੰਸ ਤੇ ਕਾਮਰਸ ਕਾਲਜ ਅਤੇ 12 ਮੈਡੀਕਲ ਕਾਲਜ ਸ਼ਾਮਲ ਹਨ। ਪੰਜਾਬ ਵਿੱਚ ਅਜਿਹੀਆਂ ਕੰਪਨੀਆਂ ਮੌਜੂਦ ਹਨ ਜੋ ਸਮਾਰਟ ਤਕਨਾਲੋਜੀਆਂ ਦੇ ਖੇਤਰ ਵਿੱਚ ਸਰਗਰਮ ਹਨ। ਇਨ੍ਹਾਂ ਤੋਂ ਇਲਾਵਾ ਪੰਜਾਬ ਕੋਲ ਵਿਸ਼ਾਲ ਪਰਵਾਸੀ ਭਾਈਚਾਰਾ ਵੀ ਹੈ ਜਿਸ ਦਾ ਸਿੱਖਿਆ ਅਤੇ ਸਮਾਰਟ ਤਕਨਾਲੋਜੀਆਂ ਦੀ ਵਰਤੋਂ ਦੀਆਂ ਸਨਅਤਾਂ ਦਾ ਚੋਖਾ ਤਜਰਬਾ ਹੈ। ਮੰਦੇ ਭਾਗੀਂ ਪੰਜਾਬ ਵਿੱਚ ਸਾਰੇ ਹਿੱਤਧਾਰਕ ਆਪੋ-ਆਪਣੇ ਖੇਮਿਆਂ ਵਿੱਚ ਹੀ ਵਿਚਰ ਰਹੇ ਹਨ ਜਿਸ ਕਰ ਕੇ ਉਨ੍ਹਾਂ ਦਰਮਿਆਨ ਆਪਸੀ ਤਾਲਮੇਲ ਤੇ ਸਾਂਝ ਪੈਦਾ ਨਹੀਂ ਹੋ ਰਹੀ।

ਸਾਰੀਆਂ ਊਣਤਾਈਆਂ ਦੇ ਬਾਵਜੂਦ ਪੰਜਾਬ ਆਰਥਿਕ ਵਿਕਾਸ ਦੀਆਂ ਸੰਭਾਵਨਾਵਾਂ ਖੋਲ੍ਹ ਸਕਦਾ ਹੈ। 1991 ਵਿੱਚ ਆਰਥਿਕ ਸੁਧਾਰਾਂ ਕਰ ਕੇ ਜਨਤਕ ਖੇਤਰ ਦੀ ਭੂਮਿਕਾ ਵਿੱਚ ਕਮੀ ਆਉਣ ਦੇ ਬਾਵਜੂਦ ਪੰਜਾਬ ਆਪਣੇ ਜਨਤਕ ਉਦਮਾਂ ਵਿੱਚ ਨਵੀਂ ਰੂਹ ਫੂਕ ਕੇ ਅਤੇ ਸਰਕਾਰੀ ਨਿੱਜੀ ਭਿਆਲੀ ਮਾਡਲ ਦੀ ਵਰਤੋਂ ਕਰ ਕੇ ਭਾਰੀ ਸਨਅਤ ਦੇ ਫਾਇਦੇ ਚੁੱਕ ਸਕਦਾ ਹੈ। ਕੇਂਦਰ ਸਰਕਾਰ ਉਚ ਤਕਨੀਕੀ ਬੁਨਿਆਦੀ ਢਾਂਚਾ ਵਿਕਸਤ ਕਰਨ ਲਈ ਬਹੁਤ ਭਾਰੀ ਨਿਵੇਸ਼ ਕਰ ਰਹੀ ਹੈ। ਪੰਜਾਬ ਸਰਕਾਰ ਨੂੰ ਆਲਮੀ ਮਿਆਰ ਦਾ ਬੁਨਿਆਦੀ ਢਾਂਚਾ ਤਿਆਰ ਕਰਨ ਲਈ ਕੇਂਦਰ ਨੂੰ ਢੁਕਵੀਆਂ ਤਜਵੀਜ਼ਾਂ ਭੇਜਣੀਆਂ ਚਾਹੀਦੀਆਂ ਹਨ ਜਿਸ ਨਾਲ ਅਰਥਚਾਰੇ ਉੱਪਰ ਭਰਵਾਂ ਅਸਰ ਪੈ ਸਕਦਾ ਹੈ।

ਖੇਤੀਬਾੜੀ ਵਿੱਚ ਵਿਕਸਤ ਸੂਬਾ ਹੋਣ ਸਦਕਾ ਪੰਜਾਬ ਕੋਲ ਖੇਤੀ ਸਨਅਤਾਂ ਲਾਉਣ, ਖ਼ਾਸਕਰ ਫੂਡ ਪ੍ਰਾਸੈਸਿੰਗ ਅਤੇ ਖੇਤੀਬਾੜੀ ਦੀ ਰਹਿੰਦ ਖੂੰਹਦ ਆਧਾਰਿਤ ਊਰਜਾ ਪੈਦਾਵਾਰ ਨਾਲ ਸਬੰਧਿਤ ਅਥਾਹ ਸੰਭਾਵਨਾਵਾਂ ਹਨ। ਪੰਜਾਬ ਸਰਕਾਰ ਨੂੰ ਕਿਸਾਨਾਂ, ਨੌਜਵਾਨਾਂ ਅਤੇ ਸਨਅਤਕਾਰਾਂ ਨਾਲ ਸਲਾਹ ਮਸ਼ਵਰਾ ਕਰ ਕੇ ਅਜਿਹੀਆਂ ਸਨਅਤਾਂ ਵਿਕਸਤ ਕਰਨ ਲਈ ਖਾਕਾ ਤਿਆਰ ਕਰਨਾ ਚਾਹੀਦਾ ਹੈ। ਸੂਬਾ ਸਮੁੰਦਰੀ ਬੰਦਰਗਾਹ ਤੋਂ ਦੂਰ ਹੋਣ, ਖਣਿਜ ਪਦਾਰਥਾਂ ਦੀ ਘਾਟ ਅਤੇ ਮਹਿੰਗੀ ਜ਼ਮੀਨ ਜਿਹੀਆਂ ਦਿੱਕਤਾਂ ਨੂੰ ਮੁਖ਼ਾਤਬ ਹੋ ਕੇ ਸੂਚਨਾ ਤੇ ਸਮਾਰਟ ਤਕਨਾਲੋਜੀਆਂ ਅਤੇ ਆਨਲਾਈਨ ਮਾਰਕੀਟਿੰਗ ਜ਼ਰੀਏ ਸਨਅਤੀਕਰਨ ਨੂੰ ਹੁਲਾਰਾ ਦਿੱਤਾ ਜਾ ਸਕਦਾ ਹੈ। ਇਨ੍ਹਾਂ ਸਨਅਤਾਂ ਲਈ ਜ਼ਮੀਨ ਦੀ ਲੋੜ ਘੱਟ ਪੈਂਦੀ ਹੈ, ਬਹੁਤੀ ਗਿਆਨ ਸਮੱਗਰੀ ਅਤੇ ਹਲਕੇ ਕੱਚੇ ਮਾਲ ਦੀ ਲੋੜ ਪੈਂਦੀ ਹੈ ਜੋ ਬਾਹਰੋਂ ਅਸਾਨੀ ਨਾਲ ਮੰਗਵਾਇਆ ਜਾ ਸਕਦਾ ਹੈ। ਇਹ ਸਨਅਤਾਂ ਉਚ ਕੀਮਤ ਵਾਲੀ ਪੈਦਾਵਾਰ ਕਰਦੀਆਂ ਹਨ ਅਤੇ ਇਨ੍ਹਾਂ ਦਾ ਈ-ਮਾਰਕੀਟਿੰਗ ਦਾ ਤਰੀਕਾਕਾਰ ਵੀ ਕਾਫ਼ੀ ਕਿਫ਼ਾਇਤੀ ਹੁੰਦਾ ਹੈ।

ਇਸ ਨੂੰ ਸਾਕਾਰ ਕਰਨ ਲਈ ਸਰਕਾਰ ਨੂੰ ਸਿੱਖਿਆ ਸੰਸਥਾਵਾਂ, ਸੂਚਨਾ ਤਕਨਾਲੋਜੀ ਅਤੇ ਸਮਾਰਟ ਤਕਨਾਲੋਜੀਆਂ ਦੀ ਅਗਵਾਈ ਵਾਲੀ ਸਨਅਤ ਅਤੇ ਪਰਵਾਸੀ ਭਾਈਚਾਰੇ ਲਈ ਸਾਂਝਾ ਸੰਸਥਾਈ ਮੰਚ ਮੁਹੱਈਆ ਕਰਵਾਉਣਾ ਚਾਹੀਦਾ ਹੈ ਤਾਂ ਕਿ ਪੰਜਾਬ ਵਿਕਾਸ ਲਈ ਚੌਥੀ ਸਨਅਤੀ ਕ੍ਰਾਂਤੀ ਦਾ ਭਰਵਾਂ ਲਾਹਾ ਉਠਾ ਸਕੇ।

***ਲੇਖਕ ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਸਾਬਕਾ ਉਪ ਕੁਲਪਤੀ ਹਨ।**





ਪ੍ਰਮਿੰਦਰ ਸਿੰਘ ਪ੍ਰਵਾਨਾ
510-415-9377

# ਭਾਈ ਨੰਦ ਲਾਲ ਗੋਯਾ

## (52 ਕਵੀਆਂ ਵਿਚੋਂ)



ਭਾਈ ਨੰਦ ਲਾਲ ਗੋਯਾ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੇ ਬੜੇ ਸ਼ਰਧਾਵਾਨ ਸ਼ਰਧਾਲੂ ਸਨ। ਉਹ ਪੰਜਾਬ ਖੇਤਰ ਵਿੱਚ ਸਤਾਰਵੀਂ ਸਦੀ ਦੇ ਇੱਕ ਪੰਜਾਬੀ, ਫ਼ਾਰਸੀ ਅਤੇ ਅਰਬੀ ਦੇ ਕਵੀ ਸਨ। ਉਹਨਾਂ ਆਪਣੇ ਪਿਤਾ ਪਾਸੋਂ ਇਹ ਭਾਸ਼ਾਵਾਂ ਸਿੱਖ ਲਈਆਂ ਸਨ। ਉਹਨਾਂ 12 ਸਾਲ ਦੀ ਉਮਰ ਵਿੱਚ ਗੋਯਾ ਤਖਲਸ ਹੇਠ ਕਵਿਤਾ ਲਿਖਣੀ ਸ਼ੁਰੂ ਕਰ ਦਿੱਤੀ ਸੀ। ਉਹ ਗੁਰੂ ਸਾਹਿਬ ਜੀ ਦੀ ਸਿੱਖਿਆ ਅਤੇ ਸਿਧਾਂਤ ਦੇ ਖੋਜ਼ੀ ਸਨ। ਉਸ ਦੀ ਕਵਿਤਾ 'ਜੋਤ ਵਿਗਾਸ' ਪੰਜਾਬੀ ਵਿੱਚ ਹੈ ਤੇ ਪ੍ਰਵਾਨਿਤ ਸਿੱਖ ਸਿਧਾਂਤ ਦਾ ਹਿੱਸਾ ਹੈ ਅਤੇ ਸਿੱਖ ਧਾਰਮਿਕ ਦੀਵਾਨਾਂ ਵਿੱਚ ਸ਼ਾਸ਼ਤਰੀ ਬਾਣੀ ਨਾਲ ਸੁਣਾਈ ਜਾ ਸਕਦੀ ਹੈ। ਉਹਨਾਂ ਦੀ ਰਚਨਾ ਵਿੱਚ ਸੰਗੀਤਕ ਪੇਸ਼ਕਾਰੀ ਵੀ ਹੈ। ਬਾਕੀ ਦੀ ਕਵਿਤਾ ਫਾਰਸੀ ਵਿੱਚ ਹੈ।

ਗੋਯਾ ਦਾ ਜਨਮ 1633 ਈਸਵੀ ਵਿੱਚ ਅਫ਼ਗਾਨਿਸਤਾਨ ਦੇ ਗਜ਼ਨੀ ਕਸਬੇ ਵਿੱਚ ਖੱਤਰੀ ਪ੍ਰਵਾਰ ਵਿੱਚ ਹੋਇਆ। ਇਹਨਾਂ ਦਾ ਵਰਗ ਮੁਗਲ ਕਾਲ ਵਿੱਚ ਫ਼ਾਰਸੀ, ਜੋ ਕਿ ਸਰਕਾਰੀ ਭਾਸ਼ਾ ਸੀ, ਨੂੰ ਸਿੱਖਣ ਵਿੱਚ ਵਿਵਹਾਰਕ ਮੁਹਾਰਤ ਰੱਖਣ ਲਈ ਵੱਖਰਾ ਸੀ। ਉਹਨਾਂ ਦੇ ਪਿਤਾ ਛੱਜੂ ਮੱਲ ਜੀ ਗਜ਼ਨੀ ਦੇ ਨਵਾਬ ਕੋਲ ਮੀਰ ਮੁਨਸ਼ੀ ਸਨ। ਨਵਾਬ ਉਨ੍ਹਾਂ 'ਤੇ ਬੜਾ ਵਿਸ਼ਵਾਸ ਕਰਦਾ ਸੀ। ਇਸ ਲਈ ਕਈ ਮਹੱਤਵਪੂਰਨ ਮਹਿਕਮੇ ਜਿਵੇਂ ਲੋਕ ਸੇਵਾ, ਰਾਜ ਸੇਵਾ, ਸੈਨਾ, ਆਬਕਾਰੀ ਆਦਿ ਮਿਲੇ ਹੋਏ ਸਨ। ਉਸ ਦੀ 50 ਸਾਲ ਦੀ ਉਮਰ ਤੱਕ ਕੋਈ ਔਲਾਦ ਨਹੀਂ ਸੀ ਕਿਉਂਕਿ ਹਰ ਬੱਚਾ 2–3 ਸਾਲ ਦੀ ਉਮਰ ਵਿੱਚ ਮਰ ਜਾਂਦਾ ਸੀ। ਤਦ 51 ਸਾਲ ਦੀ ਉਮਰ ਵਿੱਚ ਪੁੱਤਰ ਨੰਦ ਲਲ ਪੈਦਾ ਹੋਇਆ ਪਰ ਕੋਈ ਖੁਸ਼ੀ ਦੀ ਰਸਮ ਨਾ ਕੀਤੀ ਗਈ ਕਿਉਂਕਿ ਪੁੱਤਰ ਦੇ ਬੱਚਣ ਦੀ ਕੋਈ ਉਮੀਦ ਨਹੀਂ ਸੀ।

ਜਦੋਂ ਨੰਦ ਲਾਲ 6 ਸਾਲ ਹੋਇਆ ਤਾਂ ਮੌਲਵੀ ਕੋਲੋਂ ਫਾਰਸੀ ਪੜਨੀ ਸ਼ੁਰੂ ਕੀਤੀ, ਜੋ ਸਰਕਾਰੀ ਭਾਸ਼ਾ ਸੀ। ਉਸ ਨੇ ਅਰਬੀ ਵੀ ਸਿੱਖ ਲਈ, ਉਹ ਬਚਪਣ ਤੋਂ ਹੀ ਇੱਕ ਹੁਸ਼ਿਆਰ ਚਿੰਤਕ ਸੀ। ਦੀਵਾਨ ਛੱਜੂ ਰਾਮ ਬੈਰਾਗੀ ਮੱਤ ਦੇ ਬਾਨੀ ਗੋਸੈਨ ਰਾਮਾਨੰਦ ਦੇ ਸ਼ਰਧਾਲੂ ਸੀ। ਜਦੋਂ ਨੰਦ ਲਾਲ 12 ਸਾਲ ਦਾ ਹੋਇਆ ਤਾਂ ਪਿਤਾ ਨੇ ਕੈਂਠੀ ਦੀ ਰਸਮ ਅਦਾ ਕਰਨ ਲਈ ਆਪਣੇ ਗੁਰੂ ਨੂੰ ਬੁਲਾਇਆ ਅਤੇ ਭੰਡਾਰਾ ਚਲਾਇਆ। ਗੁਰੂ ਜੀ ਨੇ ਕੈਂਠੀ ਦੀ ਰਸਮ ਲਈ ਨੰਦ ਲਾਲ ਨੂੰ ਕੈਂਠੀ ਪਾਉਣ ਲਈ ਕਿਹਾ। ਨੰਦ ਲਾਲ ਨੇ ਨਾਂਹ ਕਰ ਦਿੱਤੀ ਕਿ ਇਹ ਤਾਂ ਲਕੜੀ ਉਤੇ ਵਲੇਟੇ ਧਾਗੇ ਦੀ ਬਣੀ ਹੈ ਕਦੇ ਵੀ ਟੁੱਟ ਸਕਦੀ ਹੈ। ਮੈਨੂੰ ਤਾਂ ਰੱਬ ਦੇ ਨਾਮ ਦੀ ਮਾਲਾ ਚਾਹੀਦੀ ਹੈ, ਜੋ ਮੇਰੇ ਨਾਲ ਨਿਭੇ। ਪਿਤਾ ਬੜੇ ਨਾਰਾਜ਼ ਹੋਏ ਤੇ ਮੁੜ ਵਿਚਾਰ ਕਰਨ ਲਈ ਕਿਹਾ।

ਤਿੰਨ ਦਿਨਾਂ ਬਾਅਦ ਫਿਰ ਪਿਤਾ ਗੁਰੂ ਕੋਲ ਗਿਆ ਕਿ ਮੇਰੇ ਪੁੱਤਰ ਨੂੰ ਕੈਂਠੀ ਪਾਓ। ਗੁਰੂ ਨੇ ਕਿਹਾ ਕਿ ਨੰਦ ਲਾਲ ਨੂੰ ਆਜ਼ਾਦ ਰਹਿਣ ਦਿਓ। ਪਿਤਾ ਨੇ ਇਹ ਕੈਂਠੀ ਪਾਉਣ ਦਾ ਖ਼ਿਆਲ ਹਮੇਸ਼ਾ ਲਈ ਛੱਡ ਦਿੱਤਾ। ਨੰਦ ਲਾਲ ਹੁਣ ਤੱਕ ਇੱਕ ਵਿਦਵਾਨ ਬਣ ਚੁੱਕਾ ਸੀ। ਉਸ ਦੀ ਕਵਿਤਾ ਦੀ ਮਹਿਕ ਦੂਰ ਦੂਰ ਤੱਕ ਫੈਲ ਗਈ। ਉਸ ਦੇ ਚਰਚੇ ਹੋਣ ਲੱਗੇ। ਜਦੋਂ ਉਹ 17 ਸਾਲ ਦਾ ਸੀ, ਮਾਤਾ ਦਾ ਦੇਹਾਂਤ ਹੋ ਗਿਆ। ਫਿਰ ਜਦ 19 ਸਾਲ ਦਾ ਹੋਇਆ ਤਾਂ ਪਿਤਾ ਦਾ ਵੀ ਦੇਹਾਂਤ ਹੋ ਗਿਆ।

ਆਪਣੇ ਪਿਤਾ ਦੀਆਂ ਅੰਤਮ ਰਸਮਾਂ ਨਿਭਾਉਣ ਤੋਂ ਬਾਅਦ ਉਹ ਨਵਾਬ ਕੋਲ ਗਿਆ ਕਿ ਮੈਨੂੰ ਮੇਰੇ ਪਿਤਾ ਦੀ ਨੌਕਰੀ 'ਤੇ ਰੱਖ ਲਓ। ਨਵਾਬ ਨੇ ਕਿਹਾ ਕਿ ਤੇਰੇ ਪਿਤਾ ਕੋਲ ਤਜਰਬਾ ਸੀ, ਤੇਰੇ ਕੋਲ ਅਜੇ ਉਹ ਤਜਰਬਾ ਨਹੀਂ ਹੈ। ਇਸ ਲਈ ਤੂੰ ਹੇਠਲੇ ਦਰਜੇ ਦੀ ਨੌਕਰੀ ਕਰ ਲੈ। ਨੰਦ ਲਾਲ ਨੇ ਨੌਕਰੀ ਤੋਂ ਨਾਂਹ ਕਰ ਦਿੱਤੀ। ਉਸ ਨੇ ਗਜ਼ਨੀ ਨੂੰ ਛੱਡਣ ਦਾ ਇਰਾਦਾ ਬਣਾ ਲਿਆ। ਦੀਵਾਨ ਛੱਜੂ ਰਾਮ ਨੇ ਆਪਣੀ ਜਾਇਦਾਦ ਬਣਾਈ ਹੋਈ ਸੀ। ਗੋਯਾ ਨੇ ਸਾਰੀ ਜਾਇਦਾਦ ਦਾ ਮੁੱਲ ਵੱਟ ਲਿਆ। ਉਸ ਨੇ ਦੋ ਨੌਕਰ ਰੱਖ ਲਏ। ਤਦ ਪਠਾਣਾ ਦਾ ਇੱਕ ਕਾਫ਼ਲਾ ਵੀ ਮੁਲਤਾਨ ਛੱਡਣ ਦੀ ਤਿਆਰੀ ਕਰ ਰਿਹਾ ਸੀ। ਉਸ ਦਾ ਪਿਤਾ ਗੋਯਾ ਦੇ ਪਿਤਾ ਦਾ ਦੋਸਤ ਸੀ। ਉਸ ਨੇ ਕਿਹਾ ਕਿ ਉਹ ਤੈਨੂੰ ਆਪਣੇ ਨਾਲ ਮੁਲਤਾਨ ਲੈ ਜਾਵੇਗਾ।

ਇੱਕ ਮਹੀਨੇ ਬਾਅਦ ਕਾਫ਼ਲਾ ਤੁਰਨ ਲਈ ਤਿਆਰ ਸੀ। ਮੁਲਤਾਨ ਜਾਣ ਲਈ ਗੋਯਾ ਨੇ ਦੋ ਖੱਚਰਾਂ ਲੈ ਲਈਆਂ। ਇੱਕ 'ਤੇ ਆਪਣਾ ਸਮਾਨ ਅਤੇ ਦੂਸਰੀ 'ਤੇ ਨੌਕਰਾਂ ਦਾ ਸਮਾਨ ਲੱਦ ਲਿਆ। ਯਾਤਰਾ ਤੋਂ ਬਾਅਦ ਗੋਯਾ ਮੁਲਤਾਨ ਪਹੁੰਚ ਗਿਆ। ਉਹ ਮੁਲਤਾਨ ਕਸਬੇ ਵਿੱਚ ਆਪਣੇ ਨੌਕਰਾਂ ਸਮੇਤ ਰਹਿਣ ਲੱਗਾ ਪਰ ਕਸਬਾ ਸੰਘਣੀ ਆਬਾਦੀ ਦਾ ਸੀ। ਉਸ ਨੂੰ ਜਗ੍ਹਾ ਪਸੰਦ ਨਲ ਆਈ। ਇੱਕ ਦਿਨ ਉਹ ਘੁੰਮਣ ਲਈ ਨਿਕਲਿਆ ਤਾਂ ਦਿੱਲੀ ਗੇਟ ਦੇ ਇਲਾਕੇ ਵਿੱਚ ਪਹੁੰਚ ਗਿਆ। ਨੇੜੇ ਹੀ ਉਸ ਨੇ ਖੂਹ ਵੇਖਿਆ ਉਥੇ 2–3 ਖੱਤਰੀਆਂ ਦੇ ਘਰ ਸਨ। ਉਹ ਉਹਨਾਂ ਨੂੰ ਮਿਲਿਆ। ਉਥੇ ਰਹਿਣ ਦਾ ਮਨ ਬਣਾ ਲਿਆ। ਉਸ ਨੇ ਕੁਝ ਜ਼ਮੀਨ ਖਰੀਦ ਕੇ ਆਪਣੇ ਰਹਿਣ ਲਈ ਇੱਕ ਸੁੰਦਰ ਮਕਾਨ ਬਣਾ ਲਿਆ। ਉਸ ਨੇ ਹੋਰ ਲੋਕਾਂ ਨੂੰ ਵੀ ਉਥੇ ਆ ਕੇ ਵੱਸਣ ਲਈ ਪ੍ਰੇਰਿਆ। ਲੋੜਵੰਦਾਂ ਨੂੰ ਮਕਾਨ ਬਣਾਉਣ ਲਈ ਕਰਜ਼ਾ ਵੀ ਦਿੱਤਾ। ਇਸ ਤਰਾਂ ਕਈ ਹਿੰਦੂ ਅਤੇ ਮੁਸਲਮਾਨਾਂ ਨੇ ਉਥੇ ਘਰ ਬਣਾ ਲਏ। ਜਦੋਂ ਆਬਾਦੀ ਵੱਧ ਗਈ ਤਾਂ ਜਗ੍ਹਾ ਦਾ ਨਾਓਂ ਉਸ ਨੇ ਆਗਾਪੁਰ ਰੱਖ ਦਿੱਤਾ। ਉਸ ਦੇ ਨੌਕਰ ਉਸ ਨੂੰ ਆਗਾ ਬੁਲਾਉਂਦੇ ਸਨ।

ਉਥੇ ਦਾ ਇੱਕ ਖੱਤਰੀ ਵੇਖ ਰਿਹਾ ਸੀ ਕਿ ਇਹ ਨੌਜਵਾਨ ਚੰਗਾ ਹੈ, ਪੜਿਆ ਲਿਖਿਆ ਹੈ, ਪੈਸੇ ਵਾਲਾ ਵੀ ਹੈ। ਉਸ ਨੇ ਆਪਣੀ ਧੀ ਦਾ ਵਿਆਹ ਗੋਯਾ ਨਾਲ ਕਰ ਦਿੱਤਾ। ਉਸ ਦੀ ਘਰਵਾਲੀ ਚੰਗੀ ਘਰੇਲੂ ਸੁਆਣੀ ਸੀ।

ਆਪਣੀ 21 ਸਾਲ ਦੀ ਉਮਰ ਤੱਕ ਗੋਯਾ ਕਿਸੇ ਧਰਮ ਦਾ ਸ਼ਰਧਾਲੂ ਨਹੀਂ ਸੀ ਪਰ ਉਸ ਦੀ ਘਰ ਵਾਲੀ ਗੁਰੂ ਨਾਨਕ ਦੀ ਬਾਣੀ ਵਿੱਚ ਵਿਸ਼ਵਾਸ ਰੱਖਣ ਵਾਲੇ ਪ੍ਰਵਾਰ ਵਿਚੋਂ ਸੀ। ਉਹ ਸਾਰੇ ਗੁਰਬਾਣੀ ਗਾਉਂਦੇ ਸਨ। ਨੇੜੇ ਹੀ ਬੇਦੀ ਸਿੱਖਾਂ ਦਾ ਗੁਰਦੁਆਰਾ ਸੀ। ਜਿਸਦਾ ਨਾਉਂ ਬਾਅਦ ਵਿੱਚ ਧਰਮਸ਼ਾਲਾ ਬਾਵਾ ਕਾਹਨਪੱਤ ਹੋ ਗਿਆ। ਉਹ ਵੀ ਪ੍ਰਵਾਰ ਨਾਲ ਗੁਰਦੁਆਰੇ ਜਾਣ ਲੱਗੇ। ਗੁਰਮੁੱਖੀ ਵੀ ਸਿੱਖ ਲਈ ਤੇ ਬਹੁਤ ਸਾਰੀ ਗੁਰਬਾਣੀ ਹਿਰਦੇ ਵਿੱਚ ਵਸਾ ਲਈ।

ਉਹ ਉਸ ਸਮੇਂ ਸਾਹਿਤ ਨਾਲ ਜੁੜ ਗਿਆ ਤੇ ਫਾਰਸੀ ਵਿੱਚ ਪੁਸਤਕਾਂ ਲਿਖੀਆਂ। ਬਹੁਤ ਸਾਰੇ ਲੋਕਾਂ ਨੇ ਉਸ ਦੀਆਂ ਪੁਸਤਕਾਂ ਪੜ ਕੇ ਗਿਆਨ ਪ੍ਰਾਪਤ ਕੀਤਾ। ਉਸ ਦੀਆਂ ਪੁਸਤਕਾਂ ਮਸ਼ਹੂਰ ਹੋ ਗਈਆਂ ਤੇ ਲੋਕ ਉਸ ਕੋਲ ਫਾਰਸੀ ਸਿੱਖਣ ਆਉਣ ਲੱਗੇ। ਉਸ ਦੇ ਬਾਅਦ ਵੀ ਉਸ ਦੇ ਉਤਰਾਧਿਕਾਰੀਆਂ ਨੇ ਫਾਰਸੀ ਪੜਾਉਣੀ ਜਾਰੀ ਰਖੀ। ਹਿੰਦੂਆਂ ਨੇ ਵੀ ਸਿੱਖਿਆ ਪ੍ਰਾਪਤ ਕੀਤੀ। ਜਿਥੇ ਉਹ ਪੜਾਇਆ ਕਰਦੇ ਸਨ ਲੋਕ ਉਸ ਜਗਾ 'ਤੇ ਸਿਰ ਝੁਕਾਉਂਦੇ ਸਨ।

ਉਹਨਾਂ ਦਿਨਾਂ ਵਿੱਚ ਮੁਲਤਾਨ ਕਾਬਲ ਦਾ ਹਿੱਸਾ ਸੀ ਤੇ ਇੱਕ ਰਾਜਪਾਲ ਨਿਯੁਕਤ ਸੀ। ਜਦੋਂ ਰਾਜਪਾਲ ਨੇ ਗੋਯਾ ਬਾਰੇ ਸੁਣਿਆ ਤੇ ਉਸ ਨੂੰ ਬੁਲਾਇਆ ਅਤੇ ਆਪਣਾ ਮੀਰ ਮੁਨਸ਼ੀ ਨਿਯੁਕਤ ਕਰ ਲਿਆ। ਜਿਵੇਂ ਕਿ ਗੋਯਾ ਇੱਕ ਸਿਖਿਅਤ ਦਾਰਸ਼ਨਿਕ ਸੀ ਤਾਂ ਰਾਜਪਾਲ ਉਸਦੇ ਕੰਮ ਤੋਂ ਬਹੁਤ ਖੁਸ਼ ਸੀ। ਉਹ ਗੋਯਾ ਦਾ ਬੜਾ ਸਤਿਕਾਰ ਕਰਦਾ ਸੀ। ਇਹ ਵੇਖ ਕੇ ਦੂਸਰੇ ਅਹਿਲਕਾਰ ਗੋਯਾ ਨਾਲ ਈਰਖਾ ਕਰਨ ਲੱਗੇ। ਉਸ ਬਾਰੇ ਝੂਠੀਆਂ ਸ਼ਿਕਾਇਤਾਂ ਕਰਨ ਲੱਗੇ ਤਾਂ ਗੋਯਾ ਨੇ 6 ਕੁ ਸਾਲ ਦੀ ਨੌਕਰੀ ਛੱਡ ਦਿੱਤੀ।

40 ਸਾਲ ਦੀ ਉਮਰ ਵਿੱਚ ਉਸ ਦੇ ਘਰ ਪੁੱਤਰ ਪੈਦਾ ਹੋਇਆ। ਜਿਸ ਦਾ ਨਾਉਂ ਲੱਖਪੱਤ ਰਾਏ ਰੁਖਿਆ। ਦੋ ਸਾਲ ਬਾਅਦ ਦੂਸਰਾ ਪੁੱਤਰ ਜਨਮਿਆ, ਉਸ ਦਾ ਨਾਉਂ ਲੀਲਾ ਰਾਮ ਰੱਖਿਆ। ਜਦੋਂ ਵੱਡਾ ਪੁੱਤਰ 5 ਸਾਲ ਅਤੇ ਛੋਟਾ ਤਿੰਨ ਸਾਲ ਦਾ ਹੋਇਆ ਤਾਂ ਉਸ ਨੇ ਆਪਣੇ ਪ੍ਰਵਾਰ ਨੂੰ ਆਪਣੇ ਸਹੁਰੇ ਭੇਜ ਦਿੱਤਾ। ਉਹਨਾਂ ਨੂੰ ਕਾਫੀ ਜਾਇਦਾਦ ਦੇ ਕੇ ਆਪਣਾ ਮੁਲਤਾਨ ਛੱਡ ਦਿੱਤਾ। ਇੱਕ ਨੌਕਰ ਆਪਣੇ ਪ੍ਰਵਾਰ ਨੂੰ ਦੇ ਆਇਆ, ਇੱਕ ਨਾਲ ਰੱਖ ਲਿਆ। ਉਹ ਲਾਹੌਰ ਪਹੁੰਚ ਗਿਆ, ਕੁਝ ਦਿਨ ਉਥੇ ਰਿਹਾ। ਅੰਮ੍ਰਿਤਸਰ ਅਤੇ ਕੁਝ ਹੋਰ ਸ਼ਹਿਰਾਂ ਵਿਚੋਂ ਹੁੰਦਾ ਹੋਇਆ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੇ ਦਰਸ਼ਨਾਂ ਨੂੰ ਚੱਲ ਪਿਆ। ਗੁਰੂ ਜੀ ਦੇ ਦਰਸ਼ਨ ਕਰਕੇ ਉਹ ਆਗਰਾ ਚਲਾ ਗਿਆ।

ਉਹਨਾਂ ਦਿਨਾਂ ਵਿੱਚ ਔਰੰਗਜੇਬ ਦਾ ਵੱਡਾ ਪੁੱਤਰ ਬਹਾਦਰ ਸ਼ਾਹ ਆਗਰਾ ਦਾ ਰਾਜਪਾਲ ਸੀ। ਗੋਯਾ ਨੇ ਬਾਦਸ਼ਾਹ ਦੀ ਸਿਫ਼ਤ ਵਿੱਚ ਇੱਕ ਲੰਬੀ ਕਵਿਤਾ ਦਰਬਾਰ ਵਿੱਚ ਸੁਣਾਈ। ਬਹਾਦਰ ਸ਼ਾਹ ਸ਼ਹਿਜਾਦਾ ਬਹੁਤ ਪ੍ਰਸੰਨ ਹੋਇਆ । ਉਸ ਨੇ ਗੋਯਾ ਨੂੰ ਅਗਲੇ ਦਿਨ ਬੁਲਾ ਕੇ ਬੜੇ ਸਤਿਕਾਰ ਨਾਲ ਬਿਠਾਇਆ। ਸੰਖੇਪ ਗੱਲਬਾਤ ਕਰਨ ਤੋਂ ਬਾਅਦ ਸ਼ਹਿਜ਼ਾਦੇ ਨੇ ਗੋਯਾ ਨੂੰ ਮੀਰ ਮੁਨਸ਼ੀ ਨਿਯੁਕਤ ਕਰ ਲਿਆ।

ਉਸ ਨੇ ਬੜੀ ਮਿਹਨਤ ਅਤੇ ਲਗਨ ਨਾਲ ਆਪਣੀ ਜਿੰਮੇਵਾਰੀ ਨਿਭਾਈ ਕਿ ਉਸ ਦੇ ਕੰਮ ਦੇ ਚਰਚੇ ਦਿੱਲੀ ਤੱਕ ਹੋਣ ਲੱਗੇ। ਇੱਕ ਵਾਰ ਮੁਗਲ ਬਾਦਸ਼ਾਹ ਔਰੰਗਜੇਬ ਨੇ ਆਗਰਾ ਦਾ ਦੌਰਾ ਕੀਤਾ। ਸ਼ਾਹੀ ਦਰਬਾਰ ਸਜਿਆ ਬਹੁਤ ਸਾਰੇ ਪ੍ਰਚਾਰਕਾਂ ਨੇ ਆਪਣੇ ਵਿਚਾਰ ਰੱਖੇ। ਹਰ ਇੱਕ ਨੇ ਧਾਰਮਿਕ ਤੌਰ 'ਤੇ ਬਾਦਸ਼ਾਹ ਨੂੰ ਖੁਸ਼ ਕਰਨ ਦੀ ਕੋਸ਼ਿਸ਼ ਕੀਤੀ। ਬਾਦਸ਼ਾਹ ਕੁਰਾਨ ਦੀ ਇੱਕ ਆਇਤ ਦੇ ਢੁੱਕਵੇਂ ਅਰਥ ਜਾਨਣਾ ਚਾਹੁੰਦਾ ਸੀ। ਉਸ ਨੇ ਬਹੁਤ ਸਾਰੇ ਵਿਦਵਾਨਾਂ ਨਾਲ ਮਸਵਰਾਂ ਕੀਤਾ, ਪਰ ਤਸੱਲੀ ਬਖਸ਼ ਜੁਆਬ ਨਾ ਮਿਲਿਆ। ਉਸ ਨੇ ਆਪਣੇ ਸ਼ਹਿਜਾਦੇ ਬਹਾਦਰ ਸ਼ਾਹ ਨੂੰ ਵੀ ਪੁਛਿਆ। ਬਹਾਦਰ ਸ਼ਾਹ ਨੇ ਕੁਝ ਸਮਾਂ ਮੰਗਿਆ, ਬਾਦਸ਼ਾਹ ਨੇ 8 ਦਿਨਾਂ ਦਾ ਸਮਾਂ ਦਿੱਤਾ।

ਬਹਾਦਰ ਸ਼ਾਹ ਨੇ ਆਇਤ 'ਤੇ ਖੋਜ ਕੀਤੀ ਪਰ ਸਫਲ ਨਾ ਹੋਇਆ। ਕਾਜੀ ਮੁੱਲਾਂ ਦੀ ਵੀ ਸਲਾਹ ਲਈ ਪਰ ਗੱਲ ਨਾ ਬਣੀ। ਉਸ ਨੇ ਗੋਯਾ ਨਾਲ ਗੱਲ ਕੀਤੀ। ਗੋਯਾ ਨੇ ਚੰਗੇ ਤਰੀਕੇ ਨਾਲ ਆਇਤ ਦੇ ਅਰਥ ਕਰ ਦਿੱਤੇ। ਬਹਾਦਰ ਸ਼ਾਹ ਦਰਬਾਰ ਹਾਜ਼ਰ ਹੋਇਆ। ਬਹੁਤ ਸਾਰੇ ਵਿਦਵਾਨ ਬੈਠੇ ਸਨ। ਬਹਾਦਰ ਸ਼ਾਹ ਨੇ ਅਰਥ ਦਸੇ। ਬਾਦਸ਼ਾਹ ਦੀ ਤਸੱਲੀ ਹੋ ਗਈ। ਬਾਦਸ਼ਾਹ ਨੇ ਪੁਛਿਆ ਕਿ ਇਹ ਅਰਥ ਤੇਰੇ ਕੀਤੇ ਹਨ ਤਾਂ ਬਹਾਦਰ ਸ਼ਾਹ ਨੇ ਕਿਹਾ ਕਿ ਇਸ ਦਾ ਸਿਹਰਾ ਗੋਯਾ ਮੀਰ ਮੁਨਸ਼ੀ ਨੂੰ ਜਾਂਦਾ ਹੈ। ਬਾਦਸ਼ਾਹ ਨੇ ਗੋਯਾ ਨੂੰ 500 ਰੁਪਏ ਦਾ ਇਨਾਮ ਦਿੱਤਾ ਪਰ ਨਾਲ ਹੀ ਆਪਣੇ ਪੁੱਤਰ ਨੂੰ ਕਿਹਾ ਕਿ ਇਹ ਵਿਦਵਾਨ ਹਿੰਦੂ ਧਰਮ ਵਿੱਚ ਨਹੀਂ ਰਹਿਣਾ ਚਾਹੀਦਾ। ਇਸ ਨੂੰ ਤੁਰੰਤ ਇਸਲਾਮ ਵਿੱਚ ਲਿਆਓ।

ਬਹਾਦਰ ਸ਼ਾਹ ਨੇ ਆਪਣੀ ਕੋਸ਼ਿਸ ਵਿੱਚ ਗੋਯਾ ਨੂੰ ਲਾਲਚ ਦੇਣ ਦੇ ਇਰਾਦੇ ਵਿੱਚ ਉਸਦੀ ਤਨਖਾਹ ਵਧਾ ਦਿੱਤੀ ਤੇ ਹੋਰ ਵੀ ਇੱਜਤ ਮਾਣ ਦੇਣ ਲੱਗਿਆ। ਕੁਝ ਦਿਨਾਂ ਵਿੱਚ ਭੇਦ ਖੁਲ੍ਹਿਆ ਕਿ ਬਾਦਸ਼ਾਹ ਤੈਨੂੰ ਤੁਰੰਤ ਇਸਲਾਮ ਵਿੱਚ ਲਿਆਉਣਾ ਚਾਹੁੰਦਾ ਹੈ। ਗੋਯਾ ਹੈਰਾਨ ਸੀ ਤੇ ਚੁੱਪ ਰਿਹਾ। ਫਿਰ ਕਿਹਾ ਕਿ ਕੁਝ ਦਿਨ ਦਾ ਸਮਾਂ ਚਾਹੀਦਾ ਹੈ।

ਪ੍ਰੇਸ਼ਾਨ ਹੋਏ ਗੋਯਾ ਨੇ ਇਹ ਗੱਲ ਕੋਤਵਾਲ ਗਿਆਸ ਓ ਦੀਨ ਨਾਲ ਸਾਂਝੀ ਕੀਤੀ ਕਿ ਉਹ ਇਸਲਾਮ ਕਬੂਲ ਨਹੀਂ ਕਰਨਾ ਚਾਹੁੰਦਾ। ਗਿਆਸ ਓ ਦੀਨ ਨੇ ਕਿਹਾ ਕਿ ਮੈਂ ਤੈਨੂੰ ਇਥੋਂ ਜਾਣ ਵਿੱਚ ਪੂਰੀ ਮਦਦ ਕਰਾਂਗਾ। ਆਪਾਂ ਦੋਵੇਂ ਇੱਥੋਂ ਨਿਕਲ ਜਾਵਾਂਗੇ। ਗੋਯਾ ਨੇ ਕਿਹਾ ਕਿ ਜੇ ਦੋਵੇਂ ਇਕੱਠੇ ਨਿਕਲੇ ਤਾਂ ਫੜੇ ਜਾਵਾਂਗੇ। ਮੈਂ ਪਹਿਲਾਂ ਨਿਕਲਦਾ ਹਾਂ ਤੂੰ ਕੁਝ ਦਿਨ ਬਾਅਦ ਮੇਰੀ ਮਦਦ ਲਈ ਆ ਜਾਂਵੀਂ ਆਪਾਂ ਲਾਹੌਰ ਵਿੱਚ ਮਿਲਾਂਗੇ ਪਰ ਤੂੰ ਛੁੱਟੀ ਲੈ ਕੇ ਆਵੀਂ।

ਇਸ ਤਰਾਂ ਗੋਯਾ ਇੱਕ ਰਾਤ ਬਚ ਨਿਕਲਿਆ । ਲਾਹੌਰ ਪਹੁੰਚ ਗਿਆ। ਇੱਕ ਸਰਾਂ ਵਿੱਚ ਠਹਿਰ ਗਿਆ। ਉਧਰ ਸ਼ਹਿਜ਼ਾਦੇ ਨੂੰ ਪਤਾ ਲੱਗਾ ਕਿ ਗੋਯਾ ਗਾਇਬ ਹੈ। ਉਸ ਨੇ ਗੋਯਾ ਦੀ ਤਲਾਸ਼ ਕੀਤੀ। ਕੁਝ ਦਿਨਾਂ ਬਾਅਦ ਗਿਆਸ ਓ ਦੀਨ ਵੀ ਇੱਕ ਮਹੀਨੇ ਦੀ ਛੁੱਟੀ ਲੈ ਕੇ ਲਾਹੌਰ ਗੋਯਾ ਨੂੰ ਜਾ ਮਿਲਿਆ। ਉਹ ਦੋਵੇਂ ਗੁਰੂ ਗੋਬਿੰਦ ਸਿੰਘ ਜੀ ਦੀ ਸ਼ਰਨ ਵਿੱਚ 29 ਮਾਰਚ 1682 ਵਿਸਾਖੀ ਵਾਲੇ ਦਿਨ ਆ ਗਏ। ਗੁਰੂ ਸਾਹਿਬ ਨੇ ਉਹਨਾਂ ਦੀ ਰਿਹਾਇਸ਼ ਦਾ ਚੰਗਾ ਪ੍ਰਬੰਧ ਕੀਤਾ ਅਤੇ ਉਹਨਾਂ ਨੂੰ ਸੰਗਤਾਂ ਅਤੇ ਦਰਬਾਰ ਦੀ ਸੇਵਾ ਵਿੱਚ ਜੁੱਟ ਜਾਣ ਲਈ ਕਿਹਾ। ਗਿਆਸ ਓ ਦੀਨ ਇੱਕ ਮਹੀਨਾ ਰਹਿ ਕੇ ਆਗਰਾ ਪਰਤ ਗਿਆ। ਗੋਯਾ ਸੇਵਾ ਕਰਨ ਦਾ ਆਦੀ ਹੋ ਗਿਆ ਅਤੇ ਗੁਰਾਂ ਦੇ ਹੁਕਮਾਂ ਦੀ ਪਾਲਣਾ ਕਰਨ ਲੱਗਾ।

ਨੰਦ ਲਾਲ ਗੋਯਾ ਨੇ ਗੁਰੂ ਸਾਹਿਬ ਜੀ ਨੂੰ ਆਪਣੀਆਂ ਕਵਿਤਾਵਾਂ ਦਾ ਸੰਗ੍ਰਹਿ 'ਬੰਦਗੀ ਨਾਮਾ' ਪੇਸ਼ ਕੀਤਾ। ਗੁਰੂ ਸਾਹਿਬ ਜੀ ਨੇ ਇਸ ਦਾ ਨਾਮ 'ਬੰਦਗੀਨਾਮਾ' ਤੋਂ ਬਦਲ ਕੇ 'ਜਿੰਦਗੀ ਨਾਮਾ' ਕਰਦਿਆਂ ਜਵਾਬ ਫਾਰਸੀ ਆਇਤ ਵਿੱਚ ਦਿੱਤਾ।

ਆਬ ਏ ਹੈਵਨਪੂਰ ਸੂਦ ਚੁਨ ਜਮ ਏਉ
ਜਿੰਦਗੀ ਨਾਮ ਸ਼ਦ ਬੰਦਗੀ ਨਾਮਾ ਉਂ

(ਜਦੋਂ ਉਸਦਾ ਗਮਲਾ ਜੀਵਨ ਦੇ ਪਾਣੀ ਨਾਲ ਭਰ ਗਿਆ ਤਾਂ ਉਸ ਦਾ ਬੰਦਗੀ ਨਾਮ ਜਿੰਦਗੀ ਨਾਮਾ ਬਣ ਗਿਆ) ਗੋਯਾ ਨੇ ਗੁਰੂ ਸਾਹਿਬ ਜੀ ਨਾਲ ਰਹੱਸਵਾਦੀ ਚਿੰਤਨ ਵਿੱਚ ਆਪਣੇ ਦਿਨ ਬਿਤਾਏ। ਕਵਿਤਾ ਦੀ ਰਚਨਾ ਕੀਤੀ। ਜਿਸ ਵਿੱਚ ਉਸਦਾ ਅਧਿਆਤਮਕ ਅਨੁਭਵ ਪ੍ਰਮੁੱਖ ਤੱਤ ਹੈ। ਇਸ ਸਮੇਂ ਦੀ ਉਸ ਦੀ ਫਾਰਸੀ ਕਵਿਤਾ ਸਿੱਖ ਪਰੰਪਰਾ ਵਿੱਚ ਬੜੇ ਸਤਿਕਾਰ ਨਾਲ ਗਾਈ ਜਾਂਦੀ ਹੈ। ਉਦੋਂ ਹੋਰ ਕਵੀਆਂ ਨੇ ਵੀ ਗੁਰਾਂ ਦੀ ਸੰਗਤ ਕੀਤੀ। ਜਿਨ੍ਹਾਂ ਨੇ ਬ੍ਰਿਜ ਭਾਸ਼ਾ ਵਿੱਚ ਲਿਖਿਆ , ਜਿਸ ਨੂੰ ਸ਼ਾਸਤਰੀ ਮਾਧਿਆਮ ਦਾ ਦਰਜ਼ਾ ਪ੍ਰਾਪਤ ਸੀ। ਨੰਦ ਲਾਲ ਗੁਰੂ ਸਾਹਿਬ ਦਾ ਫਾਰਸੀ ਕਵੀ ਵਜੋਂ ਉਭਰਿਆ। ਭਾਈ ਨੰਦ ਲਾਲ ਗੋਯਾ ਦੀਆਂ ਮੁੱਖ ਰਚਨਾਵਾਂ ਹੇਠ ਲਿਖੇ ਅਨੁਸਾਰ ਹਨ:

1. ਜਿੰਦਗੀ ਨਾਮਾ : ਇਸ ਦਾ ਵਿਸ਼ਵਾ ਪਰਮਾਤਮਾ ਨਾਲ ਪਿਆਰ ਅਤੇ ਗੁਰੂ ਪ੍ਰਤੀ ਸ਼ਰਧਾ ਹੈ। ਇਯ ਵਿੱਚ 519 ਛੰਦ ਹਨ॥

2. ਦੀਵਾਨ ਏ ਗੋਯਾ : ਇਏ 63 ਗ਼ਜ਼ਲਾਂ, 18 ਕਵਿਤਾਵਾਂ ਅਤੇ 126 ਬਾਤਾਂ ਦਾ ਸੰਗ੍ਰਹਿ ਹੈ।

3. ਤੌਸੀਫ ਓ ਸਾਨਾ : ਇਹ ਵਾਰਤਿਕ ਵਿੱਚ ਹੈ ਪਰ ਅੰਤ ਵਿੱਚ ਕੁਝ ਛੰਦ ਸ਼ਾਮਲ ਹਨ। ਇਹ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੀ ਉਸਤੱਤ ਵਿੱਚ ਹੈ। ਇਸ ਵਿੱਚ ਅਰਬੀ ਅਤੇ ਫ਼ਾਰਸੀ ਦੇ ਸ਼ਬਦ ਹਨ।

4. ਗੰਜ ਨਾਮਾ : ਇਹ ਸਾਰੇ ਦਸ ਗੁਰੂਆਂ 'ਤੇ ਵਿਅਕਤੀਗਤ ਤੌਰ ਤੇ ਵਿਅੰਗਮਈ ਹੈ। ਇਹ ਵਾਰਤਿਕ ਅਤੇ ਕਵਿਤਾ ਦੋਵਾਂ ਵਿੱਚ ਹੈ। ਇਹ ਗੁਰੂ ਗੋਬਿੰਦ ਸਿੰਘ ਸਾਹਿਬ ਪ੍ਰਤੀ ਪਿਆਰ ਨਾਲ ਭਰਪੂਰ ਹੈ।

5. ਜੋਤ ਵਿਗਾਸ : ਇਹ ਹਿੰਦੀ ਵਿੱਚ ਹੈ, ਇਸ ਵਿੱਚ 43 ਦੋਹੇ ਹਨ। ਇਹ ਮੁੱਖ ਤੌਰ 'ਤੇ ਗੁਰੂ ਅਰਜਨ ਦੇਵ ਸਾਹਿਬ ਜੀ ਦੀ ਜੈਤਸਰੀ ਕੀ ਵਾਰ ਦੀ ਵਿਆਖਿਆ ਕਰਨ ਲਈ ਸਮਰਪਿਤ ਹੈ। ਖਾਸ ਤੌਰ ਤੇ ਦਸ ਗੁਰੂਆਂ ਦੇ ਕੇਵਲ ਇੱਕ ਆਤਮਾ ਅਤੇ ਇੱਕ ਪ੍ਰਕਾਸ਼ ਹਨ। ਇਹ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੀ ਸਖਸੀਅਤ ਦਾ ਪਿਆਰਾ ਪ੍ਰਗਟਾਵਾ ਹੈ। ਇਹ ਰਚਨਾ ਹਿੰਦੀ ਅਤੇ ਪੰਜਾਬੀ ਦੋਵਾਂ ਵਿੱਚ ਹੈ।

6. ਜੋਤ ਵਿਗਾਸ : ਇਹ ਫ਼ਾਰਸੀ ਵਿੱਚ ਹੈ। ਇਹ 179 ਫ਼ਾਰਸੀ ਦੇ ਦੋਹੇ ਵਿੱਚ 43 ਹਿੰਦੀ ਦੋਹੜਿਆਂ ਦੀ ਵਿਆਖਿਆ ਹੈ।

7. ਰਹਿਤਨਾਮਾ : ਇਹ ਪੰਜਾਬੀ ਵਿੱਚ ਦਸੰਬਰ 1695 ਵਿੱਚ ਆਨੰਦਪੁਰ ਵਿਖੇ ਲਿਖਿਆ ਗਿਆ ਸੀ। ਇਹ ਪੂਰਣ ਖ਼ਾਲਸਾ ਸਿੱਖਾਂ ਲਈ ਰਹਿਤ ਮਰਯਾਦਾ ਹੈ। ਖ਼ਾਲਸੇ ਦੇ ਆਚਰਣ ਨਿਯਮਾਂ ਬਾਰੇ ਸੰਵਾਦ ਹੈ।

8. ਤਨਖਾਹਨਾਮਾ : ਇਹ ਖ਼ਾਲਸੇ ਦੀ ਸਿਰਜਣਾ ਤੋਂ ਬਾਅਦ ਪੰਜਾਬੀ ਵਿੱਚ ਲਿਖਿਆ ਗਿਆ ਸੀ। ਇਸ ਵਿੱਚ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਅਤੇ ਉਹਨਾਂ ਦੇ ਖ਼ਾਲਸੇ ਦੇ ਅਨੇਕ ਹਵਾਲੇ ਦਿੱਤੇ ਗਏ ਹਨ। ਜੋ ਖ਼ਾਲਸੇ ਲਈ ਅਨੁਸਾਸਨ ਦੀ ਇੱਕ ਨਿਯਮਾਂਵਲੀ ਵਜੋਂ ਕੰਮ ਕਰਦਾ ਹੈ।

9. ਦਸਤੂਰ ਉਲ ਇੰਸ਼ਾਂ : ਇਹ ਉਸਦੇ ਦੋਸਤਾਂ, ਰਿਸ਼ਤੇਦਾਰਾਂ ਨੂੰ ਫ਼ਾਰਸੀ ਵਾਰਤਿਕ ਚਿੱਠੀਆਂ ਦਾ ਸੰਗ੍ਰਹਿ ਹੈ। ਉਹ ਪੱਤਰ ਲਿਖਣ ਦੇ ਨਮੂਨੇ ਵਜੋਂ ਕੰਮ ਕਰਦੇ ਹਨ। ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੇ ਸਮੇਂ ਦੀਆਂ ਰਾਜਨੀਤਿਕ ਸਮਾਜਿਕ ਅਤੇ ਆਰਥਿਕ ਸਥਿਤੀਆਂ ਬਾਰੇ ਕੀਮਤੀ ਇਤਿਹਾਸਿਕ ਜਾਣਕਾਰੀ ਹੈ।

10. ਅਰਜ ਉਲ ਐਫ਼ਜ਼ : ਇਹ ਫ਼ਾਰਸੀ ਕਵਿਤਾ ਵਿੱਚ ਹੈ। ਇਸ ਵਿੱਚ ਪਰਮਾਤਮਾ ਅਤੇ ਸਿੱਖ ਗੁਰੂਆਂ ਦੀ ਉਸਤੱਤ ਅਤੇ ਕਈ ਧਾਰਮਿਕ ਫਲਸਫੇ ਸ਼ਾਮਲ ਹਨ। ਉਹ ਸਿੱਖ ਸਿਧਾਂਤਾਂ ਦੀ ਆਪਣੀ ਵਿਆਖਿਆ ਦਸਦਾ ਹੈ। ਗੋਯਾ ਦੀ ਕੋਮਲ ਕਵਿਤਾ ਪ੍ਰੇਰਨਾਦਾਇਕ ਹੈ। ਸ਼ਪਸ਼ਟ ਬਿਆਨਬਾਜੀ ਹੈ। ਇਸ ਦੀ ਕਲਪਨਾ ਦਿਲ ਨੂੰ ਲੱਗਦੀ ਹੈ। ਉਸ ਦੀ ਰਚਨਾ ਵਿੱਚ ਤਿੱਖੀ ਬੁੱਧੀ ਅਤੇ ਡੂੰਘੇ ਵਿਚਾਰ ਦਿਖਾਈ ਦਿੰਦੇ ਹਨ। ਗੁਰੂ ਵਾਸਤੇ ਪੂਰਨ ਸਮਰਪਣ ਹੈ।

ਗੋਯਾ ਗੁਰੂ ਸਾਹਿਬ ਜੀ ਦੀ ਸੇਵਾ ਵਿੱਚ ਏਨਾ ਮਗਨ ਹੋ ਗਿਆ ਕਿ ਉਸ ਨੇ ਮੁੜ ਕੇ ਆਪਣਾ ਪ੍ਰਵਾਰ ਤੱਕ ਵੀ ਨਾ ਵੇਖਿਆ। ਗੁਰੂ ਸਾਹਿਬ ਨੇ ਕਿਹਾ ਕਿ ਤੇਰੇ ਪ੍ਰਵਾਰ ਦੀ ਮਦਦ ਲਈ ਸਿੱਖਾਂ ਨੂੰ ਕਹਿ ਦਿੰਦੇ ਹਾਂ। ਗੋਯਾ ਨੇ ਕਿਹਾ ਕਿ ਅਸੀਂ ਨੌਕਰੀਪੇਸ਼ਾ ਹਾਂ, ਕਮਾ ਲੈਂਦੇ ਹਾਂ। ਸਾਨੂੰ ਸਿਰਫ਼ ਆਪ ਜੀ ਦੀ ਮਿਹਰ ਚਾਹੀਦੀ ਹੈ। ਆਨੰਦਪੁਰ ਵਿਖੇ ਚਲਦੇ ਲੰਗਰਾਂ ਵਿੱਚ ਗੋਯਾ ਨੇ ਇੱਕ ਮਿਸਾਲੀ ਸੇਵਾ ਨਿਭਾਈ।

ਗੋਯਾ ਦਸੰਬਰ 1704 ਤਕ ਗੁਰੂ ਸਾਹਿਬ ਜੀ ਦੀ ਸੇਵਾ ਵਿੱਚ ਸੀ। ਸਰਸਾ ਨਦੀ ਦੀ ਜੰਗ ਵਿੱਚ ਗੁਰੂ ਸਾਹਿਬ ਦਾ ਪ੍ਰਵਾਰ ਉਹਨਾਂ ਤੋਂ ਵੱਖ ਹੋ ਗਿਆ।

(ਬਾਕੀ ਸਫ਼ਾ 30 'ਤੇ)




# ਬੱਚਿਆਂ ਨੂੰ ਸਰਬਪੱਖੀ ਬਣਾਉਂਦੀਆਂ ਹਨ ਚੰਗੀਆਂ ਆਦਤਾਂ



ਪ੍ਰਭਜੋਤ ਕੌਰ ਰਾਏ

ਬੱਚਿਆਂ ਵਿੱਚ ਜਿੱਥੇ ਬਹੁਤ ਸਾਰੀਆਂ ਚੰਗੀਆਂ ਆਦਤਾਂ ਹੁੰਦੀਆਂ ਹਨ, ਉੱਥੇ ਬਹੁਤ ਸਾਰੀਆਂ ਮਾੜੀਆਂ ਵੀ। ਇਹ ਆਦਤਾਂ ਬਚਪਨ 'ਚ ਹੀ ਬਣਦੀਆਂ ਹਨ। ਹਰ ਮਾਂ-ਬਾਪ ਚਾਹੁੰਦਾ ਹੈ ਉਨ੍ਹਾਂ ਦਾ ਬੱਚਾ ਚੰਗੀਆਂ ਆਦਤਾਂ ਗ੍ਰਹਿਣ ਕਰੇ। ਬੱਚਿਆਂ 'ਚ ਇਕ ਅਨੋਖੀ ਆਦਤ ਹੁੰਦੀ ਹੈ ਕਿ ਉਹ ਜਦੋਂ ਵੀ ਕਿਸੇ ਨੂੰ ਕੁਝ ਕਰਦੇ ਵੇਖਦੇ ਹਨ, ਫਿਰ ਉਹੀ ਕੰਮ ਨੂੰ ਕਰਨ ਦੀ ਕੋਸ਼ਿਸ਼ ਕਰਦੇ ਹਨ। ਇਸ ਨੂੰ ਬੁਰੀ ਆਦਤ ਵੀ ਕਹਿ ਸਕਦੇ ਹਾਂ। ਕਈ ਵਾਰ ਇਹ ਆਦਤ ਬੱਚੇ ਲਈ ਨੁਕਸਾਨਦਾਇਕ ਵੀ ਹੋ ਸਕਦੀ ਹੈ। ਆਦਤਾਂ ਘਰ 'ਚ ਮਾਪਿਆਂ ਤੇ ਸਕੂਲ 'ਚ ਅਧਿਆਪਕਾਂ ਵੱਲੋਂ ਸਿਖਾਈਆਂ ਜਾਂਦੀਆਂ ਹਨ। ਗੱਲ ਕਰਦੇ ਹਾਂ ਬੱਚਿਆਂ ਦੀਆਂ ਉਨ੍ਹਾਂ ਆਦਤਾਂ ਬਾਰੇ, ਜਿਨ੍ਹਾਂ ਆਦਤਾਂ ਨੂੰ ਅਪਣਾ ਕੇ ਉਹ ਵਧੀਆ ਭਵਿੱਖ ਬਣਾ ਸਕਦੇ ਹਨ।

**ਵੱਡਿਆਂ ਦਾ ਸਤਿਕਾਰ**

ਸਭ ਤੋਂ ਪਹਿਲਾਂ ਬੱਚੇ 'ਚ ਆਦਤ ਹੋਣੀ ਚਾਹੀਦੀ ਹੈ ਕਿ ਉਹ ਵੱਡਿਆਂ ਦਾ ਸਤਿਕਾਰ ਕਰਨ ਅਤੇ ਆਪਣੇ ਤੋਂ ਛੋਟਿਆਂ ਨਾਲ ਪਿਆਰ ਕਰਨ। ਵੱਡਿਆਂ ਦਾ ਆਦਰ-ਸਤਿਕਾਰ ਕਿਸ ਤਰ੍ਹਾਂ ਕਰਨਾ ਹੈ, ਕਿਸ ਤਰ੍ਹਾਂ ਆਪਣੇ ਤੋਂ ਵੱਡੇ ਨੂੰ ਮਿਲਣਾ ਹੈ। ਇਸ ਬਾਰੇ ਸਾਨੂੰ ਆਪਣੇ ਬੱਚਿਆਂ ਨੂੰ ਦੱਸਣਾ ਚਾਹੀਦਾ ਹੈ। ਉੱਥੇ ਹੀ ਛੋਟਿਆਂ ਨਾਲ ਕਿਵੇਂ ਪਿਆਰ ਨਾਲ ਪੇਸ਼ ਆਉਣਾ ਹੈ, ਇਸ ਆਦਤ ਬਾਰੇ ਵੀ ਬੱਚਿਆਂ ਨੂੰ ਦੱਸਿਆ ਜਾਵੇ।

**ਮਿਲਵਰਤਣ ਦੀ ਭਾਵਨਾ**

ਬੱਚਿਆਂ 'ਚ ਰਲ-ਮਿਲ ਕੇ ਰਹਿਣ ਦੀ ਆਦਤ ਵੀ ਹੋਣੀ ਚਾਹੀਦੀ ਹੈ। ਆਪਣੇ ਦੋਸਤਾਂ-ਸਾਥੀਆਂ ਨਾਲ ਕਿਸ ਤਰ੍ਹਾਂ ਰਲ-ਮਿਲ ਕੇ ਖੇਡਣਾ ਹੈ। ਇਹ ਚੰਗੀ ਆਦਤ ਵੀ ਬੱਚਿਆਂ ਨੂੰ ਸਿਖਾਓ ਕਿਉਂਕਿ ਬੱਚਿਆਂ 'ਚ ਮਿਲਵਰਤਣ ਹੋਣਾ ਚੰਗੀ ਆਦਤ ਹੈ। ਇਸ ਬਾਰੇ ਬੱਚਿਆਂ ਨੂੰ ਜਾਣਕਾਰੀ ਦੇਣਾ ਮਾਪਿਆਂ ਦਾ ਫ਼ਰਜ਼ ਹੈ।

**ਅਨੁਸ਼ਾਸਨ 'ਚ ਰਹੇਗਾ ਬੱਚਾ**

ਸਵੇਰੇ ਜਲਦੀ ਉੱਠਣਾ ਉਨ੍ਹਾਂ ਲਈ ਕਿੰਨਾ ਜ਼ਰੂਰੀ ਹੈ ? ਸਮੇਂ ਸਿਰ ਉੱਠਣ ਦੀ ਆਦਤ ਬੱਚਿਆਂ ਨੂੰ ਆਲਸ ਤੋਂ ਦੂਰ ਰੱਖਦੀ ਹੈ, ਇਕ ਜ਼ਿੰਮੇਵਾਰ ਇਨਸਾਨ ਬਣਾਉਂਦੀ ਹੈ। ਇਸ ਨਾਲ ਬੱਚਾ ਸਮੇਂ ਦੀ ਕਦਰ ਵੀ ਕਰੇਗਾ। ਇਸ ਤਰ੍ਹਾਂ ਬੱਚਾ ਕਦੇ ਵੀ ਜ਼ਿੰਦਗੀ 'ਚ ਨਹੀਂ ਹਾਰੇਗਾ, ਹਰ ਕੰਮ ਸਮੇਂ ਸਿਰ ਕਰੇਗਾ। ਜਿੰਨਾ ਸਮੇਂ ਸਿਰ ਸਵੇਰੇ ਉੱਠਣਾ ਜ਼ਰੂਰੀ ਹੈ, ਓਨਾ ਹੀ ਰਾਤ ਨੂੰ ਸਮੇਂ ਸਿਰ ਸੌਣਾ ਵੀ ਜ਼ਰੂਰੀ ਹੈ। ਇਸ ਤਰ੍ਹਾਂ ਬੱਚਾ ਅਨੁਸ਼ਾਸਨ ਵਿਚ ਰਹੇਗਾ ਅਤੇ ਸਮੇਂ ਦੀ ਕਦਰ ਕਰਨੀ ਨਹੀਂ ਭੁੱਲੇਗਾ।

**ਸ਼ਫਾਈ ਦੀ ਆਦਤ**

ਬੱਚੇ ਨੂੰ ਆਪਣੀ ਸਰੀਰਕ ਸ਼ਫਾਈ ਕਰਨ ਦੀ ਆਦਤ ਵੀ ਸਿਖਾਓ। ਸਵੇਰੇ ਜਲਦੀ ਉੱਠ ਕੇ ਇਸ਼ਨਾਨ ਕਰਨਾ ਹੈ। ਦੰਦਾਂ ਦੀ ਸ਼ਫਾਈ ਕਰਨੀ ਹੈ। ਆਪਣੇ ਨਹੁੰ ਕੱਟ ਕੇ ਰੱਖਣੇ ਹਨ, ਇਹ ਆਦਤਾਂ ਬੱਚੇ ਲਈ ਬੜੀਆਂ ਜ਼ਰੂਰੀ ਹਨ। ਸਰੀਰ ਦੇ ਨਾਲ-ਨਾਲ ਆਪਣੇ ਕਮਰੇ ਦੀ ਸ਼ਫਾਈ ਦੀ ਆਦਤ ਵੀ ਹੋਣੀ ਚਾਹੀਦੀ ਹੈ। ਜਦੋਂ ਵੀ ਬੱਚਾ ਆਪਣੇ ਕਮਰੇ ਨੂੰ ਗੰਦਾ ਦੇਖੇ, ਉਹ ਖ਼ੁਦ ਉਸ ਦੀ ਸ਼ਫਾਈ ਕਰੇ। ਸੌਣ ਤੋਂ ਪਹਿਲਾਂ ਆਪਣੇ ਬੈਗ 'ਚ ਕਿਤਾਬਾਂ ਠੀਕ ਕਰ ਕੇ ਪਾ ਲਵੇ। ਕਿਤਾਬਾਂ-ਕਾਪੀਆਂ ਨੂੰ ਹਮੇਸ਼ਾ ਸੰਭਾਲ ਕੇ ਰੱਖੇ।

ਮਹਿਮਾਨਾਂ ਦਾ ਆਦਰ-ਸਤਿਕਾਰ

ਆਪਣੇ ਮਾਂ-ਬਾਪ ਦੀ ਇੱਜ਼ਤ ਕਰਨੀ ਹੈ, ਉਨ੍ਹਾਂ ਦਾ ਸਤਿਕਾਰ ਕਰਨਾ ਹੈ। ਉਨ੍ਹਾਂ ਦੀ ਹਰ ਗੱਲ ਨੂੰ ਧਿਆਨ ਨਾਲ ਸੁਣਨਾ ਹੈ, ਇਹ ਗੱਲਾਂ ਬੱਚਿਆਂ ਨੂੰ ਅਧਿਆਪਕ ਦੱਸਣ। ਆਪਣੇ ਬੱਚਿਆਂ ਨੂੰ ਸਿਖਾਓ ਕਿ ਘਰ ਆਏ ਹਰ ਮਹਿਮਾਨ ਦਾ ਆਦਰ-ਸਤਿਕਾਰ ਕਰਨਾ ਹੈ, ਉਨ੍ਹਾਂ ਨਾਲ ਪਿਆਰ ਨਾਲ ਗੱਲ ਕਰਨੀ ਹੈ। ਇਹ ਆਦਤ ਬਾਹਰ ਜਾ ਕੇ ਵੀ ਅਪਨਾਉਣੀ ਹੈ। ਜਦੋਂ ਕਦੇ ਕਿਤੇ ਬਾਹਰ ਜਾਓ ਤਾਂ ਉੱਥੇ ਵੀ ਆਪਣੇ ਤੋਂ ਵੱਡੇ ਨੂੰ ਸਤਿ ਸ੍ਰੀ ਅਕਾਲ ਬੁਲਾਉਣੀ ਹੈ। ਬਾਹਰ ਜਾ ਕੇ ਦੂਸਰੇ ਵਿਅਕਤੀ ਨਾਲ ਕਿਸ ਤਰ੍ਹਾਂ ਪੇਸ਼ ਆਉਣਾ ਹੈ, ਕਿਸ ਤਰ੍ਹਾਂ ਉੱਠਣਾ-ਬੈਠਣਾ ਹੈ, ਬੱਚਿਆਂ ਨੂੰ ਇਸ ਬਾਰੇ ਜ਼ਰੂਰ ਦੱਸੋ।

ਗਿਆਨ ਦਿੰਦੇ ਹਨ ਅਧਿਆਪਕ

ਅਧਿਆਪਕ ਸਾਨੂੰ ਗਿਆਨ ਦਿੰਦੇ ਹਨ। ਉਨ੍ਹਾਂ ਦੀ ਗੱਲ ਬੜੇ ਧਿਆਨ ਨਾਲ ਸੁਣਨੀ ਹੈ। ਅਧਿਆਪਕ ਵੱਲੋਂ ਦਿੱਤਾ ਗਿਆ ਕੰਮ ਲਗਨ ਨਾਲ ਕਰਨਾ ਹੈ। ਸਕੂਲ ਵਿਚ ਆਪਣੇ ਦੋਸਤਾਂ ਨਾਲ ਮਿਲ ਕੇ ਰਹਿਣਾ ਹੈ। ਇਸ ਬਾਰੇ ਵੀ ਬੱਚਿਆਂ ਨੂੰ ਸਮਝਾਇਆ ਜਾਵੇ। ਜੇ ਅਸੀਂ ਆਪਣੇ ਬੱਚਿਆਂ ਦੇ ਦੋਸਤ ਬਣਦੇ ਹਾਂ, ਤਾਂ ਬੱਚੇ ਸਾਡੇ ਨਾਲ ਖੁੱਲ੍ਹ ਕੇ ਗੱਲ ਕਰ ਸਕਣਗੇ। ਉਹ ਆਪਣੀ ਕਿਸੇ ਵੀ ਤਰ੍ਹਾਂ ਦੀ ਚੰਗੀ-ਮਾੜੀ ਗੱਲ ਸਾਡੇ ਕੋਲੋਂ ਨਹੀਂ ਲੁਕਾਉਣਗੇ। ਇਸ ਤਰ੍ਹਾਂ ਗੱਲਾਂ ਲੁਕਾਉਣ ਦੀ ਬੁਰੀ ਆਦਤ ਤੋਂ ਉਹ ਬਚ ਸਕਦੇ ਹਨ।

**ਹਮੇਸ਼ਾ ਸੱਚ ਦੀ ਹੁੰਦੀ ਜਿੱਤ**

ਕਦੇ ਵੀ ਬੱਚੇ ਨੂੰ ਡਰਾ ਕੇ ਨਾ ਰੱਖੋ। ਜਿੰਨਾ ਹੋ ਸਕੇ, ਉਨ੍ਹਾਂ ਨਾਲ ਪਿਆਰ ਨਾਲ ਪੇਸ਼ ਆਉਣਾ ਚਾਹੀਦਾ ਹੈ। ਡਰ ਨਾਲ ਬੱਚਾ ਸਹਿਮ ਜਾਂਦਾ ਹੈ। ਬੱਚਿਆਂ ਨੂੰ ਹਮੇਸ਼ਾ ਸੱਚ ਬੋਲਣ ਦੀ ਆਦਤ ਪਾਓ। ਉਨ੍ਹਾਂ ਨੂੰ ਦੱਸੋ ਕਿ ਸੱਚ ਬੋਲਣਾ ਉਨ੍ਹਾਂ ਲਈ ਕਿੰਨਾ ਜ਼ਰੂਰੀ ਹੈ। ਝੂਠ ਬੋਲਣਾ ਮਾੜੀ ਆਦਤ ਹੈ। ਝੂਠ ਜ਼ਿਆਦਾ ਦੇਰ ਤਕ ਨਹੀਂ ਰਹਿੰਦਾ। ਜਿੱਤ ਹਮੇਸ਼ਾ ਸੱਚ ਦੀ ਹੁੰਦੀ ਹੈ। ਇਸ ਲਈ ਸਾਨੂੰ ਹਮੇਸ਼ਾ ਸੱਚ ਬੋਲਣਾ ਚਾਹੀਦਾ ਹੈ। ਝੂਠ ਸਾਨੂੰ ਗ਼ਲਤ ਸਾਬਿਤ ਕਰ ਦਿੰਦਾ ਹੈ।

**ਰੋਜ਼ ਸਿਖਾਓ ਨਵੀਂ ਆਦਤ**



ਬੱਚਿਆਂ ਨੂੰ ਹਮੇਸ਼ਾ ਇਹ ਗੱਲ ਸਿਖਾਓ ਕਿ ਕਿਸੇ ਵੀ ਅਨਜਾਣ ਵਿਅਕਤੀ ਨਾਲ ਕਿਤੇ ਨਾ ਜਾਓ। ਜੇ ਉਹ ਤੁਹਾਨੂੰ ਕੋਈ ਲਾਲਚ ਦੇਵੇ ਜਾਂ ਕੋਈ ਖਾਣ ਵਾਲੀ ਚੀਜ਼ ਦੇਵੇ ਤਾਂ ਉਸ ਨੂੰ ਨਾ ਲਓ, ਅਜਿਹੀ ਆਦਤ ਨਾਲ ਬੱਚਾ ਸੁਰੱਖਿਅਤ ਰਹੇਗਾ। ਬੱਚਿਆਂ ਨੂੰ ਇਨ੍ਹਾਂ ਆਦਤਾਂ ਬਾਰੇ ਗਿਆਨ ਦਿੰਦੇ ਰਹਿਣਾ ਮਾਪਿਆਂ ਨੂੰ ਆਪਣਾ ਮੁੱਢਲਾ ਫ਼ਰਜ਼ ਸਮਝਣਾ ਚਾਹੀਦਾ ਹੈ। ਬੱਚਿਆਂ ਨੂੰ ਇਨ੍ਹਾਂ ਆਦਤਾਂ ਨੂੰ ਅਪਨਾਉਣ ਲਈ ਹਰ ਰੋਜ਼ ਤਿਆਰ ਕਰੋ। ਬੱਚੇ ਨੂੰ ਰੋਜ਼ ਇਕ ਚੰਗੀ ਆਦਤ ਜ਼ਰੂਰ ਸਿਖਾਓ, ਤਾਂ ਜੋ ਉਹ ਚੰਗੀਆਂ ਆਦਤਾਂ ਗ੍ਰਹਿਣ ਕਰ ਕੇ ਸਮਾਜ 'ਚ ਵਿਚਰੇ।

**ਪੈਸਿਆਂ ਦੀ ਕਦਰ ਕਰਨਾ ਸਿਖਾਓ**

ਬੱਚਿਆਂ ਨੂੰ ਪੈਸਿਆਂ ਦੀ ਕਦਰ ਕਰਨਾ ਸਿਖਾਓ। ਪੈਸਿਆਂ ਨੂੰ ਸੰਭਾਲਣ ਲਈ ਬੱਚਿਆਂ ਕੋਲ ਗੋਲਕ ਹੋਣੀ ਚਾਹੀਦੀ ਹੈ, ਤਾਂ ਜੋ ਉਹ ਪੈਸੇ ਬਚਾ ਸਕਣ ਤੇ ਫ਼ਾਲਤੂ ਖ਼ਰਚੇ ਨਾ ਕਰਨ। ਮਹਿੰਗੇ-ਮਹਿੰਗੇ ਖਿਡੌਣਿਆਂ ਦੀ ਬਜਾਏ ਉਨ੍ਹਾਂ ਨੂੰ ਕੋਈ ਇਸ ਤਰ੍ਹਾਂ ਦੀ ਚੀਜ਼ ਖ਼ਰੀਦ ਕੇ ਦਿਓ, ਜੋ ਉਨ੍ਹਾਂ ਦੇ ਕੰਮ ਆ ਸਕੇ, ਜਿਵੇਂ ਕੋਈ ਪੜ੍ਹਨ-ਲਿਖਣ ਵਾਲੀ ਚੀਜ਼।

**ਮੋਬਾਈਲ ਤੋਂ ਦੂਰੀ ਬਣਾ ਕੇ ਰੱਖਣਾ ਸਮੇਂ ਦੀ ਲੋੜ**

ਜਿੰਨਾ ਹੋ ਸਕੇ ਬੱਚਿਆਂ ਨੂੰ ਬਾਹਰ ਦਾ ਖਾਣਾ ਨਾ ਦੇ ਕੇ ਪੌਸ਼ਟਿਕ ਭੋਜਨ ਹੀ ਖਿਲਾਓ, ਜੋ ਉਨ੍ਹਾਂ ਨੂੰ ਤੰਦਰੁਸਤ ਰੱਖੇਗਾ। ਅੱਜ-ਕੱਲ੍ਹ ਜ਼ਿਆਦਾਤਰ ਬੱਚੇ ਜੰਕ ਫੂਡ ਖਾਣਾ ਪਸੰਦ ਕਰਦੇ ਹਨ, ਜੋ ਮਾੜੀ ਆਦਤ ਹੈ। ਅਜੋਕੇ ਸਮੇਂ ਦੀ ਜੋ ਮੁੱਖ ਲੋੜ ਬਣ ਗਈ ਹੈ, ਉਹ ਹੈ ਬੱਚਿਆਂ ਦੀ ਮੋਬਾਈਲ ਤੋਂ ਦੂਰੀ ਬਣਾ ਕੇ ਰੱਖਣਾ।

ਹੁਣ ਬੱਚੇ ਜ਼ਿਆਦਾ ਸਮਾਂ ਸਿਰਫ਼ ਫੋਨ ਵੇਖਣ ਵਿੱਚ ਹੀ ਬਿਤਾ ਰਹੇ ਹਨ। ਉਹ ਜਾਂ ਤਾਂ ਮੋਬਾਈਲ 'ਤੇ ਕਾਰਟੂਨ ਦੇਖਦੇ ਹਨ ਜਾਂ ਫਿਰ ਗੇਮਾਂ ਖੇਡਦੇ ਹਨ, ਜਿਨ੍ਹਾਂ ਨਾਲ ਬੱਚਿਆਂ ਦੀਆਂ ਆਦਤਾਂ ਵਿਗੜਦੀਆਂ ਹਨ। ਗੇਮਾਂ ਖੇਡਣ ਨਾਲ ਉਨ੍ਹਾਂ ਦਾ ਸਰੀਰਕ ਵਿਕਾਸ ਵੀ ਨਹੀਂ ਹੁੰਦਾ। ਦਿਮਾਗ਼ 'ਤੇ ਬੁਰਾ ਅਸਰ ਪੈਂਦਾ ਹੈ। ਅੱਖਾਂ ਦੀ ਨਿਗ੍ਹਾ ਘਟ ਜਾਂਦੀ ਹੈ। ਸਾਨੂੰ ਬੱਚਿਆਂ ਦੀ ਮੋਬਾਈਲ ਤੋਂ ਦੂਰੀ ਬਣਾ ਕੇ ਰੱਖਣੀ ਚਾਹੀਦੀ ਹੈ। ਉਨ੍ਹਾਂ ਨੂੰ ਮੋਬਾਈਲ 'ਤੇ ਗੇਮਾਂ ਨਾ ਖੇਡ ਕੇ ਗਰਾਊਂਡ 'ਚ ਖੇਡਣ ਲਈ ਪ੍ਰੇਰਿਤ ਕਰੋ। ਜਦੋਂ ਉਹ ਬਾਹਰ ਖੇਡ ਦੇ ਮੈਦਾਨ 'ਚ ਖੇਡਣਗੇ, ਉਨ੍ਹਾਂ ਦਾ ਸਰੀਰਕ ਵਿਕਾਸ ਵੀ ਹੋਵੇਗਾ ਤੇ ਉਹ ਤੰਦਰੁਸਤ ਰਹਿਣਗੇ। ਉਨ੍ਹਾਂ ਦੀਆਂ ਹੱਡੀਆਂ ਵੀ ਮਜ਼ਬੂਤ ਹੋਣਗੀਆਂ।

# ਕਿਵੇਂ ਕਰੀਏ ਇਕਲੌਤੇ ਬੱਚੇ ਦਾ ਪਾਲਣ ਪੋਸ਼ਣ ?

ਅੱਜ ਕੱਲ੍ਹ ਬਹੁਤ ਸਾਰੇ ਮਾਪੇ ਸਿਰਫ਼ ਇੱਕ ਬੱਚਾ ਪੈਦਾ ਕਰਨ ਅਤੇ ਪਾਲਣ ਦਾ ਫੈਸਲਾ ਕਰ ਰਹੇ ਹਨ। ਉਨ੍ਹਾਂ ਦਾ ਮੰਨਣਾ ਹੈ ਕਿ ਇਕੱਲੇ ਬੱਚੇ ਦਾ ਪਾਲਣ-ਪੋਸ਼ਣ ਕਰਨਾ ਆਸਾਨ ਹੋ ਜਾਂਦਾ ਹੈ ਅਤੇ ਬੱਚੇ ਨੂੰ ਪੂਰਾ ਪਿਆਰ ਵੀ ਮਿਲਦਾ ਹੈ। ਇਸਦੇ ਨਾਲ ਇੱਕ ਬੱਚੇ ਦੀ ਪੜ੍ਹਾਈ ਤੇ ਹੋਰਨਾਂ ਲੋੜਾਂ ਨੂੰ ਚੰਗੀ ਤਰ੍ਹਾਂ ਪੂਰਾ ਕਰਨ ਸੌਖਾ ਰਹਿੰਦਾ ਹੈ। ਪਰ ਬਹੁਤ ਸਾਰੇ ਮਾਪੇ ਵੀ ਇਕਲੌਤੇ ਬੱਚੇ ਦੀ ਪਰਵਰਿਸ਼ ਕਰਦੇ ਸਮੇਂ ਕੁਝ ਚਿੰਤਾਵਾਂ ਵਿੱਚ ਘਿਰ ਜਾਂਦੇ ਹਨ।

ਹੈਲਥਲਾਈਨ 'ਚ ਪ੍ਰਕਾਸ਼ਿਤ ਇੱਕ ਖੋਜ ਮੁਤਾਬਕ ਇਕਲੌਤੇ ਬੱਚੇ ਦੇ ਮਾਤਾ-ਪਿਤਾ ਦੇ ਆਲੇ-ਦੁਆਲੇ ਕੁਝ ਨਕਾਰਾਤਮਕ ਸੋਚ ਵੀ ਉਨ੍ਹਾਂ ਦੇ ਡਰ ਦਾ ਕਾਰਨ ਹੈ। ਮਾਪਿਆਂ ਦਾ ਮੰਨਣਾ ਹੈ ਕਿ ਜੇਕਰ ਇਕਲੌਤੇ ਬੱਚੇ ਨੂੰ ਬਹੁਤ ਦੇਖਭਾਲ ਅਤੇ ਧਿਆਨ



ਮਿਲ ਜਾਂਦਾ ਹੈ ਤਾਂ ਉਹ ਵਿਗੜ ਵੀ ਸਕਦਾ ਹੈ। ਇਸ ਲਈ ਇਕਲੌਤਾ ਬੱਚਾ ਹੋਣ ਦੇ ਕਈ ਫਾਇਦੇ ਹਨ ਅਤੇ ਇਸਦੇ ਨਾਲ ਮਾਪਿਆਂ ਦੀਆਂ ਵੀ ਕਈ ਜ਼ਿੰਮੇਵਾਰੀਆਂ ਵਧ ਜਾਂਦੀਆਂ ਹਨ, ਜਿਨ੍ਹਾਂ ਬਾਰੇ ਅੱਜ ਅਸੀਂ ਤੁਹਾਨੂੰ ਦੱਸਣ ਜਾ ਰਹੇ ਹਾਂ।

**ਇਕੱਲੇ ਬੱਚੇ ਨੂੰ ਪਾਲਣ ਦੇ ਲਾਭ**

ਕਾਫ਼ੀ ਸਮਾਂ ਮਿਲਣ ਅਤੇ ਚੰਗੀ ਪਰਵਰਿਸ਼ ਨਾਲ, ਬੱਚਾ ਕਾਫ਼ੀ ਸਿਆਣਾ ਬਣ ਸਕਦਾ ਹੈ। ਇਕਲੌਤਾ ਬੱਚਾ ਵਧੇਰੇ ਬੁੱਧੀਮਾਨ ਹੁੰਦਾ ਹੈ। ਇਕਲੌਤਾ ਬੱਚਾ ਚੰਗੀ ਸਿੱਖਿਆ ਪ੍ਰਾਪਤ ਕਰਦਾ ਹੈ ਅਤੇ ਉਸ ਦਾ ਦਾਖਲਾ ਵੀ ਕਿਸੇ ਚੰਗੇ ਸੰਸਥਾਨ ਵਿੱਚ ਹੋ ਸਕਦਾ ਹੈ। ਉਹ ਬੱਚਾ ਵਧੇਰੇ ਰਚਨਾਤਮਕ ਹੈ।ਇਕੱਲੇ ਬੱਚੇ ਦਾ ਆਤਮ-ਵਿਸ਼ਵਾਸ ਵੀ ਬਹੁਤ ਜ਼ਿਆਦਾ ਹੁੰਦਾ ਹੈ ਹੁਣ ਅਸੀਂ ਉਹਨਾਂ ਵਿਸ਼ੇਸ਼ ਜ਼ਿੰਮੇਵਾਰੀਆਂ ਦਾ ਜ਼ਿਕਰ ਕਰ ਰਹੇ ਹਾਂ ਜਿਨ੍ਹਾਂ ਬਾਰੇ ਇਕਲੌਤੇ ਬੱਚਿਆਂ ਦੇ ਮਾਪਿਆਂ ਨੂੰ ਜਾਗਰੂਕ ਹੋਣ ਚਾਹੀਦਾ ਹੈ।

**ਬੱਚੇ ਦਾ ਸਮਾਜਿਕ ਮੇਲਜੋਲ ਵਧਾਓ**

ਇਕਲੌਤਾ ਬੱਚਾ ਹਮੇਸ਼ਾ ਆਪਣੇ ਨਾਲ ਖੇਡਦਾ ਰਹਿੰਦਾ ਹੈ ਅਤੇ ਆਪਣੀਆਂ ਕਲਪਨਾਵਾਂ ਵਿੱਚ ਗੁਆਚ ਜਾਂਦਾ ਹੈ। ਉਸਨੂੰ ਬਾਹਰੀ ਦੁਨੀਆਂ ਨਾਲ ਗੱਲਬਾਤ ਕਰਨ ਵਿੱਚ ਮੁਸ਼ਕਿਲ ਹੋ ਸਕਦੀ ਹੈ, ਇਸ ਲਈ ਉਸਨੂੰ ਸਮਾਜਿਕ ਬਣਾਉਣ ਦੀ ਕੋਸ਼ਿਸ਼ ਕੀਤੀ ਜਾਣੀ ਚਾਹੀਦੀ ਹੈ। ਬੱਚੇ ਨੂੰ ਸਿਖਾਇਆ ਜਾ ਸਕਦਾ ਹੈ ਕਿ ਨਵੇਂ ਦੋਸਤ ਕਿਵੇਂ ਬਣਾਉਣੇ ਹਨ ਅਤੇ ਸਮਾਜਿਕ ਸਰਕਲਾਂ ਵਿੱਚ ਕਿਵੇਂ ਗੱਲ ਕਰਨੀ ਹੈ।

**ਰਿਸ਼ਤਿਆਂ ਦੀਆਂ ਕਦਰਾਂ-ਕੀਮਤਾਂ ਸਿਖਾਓ**

ਜੇਕਰ ਬੱਚੇ ਦੇ ਭੈਣ-ਭਰਾ ਹੋਣ ਤਾਂ ਉਹ ਆਪਸੀ ਰਿਸ਼ਤੇ ਦੀ ਕੀਮਤ ਨੂੰ ਜ਼ਿਆਦਾ ਸਮਝਦਾ ਹੈ। ਇਕੱਲੇ ਬੱਚੇ ਨੂੰ ਇਹ ਸਭ ਕੁਝ ਸਮਝ ਨਹੀਂ ਆਉਂਦਾ,ਇਸ ਲਈ ਮਾਪੇ ਬੱਚੇ ਨੂੰ ਰਿਸ਼ਤਿਆਂ ਦੀ ਕਦਰ ਕਰਨਾ ਸਿਖਾ ਸਕਦੇ ਹਨ। ਬੱਚੇ ਨੂੰ ਸਾਂਝ ਕਰਨਾ, ਦੇਖਭਾਲ ਕਰਨਾ, ਲੋੜ ਪੈਣ 'ਤੇ ਸਮਝੌਤਾ ਕਰਨਾ ਆਦਿ ਬਾਰੇ ਦੱਸਣਾ ਚਾਹੀਦਾ ਹੈ।



**ਉਨ੍ਹਾਂ ਨੂੰ ਆਪਣੀ ਪਛਾਣ ਬਣਾਉਣ ਦਿਓ**

ਜਿਹੜੇ ਬੱਚੇ ਇਕਲੌਤੇ ਹੁੰਦੇ ਹਨ, ਮਾਪੇ ਉਹਨਾਂ ਦੀ ਬਹੁਤ ਦੇਖਭਾਲ ਕਰਦੇ ਹਨ ਅਤੇ ਉਨ੍ਹਾਂ ਦੇ ਸਾਰੇ ਕੰਮ ਕਰਦੇ ਹਨ ਪਰ ਇਸ ਕਾਰਨ ਉਹ ਸਵੈ-ਨਿਰਭਰ ਨਹੀਂ ਬਣ ਸਕਦੇ। ਉਹ ਹਮੇਸ਼ਾ ਮਾਪਿਆਂ 'ਤੇ ਨਿਰਭਰ ਰਹਿੰਦੇ ਹਨ। ਅਜਿਹੀ ਸਥਿਤੀ ਵਿੱਚ, ਜਿੱਥੇ ਜ਼ਰੂਰੀ ਹੋਵੇ, ਤੁਹਾਨੂੰ ਪਿੱਛੇ ਹਟਣਾ ਚਾਹੀਦਾ ਹੈ, ਤਾਂ ਜੋ ਤੁਹਾਡਾ ਬੱਚਾ ਆਪਣੀ ਵੱਖਰੀ ਪਛਾਣ ਬਣਾ ਸਕੇ। ਇਕੱਲੇ ਬੱਚੇ ਦਾ ਪਾਲਣ-ਪੋਸ਼ਣ ਕਰਨਾ ਮੁਸ਼ਕਿਲ ਨਹੀਂ ਹੈ, ਇਸ ਲਈ ਕੁਝ ਗੱਲਾਂ ਦਾ ਧਿਆਨ ਰੱਖਣਾ ਜ਼ਰੂਰੀ ਹੈ, ਤਾਂ ਜੋ ਬੱਚਾ ਸਮਾਜਿਕ ਤੌਰ 'ਤੇ ਆਪਸੀ ਤਾਲਮੇਲ ਬਣਾ ਸਕੇ ਅਤੇ ਇਕੱਲੇ ਹੋਣ ਕਾਰਨ ਜ਼ਿੱਦੀ ਨਾ ਬਣ ਜਾਵੇ।

# TRANS-ALLIANCE
TOGETHER WE SAVE

## FUEL DISCOUNTS
UPTO 80 CENTS PER GALLON DISCOUNT
MAJOR NETWORK OF TRUCK STOPS

## FUEL CARDS
NO CREDIT - NO PROBLEM
BEST CUSTOMER SERVICE




FLEET ONE FACTORING
WE WANT TO MAKE FACTORING EASY FOR YOU
SAME-DAY FUNDING - NO HIDDEN FEES
COMPETITIVE RATES - 97% ADVANCE RATE

## YOU BREAK DOWN
WE SHOW UP
24-HOUR ROADSIDE ASSISTANCE

## TRUCK REPAIR & TIRE DISCOUNTS
GET NATIONAL ACCOUNT
NEARLY 3,000 HIGHLY SKILLED TECHNICIANS COAST TO COAST

## FUEL MANAGEMENT
DAILY FUEL RATES IN PHONE APP

CALL FOR MORE INFO

**(855)641-6955, (888)795-7035**

ਕਹਾਣੀ
ਅੰਤਿਮ ਕਿਸ਼ਤ

ਗੁਰਬਚਨ ਸਿੰਘ ਭੁੱਲਰ

# ਤਨਖ਼ਾਹ, ਪਰਕ ਅਤੇ ਗੁਲਾਬੀ ਪਰਚੀ



ਚੰਦਰ ਪ੍ਰਕਾਸ਼ ਲਈ ਐਮ. ਬੀ. ਏ.ਕਰਦਿਆਂ ਹੀ ਭਾਰਤ ਦੇ ਅਮਰੀਕੀ ਸ਼ਹਿਰ ਬੰਗਲੌਰ ਦੇ ਦਰਵਾਜ਼ੇ ਖੁੱਲ੍ਹ ਗਏ। ਸਹਿਜੇ ਹੀ ਉਹਨੂੰ ਅਜਿਹੀ ਫਰਮ ਵਿੱਚ ਕੰਮ ਮਿਲ ਗਿਆ ਜਿਸ ਨੂੰ ਕਾਰੋਬਾਰ ਕਿਸੇ ਅਮਰੀਕੀ ਫਰਮ ਨੇ ਆਊਟਸੋਰਸ ਕੀਤਾ ਹੋਇਆ ਸੀ। ਆਪ ਕਰਮਚਾਰੀ ਰੱਖਣ ਅਤੇ ਉਨ੍ਹਾਂ ਨਾਲ ਸਬੰਧਿਤ ਸਾਰੇ ਝੰਜਟ ਸਹੇੜਨ ਨਾਲੋਂ ਬਦੇਸੀ ਫਰਮਾਂ ਹੁਣ ਭਾਰਤ ਵਰਗੇ ਦੇਸਾਂ ਤੋਂ ਕੰਮ ਕਰਵਾ ਲੈਣਾ ਸੌਖਾ ਅਤੇ ਸਸਤਾ ਸਮਝਦੀਆਂ ਸਨ। ਪੈਸੇ ਦਿੱਤੇ, ਕੰਮ ਕਰਵਾਇਆ; ਉਹ ਆਪਣੀ ਜਾਨਣ, ਇਹ ਆਪਣੀ ਜਾਨਣ। ਵੈਸੇ ਤਾਂ ਆਊਟਸੋਰਸਿੰਗ ਨਾ ਭਾਰਤ ਲਈ ਨਵੀਂ ਸੀ ਤੇ ਨਾ ਹੀ ਗਿਆਨ ਚੰਦ ਲਈ।

ਕੋਈ ਖੇਤਰ ਅਜਿਹਾ ਨਹੀਂ ਸੀ ਜਿਸ ਵਿੱਚ ਲੋਕ ਚਿਰਕਾਲ ਤੋਂ ਆਪਣੇ ਛੋਟੇ-ਵੱਡੇ ਕੰਮਾਂ ਨੂੰ ਠੇਕੇ ਰਾਹੀਂ, ਦਿਹਾੜੀ ਰਾਹੀਂ, ਹਿੱਸੇ-ਪੱਤੀ ਰਾਹੀਂ ਆਊਟਸੋਰਸ ਨਾ ਕਰਦੇ ਆਏ ਹੋਣ। ਤਾਰਾ ਦਾ ਕੰਮ ਵੀ ਆਪਣਾ ਨਹੀਂ ਸੀ, ਮੀਨਾ ਦਾ ਆਊਟਸੋਰਸ ਕੀਤਾ ਹੋਇਆ ਸੀ ਪਰ ਇਕ ਦੇਸ ਤੋਂ ਦੂਜੇ ਦੇਸ ਨੂੰ ਆਊਟਸੋਰਸਿੰਗ ਦੇ ਰੂਪ ਅਜੀਬ ਸਨ। ਪਹਿਲਾਂ ਤਾਂ ਸੁਣ ਕੇ ਗਿਆਨ ਚੰਦ ਵਰਗੇ ਪੜ੍ਹੇ-ਲਿਖੇ ਬੰਦੇ ਨੂੰ ਵੀ ਯਕੀਨ ਨਾ ਬੱਝਦਾ।

ਇੰਗਲੈਂਡ ਵਿੱਚ ਆਪਣੇ ਘਰ ਬੈਠਾ ਕੋਈ ਗੋਰਾ ਆਪਣੇ ਰੇਲਵੇ ਸਟੇਸ਼ਨ ਨੂੰ ਫੋਨ ਕਰ ਕੇ ਗੱਡੀ ਦਾ ਸਮਾਂ ਪੁੱਛਦਾ ਹੈ ਅਤੇ ਅੰਗ੍ਰੇਜ਼ਾਂ ਵਾਲੀ ਅੰਗ੍ਰੇਜ਼ੀ ਵਿੱਚ ਜਵਾਬ ਉਹਨੂੰ ਭਾਰਤ ਵਿੱਚ ਬੈਠਾ ਕੋਈ ਭਾਰਤੀ ਦਿੰਦਾ ਹੈ। ਮਰੀਜ਼ ਵੀ ਅਮਰੀਕਾ ਵਿੱਚ ਪਿਆ ਹੈ ਅਤੇ ਡਾਕਟਰ ਵੀ ਅਮਰੀਕਾ ਵਿੱਚ ਬੈਠਾ ਹੈ, ਉਹਦੀਆਂ ਰਿਪੋਰਟਾਂ ਦੀ ਘੋਖ ਕਰ ਕੇ ਨਤੀਜੇ ਦਿੱਲੀ ਦੇ ਡਾਕਟਰ ਦੱਸ ਰਹੇ ਸਨ। ਕੁਝ ਸਾਲ ਪਹਿਲਾਂ ਤੱਕ ਅਥਾਹ ਵੱਡੀ ਜਾਪਦੀ ਦੁਨੀਆਂ ਸੱਚਮੁੱਚ ਹੀ ਹੁਣ ਕਿੰਨੀ ਛੋਟੀ ਹੋ ਕੇ ਰਹਿ ਗਈ ਸੀ। ਗਿਆਨ ਚੰਦ ਨੇ ਚਾਹ ਦਾ ਪਾਣੀ ਪਤੀਲੀ ਵਿੱਚ ਪਾ ਕੇ ਗੈਸ ਉੱਤੇ ਰੱਖ ਦਿੱਤਾ। ਉਹ ਚਾਹੁੰਦਾ ਸੀ, ਚਾਹ ਦਾ ਕੰਮ ਮੁੱਕਦਾ ਕਰ ਕੇ ਛੇਤੀ ਵਿਹਲਾ ਹੋ ਜਾਵੇ। ਅੱਜ ਬੁੱਧਵਾਰ ਸੀ। ਸੂਰਜ ਪ੍ਰਕਾਸ਼ ਦਾ ਫ਼ੋਨ ਆਉਣਾ ਸੀ। ਕੋਈ ਗੱਲ ਕਰਨੀ ਹੁੰਦੀ ਤਾਂ ਉਹ ਹੋਰ ਕਿਸੇ ਦਿਨ ਵੀ ਫ਼ੋਨ ਕਰ ਲੈਂਦਾ, ਪਰ ਬੁੱਧਵਾਰ ਸਵੇਰੇ ਉਹਦਾ ਫ਼ੋਨ ਆਉਣਾ ਤਾਂ ਪੱਕਾ ਸੀ। ਆਪਣੀ ਮੰਗਲਵਾਰ ਦੀ ਸ਼ਾਮ ਉਹ ਦਫਤਰੋਂ ਮੁੜ ਕੇ, ਚਾਹ-ਪਾਣੀ ਪੀ ਕੇ, ਚੈਨ ਨਾਲ ਬੈਠ ਕੇ ਫ਼ੋਨ ਕਰਦਾ। ਇੱਥੇ ਉਦੋਂ ਬੁੱਧਵਾਰ ਦੀ ਸਵੇਰ ਹੁੰਦੀ। ਪਹਿਲਾਂ ਗਿਆਨ ਚੰਦ ਨੂੰ ਫ਼ੋਨ ਦੀ ਉਡੀਕ ਸੂਰਜ ਪ੍ਰਕਾਸ਼ ਦੀ ਸੁੱਖ-ਸਾਂਦ ਜਾਣਨ ਲਈ ਹੀ ਰਹਿੰਦੀ ਸੀ, ਹੁਣ ਹਰ ਵਾਰ ਉਹਨੂੰ ਸਭ ਤੋਂ ਪਹਿਲਾਂ ਪੁੱਤਰ ਦੀ ਨੌਕਰੀ ਬਾਰੇ ਪੁੱਛਣਾ ਪੈਂਦਾ।

ਹਾਲਾਤ ਨੇ ਅਚਾਨਕ ਰੰਗ ਵਟਾਉਣਾ ਸ਼ੁਰੂ ਕਰ ਦਿੱਤਾ ਸੀ। ਪਿਛਲੇ ਬੰਦ ਬੂਹੇ ਦੇ ਬਾਹਰਲੀ ਤਾਰਾ ਦੀਆਂ ਤੰਗੀਆਂ-ਤੁਰਸ਼ੀਆਂ ਦੀ ਕਹਾਣੀ ਹੌਲੀ ਹੌਲੀ ਜਿਵੇਂ ਉਹਦੇ ਘਰ ਦੇ ਅੰਦਰ ਪ੍ਰਵੇਸ਼ ਕਰਨ ਨੂੰ ਫਿਰਦੀ ਹੋਵੇ।

ਪਹਿਲਾਂ ਅਮਰੀਕਾ ਦੇ ਸਭ ਤੋਂ ਵੱਡੇ ਬੈਂਕ, ਲੇਹਮੈਨ ਬ੍ਰਦਰਜ਼ ਨੇ ਆਪਣੇ ਕਰਮਚਾਰੀਆਂ ਨੂੰ ਗੁਲਾਬੀ ਪਰਚੀਆਂ ਦਿੱਤੀਆਂ। ਅਮਰੀਕੀ ਆਰਥਿਕਤਾ ਦੇ ਪਾਵੇ ਡੋਲਣ ਲੱਗੇ। ਖ਼ਬਰ ਭਾਰਤੀ ਮੀਡੀਆ ਨੇ ਵੀ ਖ਼ੂਬ ਉਛਾਲੀ। ਗਿਆਨ ਚੰਦ ਨੂੰ ਪਰ ਇਸ ਵਿੱਚ ਕੋਈ ਖਾਸ ਗੱਲ ਦਿਖਾਈ ਨਾ ਦਿੱਤੀ। ਇੱਕ ਬੈਂਕ ਡਿੱਗ ਪਿਆ ਤਾਂ ਡਿੱਗ ਪਿਆ, ਹੋਰਾਂ ਨੂੰ ਇਹਦੇ ਨਾਲ ਕੀ! ਖਾਸ ਕਰਕੇ ਸੂਰਜ ਪ੍ਰਕਾਸ਼ ਨੂੰ ਅਤੇ ਉਹਨੂੰ ਇਹਦੇ ਨਾਲ ਕੀ। ਬਹੁਤ ਸਾਲ ਪਹਿਲਾਂ ਉਨ੍ਹਾਂ ਦੇ ਆਪਣੇ ਸ਼ਹਿਰ ਵਿੱਚ ਬਨਵਾਰੀ ਲਾਲ ਆੜ੍ਹਤੀਏ ਦਾ ਸੱਟੇ ਕਾਰਨ ਦੀਵਾਲਾ ਨਿਕਲ ਗਿਆ ਸੀ। ਦੁਪਹਿਰ ਵੇਲੇ ਥਾਲੀ ਵਿੱਚ ਬਲਦਾ ਦੀਵਾ ਸ਼ਹਿਰ ਦੇ ਕੇਂਦਰੀ ਚੌਂਕ ਵਿੱਚ ਰੱਖ ਕੇ ਉਹਨੇ ਆਪਣੀ ਕੰਗਾਲੀ ਦਾ ਹੋਕਾ ਦੇ ਦਿੱਤਾ ਸੀ। ਭਾਵ, ਲੈਣੇਦਾਰ ਹੁਣ ਉਹਤੋਂ ਆਪਣੀ ਰਕਮ ਦੀ ਵਾਪਸੀ ਦੀ ਕੋਈ ਆਸ ਨਾ ਰੱਖਣ ਪਰ ਸ਼ਹਿਰ ਦੇ ਬਾਕੀ ਕਾਰੋਬਾਰੀ ਪਹਿਲਾਂ ਵਾਂਗ ਹੀ ਆਪਣਾ ਕਾਰੋਬਾਰ ਕਰਦੇ ਰਹੇ ਸਨ। ਬਨਵਾਰੀ ਲਾਲ ਦੇ ਦੀਵਾਲੇ ਦਾ ਉਨ੍ਹਾਂ ਦੇ ਕਾਰੋਬਾਰ ਉੱਤੇ ਕੋਈ ਅਸਰ ਨਹੀਂ ਸੀ ਪਿਆ। ਗਿਆਨ ਚੰਦ ਨੂੰ ਗੜਬੜ ਦੀ ਸਮਝ ਉਸ ਸਮੇਂ ਆਈ ਜਦੋਂ ਮਾਮਲਾ ਬਨਵਾਰੀ ਲਾਲ ਆੜ੍ਹਤੀਏ ਦੇ ਦੀਵਾਲੇ ਤੋਂ ਵੱਖਰਾ ਰੂਪ ਧਾਰ ਗਿਆ। ਇੱਕ ਇੱਕ ਕਰ ਕੇ ਹੋਰ ਅਮਰੀਕੀ ਬੈਂਕ ਅਤੇ ਆਰਥਿਕ ਅਦਾਰੇ ਤਿਲ੍ਹਕਣ ਲੱਗੇ। ਛੇਤੀ ਹੀ ਇਹ ਲਾਗ ਦੂਜੇ ਦੇਸਾਂ ਦੀਆਂ ਆਰਥਿਕਤਾਵਾਂ ਤੱਕ ਪੁੱਜ ਗਈ। ਭਾਰਤ ਦੇ ਅਖ਼ਬਾਰ ਆਰਥਿਕ ਮੰਦਵਾੜੇ ਤੇ ਮੁਲਾਜ਼ਮਾਂ ਦੀਆਂ ਛਾਂਟੀਆਂ ਦੀਆਂ ਖਬਰਾਂ ਨਾਲ ਭਰਨ ਲੱਗੇ ਅਤੇ ਟੀਵੀ ਚੈਨਲ ਇਹੋ ਰੌਲਾ ਪਾਉਣ ਲੱਗੇ। ਗਣਿਤ ਵਿਚੋਂ ਗਿਆਨ ਚੰਦ ਦੇ ਨੰਬਰ ਵਧੀਆ ਆਉਂਦੇ ਰਹੇ ਸਨ, ਪਰ ਉਹਨੂੰ ਇਹ ਲੇਖਾ ਸਮਝ ਨਹੀਂ ਸੀ ਆ ਰਿਹਾ। ਉਹਨੂੰ ਸੂਰਜ ਪ੍ਰਕਾਸ਼ ਦੀ ਚਿੰਤਾ ਹੋਣ ਲੱਗੀ। ਜੇ ਸੂਰਜ ਪ੍ਰਕਾਸ਼ ਨੂੰ ਗੁਲਾਬੀ ਪਰਚੀ ਦੇ ਦਿੱਤੀ ਗਈ, ਹੁਣ ਉਹਨੂੰ ਦੇਸ ਵਿੱਚ ਕੰਮ ਮਿਲਣਾ ਵੀ ਔਖਾ ਸੀ। ਇਥੇ ਵੀ ਨਵੀਆਂ ਨੌਕਰੀਆਂ ਦੀ ਸੰਭਾਵਨਾ ਖ਼ਤਮ ਹੋਣ ਲੱਗੀ ਸੀ ਅਤੇ ਕੰਪਨੀਆਂ ਜਿਨ੍ਹਾਂ ਮੁਲਾਜ਼ਮਾਂ ਦੀ ਛਾਂਟੀ ਕਰ ਰਹੀਆਂ ਸਨ, ਉਨ੍ਹਾਂ ਸਾਹਮਣੇ ਹਨੇਰਾ ਹੀ ਹਨੇਰਾ ਸੀ। ਗਿਆਨ ਚੰਦ ਨੂੰ ਇਸ ਆਰਥਿਕ ਘਚੋਲੇ ਨਾਲੋਂ ਵੱਧ ਗੁੱਸਾ ਉਸ ਆਦਮੀ ਉੱਤੇ ਆਉਂਦਾ ਜਿਸ ਨੇ ਕਿਸੇ ਦਾ ਰੁਜ਼ਗਾਰ ਖੋਹਣ ਵਾਲੇ ਕਾਗਜ਼ ਦਾ ਨਾਂ ਗੁਲਾਬੀ ਪਰਚੀ ਰੱਖਿਆ ਸੀ। ਇਹਦਾ ਨਾਂ ਤਾਂ ਕਾਲੀ ਪਰਚੀ ਹੋਣਾ ਚਾਹੀਦਾ ਸੀ। ਕਾਗਜ਼ ਦਾ ਗੁਲਾਬੀ ਰੰਗ ਗਿਆਨ ਚੰਦ ਦੇ ਚੇਤੇ ਵਿੱਚ ਵੱਖਰੀ, ਖ਼ੂਬਸੂਰਤ ਤਸਵੀਰ ਬਣ ਕੇ ਉਭਰਦਾ ਸੀ। ਉਹਦੀ ਜਵਾਨੀ ਸਮੇਂ ਮੁੰਡੇ-ਕੁੜੀਆਂ ਗੁਲਾਬੀ ਕਾਗਜ਼ ਲੱਭ ਲੱਭ ਕੇ ਚਿੱਠੀਆਂ ਲਿਖਦੇ ਅਤੇ ਮੌਕਾ ਪਾ ਕੇ ਇੱਕ ਦੂਜੇ ਦੀ ਕਿਤਾਬ-ਕਾਪੀ ਵਿੱਚ ਰਖਦੇ। ਗੁਲਾਬੀ ਕਾਗਜ਼ ਤਾਂ ਹੁੰਦਾ ਹੀ ਅਜਿਹੇ ਮੰਤਵਾਂ ਲਈ ਹੈ। ਹੁਣ ਕਿਸੇ ਨਿਰਦਈ ਬੰਦੇ ਨੇ ਰੁਜ਼ਗਾਰ ਖੁੱਸਣ ਦੀ ਸੋਗੀ ਖਬਰ ਦੇਣ ਵਾਲੇ ਕਾਗਜ਼ ਦਾ ਨਾਂ ਗੁਲਾਬੀ ਪਰਚੀ ਰੱਖ ਦਿੱਤਾ ਸੀ। ਗਿਆਨ ਚੰਦ ਹੱਥੋਂ ਚਾਹ ਲੈਂਦਿਆਂ ਕਈ ਵਾਰ ਤਾਰਾ ਆਖਦੀ,

ਬਾਊ ਜੀ, ਦੋਵੇਂ ਨਹੀਂ ਤਾਂ ਇੱਕ ਪੁੱਤਰ ਨੂੰ ਇਥੇ ਬੁਲਾ ਕੇ ਵਿਆਹ ਕਰ ਦਿਓ। ਏਸ ਉਮਰ ਵਿੱਚ ਕੰਮ ਦੇ ਖਲਜਗਣ ਤੋਂ ਤੁਹਾਡਾ ਤੇ ਬੀਬੀ ਜੀ ਦਾ ਪਿੱਛਾ ਛੁੱਟੇ। ਬਿਚਾਰੀ ਤਾਰਾ ਨੂੰ ਕੀ ਪਤਾ ਸੀ, ਕਿਸੇ ਪੁੱਤਰ ਨੂੰ ਇਥੇ ਆਉਣ ਲਈ ਕੀ ਕੁਝ ਤਿਆਗਣਾ ਪੈਣਾ ਸੀ। ਸੂਰਜ ਪ੍ਰਕਾਸ਼ ਆਪਣੇ ਬਾਰੇ ਬੇਫ਼ਿਕਰ ਰਹਿਣ ਲਈ ਆਖਦਾ। ਉਹ ਆਪਣੀ ਫਰਮ ਦੇ ਪੈਰ ਪੱਕੇ ਹੋਣ ਦਾ ਵਿਸ਼ਵਾਸ ਦੁਆਉਂਦਾ। ਆਰਥਿਕ ਸੰਸਥਾਵਾਂ ਦੀ ਖੈ ਦਾ ਵਰਤਾਰਾ ਸਮਝਾਉਣ ਲਈ ਉਹ ਕਤਾਰ ਵਿੱਚ ਨਾਲੋ-ਨਾਲ ਖਲੋਤੇ ਸਾਈਕਲਾਂ ਦੀ ਮਿਸਾਲ ਦਿੰਦਾ। ਇੱਕ ਡਿੱਗ ਪਵੇ, ਬਾਕੀ ਸਭ ਅੱਗੇ ਦੀ ਅੱਗੇ ਡਿਗਦੇ ਜਾਂਦੇ ਹਨ। ਉਹ ਸਪਸ਼ਟ ਕਰਦਾ, ਉਹਦੀ ਫਰਮ ਆਰਥਿਕਤਾ ਨਾਲ ਨਹੀਂ, ਕਾਨੂੰਨ ਨਾਲ ਸਬੰਧਿਤ ਹੈ। ਤਾਂ ਵੀ ਗਿਆਨ ਚੰਦ ਦੇ ਦਿਲ ਵਿੱਚ ਡਰ ਜਾਗਦਾ, ਰੱਬ ਨਾ ਕਰੇ, ਜੇ ਕਦੀ ਸੂਰਜ ਪ੍ਰਕਾਸ਼ ਦੀ ਫਰਮ ਦਾ ਸਾਈਕਲ ਵੀ ਟੇਡਾ ਹੋ ਜਾਵੇ। ਪੁੱਤਰ ਦੀ ਪਹਿਲਾਂ ਕਦੀ ਕਹੀ ਹੋਈ ਇੱਕ ਚੰਗੀ ਗੱਲ ਵੀ ਚੇਤੇ ਆ ਕੇ ਹੁਣ ਉਹਦੀ ਚਿੰਤਾ ਵਿੱਚ ਵਾਧਾ ਕਰ ਦਿੰਦੀ। ਤਨਖ਼ਾਹ ਬਾਰੇ ਗਿਆਨ ਚੰਦ ਦੀ ਖ਼ੁਸ਼ੀ ਦੇਖ ਕੇ ਉਹਨੇ ਕਿਹਾ ਸੀ, ਇਹ ਤਨਖ਼ਾਹ ਤਾਂ ਨਵਾਂ ਹੋਣ ਕਰਕੇ ਉਹਦੀ ਯੋਗਤਾ ਲਈ ਬੱਸ ਠੀਕ-ਠਾਕ ਹੀ ਹੈ। ਕੁਝ ਅਨੁਭਵ ਮਿਲ ਜਾਵੇ, ਕੋਈ ਵੀ ਹੋਰ ਫਰਮ ਉਹਨੂੰ ਇਹਤੋਂ ਬਹੁਤ ਵੱਧ ਦੇ ਦੇਵੇਗੀ। ਗਿਆਨ ਚੰਦ ਨੂੰ ਇਹ ਫਰਮ ਏਨੀ ਛੇਤੀ ਇਉਂ ਛੱਡਣ ਦੀ ਪੁੱਤਰ ਦੀ ਸੋਚ ਅਜੀਬ ਲੱਗੀ। ਆਖ਼ਰ ਉਨ੍ਹਾਂ ਨੇ ਕੋਰਸ ਵਿਚੋਂ ਨਿਕਲਦੇ ਨੂੰ ਹੀ ਉਹਨੂੰ ਚੰਗੀ ਨੌਕਰੀ ਦੇ ਦਿੱਤੀ ਸੀ। ਏਨੀ ਛੇਤੀ ਉਨ੍ਹਾਂ ਦਾ ਅਹਿਸਾਨ ਇਉਂ ਭੁਲਾਉਣਾ ਅਤੇ ਵਿਸ਼ਵਾਸ ਇਉਂ ਤੋੜਨਾ ਠੀਕ ਨਹੀਂ ਸੀ। ਸੂਰਜ ਪ੍ਰਕਾਸ਼ ਹੱਸਿਆ, ਪਿਤਾ ਜੀ, ਇਥੇ ਕੰਮ-ਧੰਦੇ ਵਿੱਚ ਇਮੋਸ਼ਨਾਂ ਦੀ ਕੋਈ ਗੁੰਜਾਇਸ਼ ਨਹੀਂ। ਨੌਕਰੀ ਵਿੱਚ ਅਹਿਸਾਨ ਅਤੇ ਵਿਸ਼ਵਾਸ ਦੇ ਸੰਕਲਪ ਇਥੇ ਆਪਣੇ ਦੇਸ ਵਰਗੇ ਨਹੀਂ। ਪੈਸੇ ਦੇਣੇ ਤੇ ਕੰਮ ਕਰਵਾਉਣਾ। ਪੈਸੇ ਲੈਣੇ ਤੇ ਕੰਮ ਕਰਨਾ। ਜੇ ਭਲਕੇ ਕਿਸੇ ਕਾਰਨ ਇਨ੍ਹਾਂ ਨੂੰ ਮੇਰੀ ਲੋੜ ਨਾ ਰਹੇ, ਮੇਰੇ ਦਫਤਰ ਪਹੁੰਚਣ ਤੋਂ ਪਹਿਲਾਂ ਪਿੰਕ ਸਲਿਪ ਮੇਜ਼ ਉੱਤੇ ਪਈ ਹੋਵੇਗੀ। ਕੋਈ ਵਿਚਾਰ-ਵਟਾਂਦਰਾ ਨਹੀਂ, ਕੋਈ ਹਮਦਰਦੀ ਨਹੀਂ। ਇਥੇ ਨੌਕਰੀ ਤੋਂ ਹਟਾਉਣਾ ਤੇ ਨੌਕਰੀ ਛੱਡਣਾ ਸਾਧਾਰਨ ਗੱਲਾਂ ਹਨ। ਜੇ ਤੁਹਾਡੀ ਲੋੜ ਨਹੀਂ, ਉਹ ਪਿੰਕ ਸਲਿਪ ਮੇਜ਼ ਉੱਤੇ ਰੱਖ ਦੇਣਗੇ। ਜੇ ਹੋਰ ਕਿਤੇ ਚੰਗੇਰਾ ਕੰਮ ਮਿਲ ਜਾਵੇ, ਤੁਸੀਂ ਅਸਤੀਫ਼ਾ ਮੇਜ਼ ਉੱਤੇ ਜਾ ਰੱਖੋ। ਦੋਵੇਂ ਪਾਸਿਓਂ ਕੋਈ ਸਵਾਲ-ਜਵਾਬ ਨਹੀਂ, ਕੋਈ ਕਿੰਤੂ-ਪ੍ਰੰਤੂ ਨਹੀਂ।

ਚਾਰ-ਚੁਫੇਰੇ ਆਰਥਿਕ ਮੰਦੀ ਦਾ ਰੌਲਾ ਪੈ ਰਿਹਾ ਸੀ। ਜੇ ਸੂਰਜ ਪ੍ਰਕਾਸ਼ ਦੇ ਮੇਜ਼ ਉੱਤੇ ਗੁਲਾਬੀ ਪਰਚੀ ਰੱਖ ਦਿੱਤੀ ਗਈ। ਪੁੱਤਰ ਪਿਤਾ ਦੀ ਚਿੰਤਾ ਦੂਰ ਕਰਨ ਦਾ ਯਤਨ ਕਰਦਾ, ਇਹ ਮਾਮਲਾ ਆਰਥਿਕ ਸੰਸਥਾਵਾਂ ਦਾ ਹੈ, ਲਾਅ ਫਰਮਾਂ ਉੱਤੇ ਇਹਦਾ ਕੋਈ ਅਸਰ ਨਹੀਂ। ਸਗੋਂ ਡਿਗਦੀਆਂ ਸੰਸਥਾਵਾਂ ਨਾਲ ਸੰਬੰਧਿਤ ਨਵੇਂ ਝਗੜੇ ਪੈਦਾ ਹੋਣ ਕਰਕੇ ਸਾਡਾ ਕੰਮ ਤਾਂ ਹੋਰ ਵਧਣਾ ਹੈ। ਪਿਤਾ ਜੀ, ਮੇਰੀ ਨੌਕਰੀ ਦੀ ਕੋਈ ਚਿੰਤਾ ਨਾ ਕਰੋ। ਕਿਤੇ ਨਹੀਂ ਜਾਂਦੀ ਮੇਰੀ ਨੌਕਰੀ। ਵੈਸੇ ਵੀ ਮੇਰੀ ਯੋਗਤਾ ਨੂੰ ਇਥੇ ਅੱਜ ਵੀ ਕੋਈ ਘਾਟਾ ਨਹੀਂ ਨੌਕਰੀਆਂ ਦਾ। ਹੁਣ ਜਦੋਂ ਇਹ ਸਾਈਕਲ-ਪ੍ਰਭਾਵ ਭਾਰਤ ਤੱਕ ਆ ਪੁੱਜਿਆ, ਗਿਆਨ ਚੰਦ ਦੀ ਚਿੰਤਾ ਦੁੱਗਣੀ ਹੋ ਗਈ। ਸੂਰਜ ਪ੍ਰਕਾਸ਼ ਦੀ ਚਿੰਤਾ ਵਿੱਚ ਚੰਦਰ ਪ੍ਰਕਾਸ਼ ਦੀ ਚਿੰਤਾ ਵੀ ਜੁੜ ਗਈ। ਆਖ਼ਰ ਬੰਗਲੌਰ ਦਾ ਨਾਂ ਇਸ ਪ੍ਰਭਾਵ ਦੀ ਮਾਰ ਵਿੱਚ ਆਉਣ ਵਾਲੇ ਸ਼ਹਿਰਾਂ ਵਿਚੋਂ ਪਹਿਲਾ ਸੀ। ਚਾਹ ਨੂੰ ਉਬਾਲਾ ਆਇਆ ਹੀ ਸੀ ਕਿ ਫ਼ੋਨ ਦੀ ਘੰਟੀ ਵੱਜ ਗਈ। ਚਾਹ ਉਵੇਂ ਹੀ ਛੱਡ ਕੇ ਉਹ ਕਾਹਲੇ ਪੈਰੀਂ ਫ਼ੋਨ ਵੱਲ ਤੁਰ ਪਿਆ। ਬੇਟੇ ਤੋਂ ਉਹਦਾ ਸੁੱਖੀਂ-ਸਾਂਦੀਂ ਹੋਣਾ ਅਤੇ ਉਹਦੀ ਨੌਕਰੀ ਦਾ ਹਰੀ-ਕਾਇਮ ਹੋਣਾ ਸੁਣ ਕੇ ਉਹਦੇ ਕਾਹਲੇ ਸਾਹ ਨੂੰ ਟਿਕਾਅ ਆਇਆ ਪਰ ਕੁਝ ਪਲ ਇਧਰਲੀਆਂ ਉਧਰਲੀਆਂ ਮਾਰਨ ਮਗਰੋਂ ਉਹਨੇ ਗਿਆਨ ਚੰਦ ਦਾ ਉਤਸ਼ਾਹ ਮੱਠਾ ਪਾ ਦਿੱਤਾ ਉਹਦੀ ਫਰਮ ਲਈ ਵੀ ਹੈੱਡ ਆਫ਼ਿਸ ਨੂੰ ਬੱਚਤ ਦਿਖਾਉਣੀ ਜ਼ਰੂਰੀ ਹੋ ਗਈ ਸੀ। ਭਾਵੇਂ ਕਿਸੇ ਨੂੰ ਗੁਲਾਬੀ ਪਰਚੀ ਤਾਂ ਨਹੀਂ ਸੀ ਦਿੱਤੀ ਗਈ, ਪਰਕ ਸਭ ਦੇ ਘਟਾ ਦਿੱਤੇ ਗਏ ਸਨ। ਖਾਣ-ਪੀਣ ਦੀਆਂ ਭਾਂਤ-ਸੁਭਾਂਤੀਆਂ ਚੀਜ਼ਾਂ ਨਾਲ ਭਰੀ ਰਹਿਣ ਵਾਲੀ ਦਫ਼ਤਰ ਦੀ ਕਿਚਨ ਵਿੱਚ ਬੱਸ ਖਾਲੀ ਚਾਹ-ਕੌਫੀ ਰਹਿ ਗਈ ਸੀ। ਭੱਤੇ, ਓਵਰਟਾਈਮ ਅਤੇ ਹੋਰ ਸਹੂਲਤਾਂ ਤੇ ਲਾਭ ਵੀ ਖ਼ਤਮ ਹੋ ਗਏ ਸਨ। ਬੱਸ ਪਰਕਾਂ ਤੋਂ ਸੱਖਣੀ ਤਨਖ਼ਾਹ ਹੀ ਤਨਖ਼ਾਹ ਪੱਲੇ ਪੈਣੀ ਸੀ। ਸੂਰਜ ਪ੍ਰਕਾਸ਼ ਨੇ ਬੇਪ੍ਰਵਾਹੀ ਦਿਖਾਉਂਦਿਆਂ ਕਿਹਾ, ਪਿਤਾ ਜੀ, ਮੁੱਖ ਗੱਲ ਤਾਂ ਨੌਕਰੀ ਤੇ ਤਨਖ਼ਾਹ ਹੈ। ਪਰਕਾਂ ਦਾ ਕੀ ਹੈ, ਅੱਜ ਬੰਦ ਹੋਏ, ਭਲਕੇ ਬਹਾਲ ਹੋ ਜਾਣਗੇ।...ਹਾਂ, ਮਾਂ ਨੂੰ ਕਹਿਣਾ, ਇਕ-ਦੋ ਦਿਨਾਂ ਵਿੱਚ ਦਫਤਰੋਂ ਫ਼ੋਨ ਕਰੂੰਗਾ ਜਦੋਂ ਤੁਹਾਡੇ ਰਾਤ ਦੇ ਅੱਠ-ਨੌਂ ਬੱਜੇ ਹੋਏ। ਪਈ ਰਹਿਣ ਦਿਓ ਹੁਣ ਉਹਨੂੰ ਆਰਾਮ ਨਾਲ। ਗਿਆਨ ਚੰਦ ਨੇ ਵੀ ਪੁੱਤਰ ਨੂੰ ਬਹੁਤੀ ਚਿੰਤਾ ਨਾ ਦਿਖਾਈ। ਉੱਤੋਂ ਉੱਤੋਂ ਬੇਪ੍ਰਵਾਹੀ ਦਾ ਪ੍ਰਗਟਾਵਾ ਕਰਦਾ ਹੋਇਆ ਉਹ ਤਾਂ ਆਪ ਚਿੰਤਾ ਵਿੱਚ ਹੋਵੇਗਾ। ਉਹਦੀ ਚਿੰਤਾ ਵਿੱਚ ਆਪਣੀ ਚਿੰਤਾ ਦਾ ਵਾਧਾ ਕਿਉਂ ਕਰਨਾ ਹੋਇਆ।

ਵਾਪਸ ਆ ਕੇ ਗੈਸ ਬਾਲੀ ਅਤੇ ਚਾਹ ਦੇ ਉਬਲਣ ਦੀ ਉਡੀਕ ਕਰਦਿਆਂ ਉਹਦਾ ਧਿਆਨ ਚੰਦਰ ਪ੍ਰਕਾਸ਼ ਵੱਲ ਚਲਿਆ ਗਿਆ। ਸੂਰਜ ਪ੍ਰਕਾਸ਼ ਨੂੰ ਤਾਂ ਉਹਨੇ ਝੂਠੀ-ਸੱਚੀ ਤਸੱਲੀ ਦੇ ਕੇ ਫ਼ੋਨ ਰੱਖ ਦਿੱਤਾ ਸੀ, ਪਰ ਅਮਰੀਕਾ ਵਿੱਚ ਗੁਲਾਬੀ ਪਰਚੀਆਂ ਦੀ ਭਰਮਾਰ ਅਤੇ ਪਰਕਾਂ ਦੀਆਂ ਕਟੌਤੀਆਂ ਭਾਰਤ ਵਿੱਚ ਚੰਦਰ ਪ੍ਰਕਾਸ਼ ਲਈ ਬੁਰਾ ਸੁਨੇਹਾ ਹੋ ਸਕਦੀਆਂ ਸਨ। ਪਿਛਲੇ ਕੁਝ ਦਿਨਾਂ ਤੋਂ ਆਊਟਸੋਰਸਿੰਗ ਬਾਰੇ ਅਮਰੀਕੀ ਸਰਕਾਰ ਦੀ ਸੁਰ ਲਗਾਤਾਰ ਉੱਚੀ ਹੋ ਰਹੀ ਸੀ। ਉੱਚੇ ਅਧਿਕਾਰੀ ਇਸ ਨੂੰ ਅਮਰੀਕੀਆਂ ਦੀ ਬੇਰੁਜ਼ਗਾਰੀ ਦਾ ਵੱਡਾ ਕਾਰਨ ਆਖ ਰਹੇ ਸਨ। ਕੀ ਪਤਾ, ਉਹ ਅਮਰੀਕਾ ਵਿੱਚ ਬੈਠੇ ਆਊਟਸੋਰਸਿੰਗ ਦੀ ਸਵਿਚ ਆਫ਼ ਕਰ ਕੇ ਭਾਰਤੀ ਕੰਪਨੀਆਂ ਦੀ ਬੱਤੀ ਕਦੋਂ ਗੁੱਲ ਕਰ ਦੇਣ। ਗਿਆਨ ਚੰਦ ਨੇ ਗੁਆਂਢੀਆਂ ਦੇ ਕੂੜੇਦਾਨਾਂ ਨੂੰ ਜਾ ਲੱਗੀ ਤਾਰਾ ਨੂੰ ਆਵਾਜ਼ ਦਿੱਤੀ।

ਉਹਨੇ ਪਿਛਲੇ ਵਿਹੜੇ ਵਾਲੇ ਕੂਲਰ ਤੋਂ ਪਲੇਟ ਤੇ ਗਲਾਸ ਚੁੱਕੇ ਅਤੇ ਧਰਤੀ ਉੱਤੇ ਪਲਾਥੀ ਮਾਰਦਿਆਂ ਆਪਣੇ ਸਾਹਮਣੇ ਰੱਖ ਲਏ। ਪਲੇਟ ਵਿੱਚ ਬ੍ਰੈੱਡ ਰੱਖਦਿਆਂ ਅਤੇ ਗਲਾਸ ਵਿੱਚ ਚਾਹ ਪਾਉਂਦਿਆਂ ਗਿਆਨ ਚੰਦ ਨੇ ਪੁੱਛਿਆ, ਹਾਂ, ਤਾਰਾ ਰਾਣੀ। ਹੁਣ ਦੱਸ ਬੇਟਾ, ਅੱਜ ਕਿਸ ਗੱਲੋਂ ਦੁਖੀ ਹੋਈ ਬੈਠੀ ਹੈਂ?

ਤੱਤੇ ਗਲਾਸ ਨਾਲ ਠੰਢੇ ਹੱਥ ਸੇਕਦਿਆਂ ਉਹ ਹਉਕਾ ਲੈ ਕੇ ਬੋਲੀ, ਦੁੱਖ ਤਾਂ ਮੇਰੇ ਨਾਲ ਹੀ ਜੰਮੇ ਨੇ ਬਾਊ ਜੀ। ਇਨ੍ਹਾਂ ਦਾ ਕੀ ਗਿਣਨਾ ਤੇ ਕੀ ਚਿਤਾਰਨਾ!

ਤੂੰ ਪਹਿਲਾਂ ਵਾਲੇ ਦੁੱਖਾਂ ਦੀ ਗੱਲ ਛੱਡ। ਇਹ ਦੱਸ, ਅੱਜ ਨਵਾਂ ਦੁੱਖ ਕਿਹੜਾ ਲੱਗ ਗਿਆ?

ਮੀਨਾ ਕਹਿੰਦੀ ਹੈ, ਹੁਣ ਉਹਦੀ ਆਪਣੀ ਦਾਲ-ਰੋਟੀ ਨਹੀਂ ਚਲਦੀ। ਏਸ ਮਹੀਨੇ ਤੋਂ ਉਹਨੇ ਕੋਈ ਪੈਸਾ ਨਹੀਂ ਦੇਣਾ। ਬੱਸ, ਕਬਾੜ ਖ਼ਾਤਰ ਕੰਮ ਕਰਨਾ ਹੈ ਤਾਂ ਕਰਾਂ, ਨਹੀਂ ਤਾਂ ਨਾ ਕਰਾਂ !

ਸੂਰਜ ਪ੍ਰਕਾਸ਼ ਦੇ ਵਾਧੂ ਪਰਕ ਬੰਦ ਹੋਏ ਸਨ, ਪਰ ਅਸਲ ਤਨਖ਼ਾਹ ਬਚ ਰਹੀ ਸੀ। ਵਿਚਾਰੀ ਤਾਰਾ ਦੀ ਤਾਂ ਤਨਖ਼ਾਹ ਹੀ ਜਾਂਦੀ ਰਹੀ ਸੀ, ਬਾਕੀ ਬਚਿਆ ਸੀ ਬੱਸ ਪਰਕ...।

---

ਨੰਨ੍ਹੀ ਕਹਾਣੀ

ਜਨਮੇਜਾ ਸਿੰਘ ਜੌਹਲ

# ਛੂੰਦੜ

ਜੱਸੀ ਇੱਕ ਸੋਹਣਾ ਸੁਨੱਖਾ ਨੌਜਵਾਨ ਸੀ । ਉਸਦੀ ਹੁਣੇ ਹੀ ਵਿਸ਼ਵ ਵਿਦਿਆਲੇ ਵਿੱਚ ਨੌਕਰੀ ਲੱਗੀ ਸੀ । ਦਿਲ ਕੀਤਾ ਕਿ ਉਸਨੂੰ ਮਿਲ ਕੇ ਆਵਾਂ । ਕਮਰੇ ਵਿੱਚ ਉਸਦੇ ਕੋਲ ਇੱਕ ਲੜਕੀ ਬੈਠੀ ਸੀ । ਕੁਰਸੀ ’ਤੇ ਹਾਲੇ ਬੈਠ ਹੀ ਰਿਹਾ ਸੀ ਕਿ ਜੱਸੀ ਕਹਿੰਦਾ ਇਹ ਸ਼ਮੀਰੋ ਹੈ। ਆਪਣੇ ਇੱਥੇ ਹੀ ਪੜ੍ਹ ਰਹੀ ਹੈ । ਜੱਸੀ ਨੇ ਸੇਵਾਦਾਰ ਨੂੰ ਕਿਹਾ ਕਿ ਸਰ ਵਾਸਤੇ ਵੀ ਚਾਹ ਦਾ ਕੱਪ ਤੇ ਪਕੌੜੇ ਲੈ ਆ। ਥੋੜੀ ਦੇਰ ਬਾਅਦ ਸੇਵਾਦਾਰ ਕੱਲੀ ਚਾਹ ਲੈ ਆਇਆ ਤੇ ਕਹਿੰਦਾ

-ਜੀ ਪਕੌੜੇ ਮੁੱਕ ਗਏ, ਲੰਚ ਟਾਇਮ ਹੋ ਗਿਆ ਜੀ।

ਨਿੱਕੀਆਂ ਗੱਲਾਂ ਤੋਂ ਬਾਅਦ ਲੱਗਾ ਕਿ ਮੈਂ ਉਹਨਾਂ ਦਾ ਟਾਇਮ ਖਰਾਬ ਕਰ ਰਿਹਾਂ ਸੋ ਉੱਥੋਂ ਕੰਮ ਦਾ ਬਹਾਨਾ ਲਾ ਕੇ ਉੱਠ ਆਇਆ।

ਮੇਰਾ ਇੱਕ ਦੋਸਤ ਕਿਸੇ ਵੱਡੀ ਕੰਪਨੀ ਦਾ ਖੇਤਰੀ ਅਫ਼ਸਰ ਸੀ , ਇੱਕ ਦਿਨ ਉਹ ਮੈਨੂੰ ਆਪਣੇ ਜ਼ਿਲ੍ਹੇ ਵਿੱਚ ਕਾਰਖਾਨੇ ਦਾ ਮੁਆਇਨਾ ਕਰਨ ਨਾਲ ਲੈ ਗਿਆ । ਵੱਡੇ ਅਫ਼ਸਰ ਨੂੰ ਵੇਖ ਸੇਵਾਦਾਰ ਸਾਨੂੰ ਸਿੱਧਾ ਮੈਨੇਜਰ ਕੋਲ ਲੈ ਗਿਆ । ਮੈਨੂੰ ਵੇਖ ਕੇ ਮੈਨੇਜਰ ਸਾਹਿਬਾ ਖੁਸ਼ ਹੋ ਗਈ। ਇਹ ਤਾਂ ਸ਼ਮੀਰੋ ਹੀ ਸੀ । ਉਹਨਾਂ ਦੋਨਾਂ ਨੇ ਕਾਫ਼ੀ ਦਫ਼ਤਰੀ ਗੱਲਾਂ ਕੀਤੀਆਂ । ਇੰਨੇ ਚਿਰ ਵਿੱਚ ਚਾਹ ਤੇ ਸਮੋਸੇ ਆ ਗਏ । ਮੈਡਮ ਨੇ ਸੇਵਾਦਾਰ ਨੂੰ ਕਿਹਾ,

-ਤੈਨੂੰ ਤਾਂ ਪਨੀਰ ਦੇ ਪਕੌੜੇ ਕਿਹਾ ਸੀ।

-ਜੀ ਮੈਡਮ ਪਰ ਪਨੀਰ ਮੁੱਕ ਗਿਆ ਸੀ ਸੋ ਸਮੋਸੇ ਲੈ ਆਇਆ ਹਾਂ।

ਕੁਝ ਦੇਰ ਬਾਅਦ ਅਸੀਂ ਵਾਪਸ ਆ ਗਏ ।

ਨਾਲ ਦੇ ਸ਼ਹਿਰ ਦੇ ਇੱਕ ਕਾਲਜ ਵਿੱਚ ਮੇਰਾ ਲੈਕਚਰ ਰੱਖਿਆ ਹੋਇਆ ਸੀ । ਉੱਥੇ ਹੋਰ ਵੀ ਲੋਕ ਆਏ ਹੋਏ ਸਨ। ਮੇਰੇ ਸਾਹਮਣੇ ਇੱਕ ਜੋੜਾ ਬੈਠਾ ਸੀ । ਪਹਿਲਾਂ ਤਾਂ ਮੈਂ ਧਿਆਨ ਨਾ ਦਿੱਤਾ, ਥੋੜੀ ਦੇਰ ਬਾਅਦ ਯਾਦ ਆਇਆ ਕੇ ਇਹ ਤਾਂ ਸ਼ਮੀਰੋ ਹੈ। ਸ਼ਾਇਦ ਨਾਲ ਘਰਵਾਲਾ ਹੋਵੇਗਾ। ਉਸਨੇ ਮੈਨੂੰ ਅੱਖੋਂ ਪਰੋਖੇ ਕਰ ਦਿੱਤਾ । ਮੈਂ ਵੀ ਚੁੱਪ ਰਹਿਣ ਵਿੱਚ ਭਲਾਈ ਸਮਝੀ। ਥੋੜੀ ਦੇਰ ਵਿੱਚ ਚਾਹ ਸਮੋਸੇ ਤੇ ਮਠਿਆਈ ਆ ਗਈ। ਪ੍ਰਿਸੀਪਲ ਨੇ ਦੱਸਿਆ ਕਿ ਸਾਡੇ ਇੱਥੇ ਪਨੀਰ ਦੇ ਪਕੌੜੇ ਬਣਦੇ ਹਨ, ਪਰ ਅੱਜ ਬੁੱਧਵਾਰ ਹਲਵਾਈ ਛੁੱਟੀ ਕਰਦਾ ਹੈ। ਸ਼ਮੀਰੋ ਦਾ ਹਾਸਾ ਨਿਕਲਣੋਂ ਮਸੀਂ ਬਚਿਆ। ਮੈਂ ਵੀ ਮੂੰਹ ਫ਼ੇਰ ਲਿਆ, ਜਿਵੇਂ ਮੈਨੂੰ ਵੀ ਕੁਝ ਯਾਦ ਨਾ ਆਇਆ ਹੋਵੇ।

ਕੁਝ ਦੋਸਤਾਂ ਦੇ ਸੱਦੇ ’ਤੇ ਆਸਟਰੇਲੀਆ ਆਇਆ ਸੀ। ਇੱਥੇ ਸਾਡੇ ਪੁਰਾਣੇ ਵਿਦਿਆਰਥੀਆਂ ਦੀ ਜੱਥੇਬੰਦੀ ਨੇ ਸਮਾਗਮ ਰੱਖਿਆ ਸੀ। ਸੰਗੀਤ ਚੱਲ ਰਿਹਾ ਸੀ ਤੇ ਲੋਕ ਖਾ ਪੀ ਰਹੇ ਸਨ। ਮੈਂ ਸੰਗਦਾ ਇੱਕ ਟੇਬਲ ’ਤੇ ਬੈਠਾ ਠੰਡਾ ਪੀ ਰਿਹਾ ਸੀ । ਡਾਂਸ ਕਰਨਾ ਮੇਰੇ ਵੱਸ ਦਾ ਰੋਗ ਨਹੀਂ ਸੀ । ਅਚਾਨਕ ਇਕ ਔਰਤ ਪਲੇਟ ਵਿੱਚ ਖਾਣ ਦਾ ਸਮਾਨ ਲੈ ਕੇ ਮੇਰੇ ਕੋਲ ਆਈ ਤੇ ਗੁੱਡ ਇਵਨਿੰਗ ਕਿਹਾ। ਮੈਂ ਜਵਾਬ ਦੇਕੇ ਜਦ ਦੇਖਿਆ ਤਾਂ ਉਹ ਔਰਤ ਸ਼ਮੀਰੋ ਸੀ ।

ਉਹ ਮੇਰੇ ਕੋਲ ਹੀ ਬਹਿ ਗਈ । ਉਸਨੇ ਦੱਸਿਆ ਕਿ ਪਹਿਲੋਂ ਜੱਸੀ ਨੇ ਵਿਆਹ ਤੋਂ ਨਾਂਹ ਕਰਤੀ, ਕਿਉਂਕਿ ਉਸਦੇ ਘਰਦੇ ਬਰਾਦਰੀ ਤੋਂ ਬਾਹਰ ਵਿਆਹ ਨੂੰ ਨਹੀਂ ਮੰਨੇ । ਫ਼ੇਰ ਉਸਨੇ ਕੰਪਨੀ ਵਿੱਚ ਨੌਕਰੀ ਕਰ ਲਈ। ਉੱਥੇ ਉਹ ਬੋਰ ਹੋ ਗਈ । ਉਸਤੋਂ ਬਾਅਦ ਇੱਕ ਕਾਲਜ ਵਿੱਚ ਲੱਗ ਗਈ। ਇੱਥੇ ਰੂਪੀ ਮਿਲ ਗਿਆ। ਕਈ ਸਾਲ ਉਸ ਨਾਲ ਕੱਟੇ ਪਰ ਮੇਰੇ ਅੰਦਰ ਆਸਟਰੇਲੀਆ ਦਾ ਭੂਤ ਸਵਾਰ ਹੋ ਗਿਆ ਤੇ ਮੈਂ ਉਸਨੂੰ ਛੱਡ ਕਿਸੇ ਤਰੀਕੇ ਇੱਥੇ ਪਹੁੰਚ ਗਈ ।

-ਮਤਲਬ ਪਨੀਰ ਦਾ ਪਕੌੜਾ ਤੈਨੂੰ ਵੀ ਨਹੀਂ ਮਿਲਿਆ ?

-ਹਾਂ ਕਹਿ ਸਕਦੇ ਹਾਂ।

-ਚੱਲ ਕੋਈ ਨੀ ਇੱਥੇ ਕੋਸ਼ਿਸ਼ ਕਰ ਲਾ।

-ਹਾਂ ਮਿਲ ਤਾਂ ਜਾਊ ਕੋਈ ਪਰ ਹੁਣ ਮਿਲੂ ਕੋਈ ਛੁੱਟੜ ਹੀ । ਪਨੀਰ ਦੇ ਪਕੌੜੇ ਤਾਂ ਉਮਰ ਨਾਲ ਹੀ ਮਿਲਦੇ ਆ।




## ਸੁਪਨੇ ਵਿੱਚ ਇੱਕ ਰੁੱਖ 'ਤੇ

ਸੁਖਵਿੰਦਰ ਅੰਮ੍ਰਿਤ

ਸੁਪਨੇ ਵਿੱਚ ਇੱਕ ਰੁੱਖ 'ਤੇ ਲਿਖਿਆ ਰਾਤੀਂ ਆਪਣਾ ਨਾਮ ਅਸੀਂ
ਦਿਨ ਚੜ੍ਹਦੇ ਨੂੰ ਹੋ ਗਏ ਸਾਰੇ ਜੰਗਲ ਵਿੱਚ ਬਦਨਾਮ ਅਸੀਂ

ਕਿੰਝ ਸਹਿ ਲੈਂਦੇ ਉਹਦੇ ਮੁੱਖ 'ਤੇ ਪਲ ਪਲ ਢਲਦੀ ਸ਼ਾਮ ਅਸੀਂ
ਆਪਣੇ ਦਿਲ ਦਾ ਦਗਦਾ ਸੂਰਜ ਕਰ 'ਤਾ ਉਹਦੇ ਨਾਮ ਅਸੀਂ

ਇੱਕ ਇੱਕ ਕਰਕੇ ਵਿਕ ਗਏ ਆਖ਼ਰ ਤਾਰੇ ਸਾਡੇ ਅੰਬਰ ਦੇ
ਹਾਏ, ਫਿਰ ਵੀ ਤਾਰ ਸਕੇ ਨਾ ਉਸ ਦੀਵੇ ਦੇ ਦਾਮ ਅਸੀਂ

ਇੱਕ ਮੁੱਦਤ ਤੋਂ ਤਰਸ ਰਹੇ ਨੇ ਖੰਭ ਸਾਡੇ ਪਰਵਾਜ਼ਾਂ ਦੇ
ਭੋਲੇਪਨ ਵਿੱਚ ਇੱਕ ਪਿੰਜਰੇ ਨੂੰ ਦਿੱਤਾ ਘਰ ਦਾ ਨਾਮ ਅਸੀਂ

ਪੱਤਾ ਪੱਤਾ ਹੋ ਕੇ ਸਾਡੇ ਵਿਹੜੇ ਦੇ ਵਿੱਚ ਆਣ ਕਿਰੇ
ਬਿਰਖਾਂ ਦੇ ਵੱਲ ਜਦ ਵੀ ਭੇਜੇ ਮੋਹ-ਭਿੱਜੇ ਪੈਗ਼ਾਮ ਅਸੀਂ

ਹਾਂ, ਉਹਨਾਂ ਦੀ ਲਾਈ ਅੱਗ ਵਿੱਚ ਸੁਲਗ ਰਹੇ ਹਾਂ ਰਾਤ ਦਿਨੇ
ਕਿੰਝ ਦੇਈਏ ਪਰ ਉਹਨਾਂ ਕੋਮਲ ਫੁੱਲਾਂ ਨੂੰ ਇਲਜ਼ਾਮ ਅਸੀਂ

ਓਧਰ ਸਾਡੇ ਚੰਦ ਨੂੰ ਖਾ ਗਏ ਟੁੱਕ ਸਮਝ ਕੇ ਭੁੱਖੇ ਲੋਕ
ਏਧਰ ਨ੍ਹੇਰੇ ਦੀ ਬੁੱਕਲ ਵਿੱਚ ਕਰਦੇ ਰਹੇ ਅਰਾਮ ਅਸੀਂ

## ਕਵਿਤਾ

ਗੁਰਵਿੰਦਰ ਸਿੰਘ ਹਸਨਪੁਰੀ



ਸੋਨੇ ਰੰਗਾ ਹੋ ਗਿਆ ਏ ਜੋਬਨ ਵਸਾਖ ਦਾ,
ਕਣਕਾਂ 'ਚੇ ਗੁੱਲੀ ਡੰਡਾ ਚੋਰਾਂ ਵਾਂਗੂੰ ਝਾਕਦਾ।
ਨਿੱਤ ਨਵਾਂ ਸਾਕ ਲੈ ਕੇ ਆਉਂਦੀ ਆ ਤਰੇਲ਼ ਨੀ
ਵਿਆਹੁਣ ਜੋਗੀ ਹੋ ਗਈ ਏ ਫੁੱਲਾਂ ਵਾਲੀ ਵੇਲ ਨੀ।
ਫਿਰਨ ਹਵਾਵਾਂ ਦੇਖ ਹੋਈਆ ਮਸਤਾਨੀਆਂ ।
ਘੁੱਗੀ ਨਾਲ ਕਾਂ ਸਦਾ ਕਰਦਾ ਸ਼ੈਤਾਨੀਆਂ ।
ਮੇਰਿਆਂ ਚਾਵ੍ਹਾਂ ਨੇ ਪਾ ਲਈ ਪਿੱਪਲੀ 'ਤੇ ਪੀਂਘ ਨੀ ।
ਆੜੂ ਦੀਆਂ ਕਲੀਆਂ ਦੀ ਟੁੱਟੂ ਕਦੋਂ ਨੀਂਦ ਨੀ ।
ਬਰਸੀਨ ਦੀ ਕਿਆਰੀ ਉੱਤੇ ਚਿੱਟੇ ਚਿੱਟੇ ਫੁੱਲ ਨੀ।
ਦੱਸ ਇਹ ਨਜ਼ਾਰੇ ਕਿੱਥੋਂ ਮਿਲਣੇ ਨੇ ਮੁੱਲ ਨੀ ।
ਖ਼ੌਰੇ ਕੀਹਦੇ ਨਾਲ ਭੈੜਾ ਗੰਢਦਾ ਪ੍ਰੀਤ ਨੀ।
ਮੰਞੁਆਣੇ ਬੈਠਾ ਕੋਈ ਜੋੜਦਾ ਏ ਗੀਤ ਨੀ।
ਹਸਨਪੁਰੀ ਸਿੱਖਦਾ ਏ ਕਲਮਾਂ ਦੇ ਭੇਤ ਨੀ ।
ਕੇਰ ਕੇਰ ਦੇਖ ਦਾ ਏ ਮੁੱਠੀਆਂ 'ਚੋ ਰੇਤ ਨੀ ।

## ਜੀਵਨ ਦੀ ਤੋਰ

ਉੱਤਮਵੀਰ ਸਿੰਘ ਦਾਊਂ

ਇਹ ਜਿੰਨਾ ਸੌਖਾ ਲਗਦਾ ਏ
ਹੱਥੀਂ ਖ਼ੁਦ ਦਾ ਚਿਹਰਾ ਧੋਣਾ
ਓਨਾ ਹੀ ਮੁਸ਼ਕਿਲ ਹੁੰਦਾ ਏ
ਖ਼ੁਦ 'ਚੋਂ ਖ਼ੁਦ ਹੀ ਮਨਫ਼ੀ ਹੋਣਾ।
ਰੁੱਸਣ ਨੂੰ ਤਾਂ ਜੱਗ ਰੁੱਸ ਜਾਂਦਾ
ਸ਼ਿਕਵਿਆਂ ਦੇ ਖੰਜਰ ਨੂੰ ਫੜ ਕੇ
ਸੱਚ ਨੂੰ ਲੋੜ ਨਹੀਂ ਪਰਦੇ ਦੀ
ਝੂਠ ਕਰੂ ਕੀ ਸਾਹਵੇਂ ਅੜ ਕੇ।
ਫੁੱਲ ਹਰੇਕ ਹੀ ਖ਼ੁਸ਼ ਹੋ ਸੁੰਘਦਾ
ਕੌਣ ਕੰਡਿਆਂ ਦਾ ਦਰਦ ਪਛਾਣੇ
ਉਹ ਤਾਂ ਫੁੱਲ ਦੀ ਰਾਖੀ ਕਰਦੇ
ਫੇਰ ਵੀ ਸਭ ਲਈ ਉਹ ਨਿਤਾਣੇ।
ਇੱਕ ਕ੍ਰਿਸ਼ਮਾ ਅੱਖ ਪਈ ਲੋਚੇ
ਥਲ ਨੂੰ ਸਾਗਰ ਗਲ ਨਾਲ ਲਾਏ
ਵਣ ਤ੍ਰਿਣ ਮੌਲੇ ਪੌਣ ਰੁਮਕਦੀ



ਬੱਸ ਇੱਕ ਵਾਰ ਤੂੰ ਦਿਸ ਪਾ ਵਾਏ।
ਸੂਰਜ ਵੱਡਾ ਜਾਂ ਚੰਨ ਹੈ ਛੋਟਾ
ਇਹ ਵੀ ਦੱਸਣ ਦੀ ਲੋੜ ਹੈ ਕੀ
ਅੱਖ ਦੀ ਪੁਤਲੀ ਸਭ ਪਛਾਣੇ
ਕਿਰਨ, ਰਿਸ਼ਮ ਦੀ ਤੋਰ ਹੈ ਕੀ।

## ਇਹ ਜੋ ਚੰਨ ਦੀ ਚਾਨਣੀ ਹੈ

ਸੁਰਜੀਤ ਪਾਤਰ





ਇਹ ਜੋ ਚੰਨ ਦੀ ਚਾਨਣੀ ਹੈ, ਇਹ ਜੋ ਤਾਰਿਆਂ ਦੀ ਲੋਅ ਹੈ
ਪੜ੍ਹੀਏ ਤਾਂ ਤੇਰਾ ਖ਼ਤ ਹੈ, ਸੁਣੀਏ ਤਾਂ ਤੇਰੀ ਸੋਅ ਹੈ
ਇਹ ਜੋ ਚੰਨ ਦੀ ਚਾਨਣੀ ਹੈ, ਇਹ ਜੋ ਤਾਰਿਆਂ ਦੀ ਲੋਅ ਹੈ

ਜੋ ਤੂੰ ਉਮਰ ਭਰ ਜਗਾਏ, ਤੇ ਦਰੀਂ ਘਰੀਂ ਟਿਕਾਏ
ਤੇਰੇ ਚਿਹਰੇ ਉੱਤੇ ਅੱਜ ਵੀ , ਓਹਨਾਂ ਦੀਵਿਆਂ ਦੀ ਲੋਅ ਹੈ
ਇਹ ਜੋ ਚੰਨ ਦੀ ਚਾਨਣੀ ਹੈ, ਇਹ ਜੋ ਤਾਰਿਆਂ ਦੀ ਲੋਅ ਹੈ

ਤੇਰੇ ਲਫ਼ਜ ਨੇ ਲਹੂ ਵਿੱਚ, ਤੇਰਾ ਰਾਗ ਹੈ ਰਗਾਂ ਵਿੱਚ
ਐ ਗਜ਼ਲ ਵਸੇਂ ਤੂੰ ਸਾਹੀਂ, ਤੇਰੇ ਤੋਂ ਕੀ ਲੁਕੋ ਹੈ
ਇਹ ਜੋ ਚੰਨ ਦੀ ਚਾਨਣੀ ਹੈ, ਇਹ ਜੋ ਤਾਰਿਆਂ ਦੀ ਲੋਅ ਹੈ

ਜੋ ਵੀ ਬਾਤ ਤੂੰ ਕਹੀ ਹੈ, ਸੱਜਰੀ ਹਵਾ ਜਿਹੀ ਹੈ
ਇਹ ਬਹਾਰ ਦਾ ਸੁਨੇਹਾ, ਤੇ ਸਵੇਰਿਆਂ ਦੀ ਸੋਅ ਹੈ
ਇਹ ਜੋ ਚੰਨ ਦੀ ਚਾਨਣੀ ਹੈ, ਇਹ ਜੋ ਤਾਰਿਆਂ ਦੀ ਲੋਅ ਹੈ

ਇਹ ਚੰਨ ਦੀ ਚਾਨਣੀ ਵੀ, ਧੁੱਪ ਦਾ ਹੀ ਤਰਜ਼ਮਾ ਹੈ
ਤੇ ਇਹ ਧੁੱਪ ਵੀ ਓੜਕਾਂ ਨੂੰ, ਕਿਸੇ ਬਲ ਰਹੇ ਦੀ ਲੋਅ ਹੈ
ਇਹ ਜੋ ਚੰਨ ਦੀ ਚਾਨਣੀ ਹੈ, ਇਹ ਜੋ ਤਾਰਿਆਂ ਦੀ ਲੋਅ ਹੈ

ਨਫ਼ਰਤ ਦੇ ਤੀਰ ਚਲਦੇ, ਐਪਰ ਨਾ ਮੈਨੂੰ ਖਲਦੇ
ਮੇਰੀ ਆਤਮਾ ਦੁਆਲੇ, ਤੇਰੇ ਪਿਆਰ ਦੀ ਸੰਜੋ ਹੈ
ਇਹ ਜੋ ਚੰਨ ਦੀ ਚਾਨਣੀ ਹੈ, ਇਹ ਜੋ ਤਾਰਿਆਂ ਦੀ ਲੋਅ ਹੈ

## ਜੀ ਹਜ਼ੂਰੀ

ਛਿੰਦਰ ਕੌਰ ਸਿਰਸਾ

ਉਦਾਸ ਮੌਸਮਾਂ ਦੀਆਂ ਉਦਾਸੀਆਂ ਵਿੱਚ ਸਾਡਾ ਵਾਸ ਬੀਬਾ
ਉਦਾਸ ਰੁੱਤਾਂ ਤੇ ਉਦਾਸ ਹਵਾਵਾਂ ਦਿੱਤਾ ਸਾਨੂੰ ਧਰਵਾਸ ਬੀਬਾ

ਖਿੜਿਆ ਫੁੱਲ ਗੁਲਾਬੀ ਤੋੜ ਕੇ ਟਾਹਣੀਓਂ ਸੰਘੀ ਮਰੋੜ ਗਿਓਂ
ਸਾਡਾ ਖਿੜਨਾ ਤੇ ਮਹਿਕਣਾ ਨਾ ਆਇਆ ਤੈਨੂੰ ਰਾਸ ਬੀਬਾ

ਦਿਲ ਨਾਜ਼ੁਕ ਦੋਧੀ ਛੱਲੀ, ਗ਼ਮਾਂ ਦੇ ਤੋਤੇ ਨਿੱਤ ਠੂੰਗੇ ਮਾਰਨ
ਸਾਡੇ ਠਰਦੇ ਤੇ ਮਰਦੇ ਚਾਵਾਂ ਨੂੰ ਸਬਰ ਸਿਦਕ ਤੋਂ ਆਸ ਬੀਬਾ

ਛੇਕੜਲੇ ਸਾਹਵਾਂ ਤੱਕ ਦੀ ਅਸਾਂ ਸਾਂਝ ਤੇਰੇ ਨਾਲ ਪਾ ਲਈ ਸੀ
ਚਾਂਦੀ ਰੰਗ ਵਟਾ ਗਏ ਸਮਿਉਂ ਪਹਿਲਾਂ ਸਾਡੇ ਕਾਲੇ ਕੇਸ ਬੀਬਾ

ਸਿਉਂਕੀ ਮਿੱਟੀ ਦੇ ਵਾਂਗ ਅੰਦਰੋ ਅੰਦਰੀਂ ਸਿਉਂਕੀਆਂ ਗਈਆਂ
ਤੇਰੇ ਰਾਜ ਦੀਆਂ ਸਾਰੀਆਂ ਰੁੱਤਾਂ ਤੋਂ ਅਸੀਂ ਨਿਰਾਸ ਬੀਬਾ

ਸਾਉਣ ਚੜ੍ਹੇ ਤੋਂ ਚਾਈਂ-ਚਾਈਂ ਗੁੱਡੀਆਂ ਦੀਆਂ ਜੰਞਾਂ ਸੱਦੀਆਂ
ਚੜ੍ਹੇ ਵਿਸਾਖ ਸਾਡੇ ਬਾਬਲ ਦਿੱਤਾ ਸਾਨੂੰ ਦੇਸੋਂ ਪਰਵਾਸ ਬੀਬਾ

ਤੇਰੇ ਵਿਹੜੇ ਦਿਨ ਚੜ੍ਹਦੇ ਨਾਲ ਹੋਲੀਆਂ ਤੇ ਹਰ ਰਾਤ ਦੀਵਾਲੀ
ਸਾਥੋਂ ਨਾ ਵਿਸਰੀ ਸਾਡੇ ਬਾਬਲ ਦੇ ਵਿਹੜੇ ਦੀ ਰਹਿਰਾਸ ਬੀਬਾ

ਸੁੱਚੇ ਮੋਤੀਆਂ ਵਰਗੇ ਸਾਡੇ ਸੁੱਚੇ ਸ਼ਬਦਾਂ ਨੇ ਮੋਨ ਧਾਰ ਲਿਆ
ਸਾਡੀ ਗੁੰਗੀ ਜੀਭ ਨੂੰ ਤੇਰੀ ਜੀ ਹਜ਼ੂਰੀ ਨਾ ਆਈ ਰਾਸ ਬੀਬਾ

## ਹੂਕ

ਰਵਿੰਦਰ ਸਿੰਘ ਕੁੰਦਰਾ
ਕਵੈਂਟਰੀ, ਯੂ.ਕੇ.
07748772308



ਜਦ ਹੂਕ ਨਿਕਲ ਜਾਏ ਜ਼ਿੰਦਗੀ ਦੀ,
ਤਦ ਹੂਕ ਹੂਕ ਪੱਬ ਧਰਦੀ ਹੈ,
ਰਹਿੰਦੇ ਸਾਹਾਂ ਨੂੰ ਜੀਵਣ ਲਈ,
ਪਲ ਪਲ ਤਰਲੇ ਕਰਦੀ ਹੈ।

ਕਦੀ ਹੂਕਾਂ ਦਿੱਤੀਆਂ ਹੋਰਾਂ ਨੂੰ,
ਤੇ ਖ਼ੁਦ ਵੀ ਹੂਕਾਂ ਛਕੀਆਂ ਸਨ,
ਅੰਤ ਕੌੜੀਆਂ ਮਿੱਠੀਆਂ ਯਾਦਾਂ ਦੀ,
ਕੰਧ ਜਿਹੀ ਆ ਖੜ੍ਹਦੀ ਹੈ।

ਕਦੀ ਅੱਲੇ ਜ਼ਖ਼ਮਾਂ ਦੇ ਉੱਤੇ,
ਹੂਕਾਂ ਦੇ ਫੈਹੇ ਮਰਹਮ ਬਣੇ,
ਕਦੀ ਜ਼ਖ਼ਮਾਂ ਤੋਂ ਨਾਸੂਰਾਂ ਤੱਕ,
ਨਾ ਮਿਲਿਆ ਕੋਈ ਵੀ ਦਰਦੀ ਹੈ।

ਕਈ ਵਲਵਲੇ ਪਣਪੇ ਦਿਨ ਰਾਤੀ,
ਕਈ ਪਣਪਦਿਆਂ ਹੀ ਹੂਕੇ ਗਏ,
ਕਦੀ ਵਿਲਕਦੇ ਵਲਵਲਿਆਂ ਦੇ ਉੱਤੇ,
ਹਾਲੇ ਵੀ ਟੇਕਾਂ ਧਰਦੀ ਹੈ।

ਕਈ ਬੁਝਦੇ ਹੋਏ ਅੰਗਿਆਰਾਂ ਨੂੰ,
ਹੂਕਾਂ ਹੀ ਹੂਕਾਂ ਦਿੰਦੀਆਂ ਨੇ,
ਪਰ ਅੰਤ ਬੇਚਾਰੀ ਰਾਖ਼ ਜਿਹੀ,
ਜ਼ਰਾ ਵੀ ਹੂਕ ਨਾ ਜਰਦੀ ਹੈ।

ਸਰਾਪੀ ਹੂਕਾਂ ਦੇ ਵਾਰਾਂ ਨਾਲ਼,
ਕਦੀ ਲੋਹਾ ਲੈਣਾ ਪੈਂਦਾ ਹੈ,
ਪਰ ਕਦੀ ਨਿਮਾਣੀ ਜਿੰਦ ਕੋਈ,
ਝਿੜਕਾਂ ਨਾਲ਼ ਵੀ ਮਰਦੀ ਹੈ।

ਬੱਸ ਖਿੰਡ ਜਾਵੇ 'ਤੇ ਪੁੰਡ ਜਾਵੇ,
ਹੂਕ ਦਾ ਕੋਈ ਵਜੂਦ ਨਹੀਂ,
ਪਰ ਟਿਕਾਣੇ ਲੱਗੀ ਹੂਕ ਕਦੀ,
ਅੰਮ੍ਰਿਤ ਬਣ ਕੇ ਵੀ ਵਰ੍ਹਦੀ ਹੈ।

## ਦੇਸ਼ ਦਾ ਲੋਕਤੰਤਰ

ਭੇਜੀ ਵਾਲੀਆ





ਸਾਡੇ ਦੇਸ਼ ਦਾ ਲੋਕਤੰਤਰ ਸਭ ਤੋਂ ਵੱਡਾ
ਹਰ ਕੋਈ ਕਰਦਾ ਇਸ 'ਤੇ ਅਭਿਮਾਨ ਹੈ
ਪਰ ਕੋਈ ਸਰਕਾਰ ਤੋਂ ਸਵਾਲ ਪੁੱਛ ਨਹੀਂ ਸਕਦਾ
ਸਰਕਾਰ ਦੇ ਅੱਗੇ ਆਵਾਜ਼ ਚੁੱਕ ਨਹੀਂ ਸਕਦਾ
ਸਰਕਾਰ 'ਤੇ ਖੁੱਲ੍ਹ ਕੇ ਲਿਖ ਨਹੀਂ ਸਕਦਾ
ਸਰਕਾਰ ਤੋਂ ਖੁੱਲ੍ਹ ਕੇ ਮੰਗ ਨਹੀਂ ਸਕਦਾ।
ਇਹ ਸਾਡੇ ਦੇਸ਼ ਦੇ ਲੋਕਤੰਤਰ ਦਾ ਹਾਲ ਹੈ।

ਸਾਡੇ ਦੇਸ਼ ਦਾ ਅੰਨ੍ਹਦਾਤਾ
ਅੱਜ ਹੋ ਗਿਆ ਪਰੇਸ਼ਾਨ ਹੈ
ਵਾਰ-ਵਾਰ ਸੜਕਾਂ 'ਤੇ ਉਤਰਨ
ਲਈ ਹੋ ਗਿਆ ਲਾਚਾਰ ਹੈ
ਰਾਜਧਾਨੀ ਤੱਕ ਕੋਈ ਜਾ ਨਹੀਂ ਸਕਦਾ
ਕਿਲ੍ਹਾਬੰਦੀ ਇੰਨੀ ਕਰਤੀ
ਹਰ ਰਸਤੇ 'ਤੇ ਲਗਾਈ
ਕੰਡਿਆਂ ਦੀ ਵਾੜ ਹੈ
ਹਰ ਮਨੁੱਖੀ ਅਧਿਕਾਰਾਂ ਨੂੰ
ਕੁਚਲ ਕੇ ਚਲਣਾ
ਸਾਰੀਆਂ ਸਰਕਾਰਾਂ ਦਾ
ਬਣ ਗਿਆ ਕਿਰਦਾਰ ਹੈ
ਇਹ ਸਾਡੇ ਲੋਕਤੰਤਰ ਦਾ ਹਾਲ ਹੈ।

ਮੰਨਿਆ ਜਾਂਦਾ ਲੋਕਤੰਤਰ ਦੇ
ਚਾਰ ਥੰਮ੍ਹ ਨੇ ਹੁੰਦੇ
ਪਰ ਤਿੰਨ ਥੰਮ੍ਹ ਤਾਂ ਗਿਰ ਚੁੱਕੇ ਨੇ
ਤਿੰਨ ਥੰਮ੍ਹ ਤਾਂ ਵਿਕ ਚੁੱਕੇ ਨੇ
ਬਸ ਨਿਆਂਲਿਆ ਦਾ ਥੰਮ੍ਹ
ਹੈ ਬਚਿਆ ਜਿਸ ਉੱਤੇ
ਸਭ ਨੂੰ ਮਾਣ ਹੈ
ਇਹ ਸਾਡੇ ਲੋਕਤੰਤਰ ਦਾ ਹਾਲ ਹੈ।

ਸਾਡੇ ਦੇਸ਼ ਦਾ ਲੋਕਤੰਤਰ
ਬਣ ਗਿਆ ਕੁਰਸੀ ਪਾਉਣ
ਦਾ ਵਿਉਪਾਰ ਹੈ
ਹਰ ਕਿਸੀ ਨੂੰ ਜਿੱਤਣ ਬਾਜੋ
ਪਾਰਟੀ ਛੱਡਣ ਦਾ ਪੂਰਾ ਅਧਿਕਾਰ ਹੈ
ਆਪਣੀ ਕੁਰਸੀ ਪਾਉਣ ਦੀ ਖ਼ਾਤਿਰ
ਹਰ ਸਿਆਸੀ ਬੰਦਾ ਵਿੱਕਣ ਨੂੰ ਤਿਆਰ ਹੈ।
ਇਹ ਸਾਡੇ ਲੋਕਤੰਤਰ ਦਾ ਹਾਲ ਹੈ।

# ਲੀਡਰਸ਼ਿਪ ਦੇ ਗੁਣਾਂ ਨੂੰ ਵਿਕਸਤ ਕਰਦੀਆਂ ਹਨ ਖੇਡਾਂ



ਖੇਡਾਂ ਸਾਡੇ ਜੀਵਨ ਦਾ ਅਹਿਮ ਹਿੱਸਾ ਹਨ। ਇਹ ਸਾਨੂੰ ਸਿਹਤਮੰਦ ਰੱਖਣ ਦੇ ਨਾਲ-ਨਾਲ ਮਾਨਸਿਕ, ਸਰੀਰਕ ਅਤੇ ਸਮਾਜਿਕ ਵਿਕਾਸ ਦਾ ਮਾਧਿਅਮ ਵੀ ਹੈ। ਖੇਡਣ ਨਾਲ ਸਾਡੇ ਸਰੀਰ ਦੀ ਤਾਕਤ ਵਧਦੀ ਹੈ ਅਤੇ ਅਸੀਂ ਤੰਦਰੁਸਤ ਰਹਿੰਦੇ ਹਾਂ। ਇਸ ਦੇ ਨਾਲ-ਨਾਲ ਖੇਡਾਂ ਸਾਨੂੰ ਵਿਗਿਆਨ, ਮਨੋਵਿਗਿਆਨ, ਸੰਗਠਨ, ਅਨੁਸ਼ਾਸਨ ਅਤੇ ਨੈਤਿਕਤਾ ਦੇ ਮਹੱਤਵਪੂਰਨ ਪਾਠ ਵੀ ਪ੍ਰਦਾਨ ਕਰਦੀਆਂ ਹਨ।

ਖੇਡਾਂ ਦਾ ਮਹੱਤਵ ਕੇਵਲ ਸਰੀਰਕ ਸਿਹਤ ਤੱਕ ਹੀ ਸੀਮਤ ਨਹੀਂ ਹੈ, ਸਗੋਂ ਇਹ ਸਾਡੇ ਮਨੋਵਿਗਿਆਨਕ ਵਿਕਾਸ ਲਈ ਵੀ ਜ਼ਰੂਰੀ ਹੈ। ਖੇਡਾਂ ਖੇਡਣਾ ਸਾਡੇ ਮਨ ਨੂੰ ਤਾਜ਼ਗੀ ਅਤੇ ਸਰਗਰਮੀ ਨਾਲ ਭਰ ਦਿੰਦਾ ਹੈ। ਇਹ ਸਾਡੇ ਮਾਨਸਿਕ ਤਣਾਅ ਨੂੰ ਘੱਟ ਕਰਨ ਵਿੱਚ ਮਦਦ ਕਰਦਾ ਹੈ ਅਤੇ ਸਾਨੂੰ ਖੁਸ਼ ਅਤੇ ਸਿਹਤਮੰਦ ਰੱਖਦਾ ਹੈ।

ਖੇਡਾਂ ਵੀ ਇੱਕ ਮਹਾਨ ਸਮਾਜਿਕ ਸੰਸਥਾ ਹਨ। ਜਦੋਂ ਅਸੀਂ ਖੇਡਾਂ ਖੇਡਦੇ ਹਾਂ, ਅਸੀਂ ਸਮੂਹਾਂ ਵਿੱਚ ਤਾਲਮੇਲ ਅਤੇ ਟੀਮ ਵਰਕ ਕਰਦੇ ਹਾਂ। ਇਹ ਸਾਨੂੰ ਬਰਾਬਰ ਦੀ ਭਾਗੀਦਾਰੀ ਦਾ ਆਦਰਸ਼ ਦਿੰਦੀਆਂ ਹਨ ਅਤੇ ਸਾਨੂੰ ਸਮਾਨਤਾ, ਸਦਭਾਵਨਾ ਅਤੇ ਸੰਜਮ ਦੇ ਮਹੱਤਵਪੂਰਨ ਪਾਠ ਪ੍ਰਦਾਨ ਕਰਦੀਆਂ ਹਨ। ਖੇਡਾਂ ਸੰਗਠਨਾਤਮਕ ਅਤੇ ਲੀਡਰਸ਼ਿਪ ਦੇ ਗੁਣਾਂ ਨੂੰ ਵਿਕਸਤ ਕਰਦੀਆਂ ਹਨ ਅਤੇ ਸਾਨੂੰ ਸਮਾਜਿਕ ਸਬੰਧਾਂ ਨੂੰ ਮਜ਼ਬੂਤ ਕਰਨ ਲਈ ਇੱਕ ਵਿਲੱਖਣ ਮਾਧਿਅਮ ਪ੍ਰਦਾਨ ਕਰਦੀਆਂ ਹਨ। ਖੇਡਣ ਨਾਲ ਸਾਡੀ ਸਰੀਰਕ ਕੁਸ਼ਲਤਾ ਅਤੇ ਸਮਰੱਥਾ ਵਧਦੀ ਹੈ। ਇਹ ਸਾਡੇ ਦਿਲ ਨੂੰ ਮਜ਼ਬੂਤ ਕਰਦੀਆਂ ਹਨ, ਖੂਨ ਸੰਚਾਰ ਵਧਾਉਂਦੀਆਂ ਹਨ ਅਤੇ ਮੋਟਾਪਾ ਘਟਾਉਂਦੀਆਂ ਹਨ। ਖੇਡਾਂ ਕਰਨ ਨਾਲ ਸਾਡੇ ਸਰੀਰ ਦੀਆਂ ਮਾਸਪੇਸ਼ੀਆਂ ਮਜ਼ਬੂਤ ਹੁੰਦੀਆਂ ਹਨ, ਹੱਡੀਆਂ ਮਜ਼ਬੂਤ ਹੁੰਦੀਆਂ ਹਨ ਅਤੇ ਊਰਜਾ ਦਾ ਪੱਧਰ ਵਧਦਾ ਹੈ।



ਖੇਡਾਂ ਸਾਡੇ ਮਾਨਸਿਕ ਵਿਕਾਸ ਲਈ ਵੀ ਜ਼ਰੂਰੀ ਹਨ। ਇਹ ਸਾਡੇ ਧਿਆਨ ਦੀ ਮਿਆਦ ਅਤੇ ਮਾਨਸਿਕ ਯੋਗਤਾ ਨੂੰ ਵਿਕਸਤ ਕਰਦਾ ਹੈ। ਖੇਡਦੇ ਸਮੇਂ ਅਸੀਂ ਸਥਿਰਤਾ, ਸਹਿਣਸ਼ੀਲਤਾ ਅਤੇ ਫੈਸਲੇ ਲੈਣ ਦੀ ਯੋਗਤਾ ਨੂੰ ਸਿਖਲਾਈ ਦਿੰਦੇ ਹਾਂ। ਇਹ ਸਾਡਾ ਆਤਮਵਿਸ਼ਵਾਸ ਵਧਾਉਂਦਾ ਹੈ ਅਤੇ ਮਾਨਸਿਕ ਸੰਤੁਲਨ ਬਣਾਈ ਰੱਖਣ ਵਿੱਚ ਮਦਦ ਕਰਦਾ ਹੈ। ਖੇਡਾਂ ਖੇਡਣ ਨਾਲ ਅਸੀਂ ਤਣਾਅ ਤੋਂ ਮੁਕਤ ਹੁੰਦੇ ਹਾਂ ਅਤੇ ਖੁਸ਼ ਰਹਿੰਦੇ ਹਾਂ।ਖੇਡਾਂ ਦਾ ਸਮਾਜਿਕ ਮਹੱਤਵ ਵੀ ਵਿਲੱਖਣ ਹੈ। ਖੇਡਣ ਨਾਲ ਸਾਨੂੰ ਸਮੂਹਿਕ ਤੌਰ 'ਤੇ ਖੇਡਣ ਦੀ ਸਮਰੱਥਾ ਮਿਲਦੀ ਹੈ ਅਤੇ ਸਾਂਝੇਦਾਰੀ ਦੀ ਭਾਵਨਾ ਵਿਕਸਿਤ ਹੁੰਦੀ ਹੈ। ਖੇਡ ਦੇ ਦੌਰਾਨ ਅਸੀਂ ਦੂਜਿਆਂ ਨੂੰ ਸਮਝਦੇ ਹਾਂ, ਟੀਮ ਵਰਕ ਅਤੇ ਲੀਡਰਸ਼ਿਪ ਦੇ ਹੁਨਰ ਦਾ ਅਭਿਆਸ ਕਰਦੇ ਹਾਂ। ਇਹ ਸਾਨੂੰ ਸੰਗਠਨਾਤਮਕ ਹੁਨਰ, ਏਕਤਾ ਅਤੇ ਸਮਾਨਤਾ ਸਿਖਾਉਂਦਾ ਹੈ। ਖੇਡਾਂ ਸਮਾਜਿਕ ਤਾਲਮੇਲ, ਸਦਭਾਵਨਾ ਅਤੇ ਸਦਭਾਵਨਾ ਨੂੰ ਵਧਾਉਂਦੀਆਂ ਹਨ।

ਸੰਖੇਪ ਵਿੱਚ, ਖੇਡਾਂ ਸਾਡੇ ਜੀਵਨ ਵਿੱਚ ਬਹੁਤ ਮਹੱਤਵਪੂਰਨ ਹਨ। ਉਹ ਸਾਨੂੰ ਸਿਹਤ, ਮਨੋਰੰਜਨ ਅਤੇ ਲੜਨ ਦੀ ਯੋਗਤਾ ਪ੍ਰਦਾਨ ਕਰਦੇ ਹਨ। ਖੇਡਾਂ ਸਾਡੀ ਸਰੀਰਕ ਸਿਹਤ, ਮਾਨਸਿਕ ਵਿਕਾਸ ਅਤੇ ਸਮਾਜਿਕ ਯੋਗਤਾਵਾਂ ਵਿੱਚ ਸੁਧਾਰ ਕਰਦੀਆਂ ਹਨ। ਇਸ ਲਈ ਸਾਨੂੰ ਖੇਡਾਂ ਨੂੰ ਨਿਯਮਿਤ ਤੌਰ 'ਤੇ ਖੇਡਣਾ ਚਾਹੀਦਾ ਹੈ ਅਤੇ ਇਸ ਨੂੰ ਆਪਣੀ ਜ਼ਿੰਦਗੀ ਦਾ ਅਹਿਮ ਹਿੱਸਾ ਬਣਾਉਣਾ ਚਾਹੀਦਾ ਹੈ। ਇਹ ਸਾਨੂੰ ਇੱਕ ਸਿਹਤਮੰਦ ਅਤੇ ਸਫਲ ਜੀਵਨ ਜਿਉਣ ਵਿੱਚ ਮਦਦ ਕਰੇਗਾ।

## ਉਲੰਪਿਕ ਖੇਡਾਂ ਦੀ ਮੇਜ਼ਬਾਨੀ ਲਈ ਤਿਆਰ ਹੈ ਭਾਰਤ : ਖੇਡ ਮੰਤਰੀ



ਅਜੇ ਇਹ ਤੈਅ ਨਹੀਂ ਹੋਇਆ ਹੈ ਕਿ 2026 ਉਲੰਪਿਕ ਕਿੱਥੇ ਹੋਣਗੇ ਪਰ ਭਾਰਤ ਦੇ ਖੇਡ ਮੰਤਰੀ ਅਨੁਰਾਗ ਠਾਕੁਰ ਨੇ ਕਿਹਾ ਹੈ ਕਿ ਅਸੀਂ ਇਸ ਲਈ ਪੂਰੀ ਤਰ੍ਹਾਂ ਤਿਆਰ ਹਾਂ। ਭਾਰਤ ਅੱਜ ਤੱਕ ਉਲੰਪਿਕ ਦੀ ਮੇਜ਼ਬਾਨੀ ਨਹੀਂ ਕਰ ਸਕਿਆ ਹੈ। ਭਾਰਤ ਨੇ ਇੱਕ ਵਾਰ ਰਾਸ਼ਟਰਮੰਡਲ ਖੇਡਾਂ ਦੀ ਮੇਜ਼ਬਾਨੀ ਕੀਤੀ ਸੀ। ਜਿਸ ਦਾ ਆਯੋਜਨ ਸਾਲ 2010 ਵਿੱਚ ਨਵੀਂ ਦਿੱਲੀ ਵਿਖੇ ਕੀਤਾ ਗਿਆ ਸੀ। ਇਹ ਦੇਖਣਾ ਦਿਲਚਸਪ ਹੋਵੇਗਾ ਕਿ ਅਨੁਰਾਗ ਠਾਕੁਰ ਭਾਰਤ ਨੂੰ ਉਲੰਪਿਕ ਦੀ ਮੇਜ਼ਬਾਨੀ ਦਿਵਾਉਣ 'ਚ ਕਾਮਯਾਬ ਹੁੰਦੇ ਹਨ ਜਾਂ ਨਹੀਂ।

ਜਦੋਂ ਪੱਤਰਕਾਰਾਂ ਵੱਲੋਂ ਅਨੁਰਾਗ ਠਾਕੁਰ ਨੂੰ ਪੁੱਛਿਆ ਗਿਆ ਕਿ ਕੀ ਭਾਰਤ ਉਲੰਪਿਕ ਦੀ ਮੇਜ਼ਬਾਨੀ ਕਰ ਰਿਹਾ ਹੈ। ਇਸ ਸਵਾਲ 'ਤੇ ਅਨੁਰਾਗ ਠਾਕੁਰ ਨੇ ਕਿਹਾ, ਬਿਲਕੁਲ... ਅਸੀਂ ਭਾਰਤ 'ਚ ਉਲੰਪਿਕ ਦੀ ਮੇਜ਼ਬਾਨੀ ਕਰਨ ਲਈ ਤਿਆਰ ਹਾਂ। ਤੁਹਾਨੂੰ ਇਹ ਮੰਨ ਲੈਣਾ ਚਾਹੀਦਾ ਹੈ ਕਿ ਭਾਰਤ ਉਲੰਪਿਕ ਦੀ ਮੇਜ਼ਬਾਨੀ ਕਰਨ ਜਾ ਰਿਹਾ ਹੈ। 2026 ਤੱਕ ਅਸੀਂ ਦੁਨੀਆਂ ਦੀ ਤੀਜੀ ਸਭ ਤੋਂ ਵੱਡੀ ਅਰਥਵਿਵਸਥਾ ਵੀ ਬਣ ਜਾਵਾਂਗੇ। ਅਸੀਂ ਪਿਛਲੇ ਕੁਝ ਸਮੇਂ ਤੋਂ ਉਲੰਪਿਕ ਵਿੱਚ ਸ਼ਾਨਦਾਰ ਪ੍ਰਦਰਸ਼ਨ ਦਿਖਾਇਆ ਹੈ। ਪੈਰਾਲੰਪਿਕ ਵਿੱਚ ਸਭ ਤੋਂ ਵੱਧ ਮੈਚ ਜਿੱਤੇ। ਪਹਿਲੀ ਵਾਰ ਏਸ਼ਿਆਈ ਖੇਡਾਂ ਵਿੱਚ ਤਗ਼ਮੇ ਲਈ ਸੈਂਕੜਾ ਜੜਿਆ।

ਅਨੁਰਾਗ ਠਾਕੁਰ ਨੂੰ ਇਹ ਵੀ ਪੁੱਛਿਆ ਗਿਆ ਕਿ ਜੇਕਰ ਤੁਸੀਂ ਕ੍ਰਿਕਟਰ ਨਾ ਹੁੰਦੇ ਤਾਂ ਤੁਸੀਂ ਕੀ ਹੁੰਦੇ? ਇਸ 'ਤੇ ਅਨੁਰਾਗ ਠਾਕੁਰ ਨੇ ਕਿਹਾ, ਜੇਕਰ ਮੈਂ ਨੇਤਾ ਨਾ ਹੁੰਦਾ ਤਾਂ ਕ੍ਰਿਕਟਰ ਹੁੰਦਾ। ਮੈਂ ਅਜੇ ਵੀ ਕ੍ਰਿਕਟ ਖੇਡਦਾ ਹਾਂ। ਮੈਂ ਸੇਵਾ ਕਰਨ ਵਾਲਾ ਕਪਤਾਨ ਵੀ ਹਾਂ। ਇੰਗਲੈਂਡ ਦੇ ਕ੍ਰਿਕਟਰ ਜਦੋਂ ਇੱਥੇ ਆਏ ਸਨ ਤਾਂ ਉਨ੍ਹਾਂ ਨੇ ਕਿਹਾ ਸੀ ਕਿ ਦੁਨੀਆਂ ਦਾ ਸਭ ਤੋਂ ਖ਼ੂਬਸੂਰਤ ਸਟੇਡੀਅਮ ਧਰਮਸ਼ਾਲਾ ਵਿੱਚ ਹੈ। ਪਹਿਲੀ ਵਾਰ ਭਾਰਤ ਦਾ ਮੈਚ ਦੇਖਣ ਲਈ ਯੂ. ਕੇ. ਤੋਂ 4000 ਤੋਂ ਵੱਧ ਲੋਕ ਆਏ ਸਨ। ਇਹ ਆਪਣੇ ਆਪ ਵਿੱਚ ਵੱਡੀ ਗੱਲ ਹੈ।

## ਸਰਬਜੋਤ ਸਿੰਘ ਢਿੱਲੋਂ 6ਵੀਂ ਵਾਰ ਬਣੇ ਆਸਟਰੇਲੀਅਨ ਸਿੱਖ ਖੇਡਾਂ ਦੇ ਪ੍ਰਧਾਨ



ਮੈਲਬੋਰਨ/ਏ.ਟੀ.ਨਿਊਜ਼ : ਐਡੀਲੇਡ ਦੇ ਐਲਸ ਪਾਰਕ ਵਿਖੇ 36ਵੀਆਂ ਸਾਲਾਨਾ ਸਿੱਖ ਖੇਡਾਂ ਦੌਰਾਨ ਸਰਬਜੋਤ ਸਿੰਘ ਢਿੱਲੋਂ ਨੂੰ ਮੁੜ ਅਸਟ੍ਰੇਲੀਅਨ ਸਿੱਖ ਖੇਡਾਂ ਦਾ ਪ੍ਰਧਾਨ ਚੁਣਿਆ ਗਿਆ ਹੈ। ਜ਼ਿਕਰਯੋਗ ਹੈ ਕਿ ਸਰਦਾਰ ਢਿੱਲੋਂ ਲਗਾਤਾਰ 6ਵੀਂ ਵਾਰ ਆਸਟ੍ਰੇਲੀਆਈ ਸਿੱਖ ਖੇਡਾਂ ਦੇ ਪ੍ਰਧਾਨ ਚੁਣੇ ਗਏ ਹਨ। ਆਪਣੇ 36ਵੇਂ ਸਾਲ ਵਿੱਚ ਪ੍ਰਵੇਸ਼ ਕਰ ਚੁੱਕੀਆਂ ਇਹ ਖੇਡਾਂ ਹਰ ਸਾਲ ਗਿਣਤੀ ਅਤੇ ਮਿਆਰ ਦੇ ਪੱਖੋਂ ਹੋਰ ਵਿਸ਼ਾਲ ਹੁੰਦੀਆਂ ਜਾ ਰਹੀਆਂ ਹਨ। ਇਨ੍ਹਾਂ ਖੇਡਾਂ ਦਾ ਪ੍ਰਧਾਨ ਚੁਣਨ ਲਈ ਹਰ ਸਾਲ ਏ. ਜੀ. ਐੱਮ. (ਸਾਲਾਨਾ ਜਨਰਲ ਮੀਟਿੰਗ) ਦਾ ਆਯੋਜਨ ਕੀਤਾ ਜਾਂਦਾ ਹੈ, ਜਿਸ 'ਚ ਖੇਡਾਂ ਵਿੱਚ ਸ਼ਾਮਿਲ ਹੋਣ ਵਾਲੇ ਰਜਿਸਟਰਡ ਕਲੱਬ ਵੋਟਾਂ ਪਾ ਕੇ ਨਵਾਂ ਪ੍ਰਧਾਨ ਚੁਣਦੇ ਹਨ। ਇਸੇ ਤਰ੍ਹਾਂ ਹੋਈ ਸਾਲਾਨਾ ਏ. ਜੀ. ਐੱਮ. ਵਿੱਚ ਸਰਬਜੋਤ ਸਿੰਘ ਢਿੱਲੋਂ ਨੇ 46 ਵੋਟਾਂ ਦੇ ਮੁਕਾਬਲੇ 38 ਵੋਟਾਂ ਨਾਲ ਸਿੱਖ ਖੇਡਾਂ ਦੇ ਪ੍ਰਧਾਨ ਦਾ ਵੱਕਾਰੀ ਅਹੁਦਾ ਫਿਰ ਤੋਂ ਹਾਸਲ ਕਰ ਲਿਆ ਹੈ। ਜਦੋਂ ਕਿ ਪ੍ਰਧਾਨ ਦੀ ਦੌੜ ਵਿੱਚ ਸ਼ਾਮਲ ਦੂਜੇ ਉਮੀਦਵਾਰ ਸੁਖਦੀਪ ਦਿਓਲ ਨੂੰ 8 ਵੋਟਾਂ ਪਈਆਂ। ਸਰਦਾਰ ਸਰਬਜੋਤ ਸਿੰਘ ਢਿੱਲੋਂ ਨੇ ਸਮੂਹ ਖੇਡ ਕਲੱਬਾਂ ਵੱਲੋਂ ਜਤਾਏ ਗਏ ਭਰੋਸੇ 'ਤੇ ਕਿਹਾ ਕਿ ਉਹ ਅਗਲੇ ਸਾਲਾਂ ਵਿੱਚ ਵੀ ਪੂਰੀ ਮਿਹਨਤ ਅਤੇ ਤਨਦੇਹੀ ਨਾਲ ਕੰਮ ਕਰਦੇ ਰਹਿਣਗੇ। ਉਹਨਾਂ ਨੇ ਸਿੱਖ ਖੇਡਾਂ ਦਾ ਪਰਚਮ ਪੂਰੀ ਦੁਨੀਆਂ ਵਿੱਚ ਲਹਿਰਾਉਣ ਲਈ ਵਚਨਵਧਤਾ ਦਾ ਪ੍ਰਗਟਾਵਾ ਕੀਤਾ ਹੈ।

## ਧੋਨੀ ਨੇ ਤੋੜਿਆ ਰੋਹਿਤ ਸ਼ਰਮਾ ਦਾ ਰਿਕਾਰਡ, ਇੱਕ ਓਵਰ 'ਚ ਬਣਾਈਆਂ ਸ਼ਾਨਦਾਰ 20 ਦੌੜਾਂ



ਵਿਸ਼ਾਖਾਪਟਨਮ/ਏ.ਟੀ.ਨਿਊਜ਼ : ਆਈ.ਪੀ.ਐਲ. ਦੇ 17ਵੇਂ ਸੀਜ਼ਨ ਵਿੱਚ ਜਦੋਂ ਮਹਿੰਦਰ ਸਿੰਘ ਧੋਨੀ ਪਹਿਲੀ ਵਾਰ ਬੱਲੇਬਾਜ਼ੀ ਲਈ ਉੱਤਰੇ ਤਾਂ ਦਰਸ਼ਕਾਂ ਦੀ ਖੁਸ਼ੀ ਦੀ ਕੋਈ ਹੱਦ ਨਹੀਂ ਰਹੀ। ਜਿਵੇਂ ਹੀ ਧੋਨੀ ਆਇਆ, ਉਸਨੇ ਮੁਕੇਸ਼ ਕੁਮਾਰ (21 ਦੌੜਾਂ ਦੇ ਕੇ ਤਿੰਨ ਵਿਕਟਾਂ) 'ਤੇ ਚੌਕਾ ਲਗਾ ਕੇ ਸ਼ੁਰੂਆਤ ਕੀਤੀ।

ਇਸ ਤੋਂ ਬਾਅਦ ਉਸ ਨੇ 16 ਗੇਂਦਾਂ 'ਤੇ ਤਿੰਨ ਛੱਕਿਆਂ ਅਤੇ ਚਾਰ ਚੌਕਿਆਂ ਦੀ ਮਦਦ ਨਾਲ ਅਜੇਤੂ 37 ਦੌੜਾਂ ਬਣਾ ਕੇ ਦਰਸ਼ਕਾਂ ਦਾ ਮਨੋਰੰਜਨ ਕੀਤਾ ਪਰ ਟੀਮ ਨੂੰ ਜਿੱਤ ਵੱਲ ਨਹੀਂ ਲੈ ਜਾ ਸਕਿਆ ਕਿਉਂਕਿ ਜਦੋਂ ਉਹ ਕ੍ਰੀਜ਼ 'ਤੇ ਆਇਆ ਤਾਂ ਟੀਮ ਨੂੰ 23 ਗੇਂਦਾਂ 'ਚ ਜਿੱਤ ਲਈ 72 ਦੌੜਾਂ ਦੀ ਲੋੜ ਸੀ। ਉਸ ਨੇ 20ਵੇਂ ਓਵਰ ਵਿੱਚ ਤੇਜ਼ ਗੇਂਦਬਾਜ਼ ਐਨਰਿਕ ਨੌਰਟਜੇ ਨੂੰ ਦੋ ਛੱਕਿਆਂ ਅਤੇ ਦੋ ਚੌਕਿਆਂ ਦੀ ਮਦਦ ਨਾਲ 20 ਦੌੜਾਂ ਬਣਾਈਆਂ। ਇਸ ਦੇ ਨਾਲ ਹੀ ਉਸ ਨੇ ਆਪਣੀ ਛੋਟੀ ਪਾਰੀ ਵਿੱਚ ਇੱਕ ਵੱਡਾ ਰਿਕਾਰਡ ਵੀ ਬਣਾ ਲਿਆ।

ਦਰਅਸਲ, ਹੁਣ ਧੋਨੀ ਆਈ.ਪੀ.ਐਲ. ਦੇ ਇੱਕ ਓਵਰ ਵਿੱਚ ਸਭ ਤੋਂ ਵੱਧ ਵਾਰ 20 ਜਾਂ ਇਸ ਤੋਂ ਵੱਧ ਦੌੜਾਂ ਬਣਾਉਣ ਵਾਲਾ ਭਾਰਤੀ ਖਿਡਾਰੀ ਬਣ ਗਿਆ ਹੈ। 2008 ਵਿੱਚ ਡੈਬਿਊ ਕਰਨ ਵਾਲੇ 42 ਸਾਲਾ ਧੋਨੀ ਆਪਣੇ ਆਈ.ਪੀ.ਐਲ. ਕੈਰੀਅਰ ਦਾ 253ਵਾਂ ਮੈਚ ਖੇਡਣ ਆਏ। ਨੌਰਟਜੇ ਨੂੰ ਆਖਰੀ ਓਵਰ ਵਿੱਚ ਉਹ ਨੌਵੀਂ ਵਾਰ 20 ਜਾਂ ਇਸ ਤੋਂ ਵੱਧ ਦੌੜਾਂ ਬਣਾਉਣ ਵਿੱਚ ਕਾਮਯਾਬ ਰਿਹਾ।

# ਅੱਸੀਵਿਆਂ ਤੋਂ ਪਹਿਲਾਂ ਦੀ ਪੰਜਾਬੀ ਗਾਇਕੀ ਤੇ ਅਖਾੜੇ

**ਸੁਖਮਿੰਦਰ ਸੇਖੋਂ**







ਕੋਈ ਵੇਲਾ ਸੀ ਜਦੋਂ ਤਵਿਆਂ ਵਾਲੇ ਸਪੀਕਰ ਪਿੰਡਾਂ ਦੇ ਬਨੇਰਿਆਂ ’ਤੇ ਵੱਜਿਆ ਕਰਦੇ ਸਨ। ਸਪੀਕਰ ਨੂੰ ਮੰਜਾ ਖੜ੍ਹਾ ਕਰਕੇ ਰੱਸਿਆਂ ਨਾਲ ਬੰਨ੍ਹ ਕੇ ਵੀ ਕੰਮ ਸਾਰਿਆ ਜਾਂਦਾ ਸੀ ਤਾਂ ਜੋ ਆਵਾਜ਼ ਦੂਰ ਤੀਕ ਪਹੁੰਚ ਸਕੇ। ਇਸ ਧੁਤੂਨੁਮਾ ਸਪੀਕਰ ਨੂੰ ਮਸ਼ੀਨ ਨਾਲ ਚਲਾਇਆ ਜਾਂਦਾ ਸੀ ਤੇ ਤਵੇ ਬਦਲਦੇ ਰਹਿੰਦੇ ਸਨ। ਪਿੰਡਾਂ ਵਿੱਚ ਲੋਕ ਗਾਇਕਾਂ ਦੇ ਅਖਾੜੇ ਲੱਗਿਆ ਕਰਦੇ ਸਨ। ਇਹ ਅਖਾੜੇ ਕਿਸੇ ਵੀ ਖ਼ੁਸ਼ੀ ਦੇ ਮੌਕੇ ’ਤੇ ਖ਼ਾਸ ਕਰਕੇ ਵਿਆਹਾਂ, ਸ਼ਾਦੀਆਂ ਮੌਕੇ ਲੱਗਦੇ ਸਨ। ਆਪਣੀ ਹੈਸੀਅਤ ਮੁਤਾਬਿਕ ਬੰਦਾ ਇਨ੍ਹਾਂ ਗਾਉਣ ਵਾਲਿਆਂ ਨੂੰ ਬੁਲਾਉਂਦਾ ਸੀ। ਇਨ੍ਹਾਂ ਅਖਾੜਿਆਂ ਵਿੱਚ ਅਮਰ ਸਿੰਘ ਸ਼ੌਂਕੀ, ਕਰਨੈਲ ਸਿੰਘ ਪਾਰਸ, ਯਮਲਾ ਜੱਟ ਤੋਂ ਲੈ ਕੇ ਮੁਹੰਮਦ ਸਦੀਕ, ਕੁਲਦੀਪ ਮਾਣਕ, ਹਰਚਰਨ ਗਰੇਵਾਲ, ਕਰਮਜੀਤ ਧੂਰੀ, ਸੁਰਿੰਦਰ ਕੌਰ, ਨਰਿੰਦਰ ਬੀਬਾ, ਦੀਦਾਰ ਸੰਧੂ, ਕਰਨੈਲ ਗਿੱਲ, ਕੇ. ਦੀਪ, ਜਗਮੋਹਨ ਕੌਰ, ਸਵਰਨ ਲਤਾ, ਸਨੇਹ ਲਤਾ, ਗੁਲਸ਼ਨ ਕੋਮਲ ਆਦਿ ਅਨੇਕਾਂ ਗਾਇਕ ਆਪਣੇ ਫਨ ਦਾ ਮੁਜ਼ਾਹਰਾ ਕਰਦੇ ਸਨ। ਛਿੰਦਾ, ਪੋਹਲੀ, ਰਮਤਾ, ਰਮਲਾ ਤੇ ਰੰਗੀਲਾ ਦੀ ਹਾਜ਼ਰੀ ਵੀ ਲੱਗਦੀ ਤੇ ਸ਼ਾਦੀ ਬਖਸ਼ੀ, ਚਾਂਦੀ ਰਾਮ ਦੀ ਵੀ। ਆਸਾ ਸਿੰਘ ਮਸਤਾਨਾ ਤਾਂ ਜ਼ਿਆਦਾ ਕਰਕੇ ਰੇਡੀਓ ਤੋਂ ਸੁਣੀਂਦਾ ਜਾਂ ਸੁਰਿੰਦਰ ਕੌਰ ਵਰਗੀ ਕਿਸੇ ਕੋਇਲ ਨਾਲ ਰਿਕਾਰਡਿੰਗ ਕਰਵਾ ਰਿਹਾ ਹੁੰਦਾ। ਅਖਾੜਿਆਂ ਵਿੱਚ ਢੱਡ, ਸਾਰੰਗੀ, ਤੂੰਬੀ, ਅਲਗੋਜ਼ੇ, ਢੋਲਕ ਦਾ ਇਸਤੇਮਾਲ ਵਧੇਰੇ ਹੁੰਦਾ ਸੀ।

ਤੂੰਬੀ ਦਾ ਬਾਦਸ਼ਾਹ ਯਮਲਾ ਜੱਟ, ਅਮਰ ਸਿੰਘ ਸ਼ੌਂਕੀ ਸਾਡੇ ਮੁੱਢਲੇ ਵਿਲੱਖਣ ਗਾਇਕ ਹਨ। ਯਮਲੇ ਦੀ ਤੂੰਬੀ ਤੇ ਸ਼ੌਂਕੀ ਦੀ ਢਾਡੀਨੁਮਾ ਗਾਇਕੀ ਦੇ ਸਰੋਤੇ ਮੁਰੀਦ ਹੁੰਦੇ ਸਨ। ਸ਼ੌਂਕੀ ਨੇ ਕਿੱਸੇ ਵੀ ਗਾਏ ਤੇ ਸੂਰਬੀਰਾਂ ਦੀਆਂ ਵਾਰਾਂ ਵੀ ਪਰ ਗਾਇਕੀ ਵਜੋਂ ਵਧੇਰੇ ਮਕਬੂਲ ਹੋਇਆ, ‘ਆ ਜਾ ਭਾਬੋ ਝੂਟ ਲੈ ਪੀਂਘ ਹੁਲਾਰੇ ਖਾਂਦੀ।’ ਯਮਲੇ ਦੀ ਜਾਦੂਭਰੀ ਆਵਾਜ਼ ਵਿੱਚ ਗਾਇਆ, ‘ਤੇਰੇ ਨੀਂ ਕਰਾਰਾਂ ਮੈਨੂੰ ਪੱਟਿਆ ਦੱਸ ਮੈਂ ਕੀ ਪਿਆਰ ਵਿੱਚੋਂ ਖੱਟਿਆ’ ਤਾਂ ਅੱਜ ਵੀ ਸੰਗੀਤ ਪ੍ਰੇਮੀਆਂ ਦੀ ਜ਼ੁਬਾਨ ’ਤੇ ਹੈ ‘ਮੈਂ ਤੇਰੀ ਤੂੰ ਮੇਰਾ ਛੱਡ ਕੇ ਜਾਵੀਂ ਨਾ।’ ਉਸ ਦੇ ਕੁਝ ਹੋਰਨਾਂ ਚਰਚਿਤ ਗੀਤਾਂ ਤੋਂ ਇਲਾਵਾ ਧਾਰਮਿਕ ਗੀਤ ਵੀ ਸਾਨੂੰ ਸਾਰਿਆਂ ਨੂੰ ਯਾਦ ਹੀ ਹੋਣਗੇ, ‘ਸਤਿਗੁਰੂ ਨਾਨਕ ਤੇਰੀ ਲੀਲਾ



ਨਿਆਰੀ ਐ।’ ਚਾਂਦੀ ਰਾਮ ਦਾ ਗੀਤ ਤਾਂ ਲੋਕਾਂ ਦੇ ਮਨਾਂ ਵਿੱਚ ਹਾਲੇ ਵੀ ਵੱਸਿਆ ਹੋਵੇਗਾ। ਇਸ ਗਾਇਕ ਨੂੰ ਇਸ ਦੀਆਂ ਡਾਢੀਆਂ ਆਦਤਾਂ ਲੈ ਡੁੱਬੀਆਂ। ਗਾਇਕਾ ਸੁਰਿੰਦਰ ਕੌਰ ਨੂੰ ਅਸੀਂ ਸਾਰੇ ‘ਪੰਜਾਬ ਦੀ ਕੋਇਲ’ ਕਰਕੇ ਜਾਣਦੇ ਹਾਂ। ਉਸ ਨੇ ਅਨੇਕਾਂ ਗਾਇਕਾਂ ਨਾਲ ਦੋਗਾਣੇ ਗਾਏ ਤੇ ਸੋਲੋ ਤਾਂ ਲੋਕ ਗੀਤਾਂ ਦਾ ਦਰਜਾ ਹੀ ਅਖ਼ਤਿਆਰ ਕਰ ਗਏ, ਮਸਲਨ ‘ਲੱਠੇ ਦੀ ਚਾਦਰ ਉਤੇ ਸਲੇਟੀ ਰੰਗ ਮਾਹੀਆ’, ‘ਜੁੱਤੀ ਕਸੂਰੀ ਪੈਰੀਂ ਨਾ ਪੂਰੀ’, ‘ਇੱਕ ਮੇਰੀ ਅੱਖ ਕਾਸ਼ਨੀ, ‘ਵੇ ਮੈਂ ਅੱਖੀਆਂ ’ਚ ਪਾਵਾਂ ਕਿਵੇ ਕੱਜਲਾ ਅੱਖੀਆਂ ’ਚ ਤੂੰ ਵੱਸਦਾ।’ ਸੁਰਿੰਦਰ ਵਾਂਗ ਹੀ ਦਿੱਲੀ ਰਹਿੰਦੇ ਆਸਾ ਸਿੰਘ ਮਸਤਾਨਾ ਦੇ ਗਾਏ ਗੀਤਾਂ ਦਾ ਵੀ ਕੋਈ ਤੋੜ ਨਹੀਂ। ਉਸ ਦਾ ਇੱਕ ਦੋਗਾਣਾ ‘ਇਹ ਮੁੰਡਾ ਨਿਰਾ ਛਨਿਚਰੀ’ (ਸੁਰਿੰਦਰ ਕੌਰ ਨਾਲ) ਤਾਂ ਹੁਣ ਵੀ ਕਿਤੇ ਨਾ ਕਿਤੇ ਸੁਣਨ ਨੂੰ ਮਿਲ ਜਾਂਦਾ ਹੈ। ਉਸ ਦੇ ਅਨੇਕਾਂ ਯਾਦਗਾਰੀ ਗੀਤਾਂ ਵਿੱਚੋਂ ਕੁਝ ਦੀ ਚਰਚਾ ਕਰਨੀ ਕੁਥਾਂ ਨਹੀਂ ਹੋਵੇਗੀ, ‘ਭਾਖੜੇ ਤੋਂ ਆਉਂਦੀ ਇੱਕ ਮੁਟਿਆਰ ਨੱਚਦੀ’, ‘ਮੇਲੇ ਨੂੰ ਚੱਲ ਮੇਰੇ ਨਾਲ ਕੁੜੇ’ ਜਾਂ ਫਿਰ ‘ਏਧਰ ਕਣਕਾਂ ਓਧਰ ਕਣਕਾਂ ਵਿੱਚ ਕਣਕਾਂ ਦੇ ਬੂਰ ਪਿਆ, ਮੁਟਿਆਰੇ ਜਾਣਾ ਦੂਰ ਪਿਆ’, ‘ਸੜਕੇ ਸੜਕੇ ਜਾਂਦੀਏ ਮੁਟਿਆਰੇ ਨੀਂ’, ‘ਗੋਰੀ ਦੀਆਂ ਝਾਜਰਾਂ ਬੁਲਾਉਂਦੀਆਂ ਗਈਆਂ।

ਨਰਿੰਦਰ ਬੀਬਾ ਦੀ ਖੜਕਵੀਂ ਆਵਾਜ਼ ਨੂੰ ਭਲਾਂ ਕੋਈ ਭੁਲਾ ਸਕਦਾ ਹੈ ? ਉਸ ਦੇ ਗਾਏ ਗੀਤਾਂ ਦੇ ਬੋਲ ਅੱਜ ਵੀ ਕੰਨਾਂ ਵਿੱਚ ਗੂੰਜਦੇ ਹਨ, ‘ਗੱਲ ਸੋਚ ਕੇ ਕਰੀਂ ਜ਼ੈਲਦਾਰਾ’, ‘ਕਾਹਨੂੰ ਮਾਰਦੈਂ ਚੰਦਰਿਆਂ ਛਮਕਾ ਮੈਂ ਕੱਚ ਦੇ ਗਲਾਸ ਵਰਗੀ।’ ਜਗਮੋਹਨ ਕੌਰ, ਗੁਰਮੀਤ ਬਾਵਾ ਦੀਆਂ ਆਵਾਜ਼ਾਂ ਵੀ ਦਿਲ ਨੂੰ ਲੁਭਾਉਣ ਵਾਲੀਆਂ ਸਨ। ਸਰਦੂਲ ਸਿਕੰਦਰ ਤੇ ਅਮਰ ਨੂਰੀ ਵੀ ਸਰੋਤਿਆਂ ਦੀ ਕਸਵੱਟੀ ’ਤੇ ਖਰੇ ਉਤਰੇ। ਕੇ ਦੀਪ ਤੇ ਜਗਮੋਹਨ ਦੀ ਕਾਮੇਡੀ (ਮਾਈ ਮੋਹਨੋ) ਤੇ ਗੀਤ ਵੀ ਸਰੋਤੇ ਪਸੰਦ ਕਰਦੇ ਸਨ, ਜਿਵੇਂ ‘ਬਾਬਾ ਵੇ ਕਲਾ ਮਰੋੜ’, ‘ਨੀਂ ਨਿੱਕੀਏ ਲਾ ਦੇ ਜ਼ੋਰ’ ਜਾਂ ਖ਼ਾਸ ਤੌਰ ’ਤੇ ਜਗਮੋਹਨ ਦਾ ‘ਬਾਪੂ ਵੇ ਅੱਡ ਹੁੰਨੀ ਆਂ।’ ਇਵੇਂ ਹੀ ਦੀਦਾਰ ਸੰਧੂ, ਕਰਨੈਲ ਗਿੱਲ,



ਕਰਮਜੀਤ ਧੂਰੀ, ਹਰਚਰਨ ਗਰੇਵਾਲ, ਸਨੇਹ ਲਤਾ, ਸਵਰਨ ਲਤਾ, ਸੀਮਾ ਆਦਿ ਦਾ ਵੀ ਬੋਲਬਾਲਾ ਰਿਹਾ। ਸੁਰਿੰਦਰ ਛਿੰਦਾ ਤੇ ਪੋਹਲੀ ਵੀ ’ਕੱਲੇ ਜਾਂ ਦੂਸਰੀਆਂ ਗਾਇਕਾਵਾਂ ਨਾਲ ਗਾਉਂਦੇ ਰਹੇ। ਅਮਰ ਸਿੰਘ ਚਮਕੀਲਾ ਤੇ ਅਮਰਜੋਤ ਦੇ ਗੀਤਾਂ ਦੀ ਵੀ ਪੂਰੀ ਚੜ੍ਹਤ ਰਹੀ। ਸੰਗੀਤਕਾਰਾਂ ਤੇ ਰਿਕਾਰਡਿੰਗ ਕੰਪਨੀਆਂ ਦੇ ਯੋਗਦਾਨ ਨੂੰ ਵੀ ਭੁੱਲਣਾ ਠੀਕ ਨਹੀਂ ਹੋਵੇਗਾ ਤੇ ਵਿਸ਼ੇਸ਼ ਤੌਰ ’ਤੇ ਜਸਵੰਤ ਭੰਵਰਾ ਤੇ ਦਿੱਲੀ, ਲੁਧਿਆਣਾ ਰਿਕਾਰਡਿੰਗ ਕੇਂਦਰਾਂ ਨੂੰ। ਇਵੇਂ ਹੀ ਗੀਤਕਾਰਾਂ ਤੋਂ ਵਗੈਰ ਵੀ ਗਾਇਕੀ ਕਿੰਝ ਪੂਰ ਚੜ੍ਹੇਗੀ। ਗੀਤਕਾਰੀ ਵਿੱਚ ਪ੍ਰਮੁੱਖ ਹਨ, ਨੰਦ ਲਾਲ ਨੂਰਪੁਰੀ, ਗੁਰਦੇਵ ਸਿੰਘ ਮਾਨ, ਬਾਬੂ ਸਿੰਘ ਮਾਨ (ਮਰਾੜਾ ਵਾਲਾ), ਦੇਵ ਥਰੀਕੇ ਵਾਲਾ, ਸਾਜਨ ਰਾਏਕੋਟੀ, ਇੰਦਰਜੀਤ ਹਸਨਪੁਰੀ, ਚੰਨ ਗੁਰਾਇਆ ਵਾਲਾ, ਦੀਦਾਰ ਸੰਧੂ, ਦੀਪਕ ਜੈਤੋਈ ਆਦਿ। ਇਹ ਗੀਤਕਾਰ, ਸੰਗੀਤਕਾਰ ਤੇ ਗਾਇਕ ਮਿਲ ਕੇ ਹੀ ਇੱਕ ਸੁਰ ਬਣਦੇ ਹਨ, ਮੁਕੰਮਲ ਗੀਤ ਜਿਸ ਦਾ ਸਰੋਤੇ ਆਨੰਦ ਮਾਣਦੇ ਹਨ। ਗਾਇਕ, ਗਾਇਕਾਵਾਂ ਨੇ ਕਿੱਸਿਆਂ ਨੂੰ ਵੀ ਆਪਣੀ ਆਵਾਜ਼ ਦਿੱਤੀ ਤੇ ਬੀਰ ਰਸੀ ਤੇ ਧਾਰਮਿਕ ਗੀਤਾਂ ਨੂੰ ਵੀ ਆਪਣੇ ਸੁਰ ਦਿੱਤੇ। ਕੁਲਦੀਪ ਮਾਣਕ ਤੇ ਦੇਵ ਥਰੀਕੇਵਾਲਾ ਦੇ ਗੀਤ ਤੇ ਵਿਸ਼ੇਸ਼ ਕਰਕੇ ਕਲੀਆਂ ਨੇ ਸਰੋਤਿਆਂ ਨਾਲ ਬਹੁਤ ਨੇੜਤਾ ਬਣਾਈ। ਮੁਹੰਮਦ ਸਦੀਕ-ਰਣਜੀਤ ਕੌਰ ਦੀ ਜੋੜੀ ਤਾਂ ਬਾਕਮਾਲ ਸੀ ਪਰ ਦੂਸਰੀਆਂ ਕਿਹੜਾ ਕਿਸੇ ਤੋਂ ਘੱਟ ਰਹੀਆਂ। ਸਾਰਿਆਂ ਦੀ ਆਪੋ ਆਪਣੀ ਗਾਇਨ ਸ਼ੈਲੀ ਤੇ ਅੰਦਾਜ਼ ਸੀ।

(ਬਾਕੀ ਸਫ਼ਾ 31 ’ਤੇ)



# ਕਦੇ ਕੈਸਿਟਾਂ ਹੁੰਦੀਆਂ ਸੀ ਮਨੋਰੰਜਨ ਦਾ ਮੁੱਖ ਸਾਧਨ





**ਸੁਰਜੀਤ ਸਿੰਘ ਫਲੋਰਾ**

ਡਿਜੀਟਲ, ਸੋਸ਼ਲ ਮੀਡੀਏ ਤੇ ਇੰਟਰਨੈਟ ਦੇ ਪੜਾਅ ਤੋਂ ਪਹਿਲਾਂ ਆਪਣੇ ਕੈਸੇਟ ਸੰਗ੍ਰਹਿ ਨੂੰ ਦਿਖਾਉਣਾ ਵੱਡੀ ਗੱਲ ਹੁੰਦੀ ਸੀ। ’90 ਦੇ ਦਹਾਕੇ ਵਿੱਚ ਕੈਸੇਟ ਪਲੇਅਰ ਲਗਪਗ ਹਰੇਕ ਵਿਅਕਤੀ ਦੇ ਜੀਵਨ ਦਾ ਹਿੱਸਾ ਸੀ। ਟਰੱਕਾਂ, ਬੱਸਾਂ, ਕਾਰਾਂ ਵਿੱਚ ਆਮ ਹੀ ਸੁਰਿੰਦਰ ਛਿੰਦਾ, ਕੇ.ਦੀਪ, ਜਗਮੋਹਣ ਕੌਰ, ਕੁਲਦੀਪ ਮਾਣਕ, ਗੁਰਦਾਸ ਮਾਨ, ਯਮਲਾ ਜੱਟ ਆਦਿ ਦੇ ਗੀਤ ਸੁਣੇ ਜਾਂਦੇ ਸਨ। ਉਸ ਤੋਂ ਪਹਿਲਾਂ ਪੱਥਰ ਦੇ ਰਿਕਾਰਡ ਹੁੰਦੇ ਸਨ, ਜੋ ਬਾਅਦ ਵਿੱਚ ਪਲਾਟਿਕ ਦੇ ਆ ਗਏ। ਕੈਸੇਟਾਂ ਨੂੰ ਚਲਾਉਂਦੇ ਚਲਾਉਂਦੇ ਉਹ ਇੰਨੀ ਘਸ ਜਾਣੀ ਕੇ ਉਸ ਨੇ ਫਸਣਾ ਸ਼ੁਰੂ ਹੋ ਜਾਣਾ ਜਾਂ ਫਿਰ ਟੁੱਟ ਜਾਣਾ, ਜਿਸ ਨੂੰ ਪੈਨਸਲ ਨਾਲ ਘੁੰਮਾ ਫਿਰਾ ਕੇ ਸਲੋਟਿਆ ਦੇ ਗੂੰਦ ਜਾਂ ਆਮ ਗੂੰਦ ਨਾਲ ਜੋੜਨਾ। ਜੋੜਨ ਤੋਂ ਬਾਅਦ ਗੀਤਾਂ ਨੂੰ ਸੁਣਨ ਦਾ ਮਜ਼ਾ ਥੋੜ੍ਹਾ ਕਿਰਕਿਰਾ ਹੋ ਜਾਂਦਾ ਸੀ ਕਿਉਂਕਿ ਜਿੱਥੇ ਜੋੜ ਲੱਗਦਾ ਸੀ, ਉਥੋਂ ਗਾਣਾ ਤੇਜ਼ ਚੱਲ ਕੇ ਬਹੁਤ ਭੈੜੀ ਜਿਹੀ ਆਵਾਜ਼ ਕੱਢਦਾ ਸੀ, ਜੋ ਕੰਨਾਂ ਦੇ ਰਸ ਨੂੰ ਖ਼ਰਾਬ ਕਰ ਦਿੰਦਾ ਸੀ।ਸਾਡੇ ਵਿਚੋਂ ਬਹੁਤ ਸਾਰੇ ਪੈਨਸਲ ਨਾਲ ਟੇਪਾਂ ਨੂੰ ਗੀਵਾਈਂਡ ਕਰਨ ਵਿੱਚ ਬਹੁਤ ਵਧੀਆ ਹੋ ਗਏ ਅਤੇ ਕੁਝ ਇੱਕ ਬਲੇਡ ਨਾਲ ਟੇਪ ਦੇ ਖ਼ਰਾਬ ਹਿੱਸੇ ਨੂੰ ਧਿਆਨ ਨਾਲ ਕੱਟਣ ਤੇ ਫਿਰ ਉਸ ਬਚੇ ਹਿੱਸੇ ਨੂੰ ਦੁਬਾਰਾ ਇਕੱਠੇ ਕਰਨ ਲਈ ਸਕਾਚ ਟੇਪ ਦੀ ਇੱਕ ਪੱਟੀ ਨੂੰ ਕੱਟਣ ਦੇ ਮਾਹਰ ਵੀ ਬਣ ਗਏ ਸੀ। ਉਸ ਕੈਸੇਟ ਪਲੇਅਰ ਵਿੱਚ ਇੱਕ ਏਐੱਮ ਤੇ ਐੱਫਐੱਮ ਰੇਡੀਓ ਵੀ ਹੁੰਦਾ ਸੀ, ਜਿਸ ਦਾ ਇੱਕ ਛੋਟਾ ਜਿਹਾ ਦਿਸਣ ਵਾਲਾ ਐਨਟੀਨਾ ਹੁੰਦਾ ਸੀ ਜੋ ਪਰਤਾਂ ਖੋਲ੍ਹਣ ਤੋਂ ਬਾਅਦ ਕਿੰਨਾ ਹੀ ਲੰਬਾ ਹੋ ਜਾਂਦਾ ਸੀ। ਫਿਰ ਉਸ ਨੂੰ ਕਦੇ ਸੱਜੇ ਤੇ ਕਦੇ ਖੱਬੇ, ਅੱਗੇ ਤੇ ਕਦੇ ਪਿੱਛੇ ਘੁਮਾਉਦੇ ਰਹਿਣਾ, ਜਦ ਤੱਕ ਉਸ ਦੀ ਆਵਾਜ਼ ਸਾਫ਼ ਨਹੀਂ ਹੋ ਜਾਂਦੀ ਸੀ।

**ਘਰਾਂ ’ਚ ਹੁੰਦਾ ਸੀ ਕੈਸੇਟਾਂ ਦਾ ਸੰਗ੍ਰਹਿ**

ਘਰਾਂ ਵਿੱਚ ਕੈਸੇਟਾਂ ਦਾ ਸੰਗ੍ਰਹਿ ਵੱਧਦਾ ਰਹਿੰਦਾ ਸੀ, ਜੋ ਕਈ ਵਾਰ ਲਿਵਿੰਗ ਰੂਮ ਦੀਆਂ ਵੱਡੀਆਂ ਅਲਮਾਰੀਆਂ ਤੱਕ ਪਹੁੰਚ ਜਾਂਦਾ ਸੀ। ਵਿਆਹ ਸਮਾਗਮਾਂ ਆਦਿ ਵਿੱਚ ਕੈਸੇਟ ਪਲੇਅਰ ਅੱਗੇ ਮਾਈਕ ਰੱਖ ਕੇ ਕੋਠੇ ’ਤੇ ਸਪੀਕਰ ਚਲਾਉਣੇ ਆਮ ਜਿਹੀ ਗੱਲ ਸੀ। ਸਮੇਂ ਦੇ ਹਿਸਾਬ ਨਾਲ ਪਹਿਲਾਂ ਸੀਡੀਜ਼ ਤੇ ਫਿਰ ਡੀਵੀਡੀਜ਼ ਮਾਰਕੀਟ ਵਿੱਚ ਆ ਗਈਆਂ। ਪੁਰਾਣੇ ਰੇਡੀਓ ਤੇ ਕੈਸੇਟ ਪਲੇਅਰ ਅਲੋਪ ਹੋਣ ਲੱਗ ਪਏ। ਸੀਡੀ ਪਲੇਅਰ ਵੀ ਕੁਝ ਸਾਲਾਂ ਤੱਕ ਲੋਕਾਂ ਦਾ ਮਨੋਰੰਜਨ ਕਰਦੇ ਰਹੇ ਪਰ ਛੇਤੀ ਹੀ ਡਿਜੀਟਲ ਯੁੱਗ ਨੇ ਚੀਜ਼ਾਂ ਨੂੰ ਤੇਜ਼ੀ ਨਾਲ ਬਦਲਣਾ ਸ਼ੁਰੂ ਕਰ ਦਿੱਤਾ। ਹੁਣ ਸਾਰਾ ਸੰਗੀਤ ਤੇ ਫਿਲਮਾਂ ਇੱਕ ਸਟਿਕ ’ਤੇ ਪਾ ਦਿੱਤੇ ਜਾਂਦੇ ਹਨ, ਜਿਸਨੂੰ ਘਰ, ਗੱਡੀ ਜਾਂ ਫੋਨ ’ਤੇ ਜਿੱਥੇ ਮਰਜ਼ੀ ਸੁਣ ਲਓ। ਇਸ ਦੇ ਨਾਲ ਹੀ ਹੋਰ ਅੱਗੇ ਵਧੇ ਤਾਂ ਸਮਾਰਟ ਫੋਨ ਆ ਗਏ, ਸਮਾਰਟ ਘੜੀਆਂ ਆ ਗਈਆਂ, ਜਿਸ ਨੇ ਇਹ ਪੱਥਰ ਦੇ ਰਿਕਾਰਡ ਤੋਂ ਲੈ ਕੇ ਸੀਡੀ ਪਲੇਅਰ ਤੱਕ ਸਭ ਨੂੰ ਖਾ ਲਿਆ।

**ਸੰਗ੍ਰਹਿਕਾਰਾਂ ਲਈ ਅਜੇ ਵੀ ਹੈ ਬਾਜ਼ਾਰ**

ਹਾਲਾਂਕਿ, ਕੈਸੇਟ ਪਲੇਅਰਾਂ ਤੇ ਟੇਪਾਂ ਲਈ ਸੰਗ੍ਰਹਿਕਾਰਾਂ, ਉਤਸ਼ਾਹੀਆਂ ਅਤੇ ਕੁਝ ਸੰਗੀਤਕਾਰਾਂ ਵਿਚਕਾਰ ਅਜੇ ਵੀ ਇੱਕ ਵਿਸ਼ੇਸ਼ ਬਾਜ਼ਾਰ ਹੈ, ਜੋ ਵਿੰਟੇਜ ਆਵਾਜ਼ ਤੇ ਸੁਹਜ ਦੀ ਕਦਰ ਕਰਦੇ ਹਨ। ਇਸ ਤੋਂ ਇਲਾਵਾ, ਕੈਸੇਟ ਟੇਪਾਂ ਦੇ ਫਾਰਮੈਟ ਵਿੱਚ ਸੰਗੀਤ ਨੂੰ ਜਾਰੀ ਕਰਨ ਦਾ ਮੁੜ ਉਭਾਰ ਦੇਖਿਆ ਜਾ ਰਿਹਾ ਹੈ।

(ਬਾਕੀ ਸਫ਼ਾ 31 ’ਤੇ)

## ਦਿੱਲੀ ਪੁਲਿਸ ਵੱਲੋਂ ਨਕਲੀ ਦਵਾਈਆਂ ਦੇ

ਅਜਿਹੇ ਵੇਲੇ ਦੋਸ਼ੀਆਂ ਵਿਰੁੱਧ ਕਾਰਵਾਈ ਕਰਨ ਅਤੇ ਇਸ ਦੁਖਾਂਤ ਨੂੰ ਅੰਜਾਮ ਦੇਣ ਵਾਲੀ ਘਟਨਾ ਦੇ ਮੂਲ ਕਾਰਨਾਂ ਦੀ ਪਛਾਣ ਕਰਨ ਦੀ ਬਜਾਏ, ਭਾਰਤ ਸਰਕਾਰ ਭਾਰਤੀ ਦਵਾਈ ਸਨਅਤ ਦੀ ਸਾਖ ਬਚਾਉਣ ਲਈ ਪੱਬਾਂ ਭਾਰ ਹੋ ਗਈ ਸੀ।

ਇਸਦੇ ਥੋੜੇ ਸਮੇਂ ਬਾਅਦ ਹੀ ਉਜ਼ਬੇਕਿਸਤਾਨ ਵਿੱਚ ਅਜਿਹਾ ਹੀ ਇੱਕ ਮਾਮਲਾ ਸਾਹਮਣੇ ਆਇਆ ਜਿਸ ਵਿੱਚ ਮਿਲਾਵਟੀ ਦਵਾਈਆਂ ਕਰਕੇ 18 ਬੱਚਿਆਂ ਦੀ ਮੌਤ ਹੋ ਗਈ ਸੀ। ਪਿਛਲੇ ਸਮੇਂ ਵਿੱਚ ਸਬ-ਸਟੈਂਡਰਡ ਦਵਾਈਆਂ ਕਾਰਨ ਹੋਣ ਵਾਲ਼ੀਆਂ ਮੌਤਾਂ ਦੇ ਅਜਿਹੇ ਕਈ ਮਾਮਲੇ ਸਾਡੇ ਸਾਹਮਣੇ ਆਏ ਸਨ।

ਅਜੋਕੇ ਸਮੇਂ ਵਿੱਚ ਭਾਰਤ ਪੂਰੀ ਦੁਨੀਆ ਵਿੱਚ ਜੈਨਰਿਕ ਦਵਾਈਆਂ ਦਾ ਸਭ ਤੋਂ ਵੱਡਾ ਵਿਕਰੇਤਾ ਹੈ, ਜੋ ਕਿ ਵੱਖ-ਵੱਖ ਟੀਕਿਆਂ/ਵੈਕਸੀਨ ਦੀ ਸੰਸਾਰਵਿਆਪੀ ਮੰਗ ਦੇ 50% ਤੋਂ ਵੱਧ ਦੀ ਪੂਰਤੀ ਕਰਦਾ ਹੈ, ਸੰਯੁਕਤ ਰਾਜ ਅਮਰੀਕਾ ਵਿੱਚ ਲਗਭਗ 40% ਜੈਨਰਿਕ ਮੰਗ ਅਤੇ ਬਰਤਾਨੀਆਂ ਵਿੱਚ ਸਾਰੀਆਂ ਦਵਾਈਆਂ ਦੀ ਲਗਭਗ 25% ਮੰਗ ਦੀ ਪੂਰਤੀ ਕਰਦਾ ਹੈ। ਪਰ ਹਾਲ ਇਹ ਨੇ ਕਿ ਜੈਨਰਿਕ ਦਵਾਈਆਂ ਦੇ ਨਾਲ਼-ਨਾਲ਼ ਨਕਲੀ ਦਵਾਈਆਂ ਦਾ ਕਾਰੋਬਾਰ ਵੀ ਸਭ ਤੋਂ ਜਿਆਦਾ ਭਾਰਤ ਵਿੱਚ ਹੀ ਹੁੰਦਾ ਹੈ।

ਨਕਲੀ ਤੇ ਮਿਲਾਵਟੀ ਦਵਾਈਆਂ ਜਿੱਥੇ ਬਿਮਾਰੀ ਨਾਲ ਲੜਨ ਵਿੱਚ ਅਸਰਦਾਰ ਨਹੀਂ ਹੁੰਦੀਆਂ ਹਨ, ਓਥੇ ਹੀ ਉਹ ਦੂਜੇ ਰੋਗਾਂ ਦੀਆਂ ਕਾਰਕ ਵੀ ਬਣਦੀਆਂ ਹਨ। ਇਨ੍ਹਾਂ ਦਾ ਸੇਵਨ ਗੁਰਦੇ, ਜਿਗਰ, ਦਿਲ ਅਤੇ ਨਾੜੀ ਤੰਤਰ ਨੂੰ ਪ੍ਰਭਾਵਿਤ ਕਰਦਾ ਹੈ। ਲੋਕਾਂ ਦੀ ਸਿਹਤ ਨਾਲ ਖਿਲਵਾੜ ਕਰਨ ਵਾਲੀਆਂ ਇਹ ਸਰਗਰਮੀਆਂ ਹੁਣ ਭਾਰਤ ਵਿੱਚ ਸੰਗਠਿਤ ਅਪਰਾਧ ਦੀ ਸ਼ਕਲ ਲੈ ਚੁੱਕੀਆਂ ਹਨ।

***

## ਭਾਈ ਨੰਦ ਲਾਲ ਗੋਯਾ

ਮਾਤਾ ਗੁਜਰੀ ਜੀ ਅਤੇ ਛੋਟੇ ਦੋ ਸਾਹਿਬਜ਼ਾਦੇ ਰਸੋਈਏ ਗੰਗੂ ਨਾਲ ਉਸ ਦੇ ਪਿੰਡ ਖੇੜੀ ਪਹੁੰਚ ਗਏ। ਗੁਰੂ ਸਾਹਿਬ ਦੇ ਮਹਿਲ ਭਾਈ ਮਨੀ ਸਿੰਘ ਜੀ ਨਾਲ ਦਿੱਲੀ ਪਹੁੰਚ ਗਏ। ਛੇਤੀ ਹੀ ਗੋਯਾ ਉਹਨਾਂ ਨਾਲ ਮਿਲ ਗਿਆ। ਸੰਨ 1707 ਵਿੱਚ ਔਰੰਗਜ਼ੇਬ ਦੀ ਮੌਤ ਤੋਂ ਬਾਅਦ ਗੋਯਾ ਬਾਦਸ਼ਾਹ ਬਹਾਦਰਸ਼ਾਹ ਅਤੇ ਗੁਰੂ ਸਾਹਿਬ ਵਿਚਕਾਰ ਵਿਚੋਲੇ ਸਨ। ਗੋਯਾ 1707-1712 ਤੱਕ ਬਹਾਦਰ ਸ਼ਾਹ ਦੇ ਡੇਰੇ ਰਿਹਾ। ਸਕੱਤਰ ਵਜੋਂ ਕੰਮ ਕੀਤਾ। ਗੋਯਾ 1710 ਵਿੱਚ ਬੰਦਾ ਬਹਾਦਰ ਵਿਰੁੱਧ ਬਾਦਸ਼ਾਹ ਦੀ ਲੋਹਗੜ੍ਹ ਮੁਹਿੰਮ ਵਿੱਚ ਹਾਜ਼ਰ ਸੀ। ਉਹ ਬਾਦਸ਼ਾਹ ਨਾਲ ਲਾਹੌਰ ਗਿਆ। ਤਦ 1712 ਵਿਚ ਲਾਹੌਰ ਵਿਖੇ ਬਹਾਦਰ ਸ਼ਾਹ ਦੀ ਮੌਤ ਹੋਣ 'ਤੇ ਬਹਾਦਰ ਸ਼ਾਹ ਦੇ ਪੁੱਤਰ ਜਹਾਂਦਾਰ ਸ਼ਾਹ ਨਾਲ ਮਿਲ ਕੇ ਦਿੱਲੀ ਆ ਗਿਆ। ਫਿਰ 1713 ਵਿੱਚ ਗੋਯਾ ਦਿੱਲੀ ਤੋਂ ਭੱਜ ਕੇ ਮੁਲਤਾਨ ਚਲਾ ਗਿਆ। ਉਥੇ ਉਸ ਨੇ ਫ਼ਾਰਸੀ ਅਤੇ ਅਰਬੀ ਦੀ ਸਿੱਖਿਆ ਲਈ ਉੱਚ ਸਕੂਲ ਖੋਲ੍ਹਿਆ। 1715 ਵਿੱਚ ਗੋਯਾ ਦੀ ਮੁਲਤਾਨ ਵਿਖੇ ਮੌਤ ਹੋ ਗਈ। ਸੰਨ 1849 ਵਿੱਚ ਪੰਜਾਬ ਦੇ ਕਬਜੇ ਵਿੱਚ ਅੰਗਰੇਜ਼ਾਂ ਨੇ ਇਸ ਸਕੂਲ ਨੂੰ ਗੋਯਾ ਦੇ ਵੰਸ਼ਜਾਂ ਦੀ ਸਰਪ੍ਰਸਤੀ ਹੇਠ ਕੰਮ ਕਰਦੇ ਪਾਇਆ।

ਉਸ ਦੇ ਦੋ ਪੁੱਤਰਾਂ ਵਿਚੋਂ ਦੀਵਾਨ ਲਖਪਤ ਰਾਏ ਬੇਔਲਾਦ ਹੀ ਮਰ ਗਿਆ। ਜਦਕਿ ਦੀਵਾਨ ਲੀਲਾ ਰਾਮ ਦੇ ਵੰਸ਼ਜ ਆਗਾਪੁਰਾ ਵਿੱਚ ਰਹਿੰਦੇ ਸਨ। ਜੋ ਬਹਾਵਲਪੁਰ ਰਾਜ ਦੀਆਂ ਸਰਕਾਰੀ ਨੌਕਰੀਆਂ 'ਤੇ ਸਨ।

'ਗੋਯਾ' ਤਖਲਸ ਦਾ ਮਤਲਬ ਹੈ ਬੁਲਾਰਾ। ਉਸ ਕਿਹਾ ਕਿ ਜਿਵੇਂ ਪਰਮਾਤਮਾ ਮੈਨੂੰ ਬੋਲਾਂਦਾ ਹੈ, ਮੈਂ ਬੋਲਦਾ ਹਾਂ। ਮੈਂ ਇਸ ਵਿੱਚ ਕੁਝ ਨਹੀਂ ਕੀਤਾ। ਉਸ ਦੀਆਂ ਰਚਨਾਵਾਂ ਵਿਚੋਂ:

ਅੰਤਿਕਾ: ਬਰ ਦੋ ਆਲਮ ਦਸਤਿ ਗੁਰੂ ਗੋਬਿੰਦ ਸਿੰਘ,
ਜਮਲਾ ਉਲਵੀ ਪਸਤਿ ਗੁਰੂ ਗੋਬਿੰਦ ਸਿੰਘ
ਦੋਹਾਂ ਜਹਾਂ ਉੱਤੇ ਗੁਰੂ ਗੋਬਿੰਦ ਸਿੰਘ ਜੀ ਦੀ ਮਿਹਰ ਦਾ ਹੱਥ ਹੈ। ਸਾਰੇ ਫਰਿਸ਼ਤੇ ਅਤੇ ਦੇਵਤੇ ਗੁਰੂ ਗੋਬਿੰਦ ਸਿੰਘ ਜੀ ਸਾਹਮਣੇ ਝੁੱਕ ਹਨ।
ਸੰਸਾਰ ਵਿੱਚ ਜਦ ਖੁਦਾ ਦੇ ਭਗਤ ਆਉਂਦੇ ਹਨ, ਉਹ ਭੁੱਲੜਾਂ ਨੂੰ ਰਾਹ ਦੱਸਣ ਆਉਂਦੇ ਹਨ,
ਗੋਯਾ ਜੇ ਕਰ ਤੇਰੀ ਅੱਖ ਰੱਬ ਦੀ ਤਾਂਘ ਵਾਲੀ ਹੋਵੇ
ਤਾਂ ਸਮਝ ਕਿ ਰੱਬ ਦੇ ਭਗਤ ਰੱਬ ਨੂੰ ਵਿਖਾਉਣ ਆਉਂਦੇ ਹਨ।
ਬਾਦ ਜਾਨਸ ਵਿਦਾਇ ਗੁਰੂ ਗੋਬਿੰਦ ਸਿੰਘ
ਫਰਕਿ ਉ ਬਰ ਪਾਇ ਗੁਰੂ ਗੋਬਿੰਦ ਸਿੰਘ
ਰੱਬ ਕਰੇ ਇਸ ਨੰਦ ਲਾਲ ਦੀ ਜਾਨ ਗੁਰੂ ਗੋਬਿੰਦ ਸਿੰਘ ਤੋਂ ਕੁਰਬਾਨ ਹੋਵੇ, ਰੱਬ ਕਰੇ ਉਸ ਦਾ ਸੀਸ ਗੁਰੂ ਗੋਬਿੰਦ ਸਿੰਘ ਜੀ ਦੇ ਚਰਨਾਂ ਵਿੱਚ ਟਿਕਿਆ ਰਹੇ।

***

## ਭਾਰਤੀ ਕਾਮਿਆਂ ਦਾ ਜੱਥਾ ਇਜ਼ਰਾਈਲ ਰਵਾਨਾ

ਮਜ਼ਦੂਰਾਂ ਨੂੰ ਉਥੇ ਰਿਹਾਇਸ਼ ਸਬੰਧੀ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਜ਼ਰਾਈਲ ਵਿੱਚ ਇਸ ਸਮੇਂ ਜੰਗ ਪ੍ਰਭਾਵਿਤ ਇਜ਼ਰਾਈਲੀ ਲੋਕਾਂ ਅਤੇ ਇਸ ਤੋਂ ਪਹਿਲਾਂ ਇਜ਼ਰਾਈਲ ਗਏ ਭਾਰਤੀ ਮਜ਼ਦੂਰਾਂ ਦੇ ਕਾਰਨ ਹੋਸਟਲ ਅਤੇ ਹੋਟਲ ਭਰ ਗਏ ਹਨ ਜਿਸ ਕਾਰਨ ਹੀ ਹੋਰਨਾਂ ਲੋਕਾਂ ਨੂੰ ਰਿਹਾਇਸ਼ ਦੀ ਸਮੱਸਿਆ ਆ ਰਹੀ ਹੈ। ਫਲਸਤੀਨ ਵੱਲੋਂ ਗਾਜ਼ਾ 'ਤੇ ਹਮਲਿਆਂ ਦੌਰਾਨ ਇੱਕ ਲੱਖ ਫਲਸਤੀਨੀਆਂ ਦੇ ਵਰਕ ਪਰਮਿਟ 'ਤੇ ਰੋਕ ਲਗਾ ਦਿੱਤੀ ਗਈ ਹੈ, ਇਸ ਤੋਂ ਇਲਾਵਾ ਜੰਗ ਕਾਰਨ 30 ਹਜ਼ਾਰ ਵਿਦੇਸ਼ੀ ਮਜ਼ਦੂਰ ਇਜ਼ਰਾਈਲ ਛੱਡ ਕੇ ਚਲੇ ਗਏ ਹਨ, ਜਿਸ ਤੋਂ ਬਾਅਦ ਇਜ਼ਰਾਈਲ ਵਿੱਚ ਭਾਰਤੀ ਮਜ਼ਦੂਰਾਂ ਦੀ ਮੰਗ ਵੱਧ ਗਈ ਹੈ। ਮੀਡੀਆ ਰਿਪੋਰਟਾਂ ਅਨੁਸਾਰ ਹੁਣ ਤੱਕ ਭਾਰਤ ਤੋਂ ਇਜ਼ਰਾਈਲ ਵਿੱਚ 10 ਹਜ਼ਾਰ ਦੇ ਕਰੀਬ ਮਾਹਿਰ ਅਤੇ ਮਜ਼ਦੂਰ ਪਹੁੰਚ ਚੁੱਕੇ ਹਨ। ਜਿਹਨਾਂ ਵਿੱਚ ਲੱਕੜ ਦਾ ਕੰਮ ਕਰਨ ਵਾਲੇ ਤਰਖਾਣ, ਬਿਜਲੀ ਮੈਕੇਨਿਕ, ਟਾਈਲਾਂ ਲਗਾਉਣ ਵਾਲੇ, ਪਲੱਸਤਰ ਕਰਨ ਵਾਲੇ ਅਤੇ ਰਾਜ ਮਿਸਤਰੀ ਸ਼ਾਮਲ ਹਨ। ਇਸ ਸਮੇਂ ਇਜ਼ਰਾਈਲ ਦੇ ਹਾਲਾਤ ਇਹ ਹਨ ਕਿ ਉਥੇ ਖੇਤੀ, ਉਸਾਰੀ, ਸਫਾਈ, ਬਜ਼ੁਰਗਾਂ ਦੀ ਦੇਖ ਭਾਲ ਲਈ ਦੂਜੇ ਦੇਸ਼ਾਂ ਦੇ ਮਜ਼ਦੂਰਾਂ 'ਤੇ ਨਿਰਭਰ ਹੋਣਾ ਪੈ ਰਿਹਾ ਹੈ। ਜਦੋਂ ਇਜ਼ਰਾਈਲ ਨੇ ਗ਼ਾਜ਼ਾ 'ਤੇ ਹਮਲਾ ਕੀਤਾ ਤਾਂ ਵੱਡੀ ਗਿਣਤੀ ਵਿਦੇਸ਼ੀ ਮਜ਼ਦੂਰ ਇਜ਼ਰਾਈਲ ਛੱਡ ਕੇ ਚਲੇ ਗਏ ਸਨ। ਇਜ਼ਰਾਈਲ ਵਿੱਚ ਜੰਗ ਪ੍ਰਭਾਵਿਤ ਇਲਾਕਿਆਂ ਤੋਂ ਵੱਡੀ ਗਿਣਤੀ ਲੋਕ ਹੋਸਟਲਾਂ ਅਤੇ ਹੋਟਲਾਂ ਵਿੱਚ ਰਹਿ ਰਹੇ ਹਨ, ਜੰਗ ਸ਼ੁਰੂ ਹੋਣ ਤੋਂ ਪਹਿਲਾਂ ਜਿਹੜੇ ਮਜ਼ਦੂਰ ਗਾਜ਼ਾ ਤੋਂ ਇਜ਼ਰਾਈਲ ਆਉਂਦੇ ਸਨ, ਉਹ ਦਿਨ ਵਿੱਚ ਇਜ਼ਰਾਈਲ ਵਿੱਚ ਕੰਮ ਕਰਕੇ ਰਾਤ ਸਮੇਂ ਵਾਪਸ ਗਾਜ਼ਾ ਵਿੱਚ ਚਲੇ ਜਾਂਦੇ ਸਨ, ਜਿਸ ਕਰਕੇ ਇਜ਼ਰਾਈਲ ਵਿੱਚ ਉਹਨਾਂ ਦੀ ਰਿਹਾਇਸ਼ ਦੀ ਕੋਈ ਸਮੱਸਿਆ ਨਹੀਂ ਸੀ ਪਰ ਹੁਣ ਇਜ਼ਰਾਈਲ ਦੇ ਹਾਲਾਤ ਬਦਲ ਗਏ ਹਨ। ਭਾਰਤ ਤੋਂ ਗਏ ਮਜ਼ਦੂਰਾਂ ਨੂੰ ਉਥੇ ਰਹਿਣ ਲਈ ਰਿਹਾਇਸ਼ ਵੀ ਜ਼ਰੂਰੀ ਹੈ, ਜਿਸ ਕਰਕੇ ਇਹ ਸਮੱਸਿਆ ਆ ਰਹੀ ਹੈ। ਇਸ ਦੇ ਬਾਵਜੂਦ ਮਜ਼ਦੂਰਾਂ ਨੂੰ ਰਿਹਾਇਸ਼ ਮੁਹੱਈਆ ਕਰਵਾਉਣਾ ਇਜ਼ਰਾਇਲ ਸਰਕਾਰ ਦੇ ਟੀਚੇ ਵਿੱਚ ਨਹੀਂ ਹੈ। ਕਿਹਾ ਤਾਂ ਇਹ ਵੀ ਜਾ ਰਿਹਾ ਹੈ ਕਿ ਇਜ਼ਰਾਈਲ ਪੂਰੀ ਤਰਾਂ ਵਿਦੇਸ਼ੀ ਮਜ਼ਦੂਰਾਂ 'ਤੇ ਨਿਰਭਰ ਹੈ। ਇਸ ਲਈ ਉਸ ਵੱਲੋਂ ਹੋਰਨਾਂ ਦੇਸ਼ਾਂ ਤੋਂ ਮਜ਼ਦੂਰ ਬੁਲਾਉਣ ਲਈ ਯਤਨ ਕੀਤੇ ਜਾ ਰਹੇ ਹਨ। ਇਜ਼ਰਾਈਲ ਵਿੱਚ ਉਸਾਰੀ ਦੇ ਕੰਮ ਸਮੇਤ ਹੋਰ ਅਨੇਕਾਂ ਕੰਮ ਮਜ਼ਦੂਰਾਂ ਦੀ ਘਾਟ ਹੋਣ ਕਰਕੇ ਬੰਦ ਹੋ ਰਹੇ ਹਨ, ਜਿਸ ਕਾਰਨ ਹੋਰਨਾਂ ਦੇਸ਼ਾਂ ਤੋਂ ਵੱਡੀ ਗਿਣਤੀ ਮਜ਼ਦੂਰਾਂ ਨੂੰ ਵੱਧ ਪੈਸੇ ਅਤੇ ਸਹੂਲਤਾਂ ਦੇਣ ਦਾ ਲਾਲਚ ਦੇਖ ਕੇ ਬੁਲਾਇਆ ਜਾ ਰਿਹਾ ਹੈ। ਇਜ਼ਰਾਈਲ ਅਤੇ ਹਮਾਸ ਦੇ ਟਕਰਾਓ ਕਾਰਨ ਹੋਰਨਾਂ ਦੇਸ਼ਾਂ ਦੇ ਮਜ਼ਦੂਰ ਵੀ ਇਜ਼ਰਾਈਲ ਜਾਣ ਤੋਂ ਝਿਜਕ ਰਹੇ ਹਨ। ਜੰਗ ਕਾਰਨ ਹੀ ਇਜ਼ਰਾਈਲ ਦੀ ਅਰਥ ਵਿਵਸਥਾ ਵੀ ਚਰਮਰਾ ਗਈ ਹੈ, ਭਾਵੇਂ ਕਿ ਅਮਰੀਕਾ ਵੱਲੋਂ ਇਜ਼ਰਾਈਲ ਦੀ ਹਰ ਪੱਖੋਂ ਸਹਾਇਤਾ ਕੀਤੀ ਜਾ ਰਹੀ ਹੈ। ਇਸ ਦੇ ਬਾਵਜੂਦ ਉਥੇ ਅਨੇਕਾਂ ਕਾਰਨਾਂ ਕਰਕੇ ਆਰਥਿਕ ਮੰਦੀ ਆਉਣ ਦਾ ਖ਼ਤਰਾ ਪੈਦਾ ਹੋ ਗਿਆ ਹੈ ਅਤੇ ਜ਼ਰੂਰੀ ਉਸਾਰੀਆਂ ਦੇ ਕੰਮ ਵੀ ਪਿਛੜ ਰਹੇ ਹਨ। ਜ਼ਿਕਰਯੋਗ ਹੈ ਕਿ ਭਾਰਤ ਦੇ ਮਜ਼ਦੂਰਾਂ ਨੇ ਦੁਬਈ ਅਤੇ ਹੋਰ ਦੇਸ਼ਾਂ ਵਿੱਚ ਵੀ ਵਿਕਾਸ ਦੇ ਕੰਮਾਂ ਖਾਸ ਕਰਕੇ ਉਸਾਰੀ ਦੇ ਕੰਮਾਂ ਵਿੱਚ ਵੱਡਾ ਯੋਗਦਾਨ ਪਾਇਆ ਹੈ। ਇਸੇ ਕਰਕੇ ਹੀ ਪੂਰੇ ਵਿਸ਼ਵ ਵਿੱਚ ਭਾਰਤੀ ਮਜ਼ਦੂਰਾਂ ਦੀ ਮੰਗ ਬਹੁਤ ਜ਼ਿਆਦਾ ਹੈ। ਇਸੇ ਕਾਰਨ ਵੱਖ-ਵੱਖ ਦੇਸ਼ਾਂ ਵੱਲੋਂ ਭਾਰਤੀ ਮਜ਼ਦੂਰਾਂ ਨੂੰ ਚੰਗੀ ਤਨਖਾਹ ਅਤੇ ਹੋਰ ਸਹੂਲਤਾਂ ਦੇਣ ਦੇ ਵਾਅਦੇ ਕਰਕੇ ਬੁਲਾਇਆ ਜਾ ਰਿਹਾ ਹੈ।

***

## ਭਾਜਪਾ ਵੱਲੋਂ ਕਾਂਗਰਸ ਤੇ 'ਆਪ' ਉੱਪਰ ਈ.ਡੀ.

ਇਹ ਵੱਡਾ ਦੋਸ਼ ਹੈ। ਅਨਕਾਉਂਟੇਡ ਟ੍ਰਾਂਜੈਕਸ਼ਨ ਅਪਰਾਧਕ ਮਾਮਲਾ ਹੈ। ਪਾਰਟੀ ਨੂੰ ਇਸ 524 ਕਰੋੜ ਦਾ ਹਿਸਾਬ ਤਾਂ ਦੇਣਾ ਹੀ ਹੋਵੇਗਾ, ਨਾਲ ਹੀ ਆਮਦਨ ਕਰ ਵਿਭਾਗ ਨੇ ਉਸ ਨੂੰ 1700 ਕਰੋੜ ਰੁਪਏ ਦਾ ਡਿਮਾਂਡ ਨੋਟਿਸ ਜਾਰੀ ਕਰ ਦਿੱਤਾ ਹੈ। ਇਹ ਨੋਟਿਸ ਸਾਲ 2017-18 ਤੋਂ 2020-21 ਲਈ ਹੈ ਅਤੇ ਇਸ ਵਿੱਚ ਜੁਰਮਾਨਾ ਤੇ ਵਿਆਜ ਸ਼ਾਮਿਲ ਹੈ। ਕਾਂਗਰਸ ਸਾਹਮਣੇ ਇਹ ਬੇਮਿਸਾਲ ਆਰਥਿਕ ਸੰਕਟ ਹੈ। ਜ਼ਿਕਰਯੋਗ ਹੈ ਕਿ ਆਮਦਨ ਕਰ ਵਿਭਾਗ ਨੇ ਕਾਂਗਰਸ ਦੀ ਮਰਜ਼ੀ ਬਗ਼ੈਰ ਉਸ ਦੇ ਖਾਤੇ 'ਚੋਂ ਪਿਛਲਾ ਬਕਾਇਆ ਕਢਵਾ ਲਿਆ ਸੀ। ਭਾਵੇਂ ਅਮਰੀਕਾ, ਜਰਮਨ, ਯੂ.ਐਨ.ਓ. ਨੇ ਮੋਦੀ ਸਰਕਾਰ ਦੇ ਇਸ ਕਦਮ ਨੂੰ ਜਮਹੂਰੀਅਤ ਵਿਰੋਧੀ ਦਸਿਆ ਸੀ, ਪਰ ਮੋਦੀ ਸਰਕਾਰ ਕਿਸੇ ਦੀ ਪਰਵਾਹ ਨਹੀਂ ਕਰ ਰਹੀ।

ਪਰ ਹੁਣ ਆਮਦਨ ਕਰ ਵਿਭਾਗ ਨੇ ਸੁਪਰੀਮ ਕੋਰਟ ਨੂੰ ਦੱਸਿਆ ਕਿ ਉਹ ਲਗਪਗ 3500 ਕਰੋੜ ਰੁਪਏ ਦੇ ਟੈਕਸ ਡਿਮਾਂਡ ਨੋਟਿਸਾਂ ਦੇ ਸਬੰਧ ਵਿੱਚ ਲੋਕ ਸਭਾ ਚੋਣਾਂ ਦੇ ਮੱਦੇਨਜ਼ਰ ਕਾਂਗਰਸ ਵਿਰੁੱਧ ਕੋਈ ਜ਼ਬਰਦਸਤੀ ਕਾਰਵਾਈ ਨਹੀਂ ਕਰੇਗਾ। ਜਸਟਿਸ ਬੀਵੀ ਨਾਗਰਥਨਾ ਅਤੇ ਜਸਟਿਸ ਔਗਸਟਿਨ ਜਾਰਜ ਮਸੀਹ ਦੇ ਬੈਂਚ ਨੇ ਆਮਦਨ ਕਰ ਵਿਭਾਗ ਦੀ ਨੁਮਾਇੰਦਗੀ ਕਰ ਰਹੇ ਸਾਲਿਸਟਰ ਜਨਰਲ ਤੁਸ਼ਾਰ ਮਹਿਤਾ ਦਾ ਬਿਆਨ ਦਰਜ ਕੀਤਾ ਕਿ ਮੌਜੂਦਾ ਹਾਲਾਤਾਂ ਵਿੱਚ ਇਸ ਮਾਮਲੇ 'ਤੇ ਅੰਤਿਮ ਫੈਸਲਾ ਹੋਣ ਤੱਕ ਕੋਈ ਤੁਰੰਤ ਕਾਰਵਾਈ ਨਹੀਂ ਕੀਤੀ ਜਾਵੇਗੀ। ਬੈਂਚ ਨੇ ਮੰਗ ਨੋਟਿਸ 'ਤੇ ਕਾਂਗਰਸ ਦੀ ਪਟੀਸ਼ਨ 'ਤੇ ਸੁਣਵਾਈ ਜੁਲਾਈ ਤੱਕ ਅੱਗੇ ਪਾ ਦਿੱਤੀ

ਇਸ ਮਾਮਲੇ ਨੇ ਟੈਕਸ ਮਾਮਲਿਆਂ ਦੇ ਸਿਆਸੀਕਰਨ ਅਤੇ ਚੋਣ ਪ੍ਰਕਿਰਿਆ ਦੀ ਨਿਰਪੱਖਤਾ ਤੇ ਪਵਿੱਤਰਤਾ ਬਾਰੇ ਗੰਭੀਰ ਸਵਾਲ ਖੜ੍ਹੇ ਕਰ ਦਿੱਤੇ ਹਨ। ਪਾਰਟੀ ਵੱਲੋਂ ਸੱਤਾਧਾਰੀ ਭਾਰਤੀ ਜਨਤਾ ਪਾਰਟੀ 'ਤੇ ਲਾਏ 'ਟੈਕਸ ਅਤਿਵਾਦ' ਦੇ ਇਲਜ਼ਾਮਾਂ ਨੇ ਸਰਕਾਰੀ ਤੰਤਰ ਨੂੰ ਸਿਆਸੀ ਲਾਹੇ ਲਈ ਵਰਤੇ ਜਾਣ ਦੇ ਵਿਆਪਕ ਮੁੱਦੇ ਨੂੰ ਉਭਾਰ ਕੇ ਪੇਸ਼ ਕੀਤਾ ਹੈ। ਕਾਂਗਰਸ ਦੇ ਫੰਡਾਂ 'ਤੇ ਰੋਕ ਅਤੇ ਆਮਦਨ ਕਰ ਵਿਭਾਗ ਦੀ ਕਾਰਵਾਈ ਦੇ ਸਮੇਂ ਨੂੰ ਅਗਾਮੀ ਚੋਣਾਂ ਨਾਲੋਂ ਵੱਖ ਕਰ ਕੇ ਨਹੀਂ ਦੇਖਿਆ ਜਾ ਸਕਦਾ ਜਿਨ੍ਹਾਂ ਇਸ ਪਿੱਛੇ ਗੁੱਝੇ ਮੰਤਵਾਂ ਦਾ ਸ਼ੱਕ ਪੈਦਾ ਕੀਤਾ ਹੈ। ਚੋਣਾਂ ਮੁਕੰਮਲ ਹੋਣ ਤੱਕ ਕੋਈ ਸਖ਼ਤ ਕਾਰਵਾਈ ਨਾ ਹੋਣ ਦੇ ਭਰੋਸੇ ਨੇ ਭਾਵੇਂ ਕਾਂਗਰਸ ਤੋਂ ਫੌਰੀ ਤੌਰ 'ਤੇ ਵਿੱਤੀ ਦਬਾਅ ਘਟਾਇਆ ਹੈ ਪਰ ਇਸ ਵਿੱਚ ਟੈਕਸ ਕਾਰਵਾਈ ਦੀ ਪਾਰਦਰਸ਼ਤਾ ਅਤੇ ਨਿਰਪੱਖਤਾ ਨਾਲ ਜੁੜੀਆਂ ਚਿੰਤਾਵਾਂ ਦੀ ਗੱਲ ਨਹੀਂ ਕੀਤੀ ਗਈ।

ਉਤਾਰ-ਚੜ੍ਹਾਅ ਵਾਲੇ ਇਸ ਸਿਆਸੀ ਵਾਤਾਵਰਨ ਵਿੱਚ 'ਇੰਡੀਆ'

ਭਾਵੇਂ ਮੋਦੀ ਸਰਕਾਰ ਵਲੋਂ ਨਾਅਰੇ ਵਿਕਾਸ ਦੇ ਦਿੱਤੇ ਜਾ ਰਹੇ ਹਨ ਪਰ ਸਿੱਧੇ-ਅਸਿੱਧੇ ਢੰਗ ਨਾਲ ਫ਼ਿਰਕੂ ਧਰੁਵੀਕਰਨ ਨੂੰ ਵੀ ਉਤਸ਼ਾਹਿਤ ਕੀਤਾ ਜਾ ਰਿਹਾ ਹੈ। ਚੋਣ ਕਮਿਸ਼ਨ, ਕੇਂਦਰੀ ਏਜੰਸੀਆਂ ਅਤੇ ਇਥੋਂ ਤੱਕ ਕਿ ਨਿਆਂਪਾਲਿਕਾ ਵੀ ਇਸ ਸਮੇਂ ਦਬਾਅ ਦਾ ਸਾਹਮਣਾ ਕਰ ਰਹੀ ਹੈ। ਜੇਕਰ ਵਿਰੋਧੀ ਪਾਰਟੀਆਂ ਦੀ ਗੱਲ ਕਰੀਏ ਤਾਂ ਉਹ ਭਾਜਪਾ ਵਲੋਂ ਪੈਦਾ ਕੀਤੀਆਂ ਗਈਆਂ ਉਪਰੋਕਤ ਕਿਸਮ ਦੀਆਂ ਚੁਣੌਤੀਆਂ ਦਾ ਸਾਹਮਣਾ ਕਰਨ ਵਿਚ ਬੁਰੀ ਤਰ੍ਹਾਂ ਨਕਾਮ ਹੋਈਆਂ ਹਨ। ਭਾਵੇਂ ਬਹੁਤ ਸਮਾਂ ਪਹਿਲਾਂ ਉਨ੍ਹਾਂ ਵੱਲੋਂ 'ਇੰਡੀਆ' ਨਾਂਅ ਦਾ ਗੱਠਜੋੜ ਬਣਾਇਆ ਗਿਆ ਸੀ ਪਰ ਇਹ ਗੱਠਜੋੜ ਆਪਣੇ ਹੋਂਦ ਵਿਚ ਆਉਣ ਤੋਂ ਬਾਅਦ ਨਿਰੰਤਰ ਕਮਜ਼ੋਰ ਹੋਇਆ ਹੈ। ਇਸ ਵਿੱਚ ਸ਼ਾਮਿਲ ਵਿਰੋਧੀ ਪਾਰਟੀਆਂ ਦੀਆਂ ਨੀਤੀਆਂ ਗੱਠਜੋੜ ਨੂੰ ਮਜ਼ਬੂਤ ਕਰਨ ਦੀ ਥਾਂ ਆਪਣੇ-ਆਪ ਨੂੰ ਮਜ਼ਬੂਤ ਕਰਨ ਦੀਆਂ ਹੀ ਰਹੀਆਂ ਹਨ। ਇਹ ਗੱਠਜੋੜ ਨਾ ਤਾਂ ਸਮੇਂ ਸਿਰ ਸੀਟਾਂ ਦੀ ਵੰਡ ਕਰ ਸਕਿਆ, ਨਾ ਹੀ ਇਕਮੁੱਠ ਹੋ ਕੇ ਭਾਜਪਾ ਦੇ ਮੁਕਾਬਲੇ ਵਿਰੋਧੀ ਪਾਰਟੀਆਂ ਵੱਲੋਂ ਆਪਣਾ ਬਿਰਤਾਂਤ ਲੋਕਾਂ ਸਾਹਮਣੇ ਰੱਖ ਸਕਿਆ।

***

## ਸ਼ਰਾਬ ਘੋਟਾਲੇ ਕਾਰਨ 'ਆਪ' ਦਾ ਅਕਸ ਧੁੰਦਲਾ

ਇਸ ਪਾਰਟੀ ਨੂੰ ਵਿੱਤੀ ਵਸੀਲਿਆਂ ਦੇ ਪੱਖ ਤੋਂ ਵੀ ਤੰਗੀ ਦਾ ਸਾਹਮਣਾ ਕਰਨਾ ਪਵੇਗਾ।

ਜੇਕਰ ਸ਼੍ਰੋਮਣੀ ਅਕਾਲੀ ਦੀਆਂ ਚੋਣ ਸੰਭਾਵਨਾਵਾਂ ਦਾ ਵਿਸ਼ਲੇਸ਼ਣ ਕਰੀਏ ਤਾਂ ਇਹ ਗੱਲ ਉੱਭਰ ਕੇ ਸਾਹਮਣੇ ਆਉਂਦੀ ਹੈ ਕਿ ਪਿਛਲੇ ਕੁਝ ਮਹੀਨਿਆਂ ਵਿੱਚ ਇਸ ਨੇ ਏਕਤਾ ਕਰਕੇ ਆਪਣਾ ਅਧਾਰ ਮਜ਼ਬੂਤ ਕਰਨ ਅਤੇ ਆਪਣੇ-ਆਪ ਨੂੰ ਰਾਜ ਦੇ ਲੋਕਾਂ ਨਾਲ ਜੋੜਨ ਲਈ ਚੋਖੀ ਸਰਗਰਮੀ ਦਿਖਾਈ ਹੈ। ਪਰ ਪਿਛਲੀਆਂ ਲੋਕ ਸਭਾ ਅਤੇ ਵਿਧਾਨ ਸਭਾ ਚੋਣਾਂ ਵਿੱਚ ਵੱਡੀਆਂ ਹਾਰਾਂ ਦਾ ਸਾਹਮਣਾ ਕਰਨ ਤੋਂ ਬਾਅਦ ਇਹ ਪਾਰਟੀ ਇਨ੍ਹਾਂ ਲੋਕ ਸਭਾ ਚੋਣਾਂ ਵਿੱਚ ਆਪਣਾ ਖੋਇਆ ਹੋਇਆ ਅਧਾਰ ਪ੍ਰਾਪਤ ਕਰਨ ਵਿਚ ਕਿੱਥੋਂ ਤੱਕ ਸਫ਼ਲ ਹੁੰਦੀ ਹੈ ਇਹ ਦੇਖਣਾ ਅਜੇ ਬਾਕੀ ਹੋਵੇਗਾ। ਮੋਦੀ ਸਰਕਾਰ ਵੱਲੋਂ ਬੰਦੀਵਾਨ ਸਿੱਖਾਂ ਦੀ ਰਿਹਾਈ ਤੇ ਕਿਸਾਨ ਮਸਲਿਆਂ ਦੇ ਹੱਲ ਨਾ ਕਰਨ ਕਾਰਨ ਭਾਜਪਾ ਦਾ ਅਕਾਲੀ ਦਲ ਦਾ ਚੋਣ ਸਮਝੌਤਾ ਨਾ ਹੋਣ ਨਾਲ ਵੀ ਇਸ ਲਈ ਚੁਣੌਤੀ ਵਧੀ ਹੈ।

ਰਾਜ ਵਿੱਚ ਭਾਜਪਾ ਚੋਖੇ ਵਿਸ਼ਵਾਸ ਨਾਲ ਇਸ ਵਾਰ ਇਕੱਲਿਆਂ ਹੀ ਰਾਜ ਦੀਆਂ 13 ਸੀਟਾਂ ਲੜਨ ਦੀ ਤਿਆਰੀ ਕਰ ਰਹੀ ਹੈ। ਪਿਛਲੇ ਸਮੇਂ ਵਿੱਚ ਵੱਡੀ ਪੱਧਰ 'ਤੇ ਪੰਜਾਬ ਭਾਜਪਾ ਨੇ ਕਾਂਗਰਸ ਅਤੇ ਹੋਰ ਪਾਰਟੀ ਦੇ ਨੇਤਾਵਾਂ ਨੂੰ ਆਪਣੀ ਪਾਰਟੀ ਵਿੱਚ ਸ਼ਾਮਿਲ ਕੀਤਾ ਹੈ ਅਤੇ ਇਹ ਸਿਲਸਿਲਾ ਅਜੇ ਤੱਕ ਜਾਰੀ ਹੈ। ਲੋਕ ਸਭਾ ਚੋਣਾਂ ਵਿੱਚ ਇਸ ਦਾ ਪੰਜਾਬ ਭਾਜਪਾ ਨੂੰ ਕਿੰਨਾ ਲਾਭ ਮਿਲੇਗਾ ਇਹ ਦੇਖਣ ਵਾਲੀ ਗੱਲ ਹੋਵੇਗੀ। ਭਾਜਪਾ ਦੀ ਨਜ਼ਰ 2027 ਦੀਆਂ ਪੰਜਾਬ ਵਿਧਾਨ ਸਭਾ ਚੋਣਾਂ 'ਤੇ ਹੈ।

ਜੇਕਰ ਪੰਜਾਬ ਵਿੱਚ ਸਰਗਰਮ ਰਾਜਨੀਤਕ ਪਾਰਟੀਆਂ ਦੀ ਗੱਲ ਕਰੀਏ ਤਾਂ ਇਨ੍ਹਾਂ ਵਿੱਚ ਰਵਾਇਤੀ ਪੁਰਾਣੀਆਂ ਪਾਰਟੀਆਂ ਕਾਂਗਰਸ, ਬਾਦਲ ਅਕਾਲੀ ਦਲ, ਬਸਪਾ, ਅਕਾਲੀ ਦਲ ਅੰਮ੍ਰਿਤਸਰ, ਸੀ.ਪੀ.ਆਈ., ਸੀ.ਪੀ.ਆਈ.(ਐਮ.) ਆਦਿ ਹਨ। ਨਵੀਂ ਉੱਭਰੀ ਆਪ ਆਦਮੀ ਪਾਰਟੀ ਇਸ ਸਮੇਂ ਰਾਜ ਦੀ ਸੱਤਾ 'ਤੇ ਕਾਬਜ਼ ਹੈ।

***

## ਮਹਿੰਗੀ ਹੁੰਦੀ ਮੈਡੀਕਲ ਸਿੱਖਿਆ

ਪ੍ਰਾਈਵੇਟ ਇਨਵੈਸਟ ਮੰਗਵਾ ਰਹੇ ਹਾਂ। ਤਾਂ ਹੀ ਤਾਂ ਧੰਦੇਬਾਜ ਆਉਣਗੇ, ਇਲੈਕਟਰੋਲ ਬਾਂਡ ਖਰੀਦਣਗੇ, ਕਾਲਜ ਖੋਲ੍ਹਣਗੇ, ਕਰੋੜਾਂ ਲੈਣਗੇ, ਤੇ ਫ਼ੇਰ ਮਿਹਰਬਾਨਾਂ ਨੂੰ ਦੇਣਗੇ। ਸਰਕਾਰ ਚੁਣੀ ਕਿਉਂ ਜਾਂਦੀ ਹੈ? ਅੱਜ ਦੇ ਸਮੇਂ ਦੇ ਵਿੱਚ ਜਵਾਬ ਇਹ ਹੈ ਕਿ ਸਰਕਾਰ ਮੰਦਰ ਬਣਾਉਣ ਲਈ, ਗੌਰਵ ਵਧਾਉਣ ਦੇ ਲਈ, ਚੰਦਾ ਕਮਾਉਣ ਦੇ ਲਈ, ਤੇ ਧਰਮ ਦੇ ਆਧਾਰ 'ਤੇ ਵੰਡੀਆ ਪਾਉਣ ਲਈ ਚੁਣੀ ਜਾਂਦੀ ਹੈ।

ਅਸੀਂ ਸਭ ਜਾਣਦੇ ਹਾਂ ਕਿ ਸਾਡੇ ਵਿਦਿਆਰਥੀ ਮੈਡੀਕਲ ਸਿੱਖਿਆ ਲੈਣ ਦੇ ਲਈ ਯੂਕ੍ਰੇਨ ਨੂੰ ਸਭ ਤੋਂ ਪਹਿਲਾਂ ਤਰਜੀਹ ਦਿੰਦੇ ਨੇ। ਉਹ ਇਸ ਲਈ ਕਿ ਉਥੇ ਦਾ ਮੈਡੀਕਲ ਇਨਫਰਾਂਸਸਟਕਰ ਸੋਵੀਅਤ ਦੌਰ ਦਾ ਸਰਕਾਰੀ ਨਿਰਮਾਣ ਹੈ, ਵਰਲਡ ਕਲਾਸ ਹੈ, ਸਸਤਾ ਹੈ, ਵੀਜ਼ਾ ਆਸਾਨੀ ਦੇ ਨਾਲ ਮਿਲਦਾ ਹੈ, ਤੇ ਭਾਰਤੀ ਵਿਦਿਆਰਥੀਆਂ ਦੇ ਲਈ ਲਾਹੇਵੰਦ ਹੈ। ਇੱਕ ਸਾਲ ਭਾਸ਼ਾ ਸਿੱਖਣ ਦੇ ਲਈ ਲੱਗਦਾ ਹੈ ਤੇ ਪੂਰੀ ਪੜ੍ਹਾਈ 35 ਤੋਂ 50 ਲੱਖ ਵਿੱਚ ਹੋ ਜਾਂਦੀ ਹੈ। ਸਾਨੂੰ ਭੁਲਣਾ ਨਹੀਂ ਚਾਹੀਦਾ ਕਿ ਯੂਕ੍ਰੇਨ ਪੜਨ ਵਾਲੇ ਅਮੀਰਾਂ ਦੇ ਬੱਚੇ ਨਹੀਂ ਹੁੰਦੇ। ਇਹ ਮੱਧਵਰਗੀ ਪਰਿਵਾਰਾਂ ਦੇ ਬੱਚੇ ਨੇ, ਜੋ ਗਰੀਬ ਨੇ। ਜੋ ਕਰਜ਼ਾ ਲੈ ਕੇ ਯੂਕ੍ਰੇਨ ਪੜ੍ਹਾਈ ਕਰਨ ਪਹੁੰਚ ਜਾਂਦੇ ਨੇ। ਉਹ ਯੂਕ੍ਰੇਨ ਦੇ ਲਈ ਪੈਸੇ ਦਾ ਪ੍ਰਬੰਧ ਕਰ ਸਕਦੇ ਨੇ, ਪਰ ਆਪਣੇ ਦੇਸ਼ ਵਿੱਚ ਪ੍ਰਾਈਵੇਟ ਮੈਡੀਕਲ ਸੀਟ ਖਰੀਦਣ ਦੇ ਲਈ ਉਹਨਾਂ ਦੀ ਔਕਾਤ ਨਹੀਂ। ਯੂਕ੍ਰੇਨ ਤੋਂ ਪੜ੍ਹਕੇ ਆਏ ਬੱਚਿਆਂ ਦਾ ਭਾਰਤ ਦੇ ਵਿੱਚ ਸਵਾਗਤ ਏਸ ਤਰਾਂ ਹੁੰਦਾ ਕਿ ਉਹਨਾਂ ਕੋਲੋਂ ਐਮ. ਸੀ. ਆਈ. ਦੀ ਅਲੱਗ ਪ੍ਰੀਖਿਆ ਲਈ ਜਾਂਦੀ ਹੈ। ਤੁਸੀਂ ਹੈਰਾਨ ਹੋਵੋਗੇ ਕਿ ਯੂਕ੍ਰੇਨ ਦੀ ਐਮ. ਬੀ. ਬੀ. ਐਸ. ਨੂੰ ਡਬਲਯੂ. ਐਚ. ਓ. ਤੇ ਬ੍ਰਿਟਿਸ਼ ਹੈਲਥ ਸਰਵਿਸ ਸਿੱਧੀ ਮਾਨਤਾ ਦਿੰਦੀ ਹੈ ਪਰ ਭਾਰਤੀ ਐਮ. ਸੀ. ਆਈ. ਇਸ ਨੂੰ ਡਿਗਰੀ ਨਹੀਂ ਮੰਨਦਾ। ਮਾਨਤਾ ਦੇ ਲਈ ਪ੍ਰੀਖਿਆ ਲੈਂਦਾ ਹੈ। ਏਸ ਪ੍ਰੀਖਿਆ ਦਾ ਲੈਵਲ ਇਸ ਤਰਾਂ ਦਾ ਹੁੰਦਾ ਹੈ ਕਿ ਸਾਨੂੰ ਡਾਕਟਰ ਨਹੀਂ ਆਈਨ ਸਟਾਈਨ ਚਾਹੀਦਾ ਹੈ।

ਤੁਸੀਂ ਆਪਣੇ ਆਲੇ ਦੁਆਲੇ ਕਿਸੇ ਵੀ ਪ੍ਰਾਈਵੇਟ ਕਾਲਜ ਦਾ ਨਾਮ ਸੋਚੋ ਉਸ ਦੇ ਵਿੱਚ ਤੁਹਾਨੂੰ ਨੇਤਾ ਦਾ ਕੁਨੈਕਸ਼ਨ ਜ਼ਰੂਰ ਮਿਲੇਗਾ। ਨਿੱਜੀ ਮੈਡੀਕਲ ਕਾਲਜ ਨੇਤਾਵਾਂ ਜਾਂ ਉਹਨਾਂ ਦੇ ਚੇਲੇ ਚਪਾਟਿਆਂ ਦੀ ਮਲਕੀਅਤ ਹਨ। ਜਿਸ ਤਰੀਕੇ ਦੇ ਨਾਲ ਹਾਕਮ ਸਰਕਾਰ ਪ੍ਰਾਈਵੇਟ ਸੈਕਟਰ ਨੂੰ ਅੱਗੇ ਆਉਣ ਲਈ ਕਹਿ ਰਹੀ ਹੈ। ਉਸ ਹਿਸਾਬ ਨਾਲ ਅਤੇ ਉਹਨਾਂ ਦੀਆਂ ਫੀਸਾਂ ਮੁਤਾਬਿਕ ਸਾਡੇ ਬੱਚੇ ਡਾਕਟਰ ਬਣਨ ਦਾ ਸੁਪਨਾ ਵੀ ਨਹੀਂ ਲੈ ਸਕਦੇ। ਪੂਰੀ ਕਹਾਣੀ ਦਾ ਨਤੀਜਾ ਤਾਂ ਇਹੀ ਨਿਕਲਦਾ ਹੈ। ਨਾ ਪੜਾਊਗਾ ਨਾ ਪੜਾਨੇ ਦੂੰਗਾ।

***

## 'ਇੰਡੀਆ' ਗਠਜੋੜ ਦੀ ਰੈਲੀ ਨੇ

ਸੀ.ਬੀ.ਆਈ ਆਦਿ ਵੱਲੋਂ ਤੰਗ-ਪ੍ਰੇਸ਼ਾਨ ਕੀਤਾ ਜਾ ਰਿਹਾ ਹੈ ਇਸ ਦੇ ਬਾਵਜੂਦ ਜਿਸ ਤਰੀਕੇ ਨਾਲ ਇਸ ਰੈਲੀ ਵਿੱਚ ਵੱਖ ਵੱਖ ਆਗੂਆਂ ਵੱਲੋਂ ਭਾਜਪਾ ਸਰਕਾਰ ਦੀ ਧੱਕੇਸ਼ਾਹੀ ਅਤੇ ਵਿਰੋਧੀ ਆਗੂਆਂ ਨੂੰ ਸਰਕਾਰੀ ਏਜੰਸੀਆਂ ਵੱਲੋਂ ਤੰਗ ਪ੍ਰੇਸ਼ਾਨ ਦਾ ਦੱਬ ਕੇ ਵਿਰੋਧ ਕੀਤਾ ਗਿਆ, ਉਸ ਨੇ ਵੀ ਭਾਜਪਾ ਵਿਰੋਧੀ ਪਾਰਟੀਆਂ ਨੂੰ ਨਵੀਂ ਊਰਜਾ ਦੇ ਦਿੱਤੀ ਹੈ।

ਜ਼ਿਕਰਯੋਗ ਹੈ ਕਿ ਕਈ ਸੂਬਿਆਂ ਵਿੱਚ ਇੰਡੀਆ ਗਠਜੋੜ ਵਿੱਚ ਸ਼ਾਮਲ ਪਾਰਟੀਆਂ ਵੱਖ ਵੱਖ ਚੋਣਾਂ ਵੀ ਲੜ ਰਹੀਆਂ ਹਨ, ਜਿਵੇਂ ਕਿ ਪੰਜਾਬ 'ਚ 'ਆਪ' ਅਤੇ ਕਾਂਗਰਸ ਵੱਖਰੇ ਤੌਰ 'ਤੇ ਲੜ ਰਹੀਆਂ ਹਨ, ਜਦਕਿ ਪੱਛਮੀ ਬੰਗਾਲ 'ਚ ਤ੍ਰਿਣਮੂਲ ਕਾਂਗਰਸ ਨਾਲ ਸੀਟਾਂ ਦੀ ਵੰਡ 'ਤੇ ਸਹਿਮਤੀ ਨਾ ਬਣਨ ਦੇ ਬਾਵਜੂਦ ਟੀ.ਐੱਮ.ਸੀ. 'ਇੰਡੀਆ' ਗਠਜੋੜ ਦਾ ਹਿੱਸਾ ਹੈ ਅਤੇ ਇਸ ਦੇ ਨੁਮਾਇੰਦਿਆਂ ਨੇ ਰੈਲੀ 'ਚ ਹਿੱਸਾ ਲਿਆ। ਉਨ੍ਹਾਂ ਮੌਜੂਦਾ ਲੜਾਈ ਦੀ ਤੁਲਨਾ ਦੇਸ਼ ਦੀ ਆਜ਼ਾਦੀ ਦੀ ਲਹਿਰ ਨਾਲ ਕੀਤੀ ਜਿਸ ਵਿੱਚ ਹਰ ਕੋਈ ਆਪਸੀ ਮਤਭੇਦ ਭੁਲਾ ਕੇ ਸ਼ਾਮਲ ਹੋਇਆ ਸੀ।

ਇੰਡੀਆ ਗਠਜੋੜ ਦੇ ਨੇਤਾ ਲਗਾਤਾਰ ਦੋਸ਼ ਲਗਾ ਰਹੇ ਹਨ ਕਿ ਭਾਰਤ ਵਿੱਚ ਮੋਦੀ ਸਰਕਾਰ ਵੱਲੋਂ ਤਾਨਾਸ਼ਾਹੀ ਤਰੀਕਿਆਂ ਨਾਲ ਸ਼ਾਸਨ ਕੀਤਾ ਜਾ ਰਿਹਾ ਹੈ ਅਤੇ ਵਿਰੋਧੀ ਦਲਾਂ ਨੂੰ ਪੂਰੀ ਤਰਾਂ ਨੁਕਰੇ ਲਗਾਉਣ ਲਈ ਹਰ ਤਰੀਕਾ ਅਪਣਾਇਆ ਜਾ ਰਿਹਾ ਹੈ, ਜਿਸ ਕਾਰਨ ਭਾਜਪਾ ਵਿਰੋਧੀ ਪਾਰਟੀਆਂ ਵਿੱਚ ਗੁੱਸੇ ਦੀ ਲਹਿਰ ਪਾਈ ਜਾ ਰਹੀ ਹੈ। ਰੋਸ ਦੀ ਇਸ ਲਹਿਰ ਨੂੰ ਵੀ 'ਇੰਡੀਆ' ਗਠਜੋੜ ਵੱਲੋਂ ਵੋਟਰਾਂ ਤੱਕ ਪਹੁੰਚਾਇਆ ਜਾ ਰਿਹਾ ਹੈ ਅਤੇ ਇਸ ਨੂੰ ਲੋਕ ਸਭਾ ਚੋਣਾਂ ਦੌਰਾਨ ਵੋਟਾਂ ਵਿੱਚ ਬਦਲਣ ਦਾ ਯਤਨ ਕੀਤਾ ਜਾਵੇਗਾ।

ਰਾਮ ਲੀਲ੍ਹਾ ਮੈਦਾਨ ਰੈਲੀ ਦੀ ਸਫ਼ਲਤਾ ਦੇ 'ਇੰਡੀਆ' ਗਠਜੋੜ ਵੱਲੋਂ ਭਾਵੇਂ ਜੋ ਮਰਜ਼ੀ ਦਾਅਵੇ ਕੀਤੇ ਜਾਣ ਪਰ ਇੱਕ ਗੱਲ ਜ਼ਰੂਰ ਕਹੀ ਜਾ ਸਕਦੀ ਹੈ ਕਿ ਇਸ ਰੈਲੀ ਨਾਲ 'ਇੰਡੀਆ' ਗਠਜੋੜ ਨੇ ਪਹਿਲਾਂ ਨਾਲੋਂ ਵੱਧ ਮਜ਼ਬੂਤੀ ਪਕੜ ਲਈ ਹੈ ਅਤੇ ਰਾਮ ਲੀਲ੍ਹਾ ਮੈਦਾਨ ਤੋਂ ਭਾਜਪਾ ਅਤੇ ਉਸ ਦੀਆਂ ਸਹਿਯੋਗੀ ਪਾਰਟੀਆਂ ਲਈ ਨਵੀਂ ਵੰਗਾਰ ਪੈਦਾ ਕੀਤੀ ਹੈ। ਇਸ ਰੈਲੀ ਦੀ ਸਫ਼ਲਤਾ ਦਾ ਲੋਕ ਸਭਾ ਚੋਣਾਂ 'ਤੇ ਕੀ ਪ੍ਰਭਾਵ ਪਵੇਗਾ, ਇਸ ਦਾ ਪਤਾ ਤਾਂ ਚੋਣਾਂ ਦੇ ਨਤੀਜਿਆਂ ਤੋਂ ਬਾਅਦ ਹੀ ਲੱਗੇਗਾ।

***

## ਰਾਮਦੇਵ ਨੇ ਸੁਪਰੀਮ ਕੋਰਟ ਵਿੱਚ

ਸੁਪ੍ਰੀਮ ਕੋਰਟ ਨੇ ਰਾਮਦੇਵ ਅਤੇ ਆਚਾਰੀਆ ਬਾਲ ਕ੍ਰਿਸ਼ਨ ਨੂੰ ਕਿਹਾ ਕਿ ਤੁਹਾਨੂੰ ਅਦਾਲਤ ਵਿੱਚ ਦਿੱਤੇ ਵਾਅਦੇ ਦੀ ਪਾਲਣਾ ਕਰਨੀ ਚਾਹੀਦੀ ਸੀ, ਪਰ ਤੁਸੀਂ ਹਰ ਹੱਦ ਤੋੜ ਦਿੱਤੀ ਹੈ ਹਾਲ ਹੀ ਵਿੱਚ ਰਾਮਦੇਵ ਅਤੇ ਬਾਲ ਕ੍ਰਿਸ਼ਨ ਨੂੰ ਸੁਪ੍ਰੀਮ ਕੋਰਟ ਨੇ ਮਾਮਲੇ ਨੂੰ ਲੈ ਕੇ ਸੰਮਨ ਜਾਰੀ ਕੀਤਾ ਸੀ। ਜਸਟਿਸ ਹਿਮਾ ਕੋਹਲੀ ਦੀ ਅਗਵਾਈ ਵਾਲੇ ਬੈਂਚ ਨੇ ਕਿਹਾ ਸੀ ਕਿ ਆਯੁਰਵੈਦਿਕ ਕੰਪਨੀ ਪਤੰਜਲੀ ਨੇ ਗੁਮਰਾਹਕੁੰਨ ਇਸ਼ਤਿਹਾਰਾਂ ਦੇ ਲਗਾਤਾਰ ਪ੍ਰਕਾਸ਼ਨ ਲਈ ਜਾਰੀ ਕੀਤੇ ਗਏ ਮਾਣਹਾਨੀ ਨੋਟਿਸ ਦਾ ਜਵਾਬ ਨਹੀਂ ਦਿੱਤਾ ਹੈ। ਬੈਂਚ ਨੇ 27 ਫਰਵਰੀ ਨੂੰ ਆਚਾਰੀਆ ਬਾਲ ਕ੍ਰਿਸ਼ਨ ਅਤੇ ਪਤੰਜਲੀ ਦੇ ਖ਼ਿਲਾਫ਼ ਪਿਛਲੇ ਸਾਲ ਨਵੰਬਰ ਵਿੱਚ ਸੁਪ੍ਰੀਮ ਕੋਰਟ ਦੇ ਸਾਹਮਣੇ ਦਿੱਤੇ ਭਰੋਸੇ ਦੀ ਉਲੰਘਣਾ ਕਰਨ ਲਈ ਮਾਣਹਾਨੀ ਦੀ ਕਾਰਵਾਈ ਸ਼ੁਰੂ ਕੀਤੀ ਸੀ। ਬੈਂਚ ਵਿੱਚ ਜਸਟਿਸ ਅਹਿਸਾਨੁਦੀਨ ਅਮਾਨਉੱਲਾ ਵੀ ਸ਼ਾਮਲ ਸਨ।

## ਕਿਸਾਨ ਸਮੱਸਿਆਵਾਂ ਨੂੰ ਹੱਲ ਕਰਨ

ਗ਼ੈਰ-ਰਸਮੀ ਕਰਜ਼ ਬਾਜ਼ਾਰਾਂ 'ਚ ਬਹੁਤ ਜ਼ਿਆਦਾ ਵਿਆਜ ਦਰਾਂ/ਕੀਮਤਾਂ 'ਤੇ ਲਗਾਮ ਲਗਾਉਣ ਲਈ ਹੋਰ ਜ਼ਿਆਦਾ ਸਖ਼ਤ ਹੋਣ ਦੀ ਜ਼ਰੂਰਤ ਹੈ। ਸਖ਼ਤ ਨਿਯਮ ਸੰਭਾਵੀ ਤੌਰ 'ਤੇ ਕਿਸਾਨਾਂ ਦੇ ਹਿੱਤਾਂ ਦੀ ਰਾਖੀ ਕਰਦੇ ਹੋਏ, ਨਕਲੀ ਉਤਪਾਦਾਂ ਨੂੰ ਬਾਜ਼ਾਰ 'ਚ ਦਾਖ਼ਲ ਹੋਣ ਤੋਂ ਰੋਕ ਸਕਦੇ ਹਨ।

ਖੇਤੀ-ਮੰਡੀਕਰਨ ਦੇ ਬੁਨਿਆਦੀ ਢਾਂਚੇ 'ਚ ਨਿਵੇਸ਼ ਇੱਕ ਜ਼ਰੂਰੀ ਲੋੜ ਹੈ। ਇਸ ਦਿਸ਼ਾ 'ਚ ਅਲਾਟਮੈਂਟ ਵਧਾਉਣ ਨਾਲ ਉਪਜ ਦੇ ਵਿਗਿਆਨਕ ਭੰਡਾਰਨ, ਇਕੱਤਰੀਕਰਨ ਅਤੇ ਛਾਂਟੀ 'ਚ ਵਾਧਾ ਹੋਵੇਗਾ। ਬਦਲੇ 'ਚ ਇਹ ਮੰਗ ਦੀਆਂ ਜ਼ਰੂਰਤਾਂ ਨਾਲ ਬਿਹਤਰ ਤਾਲਮੇਲ ਬਿਠਾਏਗਾ, ਮੌਸਮੀ ਚੁਣੌਤੀਆਂ ਨੂੰ ਘੱਟ ਕਰੇਗਾ ਅਤੇ ਨਾਸ਼ਵਾਨਤਾ ਦੇ ਗੰਭੀਰ ਮੁੱਦਿਆਂ ਦਾ ਹੱਲ ਕਰੇਗਾ। ਵਾਢੀ ਦੇ ਸਮੇਂ ਦੌਰਾਨ ਮੰਡੀ ਵਿੱਚ ਬੰਪਰ ਫ਼ਸਲ ਦੀ ਆਮਦ ਸਮੇਂ ਪ੍ਰਬੰਧਾਂ ਲਈ ਨਵੀਂ ਪਹੁੰਚ ਅਪਣਾਉਣ ਦੀ ਲੋੜ ਹੁੰਦੀ ਹੈ। ਫ਼ਸਲ ਦੇ ਇਵਜ਼ 'ਚ ਕਿਸਾਨਾਂ ਨੂੰ ਲਗਭਗ ਵਿਆਜ-ਮੁਕਤ ਬ੍ਰਿਜ ਫਾਈਨਾਂਸਿੰਗ ਜਾਂ ਉਤਪਾਦਨ ਗਿਰਵੀ ਰੱਖ ਕੇ ਕਰਜ਼ ਮੁਹੱਈਆ ਕਰਵਾਉਣਾ ਇੱਕ ਵਿਹਾਰਕ ਹੱਲ ਹੋ ਸਕਦਾ ਹੈ, ਜੋ ਉਨ੍ਹਾਂ ਨੂੰ ਲਚੀਲਾਪਨ ਅਤੇ ਉਨ੍ਹਾਂ ਦੀ ਉਪਜ 'ਤੇ ਕੰਟਰੋਲ ਦੀ ਪੇਸ਼ਕਸ਼ ਕਰਦਾ ਹੈ।

ਜਦੋਂ ਕਿ ਕੌਮੀ ਖੁਰਾਕ ਸੁਰੱਖਿਆ ਲਈ ਐੱਮ.ਐੱਸ.ਪੀ. ਇਕ ਮਹੱਤਵਪੂਰਨ ਮਾਪਦੰਡ ਬਣਿਆ ਹੋਇਆ ਹੈ, ਨੀਤੀਘਾੜਿਆਂ ਨੂੰ ਇਸ ਦਾ ਦਾਇਰਾ ਵਧਾਉਣਾ ਹੋਵੇਗਾ। ਖੇਤੀ ਉਪਜ ਲਈ ਘੱਟੋ-ਘੱਟ ਸਮਰਥਨ ਮੁੱਲ ਯਕੀਨੀ ਬਣਾਉਣ ਤੋਂ ਇਲਾਵਾ, ਬਾਜ਼ਾਰ 'ਚ ਕਿਸਾਨਾਂ ਨਾਲ ਦੁਰਵਿਵਹਾਰ ਅਤੇ ਸ਼ੋਸ਼ਣ ਨੂੰ ਰੋਕਣ ਲਈ ਕਾਨੂੰਨ ਦੀ ਡੂੰਘਾਈ ਨਾਲ ਜਾਂਚ ਕਰਨ ਦੀ ਜ਼ਰੂਰਤ ਹੈ। ਕਿਸਾਨਾਂ ਨੂੰ ਇਨਪੁੱਟ (ਉਤਪਾਦਨ ਲਈ ਸਮੱਗਰੀ ਖ਼ਰੀਦਣ) ਅਤੇ ਆਊਟਪੁੱਟ (ਮੰਡੀ ਵਿੱਚ ਮਾਲ ਵੇਚਣ) ਦੋਵੇਂ ਬਾਜ਼ਾਰਾਂ 'ਚ ਸ਼ੋਸ਼ਣ ਤੋਂ ਬਚਾਇਆ ਜਾਣਾ ਚਾਹੀਦਾ ਹੈ। ਪ੍ਰਸਤਾਵਿਤ ਕਾਨੂੰਨ 'ਚ ਨਾ ਸਿਰਫ਼ ਭ੍ਰਿਸ਼ਟਾਚਾਰ ਨੂੰ ਸੰਬੋਧਿਤ ਕਰਨਾ ਚਾਹੀਦਾ ਹੈ, ਸਗੋਂ ਕਿਸਾਨਾਂ ਨੂੰ ਵਿੱਤੀ ਨੁਕਸਾਨ ਪਹੁੰਚਾਉਣ ਵਾਲੀਆਂ ਕਾਰਵਾਈਆਂ ਨੂੰ ਵੀ ਸ਼ਾਮਿਲ ਕੀਤਾ ਜਾਣਾ ਚਾਹੀਦਾ ਹੈ। ਖੇਤੀ ਰਸਾਇਣਾਂ ਅਤੇ ਖਾਦਾਂ ਦੇ ਉਤਪਾਦਨ, ਵੰਡ ਅਤੇ ਗੁਣਵੱਤਾ ਦੇ ਕੰਟਰੋਲ ਅਤੇ ਰੈਗੂਲੇਸ਼ਨ ਦੇ ਮੌਜੂਦਾ ਕਾਨੂੰਨਾਂ ਨੂੰ ਮਜ਼ਬੂਤ ਕਰਨਾ ਜ਼ਰੂਰੀ ਹੈ। ਗ਼ੈਰ-ਰਸਮੀ ਕਰਜ਼ ਬਾਜ਼ਾਰਾਂ 'ਚ ਬਹੁਤ ਜ਼ਿਆਦਾ ਵਿਆਜ ਦਰਾਂ ਨੂੰ ਰੋਕਣ ਲਈ ਕਰਜ਼ ਨਿਯਮਾਂ ਨੂੰ ਹੋਰ ਜ਼ਿਆਦਾ ਸਖ਼ਤ ਬਣਾਉਣ ਦੀ ਲੋੜ ਹੈ।

ਇੱਕ ਮਜ਼ਬੂਤ ਫ਼ਸਲ ਬੀਮਾ ਪ੍ਰਣਾਲੀ ਤਿਆਰ ਕਰਨ ਦੀਆਂ ਕੋਸ਼ਿਸ਼ਾਂ ਨੂੰ ਵਧਾਉਣਾ ਚਾਹੀਦਾ ਹੈ, ਜੋ ਕਿਸਾਨਾਂ ਨੂੰ ਵਿਆਪਕ ਪੱਧਰ 'ਤੇ ਸੁਰੱਖਿਆ ਕਵਰ ਮੁਹੱਈਆ ਕਰਦੀਆਂ ਹਨ ਅਤੇ ਕਿਸਾਨਾਂ ਨੂੰ ਮੌਸਮ ਦੇ ਜੋਖ਼ਮਾਂ ਨੂੰ ਘਟਾਉਣ ਲਈ ਢੁਕਵੇਂ ਮੁਆਵਜ਼ੇ ਦਾ ਭਰੋਸਾ ਦਿੰਦੀਆਂ ਹਨ। ਇਹ ਖ਼ਾਸ ਤੌਰ 'ਤੇ ਮੌਸਮ ਦੀ ਅਨਿਸਚਤਾ ਅਤੇ ਜਲਵਾਯੂ ਤਬਦੀਲੀ ਦੇ ਮੱਦੇਨਜ਼ਰ ਮਹੱਤਵਪੂਰਨ ਹੈ, ਉਪਰਲੇ ਦੋਵੇਂ ਪਹਿਲੂ ਖੇਤੀਬਾੜੀ ਉਤਪਾਦਕਤਾ ਨੂੰ ਮਹੱਤਵਪੂਰਨ ਤੌਰ 'ਤੇ ਪ੍ਰਭਾਵਿਤ ਕਰਦੇ ਹਨ। ਖੇਤੀ ਵਿੱਚ ਵਿਆਪਕ ਪਰਿਵਰਤਨਾਂ ਲਈ ਮੌਜੂਦਾ ਐੱਮ.ਐੱਸ.ਪੀ. ਪ੍ਰਣਾਲੀ ਨੂੰ ਕਾਇਮ ਰੱਖਣਾ ਚਾਹੀਦਾ ਹੈ ਅਤੇ ਇਸ ਨੂੰ ਵਿਧਾਨਕ ਉਪਾਵਾਂ ਦੁਆਰਾ ਯਕੀਨੀ ਬਣਾਇਆ ਜਾਣਾ ਚਾਹੀਦਾ ਹੈ, ਜੋ ਕਿਸਾਨਾਂ ਨੂੰ ਖੇਤੀ ਉਤਪਾਦਨ ਲਈ ਸਮੱਗਰੀ ਖਰੀਦਣ ਅਤੇ ਆਪਣਾ ਉਤਪਾਦਨ ਵੇਚਣ ਲਈ ਦੋਵਾਂ ਬਾਜ਼ਾਰਾਂ 'ਚ ਸੁਰੱਖਿਆ ਮੁਹੱਈਆ ਕਰਦੇ ਹੋਣ। ਧਿਆਨ ਨਾ ਸਿਰਫ਼ ਬਾਜ਼ਾਰ ਦੀ ਗਤੀਸ਼ੀਲਤਾ 'ਤੇ ਹੋਣਾ ਚਾਹੀਦਾ ਹੈ, ਸਗੋਂ ਵੱਖ-ਵੱਖ ਜ਼ੋਖ਼ਮਾਂ ਦੇ ਖ਼ਿਲਾਫ਼ ਕਿਸਾਨਾਂ ਦਾ ਲਚੀਲਾਪਨ ਵਧਾਉਣ 'ਤੇ ਵੀ ਹੋਣਾ ਚਾਹੀਦਾ ਹੈ। ਸਰਕਾਰਾਂ ਨੂੰ ਇਹ ਸਮਝਣਾ ਚਾਹੀਦਾ ਹੈ ਕਿ ਖੇਤੀਬਾੜੀ ਦੀ ਖ਼ੁਸ਼ਹਾਲੀ ਨੂੰ ਯਕੀਨੀ ਬਣਾਉਣਾ ਐੱਮ.ਐੱਸ.ਪੀ. ਨੂੰ ਲਾਗੂ ਕਰਨ ਤੋਂ ਪਰ੍ਹੇ ਹੈ, ਇਸ ਲਈ ਇੱਕ ਸੰਪੂਰਨ ਰਣਨੀਤੀ ਦੀ ਜ਼ਰੂਰਤ ਹੈ, ਜਿਸ 'ਚ ਕਾਨੂੰਨ, ਬੁਨਿਆਦੀ ਢਾਂਚਾ ਵਿਕਾਸ ਅਤੇ ਕਿਸਾਨਾਂ ਨੂੰ ਦੇਸ਼ ਦੀ ਖੁਰਾਕ ਸੁਰੱਖਿਆ ਨੂੰ ਮਜ਼ਬੂਤ ਕਰਨ ਦੇ ਸਮਰੱਥ ਬਣਾਉਣ ਲਈ ਵਿੱਤੀ ਸਹਾਇਤਾ ਸ਼ਾਮਿਲ ਹੋਵੇ।

***

## ਅੱਸੀਵਿਆਂ ਤੋਂ ਪਹਿਲਾਂ ਦੀ ਪੰਜਾਬੀ ਗਾਇਕੀ ਤੇ ਅਖਾੜੇ

ਕੁਝ ਇੱਕ ਗੀਤਾਂ ਦੇ ਬੋਲ ਲਿਖਣ ਨਾਲ ਹੀ ਸ਼ਾਇਦ ਪਾਠਕਾਂ ਦਾ ਧਿਆਨ ਅਤੀਤ ਵੱਨੀਂ ਚਲਾ ਜਾਵੇਗਾ, 'ਲੱਠੇ ਦੀ ਚਾਦਰ ਉਤੇ ਸਲੇਟੀ ਰੰਗ ਮਾਹੀਆ', 'ਇੱਕ ਤੇਰੀ ਅੱਖ ਕਾਸ਼ਨੀ', 'ਚਿੱਟੀਆਂ ਕਪਾਹ ਦੀਆਂ ਫੁੱਟੀਆਂ', 'ਗੱਲ ਸੋਚ ਕੇ ਕਰੀਂ ਜ਼ੈਲਦਾਰਾ', 'ਗੜਵਾ ਚਾਂਦੀ ਦਾ', 'ਬੋਤਾ ਹੌਲੀ ਤੋਰ ਮਿੱਤਰਾ', 'ਚੱਲ ਬਰਨਾਲੇ ਚੱਲੀਏ, ਮੋਟਰ ਮਿੱਤਰਾਂ ਦੀ', 'ਮਿੱਤਰਾਂ ਦਾ ਚੱਲਿਆ ਟਰੱਕ ਨੀਂ', 'ਕੁਲਫੀ ਦਾ ਕੀ ਖਾਣਾ, ਚੂਪ ਲੈ ਗੰਨਾ ਨੀਂ', 'ਮਿੱਤਰਾਂ ਦੀ ਲੂਣ ਦੀ ਡਲੀ', 'ਭਾਬੀ ਸਾਗ ਨੂੰ ਨਾ ਜਾਈਂ ਤੇਰਾ ਮੁੰਡਾ ਰੋਊਗਾ', 'ਇੰਝ ਨੀਂ ਕਰੀਂਦੇ ਵੇ ਇੰਝ ਨੀਂ ਕਰੀਂਦੇ', 'ਕਾਲਾ ਡੋਰੀਆ ਕੁੰਡੇ ਨਾਲ', 'ਮਾਂ ਹੁੰਦੀ ਐ ਮਾਂ ਉਏ ਦੁਨੀਆ ਵਾਲਿਓ', 'ਕੀ ਹੋਇਆ ਜੇ ਤੂੰ ਕੁੜੀ ਦਿੱਲੀ ਸ਼ਹਿਰ ਦੀ'। ਬੇਸ਼ੱਕ ਸੁਰਿੰਦਰ ਕੌਰ, ਪ੍ਰਕਾਸ਼ ਕੌਰ, ਆਸਾ ਸਿੰਘ ਮਸਤਾਨਾ, ਯਮਲਾ ਜੱਟ ਤੇ ਕੁਝ ਹੋਰਨਾਂ ਭਲੇ ਗਾਇਕਾ ਨੇ ਹਮੇਸ਼ਾਂ ਸਾਫ਼ ਸੁਥਰੀ ਗਾਇਕੀ ਨੂੰ ਅੰਜਾਮ ਦਿੱਤਾ ਤੇ ਨਰਿੰਦਰ ਬੀਬਾ, ਗੁਰਮੀਤ ਬਾਵਾ, ਕੋਮਲ ਤੇ ਹੋਰ ਨੇ ਆਪੋ ਆਪਣੇ ਅੰਦਾਜ਼ ਵਿੱਚ ਖੂਬ ਗਾਇਆ ਤੇ ਵਧੀਆ ਗਾਇਆ।

ਇਹ ਸੀ ਅੱਸੀਂਵਿਆਂ ਤੋਂ ਪਹਿਲਾਂ ਦੀ ਗੀਤਕਾਰੀ ਤੇ ਗਾਇਕੀ ਜਿਸ ਨੇ ਸਰੋਤਿਆਂ ਦੇ ਦਿਲਾਂ 'ਤੇ ਰਾਜ ਕੀਤਾ। ਇਸ ਉਪਰੰਤ ਗੀਤਕਾਰੀ ਤੇ ਗਾਇਕੀ ਦੀ ਦਸ਼ਾ ਤੇ ਦਿਸ਼ਾ ਹੀ ਬਦਲ ਗਈ ਜਿਸ ਦਾ ਸਿਹਰਾ ਗੁਰਦਾਸ ਮਾਨ ਨੂੰ ਜਾਂਦਾ ਹੈ ਜਿਸ ਨੇ ਅਖਾੜਾ ਕਲਚਰ ਨੂੰ ਨਵੇਂ ਅਰਥ ਪ੍ਰਦਾਨ ਕੀਤੇ ਤੇ ਅਨਪੜ੍ਹ ਅਤੇ ਅੱਧ ਪੜ੍ਹੇ ਸਰੋਤਿਆਂ ਦੇ ਨਾਲ ਨਾਲ ਪੜ੍ਹੇ ਲਿਖਿਆਂ ਦੀ ਸਾਂਝ ਵੀ ਪੰਜਾਬੀ ਗਾਇਕੀ ਨਾਲ ਪੁਆਈ। ਸੁਰਜੀਤ ਬਿੰਦਰੱਖੀਆ ਨੇ ਬੁਲੰਦ ਮੁਕਾਮ ਹਾਸਲ ਕੀਤਾ।

ਸਤਿੰਦਰ ਸਰਤਾਜ ਜਿਹੀ ਸਾਫ਼ ਸੁਥਰੀ ਗਾਇਕੀ ਨੂੰ ਮਾਣਨ ਵਾਲੇ ਵੀ ਹਾਲੇ ਜਿਊਂਦੇ ਜਾਗਦੇ ਹਨ। ਪਹਿਲਾਂ ਸਾਡੇ ਕੋਲ ਤਵਿਆਂ ਤੋਂ ਇਲਾਵਾ ਸਾਡੇ ਕੋਲ ਕੈਸੇਟਾਂ ਵੀ ਸਨ, ਸੀਡੀਜ਼ ਵੀ ਅਤੇ ਹੁਣ ਤਾਂ ਸਾਡੇ ਕੋਲ ਵਿਭਿੰਨ ਚੈਨਲ ਵੀ ਹਨ ਤੇ ਯੂ-ਟਿਊਬ ਵੀ। ਮਰਹੂਮ ਸਿੱਧੂ ਮੂਸੇਵਾਲੀਆ ਦੀ ਆਪਣੀ ਸ਼ੈਲੀ ਤੇ ਅੰਦਾਜ਼ ਸੀ। ਹੁਣ ਹਰੇਕ ਗਾਇਕ ਆਪਣੇ ਤਰੀਕੇ ਨਾਲ ਖਿੱਚ ਪੈਦਾ ਕਰਨ ਦੇ ਯਤਨ ਵਿੱਚ ਹੈ ਪਰ ਨਵੀਂ ਪੀੜ੍ਹੀ ਨੂੰ ਬੇਸ਼ੱਕ ਇਹ ਲੁਭਾ-ਭਰਮਾ ਤਾਂ ਰਹੇ ਹਨ, ਪਰ ਪੰਜਾਬੀਅਤ ਤੇ ਪੰਜਾਬੀ ਸੱਭਿਆਚਾਰ ਨਾਲ ਆਮ ਕਰਕੇ ਖਿਲਵਾੜ ਕਰਦੇ ਵੀ ਨਜ਼ਰ ਆ ਰਹੇ ਹਨ। ਦਰਅਸਲ ਅੱਜ ਸਾਡੇ ਕੋਲ ਨਾ ਪੁਰਾਣੇ ਵੇਲਿਆਂ ਜਿਹੇ ਗੀਤ ਹੀ ਹਨ ਤੇ ਨਾ ਹੀ ਗਾਇਕ। ਇਹੋ ਸਾਡਾ ਫ਼ਿਕਰ ਹੈ ਪਰ ਫ਼ਿਕਰ ਵਿੱਚੋਂ ਹੀ ਚੰਗਿਆੜੀਆਂ ਉੱਠਦੀਆਂ ਹਨ, ਆਸ ਹੈ ਨਿਰਾਸ਼ਾ ਨਹੀਂ।

**

## ਕਦੇ ਕੈਸਿਟਾਂ ਹੁੰਦੀਆਂ ਸੀ

ਸਮੁੱਚੇ ਤੌਰ 'ਤੇ ਤਾਂ ਨਹੀਂ ਪਰ ਕੈਸੇਟ ਪਲੇਅਰ ਤੇ ਟੇਪਾਂ ਦੀ ਕੁਝ ਸਮਾਜਾਂ ਵਿੱਚ ਮੌਜੂਦਗੀ ਜਾਰੀ ਹੈ।

ਅਸਲ ਵਿੱਚ ਕੈਸੇਟ ਕੁਝ ਸਰਕਲਾਂ ਵਿੱਚ ਦੁਬਾਰਾ ਆ ਰਹੀ ਹੈ ਅਤੇ ਵਿਨਾਇਲ ਰਿਕਾਰਡਾਂ ਦੀ ਪੁਨਰ-ਸੁਰਜੀਤੀ ਦੇ ਇੱਕ ਸਹਾਇਕ ਵਜੋਂ ਪੁਨਰ-ਜਾਗਰਣ ਦੇ ਇੱਕ ਬਿੱਟ ਵਿਚੋਂ ਲੰਘ ਰਹੀ ਹੈ। ਕੈਸੇਟ 'ਤੇ ਨਵਾਂ ਸੰਗੀਤ ਜਾਰੀ ਕਰਨ ਵਾਲੇ ਬੈਂਡ ਹਨ। ਮਨੁੱਖੀ ਸੱਭਿਆਚਾਰ ਦੇ ਸੰਦਰਭ ਵਿੱਚ ਕੈਸੇਟ ਟੇਪਾਂ ਦੀ ਮਹੱਤਤਾ ਨੂੰ ਵਧੇਰੇ ਵਿਆਪਕ ਮਾਨਤਾ ਦਿੱਤੀ ਗਈ ਹੈ।

### 50 ਸਾਲ ਬਾਅਦ ਵੀ ਚੱਲ ਰਹੀਆਂ ਨੇ ਕੈਸੇਟਾਂ

ਇੱਥੇ ਬਹੁਤ ਸਾਰੇ ਲੋਕ ਹਨ ਜੋ ਦੁਨੀਆਂ ਭਰ ਵਿੱਚ ਦੂਜੇ ਵਰਗੀ ਸੋਚ ਵਾਲੇ ਸ਼ੌਕੀਨਾਂ ਨਾਲ ਟੇਪਾਂ ਦਾ ਵਪਾਰ ਕਰਦੇ ਹਨ। ਇਹ ਤਕਨੀਕੀ, ਅਸਥਾਈ ਤੇ ਵਿਚਾਰਧਾਰਕ ਵੰਡਾਂ 'ਚ ਪ੍ਰਗਟਾਵੇ, ਸ਼ੈਲੀ ਤੇ ਸੱਭਿਆਚਾਰ ਨੂੰ ਸਾਂਝਾ ਕਰਨ ਦਾ ਇੱਕ ਸ਼ਾਨਦਾਰ ਤਰੀਕਾ ਹੈ। ਪਿਛਲੇ ਕੁਝ ਸਾਲਾਂ ਤੋਂ ਇੱਥੇ ਵੱਡੀ ਗਿਣਤੀ ਵਿੱਚ ਕੈਸੇਟਾਂ ਮੌਜੂਦ ਹਨ। ਚੰਗੀ ਤਰ੍ਹਾਂ ਰੱਖ-ਰਖਾਅ ਵਾਲੀਆਂ ਸਥਿਤੀਆਂ 'ਚ ਕੈਸੇਟਾਂ ਦਾ ਹੋਣਾ ਅਸਾਧਾਰਨ ਨਹੀਂ ਹੈ, ਜੋ ਨਿਰਮਾਣ ਕੀਤੇ ਜਾਣ ਤੋਂ 50 ਸਾਲਾਂ ਬਾਅਦ ਵੀ ਕੰਮ ਕਰਦੀਆਂ ਹਨ। ਮਸ਼ੀਨਾਂ 'ਤੇ ਚਲਾਉਣ ਯੋਗ ਹਨ, ਜਿਨ੍ਹਾਂ ਨੇ ਕੁਝ ਮਿੰਟ ਪਹਿਲਾਂ ਨਵੀਂ ਸਮੱਗਰੀ ਰਿਕਾਰਡ ਕੀਤੀ ਹੋ ਸਕਦੀ ਹੈ। ਕੈਸੇਟਾਂ ਚਲਾਉਣ ਅਤੇ ਰਿਕਾਰਡ ਕਰਨ ਵਾਲੀਆਂ ਮਸ਼ੀਨਾਂ ਓਨੇ ਵਿਆਪਕ ਤੌਰ 'ਤੇ ਉਪਲਬਧ ਨਹੀਂ ਹਨ ਜਿੰਨੀਆਂ ਪਹਿਲਾਂ ਸਨ ਪਰ ਬਹੁਤ ਸਾਰੀਆਂ ਗੁਣਵੱਤਾ ਵਾਲੀਆਂ ਮਸ਼ੀਨਾਂ ਵਾਜਬ ਪੈਸਿਆਂ ਲਈ ਉਪਲਬਧ ਹੋ ਸਕਦੀਆਂ ਹਨ। ਐਨਾਲਾਗ ਰਿਕਾਰਡਿੰਗ ਦੀ ਇੱਕ ਵਿਸ਼ੇਸ਼ ਗੁਣਵੱਤਾ ਹੈ, ਕੈਸੇਟ ਇੱਕ ਮਾਧਿਅਮ 'ਤੇ, ਜਿਸ ਨੂੰ ਵਾਜਬ ਕੀਮਤ 'ਤੇ ਕਈ ਵਾਰ ਮੁੜ ਵਰਤਿਆ ਜਾ ਸਕਦਾ ਹੈ। ਬਹੁਤੇ ਲੋਕਾਂ ਲਈ ਇਸ ਨੂੰ ਪ੍ਰਾਪਤ ਕਰਨ ਲਈ ਪਹੁੰਚਯੋਗ ਇਕੋ-ਇੱਕ ਵਿਹਾਰਕ ਤਕਨੀਕ ਹੈ। ਕੈਸੇਟ ਨੂੰ ਮਰਿਆ ਸਮਝਿਆ ਜਾਂਦਾ ਸੀ ਪਰ ਇਸ ਵਿੱਚ ਅਜੇ ਵੀ ਜ਼ਿੰਦਗੀ ਹੈ।

### ਮਨੋਰੰਜਨ ਦਾ ਮੁੱਖ ਸਾਧਨ ਬਣਿਆ ਫੋਨ

ਕੈਸੇਟ ਤੇ ਪੱਥਰ ਦੇ ਰਿਕਾਰਡ ਵਜਾਉਣ ਦਾ ਜੋ ਮਜ਼ਾ ਸੀ, ਉਹ ਇਨ੍ਹਾਂ ਸਮਾਰਟ ਫੋਨਾਂ ਵਿੱਚ ਨਹੀਂ ਹੈ ਕਿਉਂਕਿ ਸਮਾਰਟ ਫੋਨਾਂ ਨੇ ਮਨੁੱਖ ਨੂੰ ਆਲਸੀ ਬਣਾ ਦਿੱਤਾ ਹੈ। ਕੈਸੇਟਾਂ ਦੀਆਂ ਤਾਂ ਹੁਣ ਸਿਰਫ਼ ਯਾਦਾਂ ਹੀ ਰਹਿ ਗਈਆਂ ਹਨ। ਮੌਜੂਦਾ ਤਕਨੀਕ ਦੇ ਦੌਰ ਵਿੱਚ ਕੋਈ ਵਿਰਲਾ ਹੀ ਹੋਵੇਗਾ, ਜਿਸ ਕੋਲ ਟੇਪਾਂ, ਕੈਸੇਟਾਂ ਤੇ ਪੱਥਰ ਵਾਲੇ ਰਿਕਾਰਡ ਹੋਣਗੇ। ਹੁਣ ਤਾਂ ਹਰੇਕ ਦੀ ਜੇਬ ਵਾਲਾ ਸਮਾਰਟ ਫੋਨ ਹੀ ਹੈ, ਜੋ ਮਨੋਰੰਜਨ ਦਾ ਸਾਧਨ ਬਣਿਆ ਹੋਇਆ ਹੈ।

***

## ਭਾਰਤ ਵਿੱਚ ਲੋਕਤੰਤਰ

ਇਥੋਂ ਤੱਕ ਕਿ ਵਿਵਸਥਾ ਤੋਂ ਅੱਕੇ ਬੁੱਧੀਜੀਵੀ, ਚਿੰਤਕ, ਲੇਖਕ, ਪੱਤਰਕਾਰ ਤੇ ਵਿਦਵਾਨ ਵੀ ਇਥੋਂ ਪਲਾਇਨ ਕਰ ਰਹੇ ਹਨ। ਬੇਸ਼ੱਕ ਸਰਕਾਰ ਅਖੌਤੀ ਅੰਕੜਿਆਂ ਦੇ ਮਾਧਿਅਮ ਨਾਲ ਦੇਸ਼ ਨੂੰ ਵਿਸ਼ਵ ਸ਼ਕਤੀ ਬਣਨ ਵੱਲ ਵਧਦਾ ਦਰਸਾ ਰਹੀ ਹੈ ਪਰ ਜ਼ਮੀਨੀ ਪੱਧਰ 'ਤੇ ਆਰਥਿਕ ਨਾ-ਬਰਾਬਰੀ, ਬੇਰੁਜ਼ਗਾਰੀ, ਗ਼ਰੀਬੀ ਤੇ ਕੰਗਾਲੀ ਸਿਖ਼ਰ 'ਤੇ ਹੋਣ ਕਾਰਨ ਹਾਲਾਤ ਆਮ ਲੋਕਾਂ ਦੇ ਅਨੁਕੂਲ ਨਹੀਂ ਹਨ। ਲੋਕ-ਰਾਇ ਦਾ ਸਤਿਕਾਰ ਨਾ ਕੀਤਾ ਗਿਆ ਤਾਂ ਅਸੀਂ ਵੀ ਪਾਕਿਸਤਾਨ, ਅਫ਼ਗਾਨਿਸਤਾਨ, ਇਰਾਕ ਤੇ ਸੀਰੀਆ ਵਰਗੇ ਦੇਸ਼ਾਂ ਦੀ ਸ਼੍ਰੇਣੀ ਵਿੱਚ ਆਪਣਾ ਨਾਂਅ ਦਰਜ ਕਰਵਾ ਬੈਠਾਂਗੇ।

***

## ਫ਼ਾਇਰਿੰਗ ਫ਼ਾਰ ਪੰਥ, ਪੰਜਾਬ, ਦਲਿਤ ਕਾਜ਼ਿਜ

ਪਾਰਟੀਆਂ ਨੂੰ ਨਕਾਰ ਕੇ ਫ਼ਿਰ ਕੋਈ ਨਵਾਂ ਬਦਲ ਲੱਭਣ ਲਈ ਮਜਬੂਰ ਹੋ ਜਾਣਗੇ, ਨਤੀਜਾ ਭਾਵੇਂ ਉਸ ਦਾ ਵੀ ਸਾਰਥਿਕ ਨਿਕਲੇ ਜਾਂ ਨਾ।

ਸ਼੍ਰੋਮਣੀ ਅਕਾਲੀ ਦਲ ਨੂੰ ਚਾਹੀਦਾ ਹੈ ਕਿ ਉਹ ਲੋਕ ਸਭਾ ਚੋਣਾਂ ਦੌਰਾਨ ਪੰਥਕ ਨੀਤੀ, ਪੰਥਕ ਗਠਜੋੜ ਉਸਾਰੇ। ਬੀਬੀ ਪਰਮਜੀਤ ਕੌਰ ਖਾਲੜਾ, ਸਿਰਦਾਰ ਕਪੂਰ ਸਿੰਘ ਦੇ ਵਿਦਿਆਰਥੀ ਸਰਦਾਰ ਗੁਰਤੇਜ ਸਿੰਘ ਆਈਏਐਸ, ਸੰਗਰੂਰ ਤੋਂ ਸਿਮਰਨਜੀਤ ਸਿੰਘ ਮਾਨ, ਜਸਪਾਲ ਸਿੰਘ ਸਿੱਧੂ ਸਾਬਕਾ ਪੱਤਰਕਾਰ ਯੂ. ਐਨ.ਆਈ. ਨੂੰ ਆਜ਼ਾਦ ਉਮੀਦਵਾਰ ਵਜੋਂ ਹਮਾਇਤ ਕਰੇ, ਬਸਪਾ ਨੂੰ ਜਲੰਧਰ, ਹੁਸ਼ਿਆਰਪੁਰ ਤੋਂ ਹਮਾਇਤ ਕਰਕੇ ਖਾਲਸਾ ਪੰਥ ਤੇ ਦਲਿਤ ਸਾਂਝਾ ਦੀਆਂ ਜੜ੍ਹਾਂ ਮਜਬੂਤ ਕਰੇ। ਬਾਕੀ ਸੀਟਾਂ ਉੱਪਰ ਵਿਦਿਅਕ, ਖੇਤੀ ਮਾਹਿਰ, ਆਰਥਿਕ ਮਾਹਿਰ ਬੁੱਧੀਜੀਵੀ ਖੜ੍ਹੇ ਕਰਨੇ ਚਾਹੀਦੇ ਹਨ ਤੇ ਆਪਣੇ ਪੁਰਾਣੀਆਂ ਰਾਜਨੀਤਕ ਤੋਪਾਂ ਬੀੜਨੀਆਂ ਨਹੀਂ ਚਾਹੀਦੀਆਂ। ਜੇਕਰ ਅਕਾਲੀ ਦਲ ਪੰਥਕ ਗਠਜੋੜ ਨਾ ਸਿਰਜ ਸਕਿਆ ਤਾਂ ਹਾਰ ਯਕੀਨੀ ਹੋਵੇਗੀ ਅਤੇ ਪੰਥ ਤੇ ਪੰਜਾਬੀਆਂ ਵਿੱਚ ਅਕਾਲੀ ਦਲ ਦਾ ਵਿਸ਼ਵਾਸ ਬਹਾਲ ਨਹੀਂ ਹੋ ਸਕੇਗਾ। ਪੰਥਕ ਪ੍ਰਸਤਾਂ ਨੂੰ ਇਸ ਗਠਜੋੜ ਵਲ ਵਧਣਾ ਚਾਹੀਦਾ ਹੈ। ਅਜੋਕੀ ਪੰਜਾਬ ਤੇ ਪੰਥ ਦੀ ਘੇਰਾਬੰਦੀ ਵਾਲੀ ਸਿਆਸਤ ਅਠਾਰਵੀਂ ਸਦੀ ਦੀ ਸਿੱਖ ਰਾਜਨੀਤੀ ਦੀ ਰਾਮ ਰੌਣੀ ਦੇ ਕਿਲੇ ਦੀ ਮੁਗਲ ਘੇਰਾਬੰਦੀ ਵਰਗੀ ਹੈ ਜਦੋਂ ਬਾਬਾ ਜੱਸਾ ਸਿੰਘ ਰਾਮਗੜ੍ਹੀਆ ਪੰਥ ਨਾਲ ਸਭ ਮਤਭੇਦ ਭੁਲਾਕੇ ਪੰਥ ਦੀ ਘੇਰਾਬੰਦੀ ਤੋੜਦੇ ਹੋਏ ਮੁਗਲ ਸਮਰਾਜ ਨੂੰ ਚੁਣੌਤੀ ਦਿੰਦੇ ਹਨ। ਇਹ ਪੰਥਕ ਤੇ ਬਹੁਜਨ ਗਠਜੋੜ ਪੰਜਾਬ ਦੀ ਘੇਰਾਬੰਦੀ ਤੋੜ ਸਕਦਾ ਹੈ, ਸ਼੍ਰੋਮਣੀ ਅਕਾਲੀ ਦਲ ਦੇ ਵਾਜੂਦ ਨੂੰ ਬਹਾਲ ਕਰ ਸਕਦਾ ਹੈ ਤੇ ਰਾਜਨੀਤੀ ਬਦਲ ਸਕਦਾ ਹੈ। ਇਹ ਸਭ ਅਕਾਲੀ ਦਲ ਦੇ ਮਹਾਂਰਥੀਆਂ ਦੀ ਸੂਝ ਬੂਝ ਉੱਪਰ ਆਧਾਰਿਤ ਹੈ। ਜੇਕਰ ਇਹ ਉਮੀਦਵਾਰ ਜਿੱਤ ਕੇ ਲੋਕ ਸਭਾ ਵਿੱਚ ਜਾਣਗੇ ਤਾਂ ਪੰਜਾਬ ਪੰਥ ਦੇ ਮਸਲੇ ਦੇਸ ਵਿੱਚ ਉਭਰਨਗੇ। ਅਕਾਲੀ ਦਲ ਦੀ ਸ਼ਾਨ ਬਹਾਲ ਹੋਵੇਗੀ। ਅਜਿਹਾ ਨਾ ਹੋਇਆ ਤਾਂ ਸਿੱਖ ਪੰਜਾਬ ਦੀ ਰਾਜਨੀਤੀ ਵਿਚੋਂ ਮਨਫ਼ੀ ਹੋ ਸਕਦੇ ਹਨ। ਕੁਲੈਕਟਿਵ ਲੀਡਰਸ਼ਿਪ ਹੀ ਇਸ ਦਾ ਹਲ ਹੈ ਜੋ ਸਿੱਖ ਬੁੱਧੀਜੀਵੀਆਂ ਨਾਲ ਤਾਲਮੇਲ ਕਰਕੇ ਅਗੇ ਤੁਰ ਸਕੇ। ਪੰਜਾਬ ਵਿੱਚ 117 ਦੇ ਹਾਊਸ ਵਿੱਚ 76 ਹਲਕੇ ਸਿੱਖ ਬਹੁਗਿਣਤੀ ਵਾਲੇ ਹਨ। ਜੇ ਅਕਾਲੀ ਲੀਡਰਸ਼ਿਪ ਦੀ ਸੋਚ ਸਿੱਖੀ ਵਾਲੀ ਹੈ ਤੇ ਕਿਰਦਾਰ 'ਸਿੱਖ' ਵਾਲਾ ਹੈ ਤਾਂ ਯਕੀਨਨ, ਅਕਾਲੀ ਦਲ ਨੂੰ ਪੰਜਾਬ ਵਿਚੋਂ ਕੋਈ ਹਰਾ ਹੀ ਨਹੀਂ ਸਕਦਾ। ਫ਼ਿਰ ਵੱਡੀਆਂ ਪਾਰਟੀਆਂ ਅਕਾਲੀ ਦਲ ਵੱਲ ਵੇਖਣਗੀਆਂ , ਨਾ ਕਿ ਅਕਾਲੀ ਲੀਡਰਸ਼ਿਪ ਨੂੰ ਉਨ੍ਹਾਂ ਦਾ ਪਿਛਲੱਗ ਬਣਨਾ ਪਵੇਗਾ।

***

## ਪੰਜਾਬ ਦਾ ਚੋਣ ਮੁਕਾਬਲਾ ਬਾਕੀ ਦੇਸ਼ ਨਾਲੋਂ ਵੱਖਰਾ

ਬਾਅਦ ਨਾ ਤਾਂ ਪਾਰਟੀ ਦੀ ਕੋਈ ਮੀਟਿੰਗ ਸੱਦੀ ਗਈ ਹੈ ਅਤੇ ਨਾ ਹੀ ਮੋਦੀ ਸਰਕਾਰ ਵਿਰੁੱਧ ਕੋਈ ਪ੍ਰੋਗਰਾਮ ਹੀ ਦਿੱਤਾ ਗਿਆ ਹੈ । ਨਾ ਹੀ ਪੰਜਾਬੀਆਂ ਵਿੱਚ ਕੇਜਰੀਵਾਲ ਦੀ ਗ੍ਰਿਫ਼ਤਾਰੀ ਦੀ ਸੂਰਤ ਵਿੱਚ ਪੰਜਾਬ ਤੋਂ ਵੱਡਾ ਵਿਰੋਧ ਪੈਦਾ ਹੋ ਸਕਿਆ। ਪਾਰਟੀ ਦੇ ਇੱਕ ਸੰਸਦ ਮੈਂਬਰ ਤੇ ਵਿਧਾਇਕ ਦੇ ਭਾਜਪਾ ਵਿੱਚ ਸ਼ਾਮਿਲ ਹੋਣ ਦੇ ਐਲਾਨ ਤੋਂ ਬਾਅਦ ਪਾਰਟੀ ਵਿੱਚ ਬਾਗ਼ੀ ਸੁਰਾਂ ਅਤੇ ਪਾਰਟੀ ਵਿਧਾਇਕਾਂ ਦੀ ਗੁਪਤ ਮੀਟਿੰਗਾਂ ਦੇ ਚਰਚਿਆਂ ਅਤੇ ਹੋਰ ਵਿਧਾਇਕ ਤੋੜਨ ਦੀਆਂ ਸਾਜ਼ਿਸ਼ਾਂ ਦੀਆਂ ਰਿਪੋਰਟਾਂ ਕਾਰਨ ਪਾਰਟੀ ਵਿਧਾਇਕਾਂ ਵਿੱਚ ਜੋ ਡਰ ਅਤੇ ਸਹਿਮ ਦਾ ਮਾਹੌਲ ਬਣਿਆ ਹੋਇਆ ਹੈ, ਉਸ ਦਾ ਮੁੱਖ ਮੰਤਰੀ ਪੱਧਰ 'ਤੇ ਕੋਈ ਨੋਟਿਸ ਨਹੀਂ ਲਿਆ ਜਾ ਰਿਹਾ। ਅੰਮ੍ਰਿਤਸਰ ਤੋਂ ਪਾਰਟੀ ਦੇ ਵਿਧਾਇਕ ਕੁੰਵਰ ਵਿਜੇ ਪ੍ਰਤਾਪ ਸਿੰਘ ਸਮੇਤ ਕੁੱਝ ਪਾਰਟੀ ਵਿਧਾਇਕਾਂ ਤੇ ਆਗੂਆਂ ਦੀਆਂ ਜਿਵੇਂ ਬਾਗ਼ੀ ਸੁਰਾਂ ਸਾਹਮਣੇ ਆਈਆਂ ਹਨ, ਜਿਸ ਤੋਂ ਉਨ੍ਹਾਂ ਦੀ ਮੁੱਖ ਮੰਤਰੀ ਦੀ ਕਾਰਜਸ਼ੈਲੀ ਸੰਬੰਧੀ ਅਸੰਤੁਸ਼ਟੀ ਸਪਸ਼ਟ ਝਲਕਦੀ ਹੈ। ਪਾਰਟੀ 'ਤੇ ਆਏ ਸੰਕਟ ਤੋਂ ਬਾਅਦ ਨਾ ਗੈਰ-ਪੰਜਾਬੀ ਸਲਾਹਕਾਰ ਨਜ਼ਰ ਆ ਰਹੇ ਹਨ ਅਤੇ ਨਾ ਹੀ ਮੁੱਖ ਮੰਤਰੀ ਹੀ ਬੋਲ ਰਹੇ ਹਨ। ਪਾਰਟੀ ਸੂਤਰਾਂ ਦਾ ਮੰਨਣਾ ਹੈ ਕਿ ਅਜਿਹਾ ਵਰਤਾਰਾ ਪਾਰਟੀ ਲਈ ਵੀ ਅਤੇ ਸੰਸਦੀ ਚੋਣਾਂ ਸੰਬੰਧੀ ਵੀ 'ਆਪ' ਲਈ ਮਾਰੂ ਸਾਬਤ ਹੋ ਸਕਦਾ ਹੈ । ਸ਼ਰਾਬ ਘੁਟਾਲੇ ਸੰਬੰਧੀ ਕੇਂਦਰੀ ਏਜੰਸੀਆਂ ਵੱਲੋਂ ਰਾਜ ਦੀ ਉੱਚ ਅਫ਼ਸਰਸ਼ਾਹੀ 'ਤੇ ਸ਼ਿਕੰਜਾ ਕੱਸਣਾ ਸ਼ੁਰੂ ਕੀਤਾ ਗਿਆ ਹੈ ਅਤੇ ਉਨ੍ਹਾਂ 'ਤੇ ਪੂਰੀ ਜਾਣਕਾਰੀ ਦੇਣ ਲਈ ਅਤੇ ਸਰਕਾਰੀ ਗਵਾਹ ਬਣਨ ਲਈ ਦਬਾਅ ਪਾਇਆ ਜਾ ਰਿਹਾ ਹੈ। ਇਸ ਦਾ ਸੇਕ ਪੰਜਾਬ ਸਰਕਾਰ ਨੂੰ ਵੀ ਲਗ ਸਕਦਾ ਹੈ। ਰਾਜਸੀ ਹਲਕਿਆਂ ਦਾ ਮੰਨਣਾ ਹੈ ਕਿ ਪੰਜਾਬ ਵੱਡੀ ਸਿਆਸੀ ਉਥਲ-ਪੁਥਲ ਵੱਲ ਵੱਧਦਾ ਨਜ਼ਰ ਆ ਰਿਹਾ ਹੈ ਕਿ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਵਾਪਰ ਰਹੇ ਘਟਨਾਕ੍ਰਮ ਤੋਂ ਆਪਣੇ ਆਪ ਨੂੰ ਜਿਵੇਂ ਅਲੱਗ ਰੱਖਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ, ਉਹ ਆਉਂਦੇ ਦਿਨਾਂ ਦੌਰਾਨ ਪਾਰਟੀ ਅੰਦਰ ਵੀ ਮੁੱਦਾ ਬਣ ਸਕਦਾ ਹੈ।

ਇਸ ਲਈ ਇਸ ਵਾਰ ਪੰਜਾਬ ਵਿੱਚ ਲੋਕ ਸਭਾ ਚੋਣਾਂ ਵਿੱਚ ਪੰਜਾਬ ਦਾ ਚੋਣ ਮੁਕਾਬਲਾ ਬਾਕੀ ਦੇਸ਼ ਨਾਲੋਂ ਵੱਖਰਾ ਤੇ ਵੱਧ ਦਿਲਚਸਪ ਹੋਵੇਗਾ। ਅਜਿਹਾ ਜਾਪਦਾ ਹੈ ਕਿ ਚਾਰਾਂ ਵਿਚੋਂ ਜਿਹੜੀ ਵੀ ਪਾਰਟੀ 30 ਫ਼ੀਸਦੀ ਵੋਟ ਲੈਣ ਵਿੱਚ ਸਫ਼ਲ ਰਹੀ, ਉਹ ਹੂੰਝਾਫ਼ੇਰ ਜਿੱਤ ਵੱਲ ਵਧ ਸਕਦੀ ਹੈ।

***

## ਅਮਰੀਕਾ ਵਿੱਚ ਵਧ ਰਹੀ ਹਿੰਦੂਤਵੀ ਵਿਚਾਰਧਾਰਾ

ਅਸੀਂ 'ਸਵੇਰਾ' ਦੇ ਨਾਲ ਇੱਕਮੁੱਠਤਾ ਵਿੱਚ ਮਜ਼ਬੂਤੀ ਨਾਲ ਖੜ੍ਹੇ ਹਾਂ, ਇਹ ਇੱਕ ਨਵਾਂ ਸੰਯੁਕਤ ਮੋਰਚਾ ਹੈ ਜੋ ਸੱਚੇ ਭਾਰਤੀ-ਅਮਰੀਕੀ ਬਹੁਮਤ ਦੀ ਨੁਮਾਇੰਦਗੀ ਕਰਦਾ ਹੈ ਅਤੇ ਜਿਸ ਨੇ ਫ਼ਾਸ਼ੀਵਾਦੀ ਰਾਜਨੀਤੀ ਦੇ ਸਾਰੇ ਰੂਪਾਂ ਦਾ ਵਿਰੋਧ ਕਰਨ ਲਈ ਸੰਗਠਨਾਂ ਅਤੇ ਕਾਰਕੁਨਾਂ ਦੇ ਇੱਕ ਅੰਤਰ-ਧਰਮ, ਬਹੁ-ਜਾਤੀ ਗੱਠਜੋੜ ਨੂੰ ਇਕੱਠਾ ਕੀਤਾ ਹੈ।

ਹਿੰਦੂ ਫ਼ਾਸ਼ੀਵਾਦੀ ਸੰਗਠਨ ਬਹੁ-ਸੱਭਿਆਚਾਰਵਾਦ ਅਤੇ ਵਿਭਿੰਨਤਾ ਦੇ ਨਕਾਬ ਦੇ ਪਿੱਛੇ ਛੁਪ ਸਕਦੇ ਹਨ, ਪਰ ਅਭਿਆਸ ਵਿੱਚ ਉਹਨਾਂ ਨੇ ਭਾਈਚਾਰਿਆਂ ਵਿਚਕਾਰ ਏਕਤਾ ਦੇ ਬੰਧਨ ਨੂੰ ਤੋੜਨ ਅਤੇ 'ਵੰਨ ਸਵੰਨੇ' ਭਾਈਚਾਰਿਆਂ ਦੇ ਅੰਦਰ ਸੱਜੇ-ਪੱਖੀ ਰਾਜਨੀਤੀ ਨੂੰ ਜਾਇਜ਼ ਬਣਾਉਣ ਦਾ ਕੰਮ ਕੀਤਾ ਹੈ - ਜਿਸ ਵਿੱਚ ਨਾਗਰਿਕ ਅਧਿਕਾਰ ਸਮੂਹਾਂ 'ਤੇ ਹਮਲਾ ਕਰਨਾ ਵੀ ਸ਼ਾਮਲ ਹੈ। ਸੱਜੇ ਪਖੀਆਂ ਨਾਲ ਸਹਿਯੋਗ ਕਰਨਾ, ਮੁਸਲਿਮ ਵਿਰੋਧੀ ਪ੍ਰਚਾਰ ਫ਼ੈਲਾਉਣਾ, ਹਾਸ਼ੀਏ 'ਤੇ ਰਹਿ ਗਏ ਦਬੇ ਕੁਚਲੇ ਭਾਈਚਾਰਿਆਂ ਦੀ ਜਾਤੀ ਸੁਰੱਖਿਆ ਅਤੇ ਉਨ੍ਹਾਂ ਦੇ ਹੱਕ ਵਿੱਚ ਚੁੱਕੇ ਗਏ ਸਕਾਰਾਤਮਕ ਕਦਮਾਂ ਅਤੇ ਬੋਲਣ ਦੀ ਆਜ਼ਾਦੀ ਅਤੇ ਅਕਾਦਮਿਕ ਆਜ਼ਾਦੀ 'ਤੇ ਰੋਕ ਲਗਾਉਣਾ ਉਨ੍ਹਾਂ ਦੀ ਪਛਾਣ ਹੈ।

ਹਿੰਦੂ ਸਰਵਉੱਚਤਾ ਦਾ ਖਤਰਨਾਕ ਮੁਸਲਿਮ ਵਿਰੋਧੀ ਪ੍ਰੋਜੈਕਟ ਇੱਕ ਪ੍ਰਭਾਵਸ਼ਾਲੀ ਜਾਤੀ ਪ੍ਰੋਜੈਕਟ ਦੇ ਰੂਪ ਵਿੱਚ ਸ਼ੁਰੂ ਹੋਇਆ ਅਤੇ ਜਾਰੀ ਹੈ। ਹਿੰਦੂ ਫ਼ਾਸ਼ੀਵਾਦ ਦਾ ਇਤਿਹਾਸ ਮੁਸਲਮਾਨਾਂ ਅਤੇ ਹੋਰ ਧਾਰਮਿਕ ਘੱਟ ਗਿਣਤੀਆਂ, ਜਾਤੀ-ਪੀੜਤ ਸਮੂਹਾਂ ਅਤੇ ਆਦਿਵਾਸੀ ਲੋਕਾਂ ਵਿਰੁੱਧ ਹਿੰਸਾ ਦੀਆਂ ਉਦਾਹਰਣਾਂ ਨਾਲ ਭਰਿਆ ਹੋਇਆ ਹੈ। ਹਿੰਦੂ ਸਰਵਉੱਚਤਾਵਾਦੀ ਲਹਿਰ ਨਾ ਸਿਰਫ਼ ਭਾਰਤੀਆਂ, ਦੱਖਣੀ ਏਸ਼ੀਆਈਆਂ ਅਤੇ ਮੁਸਲਿਮ ਅਮਰੀਕੀਆਂ ਲਈ ਨੁਕਸਾਨਦੇਹ ਹਨ, ਸਗੋਂ ਸਾਡੀ ਸਮੂਹਿਕ ਮੁਕਤੀ ਦੀਆਂ ਕਦਰਾਂ-ਕੀਮਤਾਂ ਦੇ ਵੀ ਉਲਟ ਹੈ। ਇਹ ਸਾਡੀ ਸਾਂਝੀ ਜ਼ਿੰਮੇਵਾਰੀ ਹੈ ਕਿ ਅਸੀਂ ਉਹਨਾਂ ਲੋਕਾਂ ਦੇ ਨਾਲ ਇੱਕਮੁੱਠ ਹੋਈਏ ਜੋ ਦਲੇਰੀ ਨਾਲ ਫ਼ਾਸ਼ੀਵਾਦੀ ਤੇ ਨਸਲਵਾਦੀ ਰਾਜਨੀਤੀ ਦਾ ਵਿਰੋਧ ਕਰਦੇ ਹਨ ਅਤੇ ਇੱਕ ਸੱਚੇ ਬਹੁ-ਜਾਤੀ ਲੋਕਤੰਤਰ ਲਈ ਲੜ ਰਹੇ ਹਨ । ਹਿੰਦੂ ਫ਼ਾਸ਼ੀਵਾਦ ਸਾਡੇ ਸਾਰਿਆਂ ਲਈ ਡੂੰਘੀ ਚਿੰਤਾ ਦਾ ਕਾਰਣ ਹੈ ਅਤੇ ਅਸੀਂ ਇਸ ਦਾ ਮੁਕਾਬਲਾ ਕਰਨ ਲਈ ਵਚਨਬੱਧ ਹਾਂ।

ਇਸ ਲਈ, ਅਸੀਂ ਇਕੱਠੇ ਸਹੁੰ ਚੁੱਕਦੇ ਹਾਂ: ਹਿੰਦੂ ਸਰਵਉੱਚਤਾ ਸਮੇਤ ਹਰ ਕਿਸਮ ਦੀ ਨਫ਼ਰਤ ਅਤੇ ਸਰਵਉੱਚਤਾਵਾਦੀ ਰਾਜਨੀਤੀ ਨੂੰ ਰੱਦ ਕਰਨਾ, ਇਸਲਾਮੋ ਫ਼ੋਬੀਆ ਅਤੇ ਨਸਲਵਾਦ ਨੂੰ ਖਤਮ ਕਰਨ ਲਈ ਗਲੋਬਲ ਸੰਘਰਸ਼ ਦੇ ਨਾਲ ਦ੍ਰਿੜ ਏਕਤਾ ਨਾਲ ਖੜ੍ਹੇ ਹੋਣਾ, ਖਾਸ ਕਰਕੇ ਸੰਯੁਕਤ ਰਾਜ ਅਮਰੀਕਾ ਵਿੱਚ ਮੁਸਲਿਮ-ਵਿਰੋਧੀ ਨਫ਼ਰਤ ਦਾ ਮੁਕਾਬਲਾ ਕਰਨ ਅਤੇ ਨਸਲੀ ਵਿਤਕਰੇ 'ਤੇ ਪਾਬੰਦੀ ਲਗਾਉਣ ਲਈ ਅੰਦੋਲਨਾਂ ਦਾ ਸਮਰਥਨ ਕਰਨਾ ਅਤੇ ਆਪਣੇ ਆਪ ਨੂੰ ਹਿੰਦੂ ਸਰਵਉੱਚਤਾਵਾਦੀ ਲਹਿਰ ਦੀ ਵਿਚਾਰਧਾਰਾ ਅਤੇ ਵਿਸ਼ਵਵਿਆਪੀ ਮੌਜੂਦਗੀ ਬਾਰੇ ਲੋਕਾਂ ਨੂੰ ਸਿੱਖਿਅਤ ਕਰਨਾ ਸਾਡਾ ਉਦੇਸ਼ ਤੇ ਕਰਮ ਹੈ। ਮੋਦੀ ਸ਼ਾਸਨ ਦੇ ਨਾਲ ਆਪਣੀ ਸਾਂਝ ਦੌਰਾਨ ਮਨੁੱਖੀ ਅਧਿਕਾਰਾਂ ਅਤੇ ਜਮਹੂਰੀਅਤ ਨੂੰ ਕੇਂਦਰ ਵਿੱਚ ਰਖਣ ਦੇ ਲਈ ਸੰਯੁਕਤ ਰਾਜ ਸਰਕਾਰ ਦੇ ਸੱਦੇ ਦਾ ਸਮਰਥਨ ਕਰਨਾ ਅਤੇ ਭਾਰਤੀ-ਅਮਰੀਕੀ ਪਛਾਣ ਦੇ ਵਿਭਿੰਨ, ਸੰਮਲਿਤ ਅਤੇ ਸੁਤੰਤਰ ਦ੍ਰਿਸ਼ਟੀਕੋਣ ਨੂੰ ਸਪਸ਼ਟ ਕਰਨ ਲਈ ਕੰਮ ਕਰ ਰਹੇ ਕਾਰਕੁਨਾਂ ਅਤੇ ਸੰਗਠਨਾਂ ਦੇ ਨਾਲ ਖੜ੍ਹੇ ਹੋਣਾ ਸਾਡੀ ਨੀਤੀ ਹੈ। ਇਸ ਐਲਾਨਨਾਮੇ ਪੱਤਰ 'ਤੇ ਦਸਤਖਤ ਕਰਨ ਵਾਲਿਆਂ ਵਿੱਚ ਅੰਬੇਡਕਰ ਇੰਟਰਨੈਸ਼ਨਲ ਸੈਂਟਰ, ਇੰਡੀਅਨ ਅਮਰੀਕਨ ਮੁਸਲਿਮ ਕੌਂਸਲ, ਏਸ਼ੀਅਨ ਅਮਰੀਕਨ ਐਡਵੋਕੇਸੀ ਫ਼ੰਡ, ਸ਼ਿਕਾਗੋ ਕੋਲੀਸ਼ਨ ਫ਼ਾਰ ਹਿਊਮਨ ਰਾਈਟਸ ਇਨ ਇੰਡੀਆ, ਹਿੰਦੂਜ਼ ਫ਼ਾਰ ਹਿਊਮਨ ਰਾਈਟਸ, ਅਮਰੀਕਨ ਸਿੱਖ ਕੌਂਸਲ ਸਮੇਤ 109 ਸੰਸਥਾਵਾਂ ਨੇ ਦਸਤਖਤ ਕੀਤੇ ਸਨ।


ਰੋਜ਼ਾਨਾ ਦੇਸ਼-ਵਿਦੇਸ਼ ਦੇ ਰਾਜਨੀਤਕ, ਧਾਰਮਿਕ ਜਾਂ ਸੱਭਿਆਚਾਰਕ ਮੁੱਦਿਆਂ ਬਾਰੇ
ਜਾਣੋ ਪਲ ਪਲ ਦੀ ਖਬਰ
AJJ DA MUDDA
ON
jus PUNJABI HD
sling
CREDIBILITY
RELIABILITY
Minute to Minute Coverage of Punjab Elections
Punjabi Super Pack
20 channels for only $25/month on
sling
SCAN ME TO SUBSCRIBE
Get 30% off ANY Pack for the first month! w/code: SLINGER854
To Subscribe Call: +1-718-752-9290
Visit: sling.com/juspunjabi
for advertisement & more information call: +1-718-752-9293
www.jusbroadcasting.com